ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 22 | Issue 141| 18 to 24 Sept. , 2024 | Ph.: (510) 240-5949 | Email: asrtimes@gmail.com


# ਕਿੰਨਾ ਕੁ ਸਫ਼ਲ ਰਹੇਗਾ ਕੇਜਰੀਵਾਲ ਦਾ ਮਾਸਟਰ ਸਟ੍ਰੋਕ...!

**ਬਲਰਾਜ ਪੰਨੂੰ**

ਸਿਆਸਤ ਦੇ ਰੰਗ ਨਿੱਤ ਬਦਲਦੇ ਨਜ਼ਰ ਆ ਰਹੇ ਹਨ। ਅੱਜ ਦੇ ਸਮੇਂ ਸਿਆਸਤ ਲੀਡਰਾਂ ਦੀ ਗੁਲਾਮ ਬਣ ਕੇ ਰਹਿ ਗਈ ਹੈ। ਆਪਣੀ ਚੌਧਰ ਦੇ ਲਈ ਸਿਆਸਤ ਦੀ ਤੰਦ ਮੋੜ ਤਰੋੜ ਲੈਂਦੇ ਨੇ। ਹਰੇਕ ਸਿਆਸਤਦਾਨ ਚੀਚੀ ਨੂੰ ਖ਼ੂਨ ਲਗਾਉਣ ਵਾਲਾ ਢਕਵੰਜ ਰਚ ਰਿਹਾ ਹੈ। ਅੱਜਕੱਲ੍ਹ ਕੇਜਰੀਵਾਲ ਦਾ ਅਸਤੀਫ਼ਾ ਵੀ ਚੀਚੀ ਨੂੰ ਖ਼ੂਨ ਲਗਾ ਕੇ ਚਰਚਾ ਵਿੱਚ ਆਉਣ ਵਾਲਾ ਬਣ ਗਿਆ ਹੈ। ਜੇਲ੍ਹ 'ਚੋਂ 100 ਪ੍ਰਤੀਸ਼ਤ ਸਟਰੌਂਗ ਹੋ ਕੇ ਕੇਜਰੀਵਾਲ ਨਿਕਲਦੇ ਹਨ ਤੇ ਫੇਰ ਅਸਤੀਫ਼ੇ ਦਾ ਐਲਾਨ ਕਰ ਦਿੰਦੇ ਨੇ ਤੇ ਆਤਿਸ਼ੀ ਨੂੰ ਮੁੱਖ ਮੰਤਰੀ ਦੀ ਕੁਰਸੀ ਦੇਣ ਦੀ ਗੱਲ ਕਰ ਦਿੰਦੇ ਨੇ। ਵੈਸੇ ਇੱਕ ਸੋਚੀ ਸਮਝੀ ਗੇਮ ਖੇਡ ਗਏ ਨੇ ਦਿੱਲੀ ਵਾਲੇ ਲਾਲਾ ਜੀ। ਵੈਸੇ ਤਾਂ ਲੋਕ ਵੀ ਇਹ ਚਾਲਾਂ ਨੂੰ ਸਮਝਦੇ ਨੇ। ਕਦੇ ਪਰਿਵਾਰਵਾਦ ਦੀ ਸਿਆਸਤ ਦਾ ਵਿਰੋਧ ਕਰਦੇ ਸਨ ਕੇਜਰੀਵਾਲ ਪਰ ਜੇਲ੍ਹ ਜਾਂਦੇ ਹੋਏ ਆਪਣੀ ਪਤਨੀ ਨੂੰ ਹੀ ਕਾਰੋਬਾਰ ਦੀ ਵਾਗਡੋਰ ਸੰਭਾਲ ਗਏ ਸਨ। ਪਰ ਹੁਣ ਦਿੱਲੀ ਦੀ ਮੁੱਖ ਮੰਤਰੀ ਆਤਿਸ਼ੀ ਨੂੰ ਐਲਾਨ ਕਰ ਦਿੱਤਾ ਹੈ। ਅਰਵਿੰਦ ਕੇਜਰੀਵਾਲ ਨੇ ਇਸ ਵਕਤ ਜਿਹੜੀ ਦਲੇਰੀ ਕੀਤੀ ਹੈ, ਏਸ ਦਾ ਨਤੀਜਾ ਜਾਂ ਤਾਂ ਉਹ ਚੰਗੀ ਤਰ੍ਹਾਂ ਜਾਣਦੇ ਨੇ ਜਾਂ ਉਹ ਦੁਬਿਧਾ ਵਿੱਚ ਨੇ। ਉਨ੍ਹਾਂ ਅੱਗੇ ਪਹਾੜ ਜਿੱਡਾ ਸੰਕਟ ਸੀ ਕਿ ਕੁਝ ਮਹੀਨਿਆਂ ਦੇ ਲਈ ਹੀ ਸਹੀ, ਆਪਣੀ ਕੁਰਸੀ 'ਤੇ ਕਿਸ ਨੂੰ ਬੈਠਾਉਣ। ਰਾਜਨੀਤੀ ਦਾ ਚੱਕਰਵਿਊ ਉਹ ਭਲੀਭਾਂਤੀ ਜਾਣੂੰ ਨੇ ਤੇ ਉਨ੍ਹਾਂ ਦੇ ਕੋਲ ਅੰਨਾ ਹਜ਼ਾਰੇ ਵਰਗੀ ਗਿੱਦੜਸਿੰਗੀ ਵੀ ਹੈ ਜਿਹੜੀ ਖਾਸ ਮੌਕਿਆਂ 'ਤੇ ਮੀਡੀਆ ਦੇ ਸਾਹਮਣੇ ਆਉਂਦੀ ਹੈ। ਪ੍ਰੇਸ਼ਾਨੀ ਤਾਂ ਮੁੱਖ ਮੰਤਰੀ ਦਾ ਚਿਹਰਾ ਐਲਾਨਣ ਲਈ



## ਹਰਿਆਣਾ ਤੇ ਮੁੜ ਦਿੱਲੀ ਜਿੱਤਣ ਲਈ ਕੇਜਰੀਵਾਲ ਨੇ ਖੇਡਿਆ ਆਤਿਸ਼ੀ ਨੂੰ ਮੁੱਖ ਮੰਤਰੀ ਬਣਾਉਣ ਵਾਲਾ ਪੱਤਾ

ਇਹ ਵੀ ਸੀ ਕਿ ਪਤਾ ਨਹੀਂ ਕਦੋਂ ਕੋਈ ਜੀਤਨਰਾਮ ਮਾਂਝੀ ਬਣ ਜਾਵੇ। ਤੁਹਾਨੂੰ ਯਾਦ ਹੋਣੈ 2014 ਦੇ ਵਿੱਚ ਜੀਤਨਰਾਮ ਮਾਂਝੀ ਨੂੰ ਬਿਹਾਰ ਦੇ ਮੁੱਖ ਮੰਤਰੀ ਨੇ ਗੱਦੀ ਦਿੱਤੀ ਕਿ ਤੁਸੀਂ ਦਲਿਤ ਭਾਈਚਾਰੇ ਤੋਂ ਹੋ, ਤੁਸੀਂ ਵੀ ਮੁੱਖ ਮੰਤਰੀ ਦੀ ਕੁਰਸੀ ਦਾ ਆਨੰਦ ਮਾਣੋ ਪਰ ਜਦੋਂ 14-15 ਮਹੀਨਿਆਂ ਬਾਅਦ ਮੁੱਖ ਮੰਤਰੀ ਦੀ ਗੱਦੀ ਜੀਤਨਰਾਮ ਮਾਂਝੀ ਤੋਂ ਮੰਗੀ ਗਈ ਤਾਂ ਉਹਨਾਂ ਨੇ ਬਗਾਵਤ ਕਰ ਦਿੱਤੀ ਸੀ ਤੇ ਆਪਣੀ ਅਲੱਗ ਪਾਰਟੀ ਬਣਾ ਲਈ। ਵਿਰੋਧੀ ਪਾਰਟੀ ਵਿੱਚ ਵੀ ਸ਼ਾਮਲ ਹੋ ਗਏ ਸਨ। ਕੱਲ੍ਹ ਮੁੱਖ ਮੰਤਰੀ ਦਾ ਐਲਾਨ ਕਰਨ ਤੋਂ ਬਾਅਦ ਬਹੁਤ ਸਾਰੇ ਸਿਆਸਤਦਾਨਾਂ ਨੇ ਆਤਿਸ਼ੀ ਨੂੰ ਡੰਮੀ ਸੀ.ਐਮ. ਵੀ ਕਿਹਾ। ਡੰਮੀ ਏਸ ਲਈ ਕਿਹਾ ਕਿ ਕੁਰਸੀ ਉੱਤੇ ਭਾਵੇਂ ਕੋਈ ਵੀ ਬੈਠੇ ਸਿੱਕਾ ਕੇਜਰੀਵਾਲ ਦਾ ਹੀ ਚੱਲੇਗਾ। ਜਿਵੇਂ ਓ. ਪਨੀਰ ਸੈਲਵਮ ਨੂੰ ਮੁੱਖ ਮੰਤਰੀ ਬਣਾਇਆ ਗਿਆ ਪਰ ਜੇਲ੍ਹ ਦੇ ਵਿੱਚ ਬੈਠੀ ਜੈ ਲਲਿਤਾ ਦਾ ਸਿੱਕਾ ਚਲਦਾ ਸੀ। ਪਨੀਰ ਸੈਲਵਮ ਲੋਕਾਂ ਦੇ ਹਾਸੇ ਦਾ ਪਾਤਰ ਵੀ ਬਣਿਆ। ਕਹਿੰਦੇ ਨੇ ਕਿ ਉਹ ਮੁੱਖ ਮੰਤਰੀ ਬਣ ਕੇ ਵੀ ਜੈ ਲਲਿਤਾ ਦੀ ਕੁਰਸੀ ਛੱਡ ਕੇ ਉਸਦੇ ਨਾਲ ਵਾਲੀ ਕੁਰਸੀ 'ਤੇ ਬੈਠਿਆ ਕਰਦੇ ਸੀ। ਕਦੀ ਜੈ ਲਲਿਤਾ ਦਾ ਫੋਨ ਆਉਂਦਾ ਸੀ ਤਾਂ ਉਹ ਕੁਰਸੀ ਤੋਂ ਖੜੇ ਹੋ ਕੇ ਗੱਲ ਕਰਦੇ ਸੀ। ਕਿਧਰੇ ਆਤਿਸ਼ੀ ਪਨੀਰ ਸੈਲਵਮ ਨਾ ਬਣ ਜਾਵੇ। ਸਵਾਲ ਇਹ ਵੀ ਉੱਠਦੈ ਕਿ ਜੇਲ੍ਹ ਦੇ ਵਿੱਚ ਰਹਿੰਦਿਆਂ ਜੇ ਮੁੱਖ ਮੰਤਰੀ ਦੀ ਕੁਰਸੀ ਨਹੀਂ ਛੁੱਟੀ ਤੇ ਹੁਣ ਜ਼ਮਾਨਤ 'ਤੇ ਆ ਕੇ ਕੁਰਸੀ ਨਾਲੋਂ ਮੋਹ ਭੰਗ ਹੋਣ ਦਾ ਕਾਰਨ ਕੀ ਹੈ? ਜਵਾਬ ਸਿੱਧਾ ਜਿਹਾ ਹੈ ਕਿ ਜਨਵਰੀ -ਫਰਵਰੀ ਵਿੱਚ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਨੇ, ਹਾਲਾਂਕਿ ਕੇਜਰੀਵਾਲ ਨੇ ਚਿੱਠੀ ਲਿਖੀ ਹੈ ਕਿ ਦਿੱਲੀ ਵਿਧਾਨ ਸਭਾ ਦੀ ਚੋਣ ਨਵੰਬਰ ਵਿੱਚ ਝਾਰਖੰਡ ਤੇ ਮਹਾਰਾਸ਼ਟਰ ਦੇ ਨਾਲ ਕਰਵਾ ਦਿਓ। ਸੋ ਕੇਜਰੀਵਾਲ ਚਾਰ ਪੰਜ ਮਹੀਨਿਆਂ ਨੂੰ ਅਗਨੀ ਪ੍ਰੀਖਿਆ ਦਾ ਸਮਾਂ ਮੰਨ ਰਿਹਾ। ਕੇਜਰੀਵਾਲ ਕਹਿੰਦਾ ਕਿ ਮੈਂ ਓਨੀ ਦੇਰ ਤੱਕ ਮੁੱਖ ਮੰਤਰੀ ਦੀ ਕੁਰਸੀ 'ਤੇ ਨਹੀਂ ਬੈਠਣਾ ਜਿੰਨੀ ਦੇਰ ਤੱਕ ਜਨਤਾ ਮੈਨੂੰ ਇਮਾਨਦਾਰੀ ਦਾ ਸਰਟੀਫ਼ਿਕੇਟ ਨਹੀਂ ਦਿੰਦੀ। ਜੇ ਦਿੱਲੀ ਵਾਲੇ ਮੈਨੂੰ ਇਮਾਨਦਾਰ ਮੰਨਦੇ ਨੇ ਤਾਂ ਮੈਨੂੰ ਜਿੱਤ ਦਿਵਾ ਕੇ ਈ.ਡੀ ਤੇ ਸੀ.ਬੀ.ਆਈ. ਨੂੰ ਝੂਠਾ ਸਾਬਤ ਕਰ ਦੇਣ। ਹਾਲਾਂਕਿ ਚੋਣਾਂ ਵਿੱਚ ਜਿੱਤ ਕਿਸੇ ਦੇ ਇਮਾਨਦਾਰ ਹੋਣ ਦੀ ਗਾਰੰਟੀ ਨਹੀਂ ਹੋ ਸਕਦੀ।

ਏਹ ਉਹਨਾਂ ਦਾ ਇੱਕ ਮਾਸਟਰ ਸਟਰੋਕ ਹੈ, ਜੇ ਚੱਲ ਗਿਆ ਤਾਂ ਤੀਰ ਹੈ ਪਰ ਦੂਜੇ ਪਾਸੇ ਭਾਜਪਾ ਦੇ ਅੱਠ ਵਿਧਾਇਕ ਤੇ ਇੱਕ ਸਾਬਕਾ ਵਿਧਾਇਕ ਭਾਵ 9 ਭਾਜਪਾ ਵਿਧਾਇਕ ਦੇਸ਼ ਦੇ ਰਾਸ਼ਟਰਪਤੀ ਨੂੰ ਮਿਲੇ ਨੇ ਤੇ ਕਿਹਾ ਕਿ ਅਮਨ ਕਾਨੂੰਨ ਦੀ ਸਥਿਤੀ ਦਿੱਲੀ ਵਿੱਚ ਬਹੁਤ ਖਰਾਬ ਹੈ, ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾਵੇ। ਸੋ ਰਾਸ਼ਟਰਪਤੀ ਨੇ ਗ੍ਰਹਿ ਮੰਤਰਾਲੇ ਨੂੰ ਚਿੱਠੀ ਭੇਜ ਦਿੱਤੀ ਹੈ। ਜੇ ਮੰਤਰਾਲਾ ਕਾਰਵਾਈ ਕਰਦਾ ਹੈ ਤਾਂ ਆਤਿਸ਼ੀ ਵਾਲਾ ਕੇਜਰੀਵਾਲ ਦਾ ਪੱਤਾ ਹੌਲਾ ਪੈ ਜਾਵੇਗਾ।

ਜਿਥੋਂ ਤੱਕ ਗੱਲ ਆਤਿਸ਼ੀ ਦੀ ਹੈ ਤਾਂ 43 ਸਾਲਾ ਆਤਿਸ਼ੀ, ਜਿਸ ਕੋਲ ਵਿੱਤ, ਸਿੱਖਿਆ ਤੇ ਮਾਲੀਆ ਸਣੇ 14 ਵਿਭਾਗ ਨੇ ਤੇ ਕੇਜਰੀਵਾਲ ਦੇ ਜੇਲ੍ਹ ਵਿੱਚ ਹੋਣ 'ਤੇ 'ਆਪ' ਪਾਰਟੀ ਦਾ ਸਿਆਸੀ ਕਿਲਾ ਸੰਭਾਲਦੀ ਰਹੀ ਹੈ। ਕਾਂਗਰਸ ਦੀ ਸ਼ੀਲਾ ਦੀਕਸ਼ਤ ਤੇ ਭਾਜਪਾ ਦੀ ਸੁਸ਼ਮਾ ਸਵਰਾਜ ਤੋਂ ਬਾਅਦ ਦਿੱਲੀ ਦੀ ਤੀਜੀ ਮਹਿਲਾ ਮੁੱਖ ਮੰਤਰੀ ਬਣੇਗੀ। ਆਤਿਸ਼ੀ ਮੱਧ ਪ੍ਰਦੇਸ਼ ਦੇ ਇੱਕ ਪਿੰਡ ਵਿੱਚ ਸੱਤ ਸਾਲ ਟੀਚਰ ਵੀ ਰਹੀ ਹੈ। ਸਾਲ 2013 ਦੇ ਵਿੱਚ ਕੇਜਰੀਵਾਲ ਦੇ ਨਾਲ ਸਰਗਰਮ ਹੋਈ। ਸਾਲ 2015 ਤੋਂ 2018 ਤੱਕ ਸਿਸੋਦੀਆ ਦੀ ਸਲਾਹਕਾਰ ਵੀ ਰਹੀ ਹੈ। ਸਾਲ 2019 ਵਿੱਚ ਪੂਰਬੀ ਦਿੱਲੀ ਤੋਂ ਚੋਣ ਹਾਰੀ ਵੀ ਹੈ। ਸਾਲ 2020 ਵਿੱਚ ਕਾਲਕਾ ਦੀ ਥਾਂ ਚੋਣ ਲੜਦੀ ਹੈ ਤੇ ਜਿੱਤ ਜਾਂਦੀ ਹੈ। ਸਾਲ 2023 ਦੇ ਵਿੱਚ ਸਿਸੋਦੀਆ ਜੇਲ੍ਹ ਜਾਂਦੇ ਨੇ ਤੇ ਫੇਰ ਸਤਿੰਦਰ ਜੈਨ ਤੇ ਸਿਸੋਦੀਆ ਤੋਂ ਇਕੱਠਾ ਅਸਤੀਫ਼ਾ ਲੈ ਲਿਆ ਜਾਂਦਾ ਹੈ ਤੇ ਜ਼ਿੰਮੇਵਾਰੀ ਆਤਿਸ਼ੀ ਨੂੰ ਦਿੱਤੀ ਜਾਂਦੀ ਹੈ। ਕੋਈ ਸ਼ੱਕ ਨਹੀਂ ਹੈ ਕਿ ਆਤਿਸ਼ੀ ਇੱਕ ਧੜੱਲੇਦਾਰ, ਸਿਆਸਤੀ ਲਫ਼ਜ਼ਾਂ ਦਾ ਤਾਣਾ ਬਾਣਾ ਬੁਣਨ ਵਾਲੀ ਤੇ ਬਹੁਤ ਹੀ ਸੁਲਝੀ ਹੋਈ ਔਰਤ ਹੈ। ਭਾਵੇਂ ਕਿ ਸਵਾਤੀ ਮਾਲੀਵਾਲ, ਜਿਹੜੀ ਕਿ ਕਦੇ ਕੇਜਰੀਵਾਲ ਦੀ ਮੁੱਛ ਦਾ ਵਾਲ ਰਹੀ ਹੈ। ਉਸ ਨੇ ਕਿਹਾ ਕਿ ਦਿੱਲੀ ਦੇ ਲਈ ਅੱਜ ਕਾਲਾ ਦਿਨ ਹੈ। ਬੁੱਧੀਜੀਵੀ ਕਹਿੰਦੇ ਨੇ ਕਿ ਹੋ ਸਕਦਾ ਹੈ ਕਿ ਔਰਤ ਸੀ.ਐਮ. ਹੋਣ ਦੇ ਨਾਤੇ ਬੀ.ਜੇ.ਪੀ. ਆਤਿਸ਼ੀ ਨੂੰ ਘੱਟ ਟਾਰਗੇਟ ਕਰੇਗੀ। ਦੂਜੇ ਪਾਸੇ ਇਹ ਵੀ ਕੋਈ ਸ਼ੱਕ ਨਹੀਂ ਹੈ ਕਿ ਭਾਜਪਾ ਦੇ ਕੋਲ ਦਿੱਲੀ ਦੇ ਵਿੱਚ ਕੇਜਰੀਵਾਲ ਦੇ ਬਰਾਬਰ ਦਾ ਚਿਹਰਾ ਨਹੀਂ ਹੈ। ਪਰ ਫੇਰ ਵੀ ਭਾਜਪਾ ਖ਼ਤਰਿਆਂ ਦੇ ਨਾਲ ਨਜਿੱਠਣਾ ਚੰਗੀ ਤਰ੍ਹਾਂ ਜਾਣਦੀ ਹੈ।

ਕੇਜਰੀਵਾਲ ਦਾ ਮਾਸਟਰ ਸਟਰੋਕ ਆਪ ਵਾਲਿਆਂ ਨੂੰ ਦਿੱਲੀ ਵਿੱਚ ਜਿਤਾ ਸਕੇਗਾ? ਜਵਾਬ ਹੈ ਕਿ ਹੋ ਸਕਦਾ ਹੈ ਕਿਉਂਕਿ ਇਸ ਤੋਂ ਪਹਿਲਾਂ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੇ ਵਿੱਚ ਜੈ ਲਲਿਤਾ, ਕਰੁਨਾਨਿਧੀ ਤੇ ਅਜਿਹੇ ਕਈ ਨੇਤਾਵਾਂ ਨੂੰ ਵੱਡੀ ਜਿੱਤ ਮਿਲੀ ਹੈ ਪਰ ਇੱਥੇ ਤਾਂ ਕੇਜਰੀਵਾਲ ਦੇ ਅਸਤੀਫ਼ੇ ਦੀ ਰਣਨੀਤੀ ਕਮਾਲ ਦੀ ਹੈ, ਕਿਉਂਕਿ ਭਾਵੇਂ ਚਾਰ ਮਹੀਨੇ ਦੇ ਲਈ ਹੈ, ਭਾਵੇਂ ਚਾਰ ਦਿਨ ਦੇ ਲਈ। ਹਿੰਦੋਸਤਾਨ ਦੇ ਵਿੱਚ ਕੁਰਸੀ ਛੱਡਣਾ ਸਿਆਸਤਦਾਨਾਂ ਲਈ ਰੋਟੀ ਛੱਡਣ ਤੋਂ ਵੀ ਔਖਾ ਕੰਮ ਹੈ। ਸੋ ਕੇਜਰੀਵਾਲ ਇਸੇ ਤਿਆਗ ਨੂੰ ਛਾਤੀ ਚੀਰ ਕੇ ਲੋਕਾਂ ਨੂੰ ਦਿਖਾ ਰਹੇ ਨੇ। ਇਹ ਤਿਆਗ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਲਈ ਵੀ ਹੈ ਤੇ ਮੌਜੂਦਾ ਹਰਿਆਣਾ ਦੀਆਂ ਚੋਣਾਂ ਲਈ ਵੀ। ਭਾਵੇਂ ਭਾਜਪਾ ਕੇਜਰੀਵਾਲ ਦੇ ਇਸ ਤਿਆਗ ਨੂੰ ਨੌਟੰਕੀ ਦਸ ਰਹੀ ਹੈ ਪਰ ਸੱਚ ਤਾਂ ਇਹ ਹੈ ਕਿ ਕੇਜਰੀਵਾਲ ਦਾ ਪ੍ਰਚਾਰ ਹਰਿਆਣੇ ਵਿੱਚ ਭਾਜਪਾ ਨੂੰ ਨਵੀਂ ਊਰਜਾ ਦੇਣ ਵਾਲਾ ਹੈ ਕਿਉਂਕਿ 'ਆਪ' ਪਾਰਟੀ ਨੂੰ ਜਿੰਨੇ ਵੋਟ ਮਿਲਣਗੇ, ਭਾਜਪਾ ਨੂੰ ਓਨਾ ਹੀ ਫਾਇਦਾ ਹੋਵੇਗਾ। ਰਹੀ ਗੱਲ ਦਿੱਲੀ ਦੀ, ਇੱਥੇ ਸੁਸ਼ਮਾ ਸਵਰਾਜ, ਮਦਨ ਲਾਲ ਖੁਰਾਣਾ ਤੇ ਡਾ. ਹਰਸ਼ ਵਰਧਨ ਦੇ ਬਾਅਦ ਭਾਜਪਾ ਦੇ ਕੋਲ ਸਥਾਨਕ ਤੇ ਜੇਤੂ ਚਿਹਰਾ ਕੋਈ ਵੀ ਨਹੀਂ। ਤਾਂ ਹੀ ਤਾਂ ਸਿਆਣੇ ਆਖਦੇ ਨੇ ਕਿ ਰਾਜਨੀਤੀ ਹਰ ਹਾਲਤ ਦੇ ਵਿੱਚ ਨਿਰਾਸ਼ ਨਾ ਹੋਣ ਵਾਲੀ ਦਲੇਰੀ ਹੈ।

# ਭਾਰਤ ਨੇ ਜਿੱਤਿਆ ਏਸ਼ੀਆਈ ਚੈਂਪੀਅਨਜ਼ ਟਰਾਫ਼ੀ ਦਾ ਖ਼ਿਤਾਬ

## ਰੋਮਾਂਚਕ ਮੁਕਾਬਲੇ 'ਚ 1-0 ਨਾਲ ਤੋੜ ਦਿੱਤੀ ਮੇਜ਼ਬਾਨ ਚੀਨ ਦੀ ਮਜ਼ਬੂਤ ਦੀਵਾਰ

ਹੁਲੁਨਬੂਈਰ (ਚੀਨ)/ ਏ.ਟੀ.ਨਿਊਜ਼ : ਟੂਰਨਾਮੈਂਟ 'ਚ ਇੱਕ ਵੀ ਮੈਚ ਨਾ ਹਾਰਨ ਵਾਲੀ ਭਾਰਤੀ ਹਾਕੀ ਟੀਮ ਨੇ ਬੀਤੇ ਦਿਨ ਇੱਥੇ ਸਖ਼ਤ ਮੁਕਾਬਲੇ 'ਚ ਮੇਜ਼ਬਾਨ ਚੀਨ ਨੂੰ 1-0 ਨਾਲ ਹਰਾ ਕੇ ਪੰਜਵੀਂ ਵਾਰ ਏਸ਼ੀਆਈ ਚੈਂਪੀਅਨਜ਼ ਟਰਾਫੀ ਦਾ ਖਿਤਾਬ ਜਿੱਤ ਲਿਆ ਹੈ। ਪਹਿਲੇ ਤਿੰਨ ਕੁਆਰਟਰਾਂ ਤੱਕ ਕੋਈ ਵੀ ਟੀਮ ਗੋਲ ਨਹੀਂ ਕਰ ਸਕੀ। ਅੰਤ ਵਿੱਚ ਡਿਫੈਂਡਰ ਜੁਗਰਾਜ ਸਿੰਘ ਨੇ ਮੈਦਾਨੀ ਗੋਲ ਕਰਕੇ ਟੀਮ ਨੂੰ ਜਿੱਤ ਦਿਵਾਈ। ਹਰਮਨਪ੍ਰੀਤ ਸਿੰਘ ਦੀ ਟੀਮ ਲਈ ਇਹ ਮੈਚ ਸੌਖਾ ਨਹੀਂ ਸੀ। ਪਹਿਲੇ ਤਿੰਨ ਕੁਆਰਟਰਾਂ ਵਿੱਚ ਚੀਨੀ ਡਿਫੈਂਡਰਾਂ ਨੇ ਭਾਰਤ ਨੂੰ ਗੋਲ ਕਰਨ ਦਾ ਕੋਈ ਮੌਕਾ ਨਹੀਂ ਦਿੱਤਾ। ਪੈਰਿਸ ਉਲੰਪਿਕ ਵਿੱਚ ਕਾਂਸੇ ਦਾ ਤਗ਼ਮਾ ਜੇਤੂ ਭਾਰਤੀ




ਟੀਮ ਲਈ ਜੁਗਰਾਜ ਨੇ 51ਵੇਂ ਮਿੰਟ ਵਿੱਚ ਗੋਲ ਕੀਤਾ। ਚੀਨ ਦੂਜੀ ਵਾਰ ਕਿਸੇ ਕੌਮਾਂਤਰੀ ਟੂਰਨਾਮੈਂਟ ਦਾ ਫਾਈਨਲ ਖੇਡ ਰਿਹਾ ਸੀ। ਇਸ ਤੋਂ ਪਹਿਲਾਂ ਉਸ ਨੇ ਏਸ਼ੀਆਈ ਖੇਡਾਂ 2006 ਦਾ ਫਾਈਨਲ ਖੇਡਿਆ ਸੀ, ਜਿਸ ਵਿੱਚ ਉਸ ਨੂੰ ਕੋਰੀਆ ਹੱਥੋਂ 3-1 ਨਾਲ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਅੱਜ ਇਸ ਤੋਂ ਪਹਿਲਾਂ ਪਾਕਿਸਤਾਨ ਨੇ ਦੱਖਣੀ ਕੋਰੀਆ ਨੂੰ 5-2 ਨਾਲ ਹਰਾ ਕੇ ਛੇ ਟੀਮਾਂ ਦੇ ਟੂਰਨਾਮੈਂਟ ਵਿੱਚ ਤੀਜਾ ਸਥਾਨ ਹਾਸਲ ਕੀਤਾ।

ਖ਼ਿਤਾਬ ਦੀ ਮਜ਼ਬੂਤ ਦਾਅਵੇਦਾਰ ਵਜੋਂ ਮੈਦਾਨ ਵਿੱਚ ਉਤਰੀ ਭਾਰਤੀ ਟੀਮ ਨੇ ਪਹਿਲੇ ਲੀਗ ਮੈਚ ਵਿੱਚ ਚੀਨ ਨੂੰ 3-0 ਨਾਲ ਹਰਾਇਆ ਸੀ ਪਰ ਫਾਈਨਲ ਮੁਕਾਬਲਾ ਕਾਫੀ ਸਖ਼ਤ ਰਿਹਾ। ਪਹਿਲੇ ਦੋ ਕੁਆਰਟਰਾਂ ਵਿੱਚ ਭਾਰਤ ਨੇ ਗੋਲ ਕਰਨ ਦੇ ਕਈ ਮੌਕੇ ਬਣਾਏ ਪਰ ਚੀਨ ਵੀ ਜਵਾਬੀ ਹਮਲੇ ਵਿੱਚ ਪਿੱਛੇ ਨਹੀਂ ਰਿਹਾ। ਰਾਜਕੁਮਾਰ ਪਾਲ ਨੇ ਪਹਿਲਾ ਹਮਲਾ ਕੀਤਾ ਜਿਸ ਨੂੰ ਚੀਨ ਦੇ ਗੋਲਕੀਪਰ ਵਾਂਗ ਵੇਹਾਓ ਨੇ ਬਚਾ ਲਿਆ। ਰਾਜਕੁਮਾਰ ਨੇ ਦਸਵੇਂ ਮਿੰਟ ਵਿੱਚ ਭਾਰਤ ਨੂੰ ਪਹਿਲਾ ਪੈਨਲਟੀ ਕਾਰਨਰ ਦਿਵਾਇਆ ਪਰ ਹਰਮਨਪ੍ਰੀਤ ਸਿੰਘ ਇਸ 'ਤੇ ਗੋਲ ਨਹੀਂ ਕਰ ਸਕਿਆ। ਦੋ ਮਿੰਟ ਬਾਅਦ ਨੀਲਕਾਂਤ ਸ਼ਰਮਾ ਦੇ ਸ਼ਾਟ ਨੂੰ ਵੀ ਵਾਂਗ ਨੇ ਬਚਾਅ ਲਿਆ ਅਤੇ ਅਗਲੇ ਹੀ ਮਿੰਟ ਵਿੱਚ ਸੁਖਜੀਤ ਸਿੰਘ ਨੂੰ ਵੀ ਉਸ ਨੇ ਗੋਲ ਨਹੀਂ ਕਰਨ ਦਿੱਤਾ। ਪਹਿਲੇ ਕੁਆਰਟਰ ਤੋਂ ਕੁਝ ਸੈਕਿੰਡ ਪਹਿਲਾਂ ਚੀਨ ਨੂੰ ਪੈਨਲਟੀ ਕਾਰਨਰ ਮਿਲਿਆ ਪਰ ਕ੍ਰਿਸ਼ਨ ਬਹਾਦਰ ਪਾਠਕ ਗੋਲ ਦੇ ਸਾਹਮਣੇ ਤਿਆਰ ਸੀ। (ਬਾਕੀ ਸਫ਼ਾ 30 'ਤੇ)

# ਆਸਟ੍ਰੀਆ ਸਰਕਾਰ ਨੇ ਸਿੱਖ ਧਰਮ ਨੂੰ ਮਾਨਤਾ ਦਿੱਤੀ ਪਰ ਕਾਨੂੰਨੀ ਸੁਰੱਖਿਆ ਨਹੀਂ ਮਿਲੀ

ਅੰਮ੍ਰਿਤਸਰ/ਏ.ਟੀ.ਨਿਊਜ਼: ਭਾਵੇਂ ਆਸਟ੍ਰੀਆ ਦੀ ਸਰਕਾਰ ਨੇ ਸਿੱਖ ਧਰਮ ਨੂੰ ਅਧਿਕਾਰਤ ਤੌਰ 'ਤੇ ਮਾਨਤਾ ਦੇ ਦਿੱਤੀ ਹੈ ਪਰ ਫਿਰ ਵੀ ਸਿੱਖ ਧਰਮ ਨੂੰ ਵਿਆਪਕ ਕਾਨੂੰਨੀ ਸੁਰੱਖਿਆ ਨਹੀਂ ਮਿਲੀ ਹੈ। ਹਾਲੇ ਸਿੱਖਾਂ ਲਈ ਨਿਆਂ ਪ੍ਰਣਾਲੀ ਵਿੱਚ ਪੂਰੀ ਮਾਨਤਾ ਹਾਸਲ ਕਰਨ ਲਈ ਚੁਣੌਤੀਆਂ ਬਾਕੀ ਹਨ, ਖਾਸ ਕਰਕੇ ਬੇਅਦਬੀ ਦੇ ਮਾਮਲਿਆਂ ਵਿੱਚ ਦੋਸ਼ੀਆਂ ਨੂੰ ਜਵਾਬਦੇਹ ਠਹਿਰਾਉਣਾ। ਇਹ ਇਸ ਲਈ ਹੈ ਕਿਉਂਕਿ ਸਿੱਖਾਂ ਨੂੰ ਨਿਆਂਇਕ ਸੁਰੱਖਿਆ ਪ੍ਰਾਪਤ ਕਰਨ ਲਈ ਆਪਣੇ ਧਰਮ ਲਈ ਆਸਟ੍ਰੀਆ ਦੀ ਕੁੱਲ ਆਬਾਦੀ ਦਾ ਘੱਟੋ-ਘੱਟ 2% ਬਣਾਉਣ ਦੀ ਲੋੜ ਹੈ। ਸਿੱਖ ਧਰਮ ਅਜੇ ਵੀ ਆਸਟ੍ਰੀਆ ਵਿੱਚ ਨਿਆਂਇਕ ਮਾਨਤਾ ਅਤੇ ਸਮਰਥਨ ਦੀ ਉਡੀਕ ਕਰ ਰਿਹਾ ਹੈ।

ਇਹ ਮਸਲਾ ਗੁਰੂ ਗ੍ਰੰਥ ਸਾਹਿਬ ਦੇ



ਪ੍ਰਕਾਸ਼ (ਸਥਾਪਨਾ) ਦੌਰਾਨ ਇੱਕ ਸਥਾਨਕ ਸਿੱਖ ਦੁਆਰਾ ਮਰਿਯਾਦਾ (ਸਿੱਖ ਧਾਰਮਿਕ ਰਹਿਤ ਮਰਯਾਦਾ) ਦੀ ਉਲੰਘਣਾ ਦੀ ਘਟਨਾ ਤੋਂ ਬਾਅਦ ਸਾਹਮਣੇ ਆਇਆ, ਜਿਸ ਤੋਂ ਬਾਅਦ ਸਿੱਖ ਜੈਮੇਂਡੇ ਆਸਟ੍ਰੀਆ (ਇੱਕ ਆਸਟ੍ਰੀਅਨ ਸਿੱਖ ਸੰਸਥਾ) ਨੇ ਦਖਲ ਦਿੱਤਾ, ਪਰ ਆਸਟ੍ਰੀਆ ਦੇ ਸਿੱਖ ਭਾਈਚਾਰੇ ਦੇ ਮੈਂਬਰ ਸੁਰਿੰਦਰ ਸਿੰਘ ਪਰਮਾਰ ਨੇ ਕਿਹਾ ਕਿ ਵਿਅਕਤੀ ਨੇ ਉਨ੍ਹਾਂ ਦੀ ਗੱਲ ਨਹੀਂ ਸੁਣੀ ਅਤੇ ਇਸ ਦੀ ਬਜਾਏ ਮਾਮਲਾ ਅਦਾਲਤ ਵਿੱਚ ਲੈ ਗਿਆ। (ਬਾਕੀ ਸਫ਼ਾ 30 'ਤੇ)



# ਕੀ ਅਮਰੀਕਾ 'ਚ ਹੁੰਦੇ ਗ਼ੈਰਕਾਨੂੰਨੀ ਪਰਵਾਸ ਨੂੰ ਪਵੇਗੀ ਠੱਲ?

# ਗ਼ੈਰ ਕਾਨੂੰਨੀ ਪਰਵਾਸੀਆਂ ਦੀ ਪਹਿਲੀ ਪਸੰਦ ਬਣਿਆ ਅਮਰੀਕਾ

## ਜੇ ਟਰੰਪ ਰਾਸ਼ਟਰਪਤੀ ਬਣੇ ਤਾਂ ਕੀ ਉਹ .ਗੈਰ ਕਾਨੂੰਨੀ ਪਰਵਾਸੀਆਂ ਨੂੰ ਦੇਣਗੇ ਦੇਸ਼ ਨਿਕਾਲ਼ਾ ?

## ਹੈਰਿਸ ਦੀਆਂ ਨੀਤੀਆਂ .ਗੈਰਕਾਨੂੰਨੀ ਪਰਵਾਸੀਆਂ ਸੰਬੰਧੀ ਹਨ ਉਦਾਰਵਾਦੀ

ਵਾਸ਼ਿੰਗਟਨ/ਏ. ਟੀ. ਨਿਊਜ਼ :- ਅਮਰੀਕਾ ਵਿੱਚ ਤਰੱਕੀ ਦੇ ਬੇਅੰਤ ਮੌਕੇ ਹਨ, ਜਿਸ ਕਾਰਨ ਦੁਨੀਆਂ ਦੇ ਹਰ ਕੋਨੇ ਤੋਂ ਵੱਡੀ ਗਿਣਤੀ ਲੋਕ ਇਸ ਦੇਸ਼ ਵਿੱਚ ਪਹੁੰਚਦੇ ਹਨ। ਹਰ ਸਾਲ ਭਾਰਤ ਤੋਂ ਵੀ ਲੱਖਾਂ ਲੋਕ ਇੱਥੇ ਨੌਕਰੀਆਂ ਅਤੇ ਪੜ੍ਹਾਈ ਲਈ ਆਉਂਦੇ ਹਨ। ਦੁਨੀਆਂ ਦੇ ਵੱਖ- ਵੱਖ ਦੇਸ਼ਾਂ ਤੋਂ ਅਮਰੀਕਾ ਪਹੁੰਚਣ ਵਾਲਿਆਂ ਵਿੱਚ ਕਾਨੂੰਨੀ ਪਰਵਾਸੀਆਂ ਦੇ ਨਾਲ- ਨਾਲ .ਗੈਰਕਾਨੂੰਨੀ ਪਰਵਾਸੀਆਂ ਦੀ ਗਿਣਤੀ ਵੀ ਬ ਹੁਤ ਹੁੰਦੀ ਹੈ। ਅਨੇਕਾਂ ਦੇਸ਼ਾਂ ਦੇ ਵੱਡੀ ਗਿਣਤੀ ਲੋਕ ਆਪਣੀ ਜ਼ਿੰਦਗੀ ਖ਼ਤਰੇ ਵਿੱਚ ਪਾ ਕੇ ਅਨੇਕਾਂ ਮੁਸ਼ਕਿਲਾਂ ਦਾ ਸਾਹਮਣਾ ਕਰਦਿਆਂ ਅਮਰੀਕਾ ਵਿੱਚ .ਗੈਰਕਾਨੂੰਨੀ ਤਰੀਕਿਆਂ ਨਾਲ ਪਹੁੰਚਣ ਦਾ ਯਤਨ ਕਰਦੇ ਹਨ ਅਤੇ ਉਥੇ ਸ਼ਰਨ ਮੰਗਦੇ ਹਨ। ਹੁਣ ਅਮਰੀਕਾ ਵਿੱਚ ਰਾਸ਼ਟਰਪਤੀ ਚੋਣਾਂ ਹੋਣ ਵਾਲੀਆਂ ਹਨ, ਜਿਨ੍ਹਾਂ ਵਿੱਚ ਡੈਮੋਕ੍ਰੇਟਿਕ ਉਮੀਦਵਾਰ ਕਮਲਾ ਹੈਰਿਸ ਅਤੇ ਰਿਪਬਲਿਕਨ ਪਾਰਟੀ ਦੇ ਡੋਨਾਲਡ ਟਰੰਪ ਵਿਚਾਲੇ ਸਖ਼ਤ ਮੁਕਾਬਲਾ ਹੋ ਰਿਹਾ ਹੈ। ਟਰੰਪ ਨੇ ਸਪਸ਼ਟ ਕਿਹਾ ਹੈ ਕਿ ਜੇ ਉਹ ਅਮਰੀਕਾ ਦੇ ਰਾਸ਼ਟਰਪਤੀ ਚੁਣੇ ਜਾਂਦੇ ਹਨ ਤਾਂ ਸਭ ਤੋਂ ਪਹਿਲਾਂ ਉਹ ਅਮਰੀਕਾ ਵਿੱਚ ਰਹਿ ਰਹੇ .ਗੈਰਕਾਨੂੰਨੀ ਪਰਵਾਸੀਆਂ ਨੂੰ ਅਮਰੀਕਾ ਵਿਚੋਂ ਦੇਸ਼ ਨਿਕਾਲ਼ਾ ਦੇਣਗੇ। ਟਰੰਪ ਦਾ ਇਹ ਵੀ ਕਹਿਣਾ ਹੈ ਕਿ ਜਿਹੜੇ ਮੁਲਕਾਂ ਤੋਂ ਵਿਦਿਆਰਥੀ ਪੜ੍ਹਾਈ ਲਈ ਅਮਰੀਕਾ ਆਉਂਦੇ ਹਨ, ਉਹਨਾਂ ਨੂੰ ਅਮਰੀਕਾ ਵਿੱਚ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਅਮਰੀਕਾ ਦੀ ਸਿਟੀਜ਼ਨਸ਼ਿਪ ਨਹੀਂ ਦਿੱਤੀ ਜਾਵੇਗੀ ਸਗੋਂ ਉਹਨਾਂ ਵਿਦਿਆਰਥੀਆਂ ਨੂੰ ਉਹਨਾਂ ਦੇ ਮੂਲ ਦੇਸ਼ਾਂ ਵਿੱਚ ਹੀ ਵਾਪਸ ਭੇਜ ਦਿੱਤਾ ਜਾਵੇਗਾ। ਟਰੰਪ ਦੇ ਇਹਨਾਂ ਬਿਆਨਾਂ ਨਾਲ ਅਮਰੀਕਾ



ਰਹਿ ਰਹੇ ਵਿਦਿਆਰਥੀਆਂ ਅਤੇ .ਗੈਰਕਾਨੂੰਨੀ ਪਰਵਾਸੀਆਂ ਵਿੱਚ ਚਿੰਤਾ ਫੈਲ ਗਈ ਹੈ।

5 ਨਵੰਬਰ ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਨੇ ਇੱਕ ਨਿਊਜ਼ ਚੈਨਲ ਨੂੰ ਇੰਟਰਵਿਊ ਦਿੱਤਾ ਹੈ। ਇਸ ਇੰਟਰਵਿਊ 'ਚ .ਗੈਰਕਾਨੂੰਨੀ ਪਰਵਾਸ ਨੂੰ ਰੋਕਣ 'ਤੇ ਜ਼ੋਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਹੈ ਕਿ ਉਹ ਕਾਨੂੰਨੀ ਪਰਵਾਸੀਆਂ, ਖਾਸ ਕਰਕੇ ਭਾਰਤੀਆਂ ਦਾ ਸਵਾਗਤ ਕਰਨਗੇ।

**.ਗੈਰਕਾਨੂੰਨੀ ਇਮੀਗ੍ਰੇਸ਼ਨ ਬਾਰੇ ਰਵੱਈਆ ਸਖ਼ਤ**

.ਗੈਰਕਾਨੂੰਨੀ ਇਮੀਗ੍ਰੇਸ਼ਨ ਬਾਰੇ ਉਨ੍ਹਾਂ ਕਿਹਾ ਕਿ .ਗੈਰਕਾਨੂੰਨੀ ਪਰਵਾਸ ਨੂੰ ਲੈ ਕੇ ਮੇਰਾ ਰਵੱਈਆ ਹਮੇਸ਼ਾ ਸਖ਼ਤ ਰਿਹਾ ਹੈ। ਰਾਸ਼ਟਰਪਤੀ ਦੇ ਤੌਰ 'ਤੇ ਮੈਂ .ਗੈਰਕਾਨੂੰਨੀ ਪਰਵਾਸੀਆਂ ਖ਼ਿਲਾਫ਼ ਸਖ਼ਤੀ ਦਿਖਾਈ ਸੀ। ਪਰ ਮੈਂ ਇਹ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਮੈਂ ਕਾਨੂੰਨੀ ਪਰਵਾਸੀਆਂ ਖਾਸ ਕਰਕੇ ਭਾਰਤੀਆਂ ਦਾ ਸਵਾਗਤ ਕਰਦਾ ਹਾਂ। ਹਾਲ ਹੀ 'ਚ ਮੈਂ ਕਿਹਾ ਸੀ ਕਿ ਆਪਣੀ ਪੜ੍ਹਾਈ ਪੂਰੀ ਕਰ ਚੁੱਕੇ ਭਾਰਤੀ ਅਤੇ ਹੋਰ ਵਿਦੇਸ਼ੀ ਵਿਦਿਆਰਥੀਆਂ ਨੂੰ ਆਟੋਮੈਟਿਕ ਰੂਟ ਰਾਹੀਂ ਅਮਰੀਕਾ ਵਿੱਚ ਸੈਟਲ ਹੋਣ ਲਈ ਸਾਰੀਆਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ।

## ਅਮਰੀਕਾ 'ਚ ਰਹਿ ਰਹੇ .ਗੈਰਕਾਨੂੰਨੀ ਪਰਵਾਸੀਆਂ ਦੀ ਗਿਣਤੀ



ਪਿਊ ਰਿਸਰਚ ਸੈਂਟਰ ਦੇ ਅਨੁਸਾਰ, ਲਗਭਗ 725,000 ਭਾਰਤੀ, ਮੈਕਸੀਕੋ ਅਤੇ ਅਲ ਸਲਵਾਡੋਰ ਤੋਂ ਬਾਅਦ ਅਮਰੀਕਾ ਵਿੱਚ .ਗੈਰਕਾਨੂੰਨੀ ਪਰਵਾਸੀਆਂ ਦੀ ਤੀਜੀ ਸਭ ਤੋਂ ਵੱਡੀ ਆਬਾਦੀ ਹੈ। ਖੋਜ ਵਿੱਚ ਕਿਹਾ ਗਿਆ ਹੈ ਕਿ 2021 ਤੱਕ, ਦੇਸ਼ ਦੇ 10.5 ਮਿਲੀਅਨ ਅਣਅਧਿਕਾਰਤ ਪਰਵਾਸੀ ਕੁੱਲ ਯੂ.ਐਸ. ਆਬਾਦੀ ਦਾ ਲਗਭਗ ਤਿੰਨ ਪ੍ਰਤੀਸ਼ਤ ਅਤੇ ਵਿਦੇਸ਼ੀ-ਜਨਮੇ ਆਬਾਦੀ ਦਾ 22 ਪ੍ਰਤੀਸ਼ਤ ਦਰਸਾਉਂਦੇ ਹਨ। ਮੈਕਸੀਕੋ ਵਿੱਚ 2021 ਵਿੱਚ ਦੇਸ਼ ਦੇ ਅਣਅਧਿਕਾਰਤ ਪਰਵਾਸੀਆਂ ਦਾ 39 ਪ੍ਰਤੀਸ਼ਤ ਹਿੱਸਾ ਸੀ, ਜਿਨ੍ਹਾਂ ਦੀ ਗਿਣਤੀ ਲਗਭਗ 4.1 ਮਿਲੀਅਨ ਸੀ, ਇਸ ਤੋਂ ਬਾਅਦ ਐਲ ਸਲਵਾਡੋਰ (800,000), ਭਾਰਤ (725,000) ਅਤੇ ਗੁਆਟੇਮਾਲਾ (700,000) ਹਨ। ਜਦੋਂ ਕਿ ਮੈਕਸੀਕੋ ਤੋਂ 2017 ਤੋਂ 2021 ਤੱਕ 900,000 ਦੀ ਗਿਣਤੀ ਘਟੀ, ਦੂਜੇ ਦੇਸ਼ਾਂ ਤੋਂ .ਗੈਰਕਾਨੂੰਨੀ ਪਰਵਾਸੀਆਂ ਦੀ ਗਿਣਤੀ ਉਸੇ ਸਮੇਂ ਤੇਜ਼ੀ ਨਾਲ ਵਧੀ। 2021 ਵਿੱਚ, ਆਬਾਦੀ 6.4 ਮਿਲੀਅਨ ਰਹੀ, ਜੋ ਕਿ 2017 ਤੋਂ 900,000 ਵੱਧ ਹੈ। ਭਾਰਤ, ਬ੍ਰਾਜ਼ੀਲ, ਕੈਨੇਡਾ ਅਤੇ ਸਾਬਕਾ ਸੋਵੀਅਤ ਸੰਘ ਦੇ ਸਾਰੇ ਦੇਸ਼ਾਂ ਨੇ 2017 ਤੋਂ 2021 ਤੱਕ ਵਿਕਾਸ ਦਾ ਅਨੁਭਵ ਕੀਤਾ। ਯੂ.ਐਸ. ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਦੇ ਨਵੇਂ ਅੰਕੜਿਆਂ ਦੇ ਅਨੁਸਾਰ, ਬੇਮਿਸਾਲ ਗਿਣਤੀ ਵਿੱਚ ਗੈਰ-ਦਸਤਾਵੇਜ਼ੀ ਭਾਰਤੀ ਪਰਵਾਸੀ ਪੈਦਲ ਅਮਰੀਕੀ ਸਰਹੱਦ ਪਾਰ ਕਰ ਰਹੇ ਹਨ।

**ਇੱਕ ਸਾਲ ਵਿੱਚ ਫੜੇ ਗਏ 96,917 .ਗੈਰਕਾਨੂੰਨੀ ਭਾਰਤੀ**

ਅਕਤੂਬਰ 2022 ਤੋਂ ਸਤੰਬਰ 2023 ਤੱਕ 96,917 ਭਾਰਤੀ ਬਿਨਾਂ ਕਾਗ਼ਜ਼ਾਤ ਦੇ ਅਮਰੀਕਾ ਵਿੱਚ ਦਾਖਲ ਹੁੰਦੇ ਫੜੇ ਗਏ। ਕੋਵਿਡ ਤੋਂ ਬਾਅਦ ਸਰਹੱਦਾਂ ਖੁੱਲ੍ਹਣ ਤੋਂ ਬਾਅਦ, ਅਮਰੀਕਾ ਵਿੱਚ ਗੈਰ-ਦਸਤਾਵੇਜ਼ੀ ਭਾਰਤੀਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ, ਜੋ ਵਿੱਤੀ ਸਾਲ 2021 ਵਿੱਚ 30,662 ਅਤੇ ਵਿੱਤੀ ਸਾਲ 2022 ਵਿੱਚ 63,927 ਦਾ ਸਾਹਮਣਾ ਕਰ ਰਹੇ ਸਨ। ਪਿਛਲੇ ਸਾਲ ਤਕਰੀਬਨ 97,000 ਮੁਕਾਬਲਿਆਂ ਵਿੱਚੋਂ 30,010 ਕੈਨੇਡੀਅਨ ਸਰਹੱਦ 'ਤੇ ਅਤੇ 41,770 ਦੱਖਣੀ ਸਰਹੱਦ 'ਤੇ ਸਨ। ਪਿਊ ਰਿਸਰਚ ਨੇ ਇਹ ਵੀ ਪਾਇਆ ਕਿ ਕੁੱਲ ਮਿਲਾ ਕੇ, 2021 ਵਿੱਚ ਲਗਭਗ 7.8 ਮਿਲੀਅਨ .ਗੈਰਕਾਨੂੰਨੀ ਪਰਵਾਸੀ ਅਮਰੀਕੀ ਲੇਬਰ ਫੋਰਸ ਵਿੱਚ ਸਨ।

**ਅਮਰੀਕਾ ਦੇ ਰਾਜਾਂ ਵਿੱਚ .ਗੈਰ-ਕਾਨੂੰਨੀ ਪਰਵਾਸੀ**

ਅਮਰੀਕਾ ਦੇ ਰਾਜਾਂ ਵਿੱਚੋਂ, ਕੇਵਲ ਫਲੋਰੀਡਾ ਅਤੇ ਵਾਸ਼ਿੰਗਟਨ ਵਿੱਚ ਹੀ ਅਣਅਧਿਕਾਰਤ ਪਰਵਾਸੀ ਆਬਾਦੀ ਵਿੱਚ ਵਾਧਾ ਦੇਖਿਆ ਗਿਆ, ਜਦੋਂ ਕਿ ਕੈਲੀਫ਼ੋਰਨੀਆ ਅਤੇ ਨੇਵਾਡਾ ਵਿੱਚ ਕਮੀ ਦੇਖੀ ਗਈ। ਇਸ ਦੌਰਾਨ ਕਾਨੂੰਨੀ ਪਰਵਾਸੀ ਆਬਾਦੀ 29 ਪ੍ਰਤੀਸ਼ਤ ਵਧ ਕੇ 80 ਲੱਖ ਤੋਂ ਵੱਧ ਹੋ ਗਈ ਅਤੇ 2021 ਵਿੱਚ ਨੈਚੁਰਲਾਈਜ਼ਡ ਯੂ.ਐਸ ਨਾਗਰਿਕਾਂ ਦੀ ਗਿਣਤੀ ਵਿੱਚ 49 ਪ੍ਰਤੀਸ਼ਤ ਦਾ ਵਾਧਾ ਹੋਇਆ। ਅਮਰੀਕਾ ਵਿੱਚ ਹੋਣ ਵਾਲੀ ਰਾਸ਼ਟਰਪਤੀ ਦੀ ਚੋਣ ਪੂਰੀ ਦੁਨੀਆਂ ਦੀ ਖਿੱਚ ਦਾ ਕੇਂਦਰ ਬਣੀ ਹੋਈ ਹੈ। ਦੋਵੇਂ ਉਮੀਦਵਾਰਾਂ ਹੈਰਿਸ ਅਤੇ ਟਰੰਪ ਦੀ ਜਿੱਤ-ਹਾਰ ਸੰਬੰਧੀ ਕਿਆਸ ਅਰਾਈਆਂ ਦਾ ਦੌਰ ਜਾਰੀ ਹੈ। ਇਸਦੇ ਨਾਲ ਹੀ ਇਹ ਕਿਹਾ ਜਾ ਰਿਹਾ ਹੈ ਕਿ ਅਮਰੀਕਾ ਦੇ ਨਵੇਂ ਰਾਸ਼ਟਰਪਤੀ ਬਣਨ ਤੋਂ ਬਾਅਦ ਅਮਰੀਕਾ ਰਹਿੰਦੇ ਕਾਨੂੰਨੀ ਅਤੇ ਗੈਰਕਾਨੂੰਨੀ ਪਰਵਾਸੀਆਂ 'ਤੇ ਕੀ ਅਸਰ ਹੋਵੇਗਾ ? ਪਰ ਇਸ ਸਮੇਂ ਅਮਰੀਕਾ ਰਹਿੰਦੇ .ਗੈਰਕਾਨੂੰਨੀ ਪਰਵਾਸੀਆਂ ਵਿੱਚ ਚਿੰਤਾ ਦੀ ਲਹਿਰ ਜ਼ਰੂਰ ਪਾਈ ਜਾ ਰਹੀ ਹੈ।

## ਅਮਰੀਕਾ ਨੂੰ ਮਜ਼ਬੂਤ ਕਰਨ 'ਚ ਭਾਰਤੀਆਂ ਦਾ ਯੋਗਦਾਨ

ਭਾਰਤ ਦੇ ਲੋਕ ਜਿੱਥੇ ਵੀ ਜਾਂਦੇ ਹਨ, ਉਹ ਆਪਣੀ ਪਛਾਣ ਜ਼ਰੂਰ ਪਿੱਛੇ ਛੱਡ ਜਾਂਦੇ ਹਨ। ਕਲਾ ਤੋਂ ਲੈ ਕੇ ਸਾਹਿਤ ਤੱਕ ਅਤੇ ਵਪਾਰ ਤੋਂ ਲੈ ਕੇ ਸਿੱਖਿਆ ਤੱਕ, ਭਾਰਤੀ ਭਾਈਚਾਰੇ ਦਾ ਦਬਦਬਾ ਦੁਨੀਆਂ ਦੇ ਹਰ ਕੋਨੇ ਵਿੱਚ ਦਿਖਾਈ ਦੇ ਰਿਹਾ ਹੈ। ਇਹੀ ਕਾਰਨ ਹੈ ਕਿ ਦੁਨੀਆਂ ਦੇ ਸਭ ਤੋਂ ਪੁਰਾਣੇ ਲੋਕਤੰਤਰੀ ਦੇਸ਼ ਭਾਵ ਅਮਰੀਕਾ ਵਿੱਚ ਵੀ ਭਾਰਤੀ ਭਾਈਚਾਰਾ ਨਵੇਂ ਰਿਕਾਰਡ ਬਣਾ ਰਿਹਾ ਹੈ। ਅਮਰੀਕਾ ਨੂੰ ਮਜ਼ਬੂਤ ਕਰਨ ਵਿੱਚ ਭਾਰਤੀ ਵਿਦਿਆਰਥੀਆਂ ਦਾ ਵੀ ਵੱਡਾ ਯੋਗਦਾਨ ਹੈ, ਜੋ ਹਰ ਸਾਲ ਲੱਖਾਂ ਦੀ ਗਿਣਤੀ ਵਿੱਚ ਉੱਥੇ ਪੜ੍ਹਨ ਲਈ ਆ ਰਹੇ ਹਨ। ਭਾਰਤੀ-ਅਮਰੀਕੀ ਭਾਈਚਾਰਾ ਅਮਰੀਕਾ ਦੇ ਸਭ ਤੋਂ ਪ੍ਰਭਾਵਸ਼ਾਲੀ ਭਾਈਚਾਰਿਆਂ ਵਿੱਚੋਂ ਇੱਕ ਹੈ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਆਬਾਦੀ ਵਿਚ ਇਸ ਦਾ ਕੁਝ ਫੀਸਦੀ ਹਿੱਸਾ ਹੋਣ ਦੇ ਬਾਵਜੂਦ ਇਕੱਲਾ ਇਹ ਭਾਈਚਾਰਾ ਚਾਰ ਗੁਣਾ ਜ਼ਿਆਦਾ ਟੈਕਸ ਅਦਾ ਕਰ ਰਿਹਾ ਹੈ। ਅਮਰੀਕਾ 'ਚ ਰਹਿ ਰਹੇ ਭਾਰਤੀ-ਅਮਰੀਕੀ ਭਾਈਚਾਰੇ ਦੇ ਸਬੰਧ 'ਚ



ਇਕ ਡਾਟਾ ਸਾਹਮਣੇ ਆਇਆ ਹੈ, ਜਿਸ 'ਚ ਭਾਰਤੀ ਵਿਦਿਆਰਥੀਆਂ, ਅਮਰੀਕੀ ਕੰਪਨੀਆਂ ਦੀ ਅਗਵਾਈ ਕਰਨ ਵਾਲੇ ਲੋਕਾਂ ਸਮੇਤ ਕਈ ਅਹਿਮ ਜਾਣਕਾਰੀਆਂ ਦਿੱਤੀਆਂ ਗਈਆਂ ਹਨ।

**ਅਮਰੀਕਾ ਵਿੱਚ ਭਾਰਤੀਆਂ ਦੀ ਆਬਾਦੀ**

ਸੰਯੁਕਤ ਰਾਜ ਜਨਗਣਨਾ ਬਿਊਰੋ ਦੇ ਅਨੁਸਾਰ, ਅਮਰੀਕਾ ਦੀ ਆਬਾਦੀ ਲਗਭਗ 33 ਕਰੋੜ ਹੈ, ਜਿਸ ਵਿੱਚੋਂ 51 ਲੱਖ ਲੋਕ ਭਾਰਤੀ ਮੂਲ ਦੇ ਹਨ। ਇਸ ਵਿੱਚ ਉਹ ਲੋਕ ਵੀ ਸ਼ਾਮਲ ਹਨ ਜਿਨ੍ਹਾਂ ਦਾ ਜਨਮ ਅਮਰੀਕਾ ਜਾਂ ਭਾਰਤ ਵਿੱਚ ਹੋਇਆ ਸੀ। ਭਾਰਤੀ-ਅਮਰੀਕੀ ਭਾਈਚਾਰਾ ਅਮਰੀਕਾ ਦੀ ਕੁੱਲ ਆਬਾਦੀ ਦਾ 1.5 ਫੀਸਦੀ ਬਣਦਾ ਹੈ।

**ਭਾਰਤੀਆਂ ਦੀ ਸਿੱਖਿਆ ਦੀ ਸਥਿਤੀ**

ਬੈਚਲਰ ਡਿਗਰੀ ਜਾਂ ਇਸ ਤੋਂ ਵੱਧ ਪ੍ਰਾਪਤ ਕਰਨ ਵਾਲੀ ਅਮਰੀਕੀ ਆਬਾਦੀ ਦੀ ਰਾਸ਼ਟਰੀ ਔਸਤ 36 ਪ੍ਰਤੀਸ਼ਤ ਹੈ। ਸਰਲ ਭਾਸ਼ਾ ਵਿੱਚ ਦੇਸ਼ ਦੀ 36 ਫੀਸਦੀ ਆਬਾਦੀ ਨੇ ਯੂਨੀਵਰਸਿਟੀ ਦੀ (**ਬਾਕੀ ਸਫ਼ਾ 30 'ਤੇ**)

# ਕੈਨੇਡਾ ਦੀਆਂ ਸੂਬਾਈ ਚੋਣਾਂ ’ਚ 27 ਪੰਜਾਬੀ ਅਜ਼ਮਾ ਰਹੇ ਕਿਸਮਤ

ਟੋਰਾਂਟੋ/ਏ.ਟੀ.ਨਿਊਜ਼: ਕੈਨੇਡਾ ਵਿੱਚ ਬ੍ਰਿਟਿਸ਼ ਕੋਲੰਬੀਆ ਦੀ ਸੂਬਾਈ ਚੋਣ ਲਈ ਪੰਜਾਬੀ ਮੂਲ ਦੇ 27 ਉਮੀਦਵਾਰ ਮੈਦਾਨ ਵਿੱਚ ਹਨ। ਸਾਰੇ 93 ਹਲਕਿਆਂ ਲਈ 19 ਅਕਤੂਬਰ ਨੂੰ ਵੋਟਾਂ ਪੈਣਗੀਆਂ। ਦੋਵੇਂ ਵੱਡੀਆਂ ਸਿਆਸੀ ਜਥੇਬੰਦੀਆਂ – ਨੈਸ਼ਨਲ ਡੈਮੋਕ੍ਰੇਟਿਕ ਪਾਰਟੀ (ਐਨ.ਡੀ.ਪੀ) ਅਤੇ ਕੰਜ਼ਰਵੇਟਿਵ ਪਾਰਟੀ – ਨਾ ਸਿਰਫ਼ ਆਮ ਤੌਰ ’ਤੇ ਸਾਊਥ ਏਸ਼ੀਅਨਾਂ ਸਗੋਂ ਖਾਸ ਤੌਰ ’ਤੇ ਪੰਜਾਬੀਆਂ ’ਤੇ ਬਹੁਤ ਜ਼ਿਆਦਾ ਭਰੋਸਾ ਕਰ ਰਹੀਆਂ ਹਨ। ਉਨ੍ਹਾਂ ਨੇ ਪੰਜਾਬੀ ਉਮੀਦਵਾਰਾਂ ਨੂੰ ਮੈਦਾਨ ਵਿੱਚ ਉਤਾਰ ਕੇ ਕਮਿਊਨਿਟੀਆਂ ਨੂੰ ਕਾਫ਼ੀ ਨੁਮਾਇੰਦਗੀ ਵੀ ਦਿੱਤੀ ਹੈ।

ਐਨ.ਡੀ.ਪੀ ਨੇ ਮੌਜੂਦਾ ਹਾਊਸਿੰਗ ਮੰਤਰੀ ਅਤੇ ਸਰਕਾਰੀ ਹਾਊਸ ਲੀਡਰ ਰਵੀ ਕਾਹਲੋਂ ਨੂੰ ਆਪਣੀ ਡੈਲਟਾ ਸੀਟ ਤੋਂ ਚੋਣ ਮੈਦਾਨ ਵਿੱਚ ਉਤਾਰਿਆ ਹੈ। ਇਸ ਤੋਂ ਪਹਿਲਾਂ, ਉਹ ਇੱਕ ਹਾਕੀ ਖਿਡਾਰੀ ਸੀ ਅਤੇ 2000 ਅਤੇ 2008 ਦੇ ਸਮਰ ਉਲੰਪਿਕ ਸਮੇਤ ਕਈ ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਕੈਨੇਡਾ ਦੀ ਪ੍ਰਤੀਨਿਧਤਾ ਕਰ ਚੁੱਕਾ ਹੈ। ਮੌਜੂਦਾ ਸਿੱਖਿਆ ਅਤੇ ਬਾਲ ਸੰਭਾਲ ਮੰਤਰੀ ਰਚਨਾ ਸਿੰਘ ਐਨ.ਡੀ.ਪੀ ਦੀ ਟਿਕਟ ’ਤੇ ਸਰੀ ਨਾਰਥ ਤੋਂ ਤੀਜੀ ਵਾਰ ਮੁੜ ਚੋਣ ਲੜ ਰਹੀ ਹੈ। ਉਹ ਦਿੱਲੀ ਵਿੱਚ ਪੈਦਾ ਹੋਈ ਅਤੇ




ਚੰਡੀਗੜ੍ਹ ਵਿੱਚ ਵੱਡੀ ਹੋਈ। ਉਸਨੇ ਪੰਜਾਬ ਯੂਨੀਵਰਸਿਟੀ ਵਿੱਚ ਪੜ੍ਹਾਈ ਕੀਤੀ, ਜਿੱਥੋਂ ਉਸਨੇ ਮਨੋਵਿਗਿਆਨ ਵਿੱਚ ਮਾਸਟਰ ਡਿਗਰੀ ਪ੍ਰਾਪਤ ਕੀਤੀ।

ਸੀਨੀਅਰ ਨੇਤਾ ਰਾਜ ਚੌਹਾਨ ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ ਦੇ ਸਪੀਕਰ ਵਜੋਂ ਸੇਵਾ ਨਿਭਾ ਰਹੇ ਹਨ। ਉਸਨੇ ਪਹਿਲਾਂ 2013 ਤੋਂ 2017 ਤੱਕ ਵਿਧਾਨ ਸਭਾ ਦੇ ਸਹਾਇਕ ਡਿਪਟੀ ਸਪੀਕਰ ਅਤੇ 2017 ਤੋਂ 2020 ਤੱਕ ਡਿਪਟੀ ਸਪੀਕਰ ਵਜੋਂ ਸੇਵਾ ਕੀਤੀ। ਵਿਰੋਧੀ ਧਿਰ ਵਿੱਚ ਰਹਿੰਦੇ ਹੋਏ, ਉਸਨੇ ਮਾਨਸਿਕ ਸਿਹਤ ; ਮਨੁੱਖੀ ਅਧਿਕਾਰ, ਇਮੀਗ੍ਰੇਸ਼ਨ ਅਤੇ ਬਹੁ-ਸੱਭਿਆਚਾਰ ਅਤੇ ਕਿਰਤ ਦੇ ਆਲੋਚਕ ਵਜੋਂ ਕੰਮ ਕੀਤਾ। ਉਹ ਪਹਿਲੀ ਵਾਰ 2005 ਵਿੱਚ ਵਿਧਾਇਕ ਚੁਣੇ ਗਏ ਸਨ ਅਤੇ ਫਿਰ 2009, 2013, 2017 ਅਤੇ 2020 ਵਿੱਚ ਦੁਬਾਰਾ ਚੁਣੇ ਗਏ ਸਨ। ਹੁਣ, ਉਹ ਐਨ.ਡੀ.ਪੀ ਦੀ ਟਿਕਟ ’ਤੇ ਰਿਕਾਰਡ ਛੇਵੀਂ ਵਾਰ ਚੋਣ ਲੜ ਰਹੇ ਹਨ।

ਇੱਕ ਹੋਰ ਵੱਡਾ ਨਾਮ ਜਗਰੂਪ ਬਰਾੜ, ਜੋ ਵਰਤਮਾਨ ਵਿੱਚ 2022 ਤੋਂ ਵਪਾਰ ਰਾਜ ਮੰਤਰੀ ਵਜੋਂ ਸੇਵਾ ਨਿਭਾ ਰਿਹਾ ਹੈ, ਸੱਤਵੀਂ ਵਾਰ ਸਰੀ ਫਲੀਟਵੁੱਡ ਤੋਂ ਐਨ.ਡੀ.ਪੀ ਦੀ ਟਿਕਟ ’ਤੇ ਚੋਣ ਲੜ ਰਿਹਾ ਹੈ। ਉਹ 2013 ਵਿੱਚ ਸਿਰਫ਼ ਇੱਕ ਵਾਰ ਹਾਰ ਗਿਆ ਸੀ ਅਤੇ ਉਸਨੇ ਸਾਰੀਆਂ ਚੋਣਾਂ ਜਿੱਤੀਆਂ ਸਨ। ਬਰਾੜ ਦਾ ਜਨਮ ਬਠਿੰਡਾ ਵਿੱਚ ਹੋਇਆ ਸੀ ਅਤੇ ਉਹ ਭਾਰਤੀ ਪੁਰਸ਼ ਰਾਸ਼ਟਰੀ ਬਾਸਕਟਬਾਲ ਟੀਮ ਦਾ ਹਿੱਸਾ ਸੀ। ਉਹ ਪੜ੍ਹਾਈ ਲਈ ਕੈਨੇਡਾ ਚਲਾ ਗਿਆ ਅਤੇ ਉਥੇ ਹੀ ਵਸ ਗਿਆ। ਉਹ 2004 ਤੋਂ ਰਾਜਨੀਤੀ ਵਿੱਚ ਸਰਗਰਮ ਹਨ ਜਦੋਂ ਉਹ ਪਹਿਲੀ ਵਾਰ ਵਿਧਾਇਕ ਚੁਣੇ ਗਏ ਸਨ।

ਐਨ.ਡੀ.ਪੀ ਦੇ ਹੋਰ ਪੰਜਾਬੀ ਉਮੀਦਵਾਰ ਕੈਮਲੂਪਸ ਸੈਂਟਰ ਤੋਂ ਕਮਲ ਗਰੇਵਾਲ, ਕੇਲੋਨਾ ਮਿਸ਼ਨ ਤੋਂ ਹਰਪ੍ਰੀਤ ਬੱਦੋਵਾਲ, ਵਰਨੌਨ ਲੂੰਬੀ ਤੋਂ ਹਰਵਿੰਦਰ ਸੰਧੂ, ਸਰੀ ਸਰਪੇਨਟਾਈਨ ਰਿਵਰ ਤੋਂ ਬਲਤੇਜ ਢਿੱਲੋਂ, ਰਿਚਮੰਡ ਕੁਈਨਜ਼ਬਰੋ ਤੋਂ ਅਮਨ ਸਿੰਘ, ਬਰਨਬੀ ਸੈਂਟਰ ਤੋਂ ਐਨੀ ਕੰਗ, ਬਰਨਬੀ ਈਸਟ ਤੋਂ ਰਿਆ ਅਰੋੜਾ ,ਵੈਨਕੂਵਰ ਹੇਸਟਿੰਗਜ਼ ਤੋਂ ਨਿੱਕੀ ਸ਼ਰਮਾ, ਵੈਨਕਵਰ ਲੰਗਾਰਾ ਤੋਂ ਸੁਨੀਤਾ ਧੀਰ, ਲੈਂਗਫੋਰਡ ਹਾਈਲੈਂਡ ਤੋਂ ਰਵੀ ਪਰਮਾਰ ਅਤੇ ਜਿੰਨੀ ਸਿਨ ਸ਼ਾਮਲ ਹਨ। ਕੰਜ਼ਰਵੇਟਿਵ ਪਾਰਟੀ ਨੇ ਲੈਂਗਲੇਟ ਐਬਟਸਫੋਰਡ ਤੋਂ ਹਰਮਨ ਭੰਗੂ, ਸਰੀ ਫਲੀਟਵੁੱਡ ਤੋਂ ਅਵਤਾਰ ਗਿੱਲ, ਸਰੀ ਗਿਲਡਫੋਰਡ ਤੋਂ ਹਨਵੀਰ ਐੱਸ ਰੰਧਾਵਾ, ਸਰੀ ਨਿਊਟਨ ਤੋਂ ਤੇਗਜੋਤ ਬੱਲ, ਸਰੀ ਨਾਰਥ ਤੋਂ ਮਨਦੀਪ ਧਾਲੀਵਾਲ, ਬਰਨਬੀ ਵੈਸਟਮਿੰਸਟਰ ਤੋਂ ਦੀਪਕ ਸੂਰੀ ਅਤੇ ਵੈਨਕੂਵਰ ਫ੍ਰੇਜਰਵਿਊ ਤੋਂ ਜਗਦੀਪ ਸੰਘੇਰਾ ਨੂੰ ਮੈਦਾਨ ਵਿੱਚ ਉਤਾਰਿਆ ਹੈ। ਇਸ ਤੋਂ ਇਲਾਵਾ ਮਨਜੀਤ ਸਹੋਤਾ ਸਰੀ ਗਿਲਡਫੋਰਡ ਤੋਂ ਗਰੀਨ ਪਾਰਟੀ ਦੀ ਟਿਕਟ ’ਤੇ ਚੋਣ ਲੜ ਰਹੇ ਹਨ ਜਦਕਿ ਪਵਨੀਤ ਸਿੰਘ, ਅਮਨਦੀਪ ਸਿੰਘ, ਅੰਮ੍ਰਿਤ ਬਿਰਿੰਗ ਅਤੇ ਦੁਪਿੰਦਰ ਸਰਾਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੇ ਹਨ। ਸੀਨੀਅਰ ਆਗੂ ਹੈਰੀ ਬੈਂਸ ਇਸ ਵਾਰ ਚੋਣ ਨਹੀਂ ਲੜ ਰਹੇ ਕਿਉਂਕਿ ਉਨ੍ਹਾਂ ਨੇ ਸਿਆਸਤ ਤੋਂ ਸੰਨਿਆਸ ਲੈ ਲਿਆ ਹੈ। ਉਹ 2005 ਤੋਂ ਸਰੀ ਨਿਊਟਨ ਤੋਂ ਐਨ.ਡੀ.ਪੀ ਦੇ ਵਿਧਾਇਕ ਹਨ। 2020 ਵਿੱਚ ਅੱਠ ਪੰਜਾਬੀਆਂ ਨੇ ਬ੍ਰਿਟਿਸ਼ ਕੋਲੰਬੀਆ ਸੂਬਾਈ ਚੋਣ ਜਿੱਤੀ ਸੀ। ਇਨ੍ਹਾਂ ਵਿੱਚੋਂ ਸੱਤ ਇਸ ਪੋਲ ਵਿੱਚ ਵੀ ਆਪਣੀ ਕਿਸਮਤ ਅਜ਼ਮਾ ਰਹੇ ਹਨ।

# ਲੇਬਨਾਨ ’ਚ ਹਿਜ਼ਬੁੱਲਾ ਮੈਂਬਰਾਂ ਦੇ ਪੇਜਰਾਂ ’ਚ ਧਮਾਕੇ: 8 ਦੀ ਮੌਤ, 2700 ਤੋਂ ਵੱਧ ਜ਼ਖ਼ਮੀ

## ਇਜ਼ਰਾਈਲ ’ਤੇ ਪੇਜਰ ਹੈਕ ਕਰਨ ਦੇ ਲੱਗੇ ਇਲਜ਼ਾਮ

ਲੇਬਨਾਨ: ਲੇਬਨਾਨ ਵਿੱਚ ਹਿਜ਼ਬੁੱਲਾ ਨਾਲ ਜੁੜੇ ਮੈਂਬਰਾਂ ਦੇ ਪੇਜਰਾਂ (ਸੰਚਾਰ ਯੰਤਰਾਂ) ਵਿੱਚ ਲੜੀਵਾਰ ਧਮਾਕੇ ਹੋਏ ਹਨ। ਮੀਡੀਆ ਰਿਪੋਰਟਾਂ ਮੁਤਾਬਕ ਧਮਾਕੇ ’ਚ 1 ਲੜਕੀ ਸਮੇਤ 8 ਲੋਕਾਂ ਦੀ ਮੌਤ ਹੋ ਗਈ ਹੈ। 2700 ਤੋਂ ਵੱਧ ਜ਼ਖ਼ਮੀ ਹੋਏ ਹਨ, ਜਿਨ੍ਹਾਂ ਵਿੱਚੋਂ 200 ਦੀ ਹਾਲਤ ਨਾਜ਼ੁਕ ਹੈ। ਮੀਡੀਆ ਰਿਪੋਰਟਾਂ ਮੁਤਾਬਕ ਪੇਜਰਾਂ ਨੂੰ ਹੈਕ ਕਰਕੇ ਬਲਾਸਟ ਕੀਤਾ ਗਿਆ ਹੈ। ਇਸ ਹੈਕਿੰਗ ਪਿੱਛੇ ਇਜ਼ਰਾਈਲ ਦਾ ਹੱਥ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਹਾਲਾਂਕਿ ਇਜ਼ਰਾਈਲ ਨੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਹੈ।

ਅਰਬ ਮੀਡੀਆ ਰਿਪੋਰਟਾਂ ਮੁਤਾਬਕ ਹਿਜ਼ਬੁੱਲਾ ਨਾਲ ਜੁੜੇ ਇਕ ਹਜ਼ਾਰ ਤੋਂ ਵੱਧ ਮੈਂਬਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਸੀਰੀਆ ਵਿੱਚ ਮੌਜੂਦ ਹਿਜ਼ਬੁੱਲਾ ਮੁਖੀ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਹੈ। ਲੇਬਨਾਨ ਦੀ ਵੈੱਬਸਾਈਟ ਨਾਹਰਨੇਟ ਮੁਤਾਬਕ ਪੇਜ਼ਰ ਧਮਾਕੇ ’ਚ ਈਰਾਨ ਦੇ ਰਾਜਦੂਤ ਮੋਜਤਬਾ ਅਮਾਨੀ ਜ਼ਖਮੀ ਹੋ ਗਏ ਹਨ, ਪਰ ਉਨ੍ਹਾਂ ਦੀਆਂ ਸੱਟਾਂ ਗੰਭੀਰ ਨਹੀਂ ਹਨ। ਲੇਬਨਾਨ ਦੇ ਸਿਹਤ ਮੰਤਰੀ ਫਿਰਾਸ ਅਬਿਆਦ ਨੇ ਪੁਸ਼ਟੀ ਕੀਤੀ



ਕਿ ਦੇਸ਼ ਭਰ ਦੀਆਂ ਘਟਨਾਵਾਂ ਵਿੱਚ ਸੈਂਕੜੇ ਲੋਕ ਜ਼ਖਮੀ ਹੋਏ ਹਨ। ਅਬਿਆਦ ਮੁਤਾਬਕ ਜ਼ਿਆਦਾਤਰ ਲੋਕਾਂ ਦੇ ਹੱਥਾਂ ’ਤੇ ਸੱਟਾਂ ਲੱਗੀਆਂ ਹਨ। ਸਿਹਤ ਮੰਤਰਾਲੇ ਨੇ ਸਾਰੇ ਹਸਪਤਾਲਾਂ ਨੂੰ ਹਾਈ ਅਲਰਟ ’ਤੇ ਰਹਿਣ ਲਈ ਕਿਹਾ ਹੈ। ਸਿਹਤ ਕਰਮਚਾਰੀਆਂ ਨੂੰ ਤੁਰੰਤ ਸਹਾਇਤਾ ਲਈ ਆਪਣੇ ਹਸਪਤਾਲਾਂ ਵਿੱਚ ਜਾਣ ਲਈ ਕਿਹਾ ਗਿਆ ਹੈ।

# ਆਸਟ੍ਰੇਲੀਆ ’ਚ ਪੰਜਾਬੀ ਵਿਦਿਆਰਥੀਆਂ ਨੂੰ ਵੱਡਾ ਝਟਕਾ, ਸਰਕਾਰ ਨੇ 150 ਕਾਲਜ ਕੀਤੇ ਬੰਦ



ਸਿਡਨੀ/ਏ.ਟੀ.ਨਿਊਜ਼: ਆਸਟ੍ਰੇਲੀਆ ਸਰਕਾਰ ਨੇ ਵੱਡੀ ਕਾਰਵਾਈ ਕਰਦਿਆਂ 150 ਕਾਲਜਾਂ ਨੂੰ ਬੰਦ ਕਰ ਦਿੱਤਾ ਹੈ। ਸਰਕਾਰ ਦੇ ਇਸ ਫ਼ੈਸਲੇ ਨਾਲ ਦਾਖਲਾ ਲੈ ਚੁੱਕੇ ਪੰਜਾਬ ਦੇ ਵਿਦਿਆਰਥੀਆਂ ਨੂੰ ਵੱਡਾ ਝਟਕਾ ਲੱਗਾ ਹੈ। ਹਾਲ ਹੀ ਵਿੱਚ ਪ੍ਰਾਈਵੇਟ ਕਾਲਜਾਂ ਵਿੱਚ ਦਾਖਲਾ ਫੀਸ ਵਜੋਂ ਲੱਖਾਂ ਰੁਪਏ ਅਦਾ ਕਰਕੇ ਆਸਟ੍ਰੇਲੀਆ ਗਏ ਸੈਂਕੜੇ ਵਿਦਿਆਰਥੀਆਂ ਦਾ ਭਵਿੱਖ ਅਨਿਸ਼ਚਿਤ ਹੋ ਗਿਆ ਹੈ। ਆਸਟ੍ਰੇਲੀਅਨ ਅਧਿਕਾਰੀਆਂ ਨੇ ਲਗਭਗ 150 ਤੀਜੇ ਦਰਜੇ ਦੇ ਕਾਲਜਾਂ ਨੂੰ ਬੰਦ ਕਰ ਦਿੱਤਾ ਕਿਉਂਕਿ ਉਹ ਸਬੂਤ ਦਿਖਾਉਣ ਵਿੱਚ ਅਸਫਲ ਰਹੇ ਕਿ ਇਹ ਵਿਦਿਆਰਥੀਆਂ ਨੂੰ ਕੋਈ ਨਿਯਮਤ ਸਿਖਲਾਈ ਜਾਂ ਪੜ੍ਹਾਈ ਦੀ ਪੇਸ਼ਕਸ਼ ਕਰ ਰਹੇ ਸਨ। ਇਨ੍ਹਾਂ ਵਿੱਚੋਂ ਕੁਝ ਕਾਲਜ ਪੰਜਾਬ ਦੇ ਬੇਈਮਾਨ ਏਜੰਟਾਂ ਅਤੇ ਸਟੱਡੀ ਵੀਜ਼ਾ ਸਲਾਹਕਾਰਾਂ ਦੇ ਸਿੱਧੇ ਸੰਪਰਕ ਵਿੱਚ ਸਨ ਜਾਂ ਉਨ੍ਹਾਂ ਦੀ ਸਹਿ-ਮਾਲਕੀਅਤ ਸਨ। ਦਹਾਕਿਆਂ ਤੋਂ ਗੈਰ-ਕਾਨੂੰਨੀ ਪ੍ਰਾਈਵੇਟ ਕਾਲਜ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਬੈਕਡੋਰ ਇਮੀਗ੍ਰੇਸ਼ਨ ਅਤੇ ਕੰਮ ਦੇ ਅਧਿਕਾਰ ਪ੍ਰਦਾਨ ਕਰ ਰਹੇ ਸਨ। ਉੱਧਰ ਹੁਨਰ ਅਤੇ ਸਿਖਲਾਈ ਮੰਤਰੀ ਨੇ ਮੀਡੀਆ ਵਿੱਚ ਹਵਾਲਾ ਦਿੱਤਾ,‘ਸਾਡੀ ਸਰਕਾਰ ਦੇ ਅਧੀਨ ਇਸ ਖੇਤਰ ਨੂੰ ਕਮਜ਼ੋਰ ਕਰਨ ਅਤੇ ਵਿਦਿਆਰਥੀਆਂ ਦਾ ਸ਼ੋਸ਼ਣ ਕਰਨ ਦੀ ਕੋਸ਼ਿਸ਼ ਕਰਨ ਵਾਲੇ ਕਿਸੇ ਵੀ ਵਿਅਕਤੀ ਲਈ ਕੋਈ ਥਾਂ ਨਹੀਂ ਹੈ।’ ਜਾਣਕਾਰੀ ਅਨੁਸਾਰ ਅਲਬਾਨੀਜ਼ ਸਰਕਾਰ ਨੇ ਆਸਟ੍ਰੇਲੀਅਨ ਸਕਿੱਲ ਕੁਆਲਿਟੀ ਅਥਾਰਟੀ ਦੁਆਰਾ ਕੀਤੀ ਗਈ ਕਾਰਵਾਈ ਦੇ ਤਹਿਤ ਬੰਦ ਕੀਤੀਆਂ ਗਈਆਂ ਵੋਕੇਸ਼ਨਲ ਸਿੱਖਿਆ ਸੰਸਥਾਵਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਹੈ। (**ਬਾਕੀ ਸਫ਼ਾ 30 ’ਤੇ**)

# ਗੁਰਸਿੱਖ ਪੰਜਾਬਣ ਸਾਹਿਬ ਕੌਰ ਧਾਲੀਵਾਲ ਵੱਲੋਂ ਯੂ.ਐਨ.ਓ. ਵਿਖੇ ਕੈਨੇਡਾ ਦੇ ਨੌਜਵਾਨ ਵਰਗ ਦੀ ਅਗਵਾਈ

ਐਬਟਸਫੋਰਡ/ਏ.ਟੀ.ਨਿਊਜ਼ : ਐਬਟਸਫੋਰਡ ਸ਼ਹਿਰ ਦੀ ਜੰਮਪਲ ਅਤੇ ਅੱਜਕੱਲ੍ਹ ਮੈਕਗਿਲ ਲਾਅ ਕਾਲਜ, ਯੂਨੀਵਰਸਿਟੀ ਮੋਂਟਰਿਅਲ ਵਿਖੇ ਵਕਾਲਤ ਕਰ ਰਹੀ ਗੁਰਸਿੱਖ ਪੰਜਾਬਣ ਸਾਹਿਬ ਕੌਰ ਧਾਲੀਵਾਲ ਨੇ, ਸੰਯੁਕਤ ਰਾਸ਼ਟਰ ਸੰਘ ਦੇ ਜਨੇਵਾ, ਸਵਿਟਜ਼ਰਲੈਂਡ ਮੁੱਖ ਸਥਾਨ ਵਿਖੇ ਵਰਲਡ ਟਰੇਡ ਔਰਗਨਾਈਜੇਸ਼ਨ ਦੀ ਵਿਸ਼ੇਸ਼ ਬੈਠਕ ਵਿੱਚ ਸ਼ਮੂਲੀਅਤ ਕੀਤੀ ਹੈ। ਸਾਹਿਬ ਕੌਰ ਨੇ ਯੂਨੀਵਰਸਿਟੀ ਆਫ ਓਟਾਵਾ ਵੱਲੋਂ ਕੈਨੇਡੀਅਨ ਨੌਜਵਾਨਾਂ ਦੀ ਪ੍ਰਤਨਿਧਤਾ ਕਰਦਿਆਂ, ਯੂ.ਐਨ.ਓ .ਦੇ ਪਬਲਿਕ ਫੋਰਮ ਵਿੱਚ ਗੰਭੀਰ ਮੁੱਦਿਆਂ ’ਤੇ ਚਰਚਾ ਕੀਤੀ। ਸਵਿਟਜ਼ਰਲੈਂਡ ਵਿਖੇ ਚਾਰ ਦਿਨ ਚੱਲੀ ਇਸ ਵਿਸ਼ਾਲ ਬੈਠਕ ਦੌਰਾਨ ਦੁਨੀਆਂ ਭਰ ਤੋਂ ਰਾਜਦੂਤਾਂ, ਡਿਪਲੋਮੈਟਾਂ, ਮਾਹਿਰਾਂ,




ਅੰਤਰਰਾਸ਼ਟਰੀ ਵਪਾਰ ਵਿੱਚ ਪ੍ਰੈਕਟੀਸ਼ਨਰਾਂ ਅਤੇ ਪ੍ਰਸਿੱਧ ਅਕਾਦਮੀਆਂ ਨੇ ਸ਼ਮੂਲੀਅਤ ਕੀਤੀ।

ਸਾਹਿਬ ਕੌਰ ਧਾਲੀਵਾਲ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਸਮਾਜਿਕ-ਸੱਭਿਆਚਾਰਕ ਮਾਪ, ਜਲਵਾਯੂ ਪਰਿਵਰਤਨ, ਭੋਜਨ ਸੁਰੱਖਿਆ, ਆਮਦਨੀ ਅਸਮਾਨਤਾ ਅਤੇ ਭੂ-ਰਾਜਨੀਤਿਕ ਟਕਰਾਅ ਸਮੇਤ ਕਈ ਹੋਰ ਮੁੱਦੇ, ਜਿਵੇਂ ਕਿ ਭੋਜਨ ਅਤੇ ਪਾਣੀ ਦੀ ਸੁਰੱਖਿਆ, ਤਕਨੀਕੀ ਅਸਮਾਨਤਾਵਾਂ, ਅਤੇ ਸਿੱਖਿਆ ਦੀ ਅਸਮਰਥਤਾ ਸੰਸਾਰ ਪੱਧਰ ’ਤੇ ਵੱਡੀ ਚੁਣੌਤੀ ਹਨ। ਇਸ ਦੌਰਾਨ ਕੈਨੇਡਾ ਭਰ ਦੇ ਆਦਿਵਾਸੀ ਭਾਈਚਾਰਿਆਂ ਨੂੰ ਰੋਜ਼ਾਨਾ ਸਮਾਜਿਕ-ਆਰਥਿਕ ਅਨਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਸਾਹਿਬ ਕੌਰ ਅਨੁਸਾਰ ਵੱਡੀ ਫਿਕਰਮੰਦ ਦੀ ਵਾਲੀ ਗੱਲ ਇਹ ਹੈ ਕਿ ਸੰਸਾਰ ਦੇ 1.5 ਬਿਲੀਅਨ ਲੋਕਾਂ ਨੂੰ ਅਤਿਅੰਤ ਗਰੀਬੀ ਤੋਂ ਬਾਹਰ ਕੱਢਣ ਵਿੱਚ ਅੰਤਰਰਾਸ਼ਟਰੀ ਵਪਾਰ ਦੀ ਸਹਾਇਤਾ ਦੇ ਬਾਵਜੂਦ, ਵਪਾਰ ਦੇ ਲਾਭ ਨਹੀਂ ਹੋਏ ਹਨ। ਸਾਹਿਬ ਕੌਰ ਦਾ ਮੰਨਣਾ ਹੈ ਕਿ ਅਜਿਹੀਆਂ ਕੌਮਾਂਤਰੀ ਬੈਠਕਾਂ ਰਾਹੀਂ ਹੀ ਲੋਕ ਪੱਖੀ ਰਣਨੀਤੀ ਦੁਆਰਾ ਆਰਥਿਕ, ਵਾਤਾਵਰਣ, ਰਾਜਨੀਤਿਕ ਅਤੇ ਵਿਆਪਕ ਵਿਸ਼ਵ ਸੰਕਟਾਂ ਨਾਲ ਨਜਿੱਠਣ ਦਾ ਮੌਕਾ ਹਾਸਲ ਹੋ ਸਕਦਾ ਹੈ। ਪੰਜਾਬ ਤੋਂ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਲੱਖਾ ਨਾਲ ਸਬੰਧਿਤ ਸਿੱਖ ਵਿਦਵਾਨ ਭਾਈ ਹਰਪਾਲ ਸਿੰਘ ਲੱਖਾ ਦੀ ਪੋਤਰੀ ਅਤੇ ਮੀਡੀਆ ਸ਼ਖਸੀਅਤ ਡਾ. ਗੁਰਵਿੰਦਰ ਸਿੰਘ ਧਾਲੀਵਾਲ ਦੀ ਹੋਣਹਾਰ ਧੀ ਸਾਹਿਬ ਕੌਰ ਨੇ ਕੈਨੇਡਾ ਦੀ ਪਾਰਲੀਮੈਂਟ ਵਿੱਚ ਪੇਜ ਸੁਪਰਵਾਈਜ਼ਰ ਵੱਲੋਂ ਸੇਵਾਵਾਂ ਨਿਭਾਈਆਂ ਹਨ। ਯੂ.ਐਨ.ਓ. ਦੇ ਦੌਰੇ ਦੌਰਾਨ ਸਾਹਿਬ ਕੌਰ ਨੇ ਜਿੱਥੇ ਯੂ.ਟੀ.ਓ. ਬਾਰੇ ਵਿਚਾਰਾਂ ਦੀ ਸਾਂਝ ਪਾਈ, ਉੱਥੇ ਯੂ.ਐਨ.ਓ. ਦੇ ਮੰਚ ਤੋਂ ਮਨੁੱਖੀ ਅਧਿਕਾਰਾਂ ਦੇ ਖੇਤਰ ’ਚ ਸੰਸਾਰ ਪੱਧਰ ’ਤੇ ਆ ਰਹੀਆਂ ਚੁਣੌਤੀਆਂ ਅਤੇ ਦੱਬਿਆਂ-ਕੁਚਲਿਆਂ ਦੇ ਹੱਕ ਵਿੱਚ ਦ੍ਰਿੜਤਾ ਨਾਲ ਆਵਾਜ਼ ਉਠਾਉਣ ਦਾ ਵੀ ਅਹਿਦ ਕੀਤਾ।

# ਇਸ ਵਾਰ ਦੀਆਂ ਰਾਸ਼ਟਰਪਤੀ ਚੋਣਾਂ ਕਿਤੇ ਅਮਰੀਕਾ ਵਿੱਚ ਘਰੇਲੂ ਯੁੱਧ ਨਾ ਕਰਵਾ ਦੇਣ !

## ਸਵਿੰਗ ਸਟੇਟ ਜਿੱਤਣ ਵਾਲਾ ਹੀ ਦੇਸ਼ ਦਾ ਅਗਲਾ ਰਾਸ਼ਟਰਪਤੀ ਬਣੇਗਾ

ਬੀਤੇ ਹਫਤੇ ਰਾਸ਼ਟਰਪਤੀ ਦੀ ਬਹਿਸ ਤੋਂ ਬਾਅਦ, ਕਮਲਾ ਹੈਰਿਸ ਦਾ ਅਕਸ ਇੱਕ ਮਜ਼ਬੂਤ ਨੇਤਾ ਵਜੋਂ ਉਭਰਿਆ ਹੈ, ਜਦੋਂ ਕਿ ਟਰੰਪ ਪੂਰੀ ਤਰ੍ਹਾਂ ਨਕਾਰਾਤਮਿਕ ਅਤੇ ਉਦਾਸ ਨਜ਼ਰ ਆਏ, ਜਿਸ ਕਾਰਨ ਪੂਰੇ ਰਿਪਬਲਿਕਨ ਅਦਾਰੇ ਵਿੱਚ ਨਿਰਾਸ਼ਾ ਦੀ ਲਹਿਰ ਦੌੜ ਗਈ ਹੈ।




ਅਮਰੀਕੀ ਰਾਸ਼ਟਰਪਤੀ ਚੋਣਾਂ ਲਗਭਗ ਹਮੇਸ਼ਾ ਹਫੜਾ-ਦਫੜੀ ਨਾਲ ਭਰਪੂਰ ਹੁੰਦੀਆਂ ਹਨ, ਪਰ ਇਹ ਚੋਣ ਹੋਰ ਵੀ ਗੜਬੜ ਵਾਲੀ ਬਣ ਗਈ ਹੈ। ਕਿਉਂਕਿ ਰਿਪਬਲੀਕਨ ਅਤੇ ਡੈਮੋਕਰੇਟਸ ਕਾਰਨ ਅਮਰੀਕਾ ਦੀ ਜਨਤਾ ਵੰਡੀ ਗਈ ਹੈ। 5 ਨਵੰਬਰ ਨੂੰ ਹੋਣ ਵਾਲੀ ਮਹੱਤਵਪੂਰਨ ਚੋਣ ਹੁਣ 'ਸਵਿੰਗ ਰਾਜਾਂ' 'ਤੇ ਨਿਰਭਰ ਕਰਦੀ ਹੈ, ਜਿਨ੍ਹਾਂ ਵਿੱਚ ਵਧੇਰੇ ਸਖ਼ਤ ਟੱਕਰ ਦੇਖਣ ਦੀ ਸੰਭਾਵਨਾ ਹੈ।

ਹੁਣ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਸਵਿੰਗ ਸਟੇਟ ਜਿੱਤਣ ਵਾਲਾ ਹੀ ਦੇਸ਼ ਦਾ ਅਗਲਾ ਰਾਸ਼ਟਰਪਤੀ ਬਣੇਗਾ।

ਕੀ ਟਰੰਪ ਕਮਲਾ ਹੈਰਿਸ ਨੂੰ ਬਰਦਾਸ਼ਤ ਕਰ ਸਕਣਗੇ ?

ਇਹਨਾਂ ਰਾਜਾਂ ਵਿੱਚ ਹੀ ਇੱਕ ਡਰ ਵਧ ਰਿਹਾ ਹੈ (ਜਿਸ ਦੇ ਕਈ ਸਬੂਤ ਮਿਲੇ ਹਨ) ਕਿ ਡੋਨਾਲਡ ਟਰੰਪ ਦੀ ਟੀਮ ਚੋਣ ਲੜਨ ਅਤੇ ਕਮਲਾ ਹੈਰਿਸ ਦੀ ਜਿੱਤ ਨੂੰ ਨਾਜਾਇਜ਼ ਠਹਿਰਾਉਣ ਦੀ ਤਿਆਰੀ ਕਰ ਰਹੀ ਹੈ । ਰਿਪਬਲਿਕਨ ਵੋਟਰਾਂ ਦੀਆਂ ਇੱਛਾਵਾਂ ਨੂੰ ਠੁੱਸ ਕਰਨ ਲਈ ਬਹੁਤ ਸਾਰੀਆਂ ਘਟੀਆ ਚਾਲਾਂ ਚਲ ਰਹੇ ਹਨ ।

ਬੀਤੇ ਮੰਗਲਵਾਰ ਦੀ ਬਹਿਸ ਤੋਂ ਪਹਿਲਾਂ, ਟਰੰਪ ਨੇ ਕਮਲਾ ਹੈਰਿਸ ਦੇ ਵਿਰੁੱਧ ਪ੍ਰਭਾਵਸ਼ਾਲੀ ਹਮਲਾ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਨੇ ਬਾਇਡਨ ਦੇ ਦੌੜ ਤੋਂ ਹਟਣ ਤੋਂ ਬਾਅਦ ਡੈਮੋਕਰੈਟਿਕ ਮੁਹਿੰਮ ਨੂੰ ਮੁੜ ਸੁਰਜੀਤ ਕੀਤਾ ਸੀ। ਲੋਕਾਂ ਦੀਆਂ ਨਜ਼ਰਾਂ ਵਿੱਚ ਰਹਿਣ ਦੀ ਪੂਰੀ ਕੋਸ਼ਿਸ਼ ਕਰਦੇ ਹੋਏ, ਟਰੰਪ ਨੇ ਨੀਤੀ 'ਤੇ ਧਿਆਨ ਕੇਂਦਰਿਤ ਕਰਨ ਲਈ ਆਪਣੇ ਸਹਿਯੋਗੀਆਂ ਦੀ ਸਲਾਹ ਨੂੰ ਨਜ਼ਰ ਅੰਦਾਜ਼ ਕਰਦੇ ਹੋਏ ਕਮਲਾ ਹੈਰਿਸ 'ਤੇ ਖਤਰਨਾਕ ਨਿੱਜੀ ਹਮਲੇ ਕੀਤੇ, ਇਹੀ ਗਲਤੀ ਟਰੰਪ ਨੇ ਪਿਛਲੀ ਵਾਰ ਵੀ ਕੀਤੀ ਸੀ।ਪਰ ਟਰੰਪ ਨੇ ਉਨ੍ਹਾਂ ਮੁੱਦਿਆਂ ਨੂੰ ਛੱਡ ਦਿੱਤਾ, ਜਿਨ੍ਹਾਂ 'ਤੇ ਕਮਲਾ ਹੈਰਿਸ 'ਤੇ ਹਮਲਾ ਕੀਤਾ ਜਾ ਸਕਦਾ ਸੀ, ਜਦਕਿ ਕਮਲਾ ਹੈਰਿਸ ਨੇ ਟਰੰਪ ਦੀਆਂ ਕਮਜ਼ੋਰੀਆਂ 'ਤੇ ਹਮਲਾ ਕੀਤਾ, ਜਿਸ ਕਾਰਨ ਟਰੰਪ ਪਰੇਸ਼ਾਨੀ ਵਿੱਚ ਦਿਖਾਈ ਦਿੱਤੇ।

ਡੋਨਾਲਡ ਟਰੰਪ ਕਈ ਸਾਲਾਂ ਤੋਂ ਆਪਣੇ ਵਿਰੋਧੀਆਂ ਬਾਰੇ ਨਿੱਜੀ ਟਿੱਪਣੀਆਂ ਕਰਨ ਲਈ ਜਾਣੇ ਜਾਂਦੇ ਹਨ, ਪਰ ਉਨ੍ਹਾਂ ਦੇ ਬਹੁਤ ਸਾਰੇ ਸਮਰਥਕਾਂ ਦਾ ਮੰਨਣਾ ਹੈ ਕਿ ਉਹ ਕਮਲਾ ਹੈਰਿਸ 'ਤੇ ਕੀਤੇ ਗਏ ਹਮਲਿਆਂ ਵਿੱਚ ਬਹੁਤ ਅੱਗੇ ਨਿਕਲ ਗਏ ਹਨ, ਨੈਤਿਕਤਾ ਦੀ ਕੋਈ ਪ੍ਰਵਾਹ ਨਹੀਂ ਕੀਤੀ। ਇਸ ਨਾਲ ਰਾਜਨੀਤਕ ਨੈਤਿਕ ਨਿਯਮ ਮਾਪਦੰਡ ਟੁੱਟ ਗਏ।

ਉਦਾਹਰਣ ਵਜੋਂ, ਉਸਨੇ ਝੂਠਾ ਦਾਅਵਾ ਕੀਤਾ ਕਿ ਕਮਲਾ ਹੈਰਿਸ, ਜੋ ਕਿ ਕਾਲੇ ਅਤੇ ਦੱਖਣੀ ਏਸ਼ੀਆਈ ਹਨ। ਪਿਛਲੇ ਮਹੀਨੇ ਸ਼ਿਕਾਗੋ ਵਿੱਚ ਕਾਲੇ ਪੱਤਰਕਾਰਾਂ ਦੀ ਇੱਕ ਕਾਨਫਰੰਸ ਵਿੱਚ ਬੋਲਦਿਆਂ, ਟਰੰਪ ਨੇ ਕਿਹਾ, 'ਮੈਂ ਕਈ ਸਾਲ ਪਹਿਲਾਂ ਤੱਕ ਨਹੀਂ ਜਾਣਦਾ ਸੀ ਕਿ ਉਹ ਕਾਲੀ ਹੈ ਅਤੇ ਹੁਣ ਉਹ ਕਾਲੇ ਵਜੋਂ ਜਾਣੀ ਜਾਂਦੀ ਹੈ। ਪਤਾ ਨਹੀਂ - ਕੀ ਉਹ ਭਾਰਤੀ ਹੈ ਜਾਂ ਕਾਲੀ ਹੈ ?'

## ਟਰੰਪ ਵੱਲੋਂ ਚੋਣਾਂ ਜਿੱਤਣ ਲਈ ਨਸਲੀ ਟਿੱਪਣੀਆਂ ਦਾ ਸਹਾਰਾ

ਟਰੰਪ ਦਾ ਨਸਲਵਾਦ ਦਾ ਇੱਕ ਲੰਮਾ ਅਤੇ ਘਿਣਾਉਣਾ ਇਤਿਹਾਸ ਹੈ, ਜਿਸ ਨੇ ਦੇਸ਼ ਦੇ ਪਹਿਲੇ ਕਾਲੇ ਰਾਸ਼ਟਰਪਤੀ ਬਰਾਕ ਓਬਾਮਾ 'ਤੇ ਸੰਯੁਕਤ ਰਾਜ ਅਮਰੀਕਾ ਵਿੱਚ ਪੈਦਾ ਨਾ ਹੋਣ ਦਾ ਝੂਠਾ ਦੋਸ਼ ਲਗਾਇਆ ਸੀ ਅਤੇ ਹੁਣ ਉਹ ਕਮਲਾ ਹੈਰਿਸ 'ਤੇ ਵੀ ਅਜਿਹੀਆਂ ਹੀ ਟਿੱਪਣੀਆਂ ਕਰ ਰਹੇ ਹਨ। 28 ਅਗਸਤ ਨੂੰ, ਉਸਦੀ ਨਿੱਜੀ ਵੈੱਬਸਾਈਟ ਟਰੂਥ ਸੋਸ਼ਲ 'ਤੇ ਇੱਕ ਉਪਭੋਗਤਾ ਨੇ ਕਮਲਾ ਹੈਰਿਸ ਅਤੇ ਹਿਲੇਰੀ ਕਲਿੰਟਨ ਦੀਆਂ ਫੋਟੋਆਂ ਨੂੰ ਸੰਦੇਸ਼ ਦੇ ਨਾਲ ਅਸ਼ਲੀਲਤਾ ਨਾਲ ਪੋਸਟ ਕੀਤਾ।

ਆਪਣੇ ਪਿਛਲੇ ਘੋਰ ਲਿੰਗੀ ਵਿਵਹਾਰ ਦੇ ਆਪਣੇ ਪਿਛਲੇ ਰਿਕਾਰਡ ਨੂੰ ਦੁਹਰਾਉਂਦੇ ਹੋਏ, ਟਰੰਪ ਨੇ ਤੁਰੰਤ ਇਸ ਨੂੰ ਦੁਬਾਰਾ ਪੋਸਟ ਕਰਕੇ ਇਸ ਘਟੀਆ ਬਿਆਨ ਨੂੰ ਵਧਾ ਦਿੱਤਾ। 10 ਦਿਨਾਂ ਵਿੱਚ ਇਹ ਦੂਜੀ ਵਾਰ ਸੀ ਕਿ ਸਾਬਕਾ ਰਾਸ਼ਟਰਪਤੀ ਨੇ ਆਪਣੇ ਵਿਰੋਧੀ 'ਤੇ ਜਿਨਸੀ ਹਮਲੇ ਕੀਤੇ, ਜੋ ਕਿ ਅਸ਼ਲੀਲ ਅਤੇ ਨਿੰਦਣਯੋਗ ਹੈ ਡੋਨਾਲਡ ਟਰੰਪ ਕਮਲਾ ਹੈਰਿਸ 'ਤੇ ਨਸਲੀ ਅਤੇ ਜਿਨਸੀ ਹਮਲਾ ਕਰਨ ਵਿੱਚ ਇਕੱਲੇ ਨਹੀਂ ਹਨ। ਡੈਮੋਕ੍ਰੇਟਿਕ ਪਾਰਟੀ ਦੀ ਨਾਮਜ਼ਦਗੀ ਜਿੱਤਣ ਤੋਂ ਥੋੜ੍ਹੀ ਦੇਰ ਬਾਅਦ, ਇੰਟਰਨੈੱਟ 'ਤੇ ਉਸ ਬਾਰੇ ਟਰੰਪ ਦੇ ਸਮਰਥਕਾਂ ਵੱਲੋਂ ਦੁਰਵਿਹਾਰਵਾਦੀ ਅਤੇ ਲਿੰਗਕ ਨੈਗੇਟਿਵ ਦਾ ਇੱਕ ਔਨਲਾਈਨ ਵਿਸਫੋਟ ਸਾਹਮਣੇ ਆਇਆ, ਜਿਨ੍ਹਾਂ ਵਿੱਚੋਂ ਬਹੁਤ ਸਾਰੀਆਂ ਗੱਲਾਂ ਪਹਿਲਾਂ ਹੀ ਝੂਠੀਆਂ ਸਾਬਤ ਹੋ ਚੁੱਕੀਆਂ ਹਨ। ਕੁਝ ਸੋਸ਼ਲ ਮੀਡੀਆ ਪੋਸਟਾਂ ਵਿੱਚ ਸੈਨ ਫਰਾਂਸਿਸਕੋ ਦੇ ਸਾਬਕਾ ਮੇਅਰ ਵਿਲੀ ਬ੍ਰਾਊਨ ਨਾਲ ਸੰਖੇਪ ਸੰਬੰਧਾਂ ਦਾ ਹਵਾਲਾ ਦਿੱਤਾ ਗਿਆ ਸੀ। ਇਹ ਇਲਜ਼ਾਮ ਟਰੰਪ ਦੇ ਕਈ ਨਸਲਵਾਦੀ ਸਮਰਥਕਾਂ ਨੇ ਲਗਾਏ। ਇੰਸਟਾਗ੍ਰਾਮ 'ਤੇ ਕਮਲਾ ਹੈਰਿਸ ਦੀ ਇੱਕ ਫੋਟੋ ਪੋਸਟ ਕੀਤੀ ਗਈ ਸੀ, ਜਿਸ ਵਿੱਚ ਉਸਨੂੰ ਬਦਨਾਮ ਫਾਈਨਾਂਸਰ ਅਤੇ ਦੋਸ਼ੀ ਜਿਨਸੀ ਅਪਰਾਧੀ ਜੈਫਰੀ ਐਪਸਟੀਨ ਨਾਲ ਦਿਖਾਇਆ ਗਿਆ ਸੀ। ਇਹੋ ਜਿਹੇ ਅਨੇਕਾਂ ਝੂਠੇ ਦੋਸ਼ ਘੜੇ ਗਏ।

## ਮੈਂ ਬਾਈਡਨ ਤੋਂ ਵੱਖਰੀ ਹਾਂ ਕਿਉਂਕਿ ਮੈਂ ਨਵੀਂ ਪੀੜ੍ਹੀ ਦੀ ਨੁਮਾਇੰਦਗੀ ਕਰਦੀ ਹਾਂ: ਕਮਲਾ ਹੈਰਿਸ

ਵਾਸ਼ਿੰਗਟਨ/ਏ.ਟੀ.ਨਿਊਜ਼: ਡੈਮੋਕ੍ਰੇਟਿਕ ਪਾਰਟੀ ਦੀ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਕਮਲਾ ਹੈਰਿਸ ਨੇ ਕਿਹਾ ਕਿ ਉਹ ਮੌਜੂਦਾ ਰਾਸ਼ਟਰਪਤੀ ਜੋ ਬਾਇਡਨ ਤੋਂ ਵੱਖਰੇ ਹਨ ਕਿਉਂਕਿ ਉਹ ਨਵੀਂ ਪੀੜ੍ਹੀ ਦੀ ਨੁਮਾਇੰਦਗੀ ਕਰਦੇ ਹਨ।



ਦੇਸ਼ 'ਚ ਨਵੰਬਰ ਦੌਰਾਨ ਰਾਸ਼ਟਰਪਤੀ ਚੋਣਾਂ ਹੋਣੀਆਂ ਹਨ। ਚੋਣਾਂ ਦਾ ਇੱਕ ਮਹੱਤਵਪੂਰਨ ਹਿੱਸਾ 'ਪ੍ਰੈਜ਼ੀਡੈਂਸ਼ੀਅਲ ਡੀਬੇਟ' ਹੈ। ਇਹ ਬਹਿਸ ਬੁਧਵਾਰ ਨੂੰ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਅਤੇ ਕਮਲਾ ਹੈਰਿਸ ਵਿਚਾਲੇ ਹੋਈ, ਜਿਸ 'ਚ ਹੈਰਿਸ ਟਰੰਪ 'ਤੇ ਭਾਰੇ ਪੈਂਦੇ ਹੋਏ ਨਜ਼ਰ ਆਏ।

ਪਾਰਟੀ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਬਣਨ ਤੋਂ ਬਾਅਦ ਇੱਕ ਟੀ.ਵੀ. ਚੈਨਲ ਨੂੰ ਦਿਤੇ ਅਪਣੇ ਪਹਿਲੇ ਇੰਟਰਵਿਊ ਵਿੱਚ ਹੈਰਿਸ ਨੇ ਡੋਨਾਲਡ ਟਰੰਪ ਦੇ ਨਫ਼ਰਤ ਭਰੇ ਭਾਸ਼ਣ ਅਤੇ ਵੰਡਪਾਊ ਭਾਸ਼ਣ ਦੀ ਆਲੋਚਨਾ ਕਰਦੇ ਹੋਏ ਕਿਹਾ, "ਮੈਨੂੰ ਲਗਦਾ ਹੈ ਕਿ ਲੋਕ ਟਰੰਪ ਦੀ ਲੀਡਰਸ਼ਿਪ ਸ਼ੈਲੀ ਤੋਂ ਥੱਕ ਗਏ ਹਨ।" ਫਿਲਾਡੇਲਫੀਆ ਵਿੱਚ ਨਿਊਜ਼ ਚੈਨਲ ਡਬਲਯੂ.ਪੀ.ਵੀ.ਆਈ.-ਟੀ.ਵੀ. ਦੇ ਐਂਕਰ ਬ੍ਰਾਇਨ ਟੈਫ ਨੇ ਹੈਰਿਸ ਨੂੰ ਇੱਕ ਜਾਂ ਦੋ ਖੇਤਰਾਂ ਦੀ ਸੂਚੀ ਦੇਣ ਲਈ ਕਿਹਾ ਜਿੱਥੇ ਉਹ ਅਪਣੇ ਆਪ ਨੂੰ ਬਾਈਡਨ ਤੋਂ ਵੱਖਰਾ ਦੇਖਦੀ ਹੈ। ਹੈਰਿਸ ਨੇ ਕਿਹਾ, "ਮੈਂ ਜੋ ਬਾਈਡਨ ਨਹੀਂ ਹਾਂ ਅਤੇ ਮੈਂ ਨਵੀਂ ਪੀੜ੍ਹੀ ਦੀ ਨੁਮਾਇੰਦਗੀ ਕਰਦੀ ਹਾਂ।" ਉਨ੍ਹਾਂ ਕਿਹਾ ਕਿ ਜਿਹੜੀਆਂ ਚੀਜ਼ਾਂ ਨੂੰ ਕਦੇ ਹਲਕੇ 'ਚ ਲਿਆ ਜਾਂਦਾ ਸੀ, ਉਨ੍ਹਾਂ ਨੂੰ ਹੁਣ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਹੈਰਿਸ ਨੇ ਕਿਹਾ, "ਉਦਾਹਰਣ ਵਜੋਂ, ਮੇਰੇ ਕੋਲ ਇੱਕ ਯੋਜਨਾ ਹੈ ਜੋ ਇੱਕ ਨਵੀਂ ਪਹੁੰਚ 'ਤੇ ਅਧਾਰਿਤ ਹੈ। ਇਸ ਦੇ ਤਹਿਤ, ਮੈਂ ਪਰਿਵਾਰਾਂ ਲਈ ਬਾਲ ਟੈਕਸ ਕ੍ਰੈਡਿਟ ਨੂੰ ਵਧਾ ਕੇ 6000 ਅਮਰੀਕੀ ਡਾਲਰ ਕਰਨਾ ਚਾਹੁੰਦੀ ਹਾਂ ਜਦੋਂ ਤਕ ਕਿ ਉਨ੍ਹਾਂ ਦਾ ਬੱਚਾ ਇੱਕ ਸਾਲ ਦਾ ਨਹੀਂ ਹੋ ਜਾਂਦਾ ਕਿਉਂਕਿ ਇਹ ਸਾਲ ਬੱਚੇ ਦੇ ਵਿਕਾਸ ਲਈ ਬਹੁਤ ਮਹੱਤਵਪੂਰਨ ਹੈ ਅਤੇ ਇਸ ਲਈ ਮੇਰਾ ਦ੍ਰਿਸ਼ਟੀਕੋਣ ਮੌਜੂਦਾ ਸਮੇਂ ਨੂੰ ਧਿਆਨ ਵਿੱਚ ਰਖਦੇ ਹੋਏ ਨਵੇਂ ਵਿਚਾਰਾਂ ਅਤੇ ਨਵੀਆਂ ਨੀਤੀਆਂ ਬਾਰੇ ਹੈ।"

ਉਨ੍ਹਾਂ ਕਿਹਾ, "ਸੱਚ ਕਹਾਂ ਤਾਂ ਮੇਰਾ ਧਿਆਨ ਇਸ ਗੱਲ 'ਤੇ ਹੈ ਕਿ ਸਾਨੂੰ 21ਵੀਂ ਸਦੀ ਦੇ ਨਾਲ ਤਾਲਮੇਲ ਬਣਾਈ ਰੱਖਣ ਲਈ ਅਗਲੇ 10-20 ਸਾਲਾਂ 'ਚ ਕੀ ਕਰਨਾ ਹੈ, ਜਿਸ 'ਚ ਸਾਡੀਆਂ ਸਮਰੱਥਾਵਾਂ ਅਤੇ ਚੁਨੌਤੀਆਂ ਨੂੰ ਹੋਰ ਵਧਾਉਣਾ ਸ਼ਾਮਲ ਹੈ।"

## ਫ਼ਲੋਰੀਡਾ ਗੋਲ਼ਫ ਕਲੱਬ ਵਿੱਚ ਟਰੰਪ 'ਤੇ ਜਾਨਲੇਵਾ ਹਮਲੇ ਦੀ ਕੋਸ਼ਿਸ਼: ਐਫ਼.ਬੀ.ਆਈ.

ਫਲੋਰੀਡਾ/ਏ.ਟੀ.ਨਿਊਜ਼: ਅਮਰੀਕੀ ਸੂਬੇ ਫਲੋਰੀਡਾ 'ਚ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਇੰਟਰਨੈਸ਼ਨਲ ਗੋਲਫ ਕਲੱਬ ਨੇੜੇ ਗੋਲੀਬਾਰੀ ਹੋਣ ਦੀ ਖ਼ਬਰ ਹੈ। ਉਨ੍ਹਾਂ ਦੀ ਮੁਹਿੰਮ ਅਤੇ ਸੀਕ੍ਰੇਟ ਸਰਵਿਸ ਨੇ ਜਾਣਕਾਰੀ ਦਿੱਤੀ ਹੈ ਕਿ ਟਰੰਪ ਸੁਰੱਖਿਅਤ ਹਨ।



ਐਫ.ਬੀ.ਆਈ. ਦਾ ਕਹਿਣਾ ਹੈ ਕਿ ਇਹ ਘਟਨਾ ਟਰੰਪ 'ਤੇ ਜਾਨਲੇਵਾ ਹਮਲੇ ਦੀ ਤਰ੍ਹਾਂ ਜਾਪਦੀ ਹੈ। ਜਦੋਂ ਟਰੰਪ ਗੋਲਫ ਖੇਡ ਰਹੇ ਸਨ, ਸੀਕ੍ਰੇਟ ਸਰਵਿਸ ਨੇ ਇੱਕ ਵਿਅਕਤੀ ਨੂੰ ਗੋਲਫ ਕਲੱਬ ਵਿੱਚ ਏ. ਕੇ. ਸਟਾਈਲ ਰਾਈਫਲ ਵੱਲ ਇਸ਼ਾਰਾ ਕਰਦੇ ਦੇਖਿਆ।

ਇਸ ਤੋਂ ਬਾਅਦ ਸੀਕ੍ਰੇਟ ਸਰਵਿਸ ਨੇ ਉਸ ਵਿਅਕਤੀ 'ਤੇ ਗੋਲੀਬਾਰੀ ਕੀਤੀ। ਹਾਲਾਂਕਿ, ਉਹ ਆਪਣੀ ਬੰਦੂਕ ਉੱਥੇ ਹੀ ਛੱਡ ਕੇ ਫਰਾਰ ਹੋ ਗਿਆ। ਉਸ ਨੂੰ ਨੇੜਲੀ ਕਾਉਂਟੀ ਵਿੱਚ ਹਿਰਾਸਤ ਵਿੱਚ ਲੈ ਲਿਆ ਗਿਆ।

ਘਟਨਾ ਭਾਰਤੀ ਸਮੇਂ ਮੁਤਾਬਕ ਐਤਵਾਰ ਰਾਤ 11:30 ਵਜੇ ਵਾਪਰੀ, ਉਸ ਸਮੇਂ ਅਮਰੀਕਾ 'ਚ ਦੁਪਹਿਰ ਦੇ 2 ਵਜੇ ਸਨ। ਗੋਲੀਬਾਰੀ ਤੋਂ ਤੁਰੰਤ ਬਾਅਦ ਗੋਲਫ ਕੋਰਸ ਨੂੰ ਤਾਲਾ ਲਗਾ ਦਿੱਤਾ ਗਿਆ ਸੀ।

ਕਰੀਬ ਦੋ ਮਹੀਨੇ ਪਹਿਲਾਂ ਅਮਰੀਕੀ ਸੂਬੇ ਪੈਨਸਿਲਵੇਨੀਆ ਦੇ ਬਟਲਰ ਸ਼ਹਿਰ 'ਚ ਇੱਕ ਰੈਲੀ ਦੌਰਾਨ ਟਰੰਪ 'ਤੇ ਜਾਨਲੇਵਾ ਹਮਲਾ ਹੋਇਆ ਸੀ, ਜਿਸ 'ਚ ਇੱਕ ਗੋਲੀ ਉਨ੍ਹਾਂ ਦੇ ਕੰਨ 'ਚੋਂ ਲੰਘ ਗਈ ਸੀ।

ਗੋਲੀਬਾਰੀ ਦੀ ਘਟਨਾ ਤੋਂ ਬਾਅਦ ਟਰੰਪ ਨੇ ਕਿਹਾ ਕਿ ਉਹ ਪੂਰੀ ਤਰ੍ਹਾਂ ਸੁਰੱਖਿਅਤ ਅਤੇ ਸਿਹਤਮੰਦ ਹਨ। ਇੱਕ ਫੰਡਰੇਜ਼ਿੰਗ ਈਮੇਲ ਵਿੱਚ, ਉਸ ਨੇ ਲਿਖਿਆ - ਮੇਰੇ ਨੇੜੇ ਗੋਲੀਆਂ ਚਲਾਈਆਂ ਗਈਆਂ, ਪਰ ਅਫਵਾਹਾਂ ਫੈਲਣ ਤੋਂ ਪਹਿਲਾਂ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ - ਮੈਂ ਸੁਰੱਖਿਅਤ ਹਾਂ ਅਤੇ ਮੈਨੂੰ ਕੁਝ ਨਹੀਂ ਰੋਕ ਸਕਦਾ! ਮੈਂ ਕਦੇ ਹਾਰ ਨਹੀਂ ਮੰਨਾਂਗਾ! ਤੁਹਾਡੇ ਸਹਿਯੋਗ ਲਈ ਮੈਂ ਤੁਹਾਨੂੰ ਹਮੇਸ਼ਾ ਪਿਆਰ ਕਰਾਂਗਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

**Manager: Pardeep Singh   Sub: Editor: Balwinderpal Singh, Dr. Sarbjeet Kaur Jang   Online Interview Host: Balraj Pannu**

**Designer: A.K.V.   Content Composer: S. Jagmohan Singh   US Distributor: Amritsar Times Inc.   Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

### ਕਿਊਬੈੱਕ ’ਚ ਪੱਗ ’ਤੇ ਪਾਬੰਦੀ ਦਾ ਮਾਮਲਾ

# ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਅਤੇ ਕੈਨੇਡਾ ਦੇ ਸਿੱਖ ਸਾਂਸਦਾਂ ਨੂੰ ਆਵਾਜ਼ ਚੁੱਕਣ ਦੀ ਮੰਗ

ਚੰਡੀਗੜ੍ਹ/ਏ.ਟੀ.ਨਿਊਜ਼: ਸਾਬਕਾ ਸਾਂਸਦ ਤਰਲੋਚਨ ਸਿੰਘ ਨੇ ਅਕਾਲ ਤਖ਼ਤ ਦੇ ਜਥੇਦਾਰ, ਸ਼੍ਰੋਮਣੀ ਕਮੇਟੀ ਅਤੇ ਕੈਨੇਡਾ ਦੇ ਸਿੱਖ ਸੰਸਦ ਮੈਂਬਰਾਂ ਤੋਂ ਮੰਗ ਕੀਤੀ ਹੈ ਕਿ ਉਹ ਕੈਨੇਡਾ ਦੇ ਇਕ ਸੂਬੇ ’ਚ ਪਾਸ ਸਿੱਖਾਂ ਵਿਰੋਧੀ ਕਾਨੂੰਨ ਵਿਰੁੱਧ ਆਵਾਜ਼ ਚੁੱਕਣ। 2019 ’ਚ ਕਿਊਬੈੱਕ ’ਚ ਧਰਮਨਿਰਪੱਖਤਾ ਦੇ ਨਾਂ ’ਤੇ ਇੱਕ ਕਾਨੂੰਨ ਪਾਸ ਕੀਤਾ ਗਿਆ ਸੀ ਜਿਸ ਅਨੁਸਾਰ ਸਰਕਾਰੀ ਨੌਕਰੀ ਕਰ ਰਹੇ ਕਿਸੇ ਵੀ ਵਿਅਕਤੀ ਨੂੰ ਧਾਰਮਿਕ ਚਿੰਨ੍ਹ ਪਾਉਣ ’ਤੇ ਪਾਬੰਦੀ ਲਗਾਈ ਗਈ ਹੈ।




ਉਨ੍ਹਾਂ ਅਕਾਲ ਤਖ਼ਤ ਦੇ ਜਥੇਦਾਰ, ਸ਼੍ਰੋਮਣੀ ਕਮੇਟੀ ਅਤੇ ਕੈਨੇਡਾ ਦੇ ਸਿੱਖ ਸੰਸਦ ਮੈਂਬਰਾਂ ਨੂੰ ਲਿਖੀ ਇੱਕ ਚਿੱਠੀ ’ਚ ਕਿਹਾ, “ਮੈਨੂੰ ਪਤਾ ਲੱਗਾ ਹੈ ਕਿ ਕੈਨੇਡਾ ਦੇ ਕਿਊਬਿਕ ਰਾਜ ’ਚ ਇੱਕ ਕਾਨੂੰਨ ਲਾਗੂ ਕੀਤਾ ਗਿਆ ਸੀ ਜਿਸ ਵਲੋਂ ਅਧਿਆਪਕਾਂ, ਪੁਲਿਸ ਅਧਿਕਾਰੀਆਂ ਅਤੇ ਜੱਜਾਂ ਸਮੇਤ ਸਾਰੇ ਸਰਕਾਰੀ ਕਰਮਚਾਰੀਆਂ ਲਈ ਦਸਤਾਰ ’ਤੇ ਪਾਬੰਦੀ ਲਗਾਈ ਗਈ ਸੀ। ਕਿਊਬਿਕ ਕੈਨੇਡਾ ਦਾ ਫ੍ਰੈਂਚ ਬੋਲਣ ਵਾਲਾ ਸੂਬਾ ਹੈ ਜੋ ਫਰਾਂਸ ਨੂੰ ਮਾਤ ਭੂਮੀ ਵਜੋਂ ਵੇਖਦਾ ਹੈ। ਕੈਥੋਲਿਕ ਚਰਚ ਦੀ ਲੋਕਾਂ ’ਤੇ ਮਜ਼ਬੂਤ ਪਕੜ ਹੈ।”ਉਨ੍ਹਾਂ ਅੱਗੇ ਕਿਹਾ, “ਕਿਊਬਿਕ ਨੈਸ਼ਨਲ ਅਸੈਂਬਲੀ ਨੇ ਧਰਮ ਨਿਰਪੱਖ ਰਾਜ ਬਣਨ ਲਈ 2019 ਵਿੱਚ ਇੱਕ ਨਵਾਂ ਕਾਨੂੰਨ ਪਾਸ ਕੀਤਾ ਸੀ ਅਤੇ ਸਾਰੇ ਸਰਕਾਰੀ ਕਰਮਚਾਰੀਆਂ ’ਤੇ ਹਿਜਾਬ, ਦਸਤਾਰ ਅਤੇ ਕਿਪ੍ਰਾਨ ਵਰਗੇ ਸਾਰੇ ਧਾਰਮਿਕ ਚਿੰਨ੍ਹ ਪਹਿਨਣ ’ਤੇ ਪਾਬੰਦੀ ਲਗਾ ਦਿਤੀ ਸੀ।”

ਉਨ੍ਹਾਂ ਇਸ ਕਾਨੂੰਨ ਨੂੰ ਫਰਾਂਸ ਦੇ ਕਾਨੂੰਨ ਨਾਲੋਂ ਵੀ ਗੰਭੀਰ ਦਸਦਿਆਂ ਕਿਹਾ, “ਫ਼ਰਾਂਸ ’ਚ ਸਿਰਫ਼ ਸਰਕਾਰੀ ਸਕੂਲਾਂ ਵਿੱਚ ਸਿੱਖ ਵਿਦਿਆਰਥੀਆਂ ਲਈ ਦਸਤਾਰ ਪਹਿਨਣ ’ਤੇ ਪਾਬੰਦੀ ਹੈ। ਮੈਂ ਇਹ ਸਮਝਣ ’ਚ ਅਸਫਲ ਰਿਹਾ ਹਾਂ ਕਿ ਕੈਨੇਡਾ ਦੇ ਸਿੱਖ ਸੰਸਦ ਮੈਂਬਰਾਂ ਨੇ ਅਜੇ ਤੱਕ ਇਸ ਨੂੰ ਸਿੱਖਾਂ ਨਾਲ ਇੱਕ ਵੱਡੇ ਵਿਤਕਰੇ ਵਜੋਂ ਨਹੀਂ ਲਿਆ ਹੈ। ਅਸੀਂ ਦੁਨੀਆਂ ਦਾ ਇਕਲੌਤਾ ਧਾਰਮਿਕ ਭਾਈਚਾਰਾ ਹਾਂ, ਜਿੱਥੇ ਹਰ ਕਿਸੇ ਨੂੰ ਧਾਰਮਿਕ ਮਜਬੂਰੀ ਅਨੁਸਾਰ ਲੰਮੇ ਵਾਲ ਢੱਕ ਕੇ ਰੱਖਣੇ ਪੈਂਦੇ ਹਨ। ਸ਼੍ਰੋਮਣੀ ਕਮੇਟੀ ਨੂੰ ਸ਼ਾਇਦ ਕੈਨੇਡਾ ਦੇ ਇਸ ਕਾਨੂੰਨ ਦੀ ਜਾਣਕਾਰੀ ਨਹੀਂ ਹੈ। ਮੈਂ ਤੁਹਾਨੂੰ ਸਾਰਿਆਂ ਨੂੰ ਅਪੀਲ ਕਰਦਾ ਹਾਂ ਕਿ ਤੁਸੀਂ ਇਸ ਮੁੱਦੇ ਨੂੰ ਉਠਾਓ ਅਤੇ ਕਿਊਬਿਕ ਰਾਜ ਦੇ ਮੁੱਖ ਮੰਤਰੀ ਨੂੰ ਬੇਨਤੀ ਕਰੋ ਕਿ ਉਹ ਇਸ ਕੇਸ ਨੂੰ ਦੁਬਾਰਾ ਖੋਲ੍ਹਣ ਅਤੇ ਕਾਨੂੰਨ ’ਚ ਸੋਧ ਕਰਨ। ਮਦਦ ਲਈ ਕੈਥੋਲਿਕ ਦਰਜਾਬੰਦੀ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਯੂ.ਕੇ. ਵਿੱਚ ਸਿੱਖਾਂ ਨੇ ਅਪਣੇ ਨਿਰੰਤਰ ਯਤਨਾਂ ਨਾਲ ਸਿੱਖ ਚਿੰਨ੍ਹਾਂ ਦੀ ਰੱਖਿਆ ਲਈ ਇਸੇ ਤਰ੍ਹਾਂ ਦੇ ਕਾਨੂੰਨਾਂ ਵਿੱਚ ਸੋਧ ਕਰਵਾਈ।

# ਈ. ਬੇਅ. ਕੰਪਨੀ ਵੱਲੋਂ ਟੋਪੀ ’ਤੇ ਖੰਡਾ ਛਾਪਣ ਕਾਰਨ ਸਿੱਖ ਭਾਈਚਾਰੇ ’ਚ ਰੋਸ

### ਵਕੀਲ ਨੀਨਾ ਸਿੰਘ ਨੇ ਭੇਜਿਆ ਨੋਟਿਸ

ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ: ਸੰਸਾਰ ਦੀ ਵੱਡੀ ਈ ਕੋਮਰਸ ਵੈਬਸਾਈਟ ਈ ਬੇਅ ’ਤੇ ਸਿੱਖ ਪੰਥ ਦੇ ਧਾਰਮਿਕ ਚਿੰਨ ਖੰਡਾ ਨੂੰ ਕੈਪ ਉੱਤੇ ਛਪਵਾ ਕੇ ਤੇ ਵੇਚ ਕੇ ਪੰਥ ਦੀ ਭਾਵਨਾਵਾਂ ਨਾਲ ਵੱਡਾ ਖਿਲਵਾੜ ਕੀਤਾ ਜਾ ਰਿਹਾ ਹੈ। ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਪੰਥਕ ਵਕੀਲ ਬੀਬਾ ਨੀਨਾ ਸਿੰਘ ਨੇ ਬੀਤੇ ਦਿਨ ਈ ਬੇਅ ਕੰਪਨੀ ਨੂੰ ਲੀਗਲ ਨੋਟਿਸ ਭੇਜ ਦਿੱਤਾ ਹੈ। ਭੇਜੇ ਹੋਏ ਨੋਟਿਸ ਵਿੱਚ ਉਨ੍ਹਾਂ ਲਿਖਿਆ ਕਿ ਖੰਡਾ ਸਿੱਖ ਧਰਮ ਦਾ ਮਹੱਤਵਪੂਰਨ ਨਿਸ਼ਾਨ ਹੈ, ਜਿਸ ਵਿੱਚ ਦੋਧਾਰੀ ਤਲਵਾਰ, ਚੱਕਰ ਅਤੇ ਦੋ ਕਿਰਪਾਨ ਸ਼ਾਮਲ ਹਨ। ਇਹ ਸੱਚਾਈ ਨੂੰ ਝੂਠ ਤੋਂ ਵੱਖ ਕਰਨ ਦੇ ਰੂਪ ਵਿੱਚ ਆਤਮਕ ਗਿਆਨ ਨੂੰ ਦਰਸਾਉਂਦਾ ਹੈ। ਸਿੱਖ ਨਿਸ਼ਾਨ ਨੂੰ ਬੇਹਤ ਅਧਿਆਤਮਿਕ ਮਹੱਤਵ ਪ੍ਰਾਪਤ ਹੈ ਅਤੇ ਇਹ ਸਿਰਫ਼ ਧਾਰਮਿਕ ਸਾਮਾਨ ’ਤੇ ਹੀ ਵਰਤਿਆ ਜਾ ਸਕਦਾ ਹੈ। ਕੈਪ ਅਤੇ ਟੋਪੀਆਂ ਮੂਲ ਤੌਰ ’ਤੇ ਪੱਛਮੀ ਸੰਸਕ੍ਰਿਤੀ ਦਾ ਹਿੱਸਾ ਹਨ। ਸਿੱਖ ਧਰਮ ਵਿੱਚ ਦਸਤਾਰ ਨੂੰ ਕਦੇ ਵੀ ਟੋਪੀ ਨਾਲ ਬਦਲਿਆ ਨਹੀਂ ਜਾ ਸਕਦਾ। ਤੁਸੀਂ ਖੰਡਾ ਕੈਪ ’ਤੇ ਪ੍ਰਿੰਟ ਕਰ ਕੇ ਸਿੱਖ ਭਾਈਚਾਰੇ ਦੇ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕੀਤੀ ਹੈ। ਇਹ ਕਾਰਵਾਈਆਂ ਸਿੱਖ ਧਰਮ ਦੇ ਪ੍ਰਚਾਰ ਅਤੇ ਖ਼ਾਲਸੇ ਦੀ ਬੇਇਜਤੀ ਕਰ ਰਹੀਆਂ ਹਨ। ਇਸ ਨਾਲ ਸਿੱਖ ਨੌਜਵਾਨਾਂ ਵਿੱਚ ਗਲਤ ਸੁਨੇਹਾ ਜਾ ਰਿਹਾ ਹੈ ਕਿ ਕੈਪ ਪਹਿਨਣ ਨਾਲ ਉਹ ਪੱਛਮੀ ਸੰਸਕ੍ਰਿਤੀ ਦੇ ਨੇੜੇ ਆ ਸਕਦੇ ਹਨ ਅਤੇ ਖੰਡੇ ਵਾਲੀ ਕੈਪ ਪਹਿਨ ਕੇ ਉਹ ਖ਼ੁਦ ਨੂੰ ਸਿੱਖ ਧਰਮ ਨਾਲ ਜੋੜ ਸਕਦੇ ਹਨ। ਇਸ ਕਾਰਨ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਗਹਿਰਾਈ ਨਾਲ ਠੇਸ ਪਹੁੰਚੀ ਹੈ।



ਅਸੀਂ ਇਸ ਬੇਅਦਬੀ ਦੇ ਵਿਰੋਧ ਵਿੱਚ ਤੁਹਾਨੂੰ ਤੁਰੰਤ ਕੈਪਾਂ ਦੀ ਵਿਕਰੀ ਅਤੇ ਇਸ਼ਤਿਹਾਰਬਾਜ਼ੀ ਬੰਦ ਕਰਨ ਅਤੇ ਸਾਰੇ ਵੈਬਸਾਈਟ ਅਤੇ ਸੋਸ਼ਲ ਮੀਡੀਆ ਪਲੇਟਫਾਰਮ ਤੋਂ ਇਹਨਾਂ ਕੈਪਾਂ ਦੇ ਇਸ਼ਤਿਹਾਰ ਹਟਾਉਣ ਲਈ ਕਿਹਾ ਹੈ। ਜੇ ਤੁਸੀਂ ਇਸ ’ਤੇ ਤੁਰੰਤ ਕਾਰਵਾਈ ਨਹੀਂ ਕਰਦੇ, ਤਾਂ ਸਿੱਖ ਲੀਗਲ ਏਡ ਟੀਮ ਵੱਲੋਂ ਤੁਹਾਡੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਤੁਹਾਡੇ ਕੰਮ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾ ਰਹੇ ਹਨ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਕੋਲ ਮੁਆਫ਼ੀ ਮੰਗਣ ਦੀ ਮੰਗ ਕੀਤੀ ਜਾਂਦੀ ਹੈ।

# ਢਾਹਾਂ ਪੰਜਾਬੀ ਸਾਹਿਤ ਪੁਰਸਕਾਰ 2024 ਲਈ ਨਾਵਾਂ ਦਾ ਐਲਾਨ

### 14 ਨਵੰਬਰ ਨੂੰ ਸਰੀ ’ਚ ਕਰਵਾਇਆ ਜਾਵੇਗਾ ਸਮਾਗਮ

ਐਡਮਿੰਟਨ/ਏ.ਟੀ.ਨਿਊਜ਼ : ਢਾਹਾਂ ਪੰਜਾਬੀ ਸਾਹਿਤ ਪੁਰਸਕਾਰ 2024 ਲਈ ਤਿੰਨ ਫਾਈਨਲਿਸਟਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ ਗਿਆ। 25 ਹਜ਼ਾਰ ਡਾਲਰ ਦਾ ਪਹਿਲਾ ਇਨਾਮ ਤੇ 10-10 ਹਜ਼ਾਰ ਡਾਲਰ ਦੇ ਦੂਜੇ ਤੇ ਤੀਜੇ ਇਨਾਮਾਂ ਲਈ ਨਾਵਾਂ ਦਾ ਐਲਾਨ 14 ਨਵੰਬਰ ਨੂੰ ਨੌਰਥਵਿਊ ਗੋਲਫ ਐਂਡ ਕੰਟਰੀ ਕਲੱਬ ਸਰੀ ਵਿਖੇ ਕਰਵਾਏ ਗਏ ਸਮਾਗਮ ’ਚ ਕੀਤਾ ਜਾਵੇਗਾ। ਉਸੇ ਦੌਰਾਨ ਇਨਾਮ ਵੀ ਤਕਸੀਮ ਕੀਤੇ ਜਾਣਗੇ। ਜਿਨ੍ਹਾਂ ਤਿੰਨ ਲੇਖਕਾਂ ਦੇ ਨਾਂ ਫਾਈਨਲ ਕੀਤੇ ਗਏ ਹਨ




ਉਨ੍ਹਾਂ ’ਚ ਕਹਾਣੀ ਸੰਗ੍ਰਹਿ ‘ਜੰਗਲ ਰਾਖੇ ਜਗ ਦੇ’ ਲਈ ਲੇਖਕ ਸ਼ਹਿਜ਼ਾਦ ਅਸਲਮ (ਪਾਕਿਸਤਾਨ), ਕਹਾਣੀ ਸੰਗ੍ਰਿਹ ‘ਸੇਫਟੀ ਕਿੱਟ’ ਲਈ ਲੇਖਕ ਜਿੰਦਰ (ਜਲੰਧਰ) ਤੇ ਕਹਾਣੀ ਸੰਗ੍ਰਿਹ ‘ਵਰਜਿਤ’ ਲਈ ਲੇਖਿਕਾ ਸੁਰਿੰਦਰ ਨੀਰ (ਕਸ਼ਮੀਰ) ਸ਼ਾਮਿਲ ਹਨ।

# ਅਮਰੀਕਾ ਦੇ ਸ਼ਹਿਰ ਇੰਡੀਆਨਾ ਪੌਲਿਸ ਵਿਖੇ ਬਾਬਾ ਲੱਖੀ ਸ਼ਾਹ ਵਣਜਾਰਾ ਦਾ ਜਨਮ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ

ਨਿਊਯਾਰਕ/ਏ.ਟੀ. ਨਿਊਜ਼: ਧੰਨ ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਘਰ ਦੇ ਮਹਾਨ ਸੇਵਕ ਅਤੇ ਸੰਤ ਸਿਪਾਹੀ ਬਾਬਾ ਲੱਖੀ ਸ਼ਾਹ ਵਣਜਾਰਾ ਜੀ ਦੇ ਜਨਮ ਦਿਨ ਨੂੰ ਸਮਰਪਿਤ ਪਹਿਲਾ ਮਹਾਨ ਗੁਰਮਤਿ ਸਮਾਗਮ 13 ਤੋਂ 15 ਸਤੰਬਰ ਤੱਕ (ਤਿੰਨ ਰੋਜ਼ਾ) ਬਾਬਾ ਲੱਖੀ ਸ਼ਾਹ ਵਣਜਾਰਾ ਸਿੱਖ ਸੁਸਾਇਟੀ ਇੰਡੀਆਨਾ ਰਾਜ ਦੇ ਸ਼ਹਿਰ ਇੰਡੀਆਨਾ ਪੋਲਿਸ ਵਿਖੇ ਕਰਵਾਇਆ ਗਿਆ। ਜਦੋਂ ਚਾਂਦਨੀ ਚੌਕ ਦਿੱਲੀ ਵਿਖੇ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ ਤਾਂ ਬਾਬਾ ਲੱਖੀ ਸ਼ਾਹ ਵਣਜਾਰਾ ਆਪਣੇ ਪੁੱਤਰਾਂ ਤੇ ਗੁਰਸਿੱਖਾਂ ਨਾਲ ਮਿਲ ਕੇ ਬੜੀ ਬਹਾਦਰੀ ਦੇ ਨਾਲ ਸਖ਼ਤ ਪਹਿਰੇ ਦੇ ਵਿੱਚ ਉਹਨਾਂ ਦਾ ਸਰੀਰ



ਚੁੱਕ ਲਿਆਏ ਸਨ। ਉਹਨਾਂ ਦੀ ਯਾਦ ਨੂੰ ਸਮਰਪਿਤ ਪਹਿਲਾ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ ਸੀ। ਇਹ ਤਿੰਨ ਰੋਜ਼ਾ ਸਮਾਗਮ ਗੁਰਦੁਆਰਾ ਸਾਹਿਬ ਆਫ਼ ਇੰਡੀਆਨਾ ਪੋਲਿਸ (ਇੰਡੀਆਨਾ) ਵਿਖੇ ਸਿੱਖ ਸੰਗਤ ਆਫ਼ ਇੰਡੀਆਨਾ ਪੋਲਿਸ ਦੇ ਸਾਂਝੇ ਸਹਿਯੋਗ ਸਦਕਾ ਹੋਇਆ ਸੀ। ਇਸ ਮੌਕੇ ਭਾਈ ਓਕਾਂਰ ਸਿੰਘ ਜੀ ਊਨਾ ਸਾਹਿਬ ਵਾਲੇ ਵੀ ਵਿਸ਼ੇਸ਼ ਤੌਰ ’ਤੇ ਪਹੁੰਚੇ ਹੋਏ ਸਨ। ਅਮਰੀਕਾ ਦੇ ਵੱਖ ਵੱਖ ਰਾਜਾਂ ਤੋਂ ਮਹਾਂਪੁਰਸ਼ਾਂ ਨੇ ਹਾਜ਼ਰੀ ਭਰੀ ਅਤੇ ਰਸ-ਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮਾਗਮ ਵਿੱਚ ਭਾਈ ਸੁਰਜੀਤ ਸਿੰਘ ਵਿਸਕਾਨਿਸਨ, ਭਾਈ ਭੁਪਿੰਦਰ ਸਿੰਘ ਇੰਡੀਆਨਾ ਪੋਲਿਸ, ਭਾਈ ਨਿਰਵੈਰ ਸਿੰਘ ਅਟਲਾਟਾਂ, ਭਾਈ ਗੁਰਮੀਤ ਸਿੰਘ ਕੈਲੀਫ਼ੋਰਨੀਆ, ਹਜ਼ੂਰੀ ਰਾਗੀ ਜਥਾ ਭਾਈ ਸਰਬਜੀਤ ਸਿੰਘ ਅਤੇ ਹੋਰ ਵੱਖ- ਵੱਖ ਰਾਜਾਂ ਤੋਂ ਕਥਾਵਾਚਕ ਪੁੱਜੇ ਹੋਏ ਸਨ।

# ਘਟਦੀ ਆਬਾਦੀ ਅਤੇ ਬੁੱਢੇ ਹੁੰਦੇ ਕਰਮਚਾਰੀਆਂ ਤੋਂ ਪ੍ਰੇਸ਼ਾਨ ਚੀਨ ਨੇ ਵਧਾਈ ਸੇਵਾਮੁਕਤੀ ਦੀ ਉਮਰ

ਚੀਨ ਅਗਲੇ ਸਾਲ ਆਪਣੇ ਮੁਲਾਜ਼ਮਾਂ ਦੀ ਸੇਵਾਮੁਕਤੀ ਦੀ ਉਮਰ ਵਧਾਏਗਾ। ਘੱਟਦੀ ਆਬਾਦੀ ਅਤੇ ਬਜ਼ੁਰਗ ਮੁਲਾਜ਼ਮਾਂ ਦਾ ਸਾਹਮਣਾ ਕਰ ਰਹੇ ਦੇਸ਼ ’ਚ ਇਸ ਵਿਸਥਾਰ ਨੂੰ ਲੰਮੇ ਸਮੇਂ ਤੋਂ ਉਡੀਕਿਆ ਜਾ ਰਿਹਾ ਸੀ। ਨੀਤੀ ’ਚ ਤਬਦੀਲੀ 15 ਸਾਲਾਂ ’ਚ ਕੀਤੀ ਜਾਵੇਗੀ, ਜਿਸ ’ਚ ਮਰਦਾਂ ਲਈ ਸੇਵਾਮੁਕਤੀ ਦੀ ਉਮਰ 63 ਸਾਲ ਅਤੇ ਔਰਤਾਂ ਲਈ 55 ਅਤੇ 58 ਸਾਲ, ਉਨ੍ਹਾਂ ਦੇ ਰੁਜ਼ਗਾਰ ਦੇ ਅਧਾਰ ’ਤੇ ਹੋਵੇਗੀ। ਮੌਜੂਦਾ ਸੇਵਾਮੁਕਤੀ ਉਮਰ ਮਰਦਾਂ ਲਈ 60 ਸਾਲ ਅਤੇ ਔਰਤਾਂ ਲਈ ਮਜ਼ਦੂਰ ਵਰਗ (ਬਲੂ ਕਾਲਰ) ’ਚ 50 ਸਾਲ ਤੇ ਦਫਤਰ (ਵ੍ਹਾਈਟ ਕਾਲਰ) ਨੌਕਰੀਆਂ ’ਚ 55 ਸਾਲ ਹੈ।

ਚੀਨ ਦੀ ਨੈਸ਼ਨਲ ਪੀਪਲਜ਼ ਕਾਂਗਰਸ (ਸੰਸਦ) ਨੇ ਇੱਕ ਐਲਾਨ



ਕੀਤਾ ਹੈ ਕਿ ਇਹ ਨੀਤੀ ਅਗਲੇ ਸਾਲ ਜਨਵਰੀ ਤੋਂ ਲਾਗੂ ਹੋਵੇਗੀ।

ਆਸਟ੍ਰੇਲੀਆ ਦੀ ਵਿਕਟੋਰੀਆ ਯੂਨੀਵਰਸਿਟੀ ਦੇ ਸੀਨੀਅਰ ਰੀਸਰਚ ਫੈਲੋ ਸ਼ੁਜਿਆਨ ਪੇਂਗ ਨੇ ਚੀਨ ਦੀ ਆਬਾਦੀ ਅਤੇ ਅਰਥਵਿਵਸਥਾ ਨਾਲ ਇਸ ਦੇ ਸਬੰਧਾਂ ਦਾ ਅਧਿਐਨ ਕੀਤਾ ਹੈ। ਉਨ੍ਹਾਂ ਕਿਹਾ, ‘‘ਸਾਡੇ ਕੋਲ ਰਿਟਾਇਰਮੈਂਟ ਦੀ ਉਮਰ ’ਚ ਜ਼ਿਆਦਾ ਲੋਕ ਆ ਰਹੇ ਹਨ ਅਤੇ ਇਸ ਲਈ ਪੈਨਸ਼ਨ ਫੰਡਾਂ ’ਤੇ ਭਾਰੀ ਦਬਾਅ ਹੈ, ਇਸ ਲਈ ਮੈਨੂੰ ਲਗਦਾ ਹੈ ਕਿ ਹੁਣ ਗੰਭੀਰਤਾ ਨਾਲ ਕਾਰਵਾਈ ਕਰਨ ਦਾ ਸਮਾਂ ਆ ਗਿਆ ਹੈ।’

# ਓਸਾਮਾ ਬਿਨ ਲਾਦੇਨ ਦਾ ਪੁੱਤਰ ਹਮਜ਼ਾ ਬਿਨ ਲਾਦੇਨ ਹੈ ਜ਼ਿੰਦਾ: ਰਿਪੋਰਟ

ਨਿਊਯਾਰਕ/ਏ.ਟੀ.ਨਿਊਜ਼ : ਅਲਕਾਇਦਾ ਪ੍ਰਮੁੱਖ ਓਸਾਮਾ ਬਿਨ ਲਾਦੇਨ ਦਾ ਕਥਿਤ ਰੂਪ ਤੋਂ ਮਰਿਆ ਪੁੱਤਰ ਅਜੇ ਵੀ ਜ਼ਿੰਦਾ ਹੈ ਅਤੇ ਅੱਤਵਾਦ ਸੰਗਠਨ ਦੇ ਠੱਗ ਨੈੱਟਵਰਕ ਦੀ ਅਗਵਾਈ ਕਰ ਰਿਹਾ ਹੈ, ਉਹ ਅਫਗਾਨਿਸਤਾਨ ਵਿੱਚ 9/11 ਵਰਗੇ ਹਮਲੇ ਦੀ ਫਿਰ ਤੋਂ ਸਾਜਿਸ਼ ਰਚ ਰਿਹਾ ਹੈ।

ਦੱਸ ਦੇਈਏ ਖਤਰਨਾਕ ਅੱਤਵਾਦੀ ਓਸਾਮਾ ਬਿਨ ਲਾਦੇਨ ਨੇ 11 ਸਤੰਬਰ, 2001 ਨੂੰ ਆਪਣੇ ਅੱਤਵਾਦੀ ਹਮਲੇ ਨਾਲ ਅਮਰੀਕਾ ਨੂੰ ਡਰਾ ਦਿੱਤਾ ਸੀ। ਵਰਲਡ ਟਰੇਡ ਸੈਂਟਰ ਸਮੇਤ ਅਮਰੀਕਾ ਦੀਆਂ ਦੋ ਸਭ ਤੋਂ ਉੱਚੀਆਂ ਇਮਾਰਤਾਂ ’ਤੇ ਹਮਲਾ ਹੋਇਆ ਸੀ, ਜਿਸ ਵਿੱਚ 3,000 ਲੋਕ ਮਾਰੇ ਗਏ ਸਨ। ਇਹ ਅਮਰੀਕਾ



ਅਤੇ ਦੁਨੀਆਂ ਦਾ ਸਭ ਤੋਂ ਵੱਡਾ ਅੱਤਵਾਦੀ ਹਮਲਾ ਸੀ। ਇਸ ਹਮਲੇ ਦੇ ਮਾਸਟਰਮਾਈਂਡ ਓਸਾਮਾ ਬਿਨ ਲਾਦੇਨ ਨੂੰ 2011 ਵਿੱਚ ਪਾਕਿਸਤਾਨ ਦੇ ਐਬਟਾਬਾਦ ਵਿੱਚ ਅਮਰੀਕੀ ਸੀਲ ਕਮਾਂਡੋਜ਼ ਨੇ ਮਾਰ ਦਿੱਤਾ ਸੀ। ਉਸ ਦੇ ਪੁੱਤਰ ਹਮਜ਼ਾ ਬਿਨ ਲਾਦੇਨ ਦੇ ਵੀ 2019 ਵਿੱਚ ਮਾਰੇ ਜਾਣ ਦੀ ਖ਼ਬਰ ਸੀ, ਪਰ ਹੁਣ ਸੂਚਨਾ ਮਿਲ ਰਹੀ ਹੈ ਕਿ ਉਹ ਜ਼ਿੰਦਾ ਹੈ ਅਤੇ ਇੱਕ ਵਾਰ ਫਿਰ ਤੋਂ ਪੂਰੀ ਦੁਨੀਆਂ ਵਿੱਚ ਅੱਤਵਾਦ ਦੀ ਲਹਿਰ ਪੈਦਾ ਕਰਨ ਲਈ ਸਰਗਰਮ ਹੋ ਗਿਆ ਹੈ।

‘ਦਿ ਮਿਰਰ’ ਦੀ ਰਿਪੋਰਟ ਮੁਤਾਬਕ ਓਸਾਮਾ ਬਿਨ ਲਾਦੇਨ ਦਾ ਪੁੱਤਰ ਹਮਜ਼ਾ ਜ਼ਿੰਦਾ ਹੈ ਅਤੇ ਅੱਤਵਾਦੀ ਸੰਗਠਨ ਅਲਕਾਇਦਾ ਦਾ ਵਿਸਥਾਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਹਮਜ਼ਾ ਦੇ ਨਾਲ ਉਸ ਦਾ ਭਰਾ ਅਬਦੁੱਲਾ ਬਿਨ ਲਾਦੇਨ ਵੀ ਸਰਗਰਮ ਹੈ। ਇਸ ਸਬੰਧ ਵਿੱਚ ਇੱਕ ਰਿਪੋਰਟ ਨੈਸ਼ਨਲ ਮੋਬਿਲਾਈਜ਼ੇਸ਼ਨ ਫਰੰਟ ਨੇ ਤਿਆਰ ਕੀਤੀ ਹੈ, ਜੋ ਤਾਲਿਬਾਨ ਵਿਰੋਧੀ ਫੌਜੀ ਸੰਗਠਨ ਹੈ।

# ਕੈਨੇਡਾ ਵਿੱਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ 'ਚ ਗਿਰਾਵਟ, ਕਾਲਜਾਂ ਦੀ ਵਧੀ ਪਰੇਸ਼ਾਨੀ





ਟੋਰਾਂਟੋ/ਏ.ਟੀ.ਨਿਊਜ਼: ਭਾਰਤ ਦੇ ਹਰ ਵਿਦਿਆਰਥੀ ਦਾ ਇਹ ਸੁਪਨਾ ਹੁੰਦਾ ਹੈ ਕਿ ਉਹ ਘੱਟੋ-ਘੱਟ ਇੱਕ ਵਾਰ ਵਿਦੇਸ਼ ਜਾ ਕੇ ਪੜ੍ਹਾਈ ਕਰੇ, ਜਿਸ ਵਿੱਚ ਜ਼ਿਆਦਾਤਰ ਭਾਰਤੀ ਵਿਦਿਆਰਥੀ ਕੈਨੇਡਾ ਜਾਂਦੇ ਹਨ। ਪਰ ਹੁਣ ਭਾਰਤੀਆਂ ਸਮੇਤ ਵਿਦੇਸ਼ਾਂ ਦੇ ਵਿਦਿਆਰਥੀਆਂ ਦਾ ਕੈਨੇਡਾ ਤੋਂ ਮੋਹ ਭੰਗ ਹੁੰਦਾ ਜਾ ਰਿਹਾ ਹੈ। ਜਦੋਂ ਤੋਂ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਸਰਕਾਰ ਵੱਲੋਂ ਸਟੱਡੀ ਪਰਮਿਟ ਜਾਰੀ ਕਰਨ ਦੀ ਸੀਮਾ ਲਗਾਈ ਗਈ ਹੈ, ਉਦੋਂ ਤੋਂ ਵਿਦਿਆਰਥੀ ਕੈਨੇਡਾ ਦੀ ਬਜਾਏ ਦੂਜੇ ਦੇਸ਼ਾਂ ਵਿੱਚ ਦਾਖਲਾ ਲੈ ਰਹੇ ਹਨ। ਇਸ ਕਾਰਨ ਕੈਨੇਡਾ ਨੂੰ ਵੀ ਹਜ਼ਾਰਾਂ ਕਰੋੜ ਰੁਪਏ ਦਾ ਨੁਕਸਾਨ ਹੋ ਰਿਹਾ ਹੈ।

**ਸਟੱਡੀ ਵੀਜ਼ਾ 'ਤੇ ਪਾਬੰਦੀ**

ਜਸਟਿਨ ਟਰੂਡੋ ਦੀ ਸਰਕਾਰ ਨੇ ਜਨਵਰੀ ਵਿੱਚ ਐਲਾਨ ਕੀਤਾ ਸੀ ਕਿ ਉਹ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸਟੱਡੀ ਵੀਜ਼ਾ ਅਸਥਾਈ ਤੌਰ 'ਤੇ ਮੁਅੱਤਲ ਕਰ ਰਹੀ ਹੈ। ਕੈਨੇਡਾ ਨੇ ਹੁਣ ਵਿਦਿਆਰਥੀ ਵੀਜ਼ਾ 50 ਫੀਸਦੀ ਤੱਕ ਘਟਾ ਦਿੱਤਾ ਹੈ। ਜਿਸ ਕਾਰਨ ਭਾਰਤੀ ਵਿਦਿਆਰਥੀਆਂ ਨੂੰ ਵੱਡਾ ਝਟਕਾ ਲੱਗਾ ਹੈ ਕਿਉਂਕਿ ਕੈਨੇਡਾ 'ਚ ਪੜ੍ਹਨ ਲਈ ਜਾਣ ਵਾਲੇ ਜ਼ਿਆਦਾਤਰ ਵਿਦਿਆਰਥੀ ਭਾਰਤ ਦੇ ਹਨ, ਪਰ ਨੁਕਸਾਨ ਕੈਨੇਡੀਅਨ ਕਾਲਜਾਂ ਦਾ ਹੋ ਰਿਹਾ ਹੈ।

**ਵਿਦਿਆਰਥੀਆਂ ਦੀ ਗਿਣਤੀ ਘਟੀ**

ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਵਧਦੀ ਗਿਣਤੀ ਦੇ ਜਵਾਬ ਵਿੱਚ ਕੈਨੇਡਾ ਨੇ ਜਨਵਰੀ ਵਿੱਚ ਅੰਤਰਰਾਸ਼ਟਰੀ ਵਿਦਿਆਰਥੀ ਪਰਮਿਟ ਅਰਜ਼ੀਆਂ 'ਤੇ ਦੋ ਸਾਲਾਂ ਦੀ ਸੀਮਾ ਲਗਾ ਦਿੱਤੀ ਸੀ। ਜਿਸ ਤੋਂ ਬਾਅਦ ਵਿਦਿਆਰਥੀਆਂ ਦੀ ਆਮਦ ਘੱਟ ਗਈ। ਐਪਲੀ ਬੋਰਡ ਦੁਆਰਾ ਕੀਤੀ ਗਈ ਰਿਸਰਚ ਦੁਆਰਾ ਦਿੱਤੇ ਗਏ ਅੰਕੜੇ ਬਹੁਤ ਨਿਰਾਸ਼ਾਜਨਕ ਸਨ।

ਐਪਲੀ ਬੋਰਡ ਇੱਕ ਔਨਲਾਈਨ ਪਲੇਟਫਾਰਮ ਹੈ ਜੋ ਵਿਦੇਸ਼ੀ ਅਧਿਐਨਾਂ ਦੀ ਸਹੂਲਤ ਦਿੰਦਾ ਹੈ। ਉਸ ਅਨੁਸਾਰ 2024 ਦੀ ਪਹਿਲੀ ਛਿਮਾਹੀ (ਜਨਵਰੀ-ਜੂਨ) ਵਿੱਚ, ਕੈਨੇਡਾ ਨੇ ਭਾਰਤੀ ਵਿਦਿਆਰਥੀਆਂ ਲਈ 55,500 ਪੋਸਟ-ਸੈਕੰਡਰੀ ਸਟੱਡੀ ਪਰਮਿਟ ਮਨਜ਼ੂਰ ਕੀਤੇ, ਜੋ ਕਿ ਦੇਸ਼ ਵਿੱਚ ਆਉਣ ਵਾਲੇ ਅੰਤਰਰਾਸ਼ਟਰੀ ਪੋਸਟ-ਸੈਕੰਡਰੀ ਵਿਦਿਆਰਥੀਆਂ ਦਾ 49% ਹੈ। ਇਹ ਅਨੁਪਾਤ ਪੂਰੇ ਸਾਲ 2023 ਦੇ ਅੰਕੜਿਆਂ ਨਾਲ ਇਕਸਾਰ ਰਿਹਾ ਅਤੇ 2023 ਦੇ ਪਹਿਲੇ ਅੱਧ (51%) ਨਾਲੋਂ ਮਾਮੂਲੀ ਤੌਰ 'ਤੇ ਘੱਟ ਹੈ।

ਜਨਵਰੀ ਤੋਂ ਜੂਨ 2024 ਤੱਕ 85% ਦੀ ਪ੍ਰਭਾਵਸ਼ਾਲੀ ਸਟੱਡੀ ਪਰਮਿਟ ਮਨਜ਼ੂਰੀ ਦਰ ਨਾਲ, ਸੰਭਾਵੀ ਭਾਰਤੀ ਵਿਦਿਆਰਥੀਆਂ ਨੂੰ ਮਹੱਤਵਪੂਰਨ ਅਸਵੀਕਾਰ ਦਰਾਂ ਦਾ ਸਾਹਮਣਾ ਨਹੀਂ ਕਰਨਾ ਪੈ ਰਿਹਾ ਹੈ।

# ਭਾਰਤ-ਕੈਨੇਡਾ ਸਰਕਾਰਾਂ ਵਿੱਚ ਵਧੇ ਤਣਾਅ ਦਾ ਪੰਜਾਬ 'ਤੇ ਮਾੜਾ ਅਸਰ

## ਵਿਦੇਸ਼ ਪੜ੍ਹਾਈ ਲਈ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਅੱਧੀ ਹੋਈ

ਟੋਰਾਂਟੋ/ਏ.ਟੀ.ਨਿਊਜ਼: ਪਿਛਲੇ ਸਾਲ ਕੈਨੇਡਾ ਵਿੱਚ ਰਹਿੰਦੇ ਨਿੱਝਰ ਦੇ ਹੋਏ ਕਤਲ, ਉਸ ਉਪਰੰਤ ਭਾਰਤੀ ਏਜੰਸੀਆਂ 'ਤੇ ਲਾਏ ਦੋਸ਼ ਤੋਂ ਦੋਹਾਂ ਮੁਲਕਾਂ ਵਿੱਚ ਵਧੇ ਤਣਾਅ ਨਾਲ ਭਾਵੇਂ ਅੰਤਰਰਾਸ਼ਟਰੀ ਪੱਧਰ 'ਤੇ ਇੰਨਾ ਮਾੜਾ ਅਸਰ ਨਹੀਂ ਪਾਇਆ ਪਰ ਪੰਜਾਬ ਦੇ ਦੋਆਬਾ ਤੇ ਮਾਲਵਾ ਇਲਾਕਿਆਂ ਵਿਚੋਂ ਵਿਦੇਸ਼ੀ ਪੜ੍ਹਾਈ ਲਈ ਜਾ ਰਹੇ ਲੱਖਾਂ ਵਿਦਿਆਰਥੀਆਂ 'ਤੇ ਡੂੰਘਾ ਪ੍ਰਭਾਵ ਅਤੇ ਮਾਯੂਸੀ ਪੈਦਾ ਕੀਤੀ ਹੈ।

ਇਸ ਦਾ ਅਸਰ ਆਸਟ੍ਰੇਲੀਆ, ਯੂ.ਕੇ. ਤੇ ਹੋਰ ਦੇਸ਼ਾਂ ਦੀਆਂ ਸਰਕਾਰਾਂ ਅਤੇ ਯੂਨੀਵਰਸਿਟੀਆਂ ਉੱਪਰ ਵੀ ਪਿਆ ਹੈ ਜਿਨ੍ਹਾਂ ਪਿਛਲੇ ਸਾਲ ਕੀਤੇ ਦਾਖ਼ਲਿਆਂ ਦੇ ਮੁਕਾਬਲੇ ਇਸ ਸਤੰਬਰ ਤੋਂ ਫ਼ੀਸਾਂ ਦੇ ਰੇਟ ਦੁਗਣੇ ਅਤੇ ਨਿਯਮਾਂ ਵਿੱਚ ਵਾਧੂ ਸਖ਼ਤੀ ਕਰ ਦਿੱਤੀ ਹੈ। ਕੈਨੇਡਾ ਦੇ 2 ਸੂਬਿਆਂ ਉਂਟਾਰੀਓ ਅਤੇ ਬ੍ਰਿਟਿਸ਼ ਕੋਲੰਬੀਆ ਤੋਂ ਮਿਲੀਆਂ ਰੀਪੋਰਟਾਂ ਤੇ ਅੰਕੜਿਆਂ ਤੋਂ ਪਤਾ ਲੱਗਾ ਹੈ ਕਿ ਪਿਛਲੇ ਸਾਲ ਕੈਨੇਡਾ ਨੇ ਅਪਣੇ ਵਰਕਰਾਂ ਤੇ ਕੰਮ ਕਰ ਰਹੇ ਵਿਦਿਆਰਥੀਆਂ ਨੂੰ 6 ਜਾਂ 7 ਸਾਲ ਤੋਂ ਉਥੇ ਕਾਨੂੰਨਨ ਰਹਿ ਰਹੇ ਵਾਸੀਆਂ 4,70,000 ਨੂੰ ਪੀ.ਆਰ. ਦਿਤੀ ਸੀ ਉਹ ਗਿਣਤੀ ਹੁਣ 2024, 25 ਅਤੇ 2026 ਵਿੱਚ ਅੱਧੀ ਰਹਿ ਜਾਵੇਗੀ। ਇਨ੍ਹਾਂ ਵਿੱਚ ਜ਼ਿਆਦਾਤਰ ਪੰਜਾਬੀ ਹੀ ਹੁੰਦੇ ਹਨ।



ਉਂਝ ਤਾਂ ਭਾਰਤ ਸਰਕਾਰ ਦੇ ਵਿਦੇਸ਼ ਮੰਤਰੀ ਐਸ.ਜੈਸ਼ੰਕਰ ਰਾਹੀਂ ਸਿੱਖ ਜਥੇਬੰਦੀਆਂ ਤੇ ਹੋਰ ਸੰਸਥਾਵਾਂ ਨੇ ਓਟਾਵਾ ਨੇੜੇ ਹੋਈਆਂ ਸਿੱਖ ਵਿਰੋਧੀ ਘਟਨਾਵਾਂ ਵਿਰੁੱਧ ਆਵਾਜ਼ ਉਠਾਈ ਹੈ ਅਤੇ ਉਥੇ ਹੋਏ ਹਿੰਦੂ ਸਿੱਖ ਤਣਾਅ ਵਿੱਚ ਕਮੀ ਲਿਆਉਣ ਲਈ ਕਦਮ ਚੁੱਕੇ ਹਨ ਪਰ ਕੈਨੇਡਾ ਸਰਕਾਰ ਨੇ ਜੋ ਵਿਦਿਆਰਥੀ ਵੀਜ਼ਿਆਂ ਵਿੱਚ ਕਮੀ ਕੀਤੀ ਹੈ, ਉਸ ਨਾਲ ਪੰਜਾਬੀਆਂ ਨੂੰ ਸਖ਼ਤ ਧੱਕਾ ਲੱਗਾ ਹੈ। ਇੱਕ ਮੋਟੇ ਅੰਦਾਜ਼ੇ ਅਨੁਸਾਰ ਪੰਜਾਬ ਵਿਚੋਂ ਅਮਰੀਕਾ, ਕੈਨੇਡਾ, ਯੂ.ਕੇ., ਆਸਟ੍ਰੇਲੀਆ ਤੇ ਹੋਰ ਦੇਸ਼ਾਂ ਨੂੰ ਸਟੱਡੀ ਵੀਜ਼ਾ 'ਤੇ ਸਾਲਾਨਾ 25-30 ਲੱਖ ਰਕਮ ਪ੍ਰਤੀ ਵਿਦਿਆਰਥੀ ਦੇ ਰੇਟ ਨਾਲ ਪੰਜਾਬ ਤੋਂ ਹਰ ਸਾਲ 70,000-75,000 ਕਰੋੜ ਦੀ ਰਕਮ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਜਾ ਰਹੀ ਹੈ। ਰੌਇਲ ਬੈਂਕ, ਕੈਨੇਡਾ ਦੇ ਅਰਥ ਸ਼ਾਸਤਰੀ ਰਾਸ਼ੇਲ ਬੱਤਾਗਲੀਆ ਅਨੁਸਾਰ ਉਂਝ ਤਾਂ ਇਸ ਸਾਲ 2024 ਵਿੱਚ 1 ਲੱਖ ਵਿਦੇਸ਼ੀ ਵਿਦਿਆਰਥੀ ਵਾਧੂ ਕੈਨੇਡਾ ਵਿੱਚ ਆਉਣ ਦੀ ਉਮੀਦ ਹੈ, ਪਰ ਇਹ ਅੰਕੜਾ ਪਿਛਲੇ ਸਾਲਾਂ ਦੇ ਮੁਕਾਬਲੇ ਅੱਧਾ ਹੋਵੇਗਾ ਕਿਉਂਕਿ ਪਹਿਲਾਂ ਹਰ ਸਾਲ 2 ਲੱਖ ਦਾ ਵਾਧਾ ਹੁੰਦਾ ਰਿਹਾ ਹੈ। ਬੱਤਾਗਲੀਆ ਵਲੋਂ ਦਿਤੀ ਰੀਪੋਰਟ ਕਹਿੰਦੀ ਹੈ ਕਿ ਜੇ ਕੈਨੇਡਾ ਸਰਕਾਰ ਤੇ ਉਥੋਂ ਦੀਆਂ ਯੂਨੀਵਰਸਿਟੀਆਂ ਨੇ ਨਿਯਮ ਅਤੇ ਕਾਨੂੰਨ ਹੋਰ ਸਖ਼ਤ ਕਰ ਕੇ ਲਗਾਤਾਰ ਜਾਰੀ ਰੱਖੇ ਤਾਂ ਕੈਨੇਡਾ ਦਾ ਅਕਸ ਜੋ ਕਿਸੇ ਵੇਲੇ ਸਭ ਨੂੰ ਜੀ ਆਇਆਂ ਵਾਲਾ ਸੀ ਉਹ ਖ਼ਰਾਬ ਹੋਣ ਦੇ ਨਾਲ ਨਾਲ ਵਿਦੇਸ਼ੀ ਵਿਦਿਆਰਥੀਆਂ ਵਾਸਤੇ ਹੋਰ ਦੇਸ਼ਾਂ ਵਲ ਮੁੜਨਾ ਸ਼ੁਰੂ ਹੋ ਜਾਵੇਗਾ। ਬੱਤਾਗਲੀਆ ਰੀਪੋਰਟ ਵਿੱਚ ਇਹ ਵੀ ਕਿਹਾ ਹੈ ਕਿ ਵੀਜ਼ਾ ਪਾਬੰਦੀਆਂ ਉਂਟਾਰੀਓ ਸੂਬੇ ਵਿੱਚ ਵਿਦੇਸ਼ੀ ਵਿਦਿਆਰਥੀਆਂ ਨੂੰ ਯੂਨੀਵਰਸਿਟੀਆਂ ਵਿੱਚ 53 ਫ਼ੀ ਸਦੀ ਸੀਟਾਂ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਕੇਵਲ 19 ਫ਼ੀ ਸਦੀ ਸੀਟਾਂ ਭਰਨ ਵਿੱਚ ਮਦਦ ਕਰਦੀਆਂ ਹਨ। ਜੇ ਇਸ ਤਰ੍ਹਾਂ ਪਾਬੰਦੀ ਲਾਗੂ ਰਹੀ ਤਾਂ ਰਿਹਾਇਸ਼ੀ ਮਕਾਨਾਂ ਦੀ ਥੁੜ ਤਾਂ ਕੰਟਰੋਲ ਵਿੱਚ ਰਹੇਗੀ ਪਰ ਕਿਰਾਏ ਵਧਣ ਤੇ ਫ਼ੀਸਾਂ ਦੇ ਰੇਟ ਵਧਣ ਨਾਲ ਭਾਰਤੀ ਵਿਦਿਆਰਥੀ ਹੋਰ ਮੁਲਕਾਂ ਵਲ ਮੂੰਹ ਕਰ ਲੈਣਗੇ।

ਜ਼ਿਕਰਯੋਗ ਹੈ ਕਿ ਜਸਟਿਸ ਟਰੂਡੋ ਦੀ ਲਿਬਰਲ ਪਾਰਟੀ ਵਾਲੀ ਸਰਕਾਰ ਦੀ ਟਰਮ ਅਗਲੇ ਸਾਲ ਅਕਤੂਬਰ ਵਿੱਚ ਪੂਰੀ ਹੋਣੀ ਹੈ ਪਰ ਨਿਊ ਡੈਮੋਕਰੇਟਿਕ ਪਾਰਟੀ ਨੇ ਆਪਣੀ ਮਦਦ ਵਾਪਸ ਲੈ ਲਈ ਹੈ, ਟਰੂਡੋ ਸਰਕਾਰ ਕੋਲ ਐਮ.ਪੀ. ਘੱਟ ਗਏ ਹਨ, ਹੋ ਸਕਦਾ ਹੈ ਚੋਣਾਂ ਅਕਤੂਬਰ 2025 ਤੋਂ ਪਹਿਲਾਂ ਹੋ ਜਾਣ ਜਿਸ ਦਾ ਅਸਰ ਨਵੀਂ ਸਰਕਾਰ ਮੌਕੇ ਭਾਰਤੀ ਵਿਦਿਆਰਥੀਆਂ ਵਾਸਤੇ ਚੰਗਾ ਹੋ ਜਾਵੇ। ਕੰਜ਼ਰਨੇਟਿਵ ਪਾਰਟੀ ਵਿਰੋਧੀ ਧਿਰ ਦੇ ਨੇਤਾ ਪਾਇਰੀ ਪੌਲੀਵਰ ਦਾ ਕਹਿਣਾ ਹੈ ਕਿ ਮੌਜੂਦਾ ਹਾਲਾਤ ਵਿੱਚ ਕੈਨੇਡਾ ਦਾ ਇਮੀਗਰੇਸ਼ਨ ਸਿਸਟਮ ਬਿਖਰ ਚੁੱਕਾ ਹੈ, ਹਿੰਸਕ ਘਟਨਾਵਾਂ ਵੱਧ ਰਹੀਆਂ ਹਨ, ਕੈਨੇਡੀਅਨ ਨਾਗਰਿਕ ਤੰਗ ਹਨ ਅਤੇ ਬਦਲਾਅ ਚਾਹੁੰਦੇ ਹਨ।

# ਬਰਤਾਨੀਆ ਦੇ ਸਿੱਖ ਸਾਂਸਦ ਢੇਸੀ ਨੂੰ 'ਰੱਖਿਆ ਕਮੇਟੀ' ਦਾ ਮੁਖੀ ਚੁਣਿਆ

## ਲੇਬਰ ਪਾਰਟੀ ਦੇ ਸਾਂਸਦਾਂ ਨੂੰ 563 'ਚੋਂ ਮਿਲੀਆਂ 320 ਵੋਟਾਂ

ਲੰਡਨ/ਏ.ਟੀ.ਨਿਊਜ਼: ਬਰਤਾਨੀਆ ਦੇ ਪਹਿਲੇ ਪਗੜੀਧਾਰੀ ਸਿੱਖ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੂੰ ਨਵੀਂ ਸੰਸਦ ਦੀ ਰੱਖਿਆ ਕਮੇਟੀ ਦਾ ਚੇਅਰਮੈਨ ਚੁਣਿਆ ਗਿਆ ਹੈ। ਢੇਸੀ ਦੀ ਚੋਣ ਬੀਤੇ ਦਿਨ ਵੋਟਿੰਗ ਤੋਂ ਬਾਅਦ ਕੀਤੀ ਗਈ। ਲੇਬਰ ਪਾਰਟੀ ਦੇ ਸੰਸਦ ਮੈਂਬਰ ਨੂੰ 563 ਵੋਟਾਂ 'ਚੋਂ 320 ਵੋਟਾਂ ਮਿਲੀਆਂ। ਉਨ੍ਹਾਂ ਦੇ ਮੁਕਾਬਲੇ 'ਚ ਖੜ੍ਹੇ ਲੇਬਰ ਪਾਰਟੀ ਦੇ ਸੰਸਦ ਮੈਂਬਰ ਡੈਰੇਕ ਟਵਿਗ ਨੂੰ 243 ਵੋਟਾਂ ਹਾਸਲ ਹੋਈਆਂ।



ਢੇਸੀ ਨੇ ਕਿਹਾ, 'ਮੈਨੂੰ ਰੱਖਿਆ ਕਮੇਟੀ ਦਾ ਚੇਅਰਮੈਨ ਚੁਣੇ ਜਾਣ ਦੀ ਖੁਸ਼ੀ ਹੈ। ਮੈਂ ਸਦਨ ਦੇ ਆਪਣੇ ਸਹਿਯੋਗੀਆਂ ਦਾ ਮੇਰੇ 'ਤੇ ਭਰੋਸਾ ਜ਼ਾਹਿਰ ਕਰਨ 'ਤੇ ਸ਼ੁਕਰੀਆ ਕਰਨਾ ਚਾਹੁੰਦਾ ਹਾਂ।' ਉਨ੍ਹਾਂ ਕਿਹਾ, 'ਦੇਸ਼ ਤੇ ਵਿਦੇਸ਼ 'ਚ ਅਸੀਂ ਜਿਹੜੇ ਖਤਰਿਆਂ ਦਾ ਸਾਹਮਣਾ ਕਰ ਰਹੇ ਹਾਂ ਉਹ ਤੇਜ਼ੀ ਨਾਲ ਵੱਧ ਰਹੇ ਹਨ। ਰੱਖਿਆ ਕਮੇਟੀ ਦੇ ਚੇਅਰਮੈਨ ਵਜੋਂ ਮੈਂ ਇਹ ਯਕੀਨੀ ਬਣਾਉਣ ਵੱਲ ਧਿਆਨ ਦੇਵਾਂਗਾ ਕਿ ਸਾਡਾ ਦੇਸ਼ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰ ਸਕੇ। ਮੈਂ ਹਥਿਆਰਬੰਦ ਬਲਾਂ ਦੇ ਕਰਮੀਆਂ ਤੇ ਸੀਨੀਅਰਾਂ (ਬਹਾਦਰ ਲੋਕ ਜੋ ਸਾਡੀ ਸੁਰੱਖਿਆ 'ਚ ਵੱਡਮੁੱਲਾ ਯੋਗਦਾਨ ਦਿੰਦੇ ਹਨ।) ਲਈ ਸੰਸਦ 'ਚ ਆਵਾਜ਼ ਬੁਲੰਦ ਕਰਾਂਗਾ।'

# ਕੈਨੇਡਾ 'ਚ ਕਾਨੂੰਨ ਤੋੜਨ ਵਾਲੇ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦਿਓ: ਪੀਅਰੇ ਪੋਲੀਵਰ

ਟੋਰਾਂਟੋ/ਏ.ਟੀ.ਨਿਊਜ਼: ਕੈਨੇਡਾ ਵਿੱਚ ਪ੍ਰਵਾਸੀ ਵਿਰੋਧੀ ਬਿਆਨਬਾਜ਼ੀ ਦਿਨੋ ਦਿਨ ਵੱਧਦੀ ਜਾ ਰਹੀ ਹੈ। ਹੁਣ ਕੈਨੇਡਾ ਦੀ ਮੁੱਖ ਵਿਰੋਧੀ ਪਾਰਟੀ ਦੇ ਨੇਤਾ ਨੇ ਕਿਹਾ ਹੈ ਕਿ ਕਾਨੂੰਨ ਤੋੜਨ ਵਾਲੇ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣਾ ਚਾਹੀਦਾ ਹੈ ਜਦੋਂ ਕਿ ਸਮਾਜ ਵਿੱਚ ਸਕਾਰਾਤਮਕ ਯੋਗਦਾਨ ਪਾਉਣ ਵਾਲਿਆਂ ਦਾ ਸਵਾਗਤ ਕੀਤਾ ਜਾਣਾ ਚਾਹੀਦਾ ਹੈ।



ਕੰਜ਼ਰਵੇਟਿਵ ਪਾਰਟੀ ਦੇ ਨੇਤਾ ਪੀਅਰੇ ਪੋਲੀਵਰੇ ਗ੍ਰੇਟਰ ਟੋਰਾਂਟੋ ਏਰੀਆ (ਜੀ.ਟੀ.ਏ) ਵਿੱਚ ਇੱਕ ਗੱਲਬਾਤ ਦੌਰਾਨ ਮੀਡੀਆ ਨੂੰ ਸੰਬੋਧਨ ਕਰ ਰਹੇ ਸਨ। ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਨੇ ਕਿਹਾ ਕਿ ਸਿਧਾਂਤ ਇਹ ਹੋਣਾ ਚਾਹੀਦਾ ਹੈ ਕਿ ਜੇ ਤੁਸੀਂ ਨਿਯਮਾਂ ਦੀ ਪਾਲਣਾ ਕਰਦੇ ਹੋ, ਤੁਸੀਂ ਯੋਗਦਾਨ ਪਾ ਰਹੇ ਹੋ, ਟੈਕਸ ਅਦਾ ਕਰ ਰਹੇ ਹੋ, ਕਾਨੂੰਨ ਦੀ ਪਾਲਣਾ ਕਰ ਰਹੇ ਹੋ, ਸਾਡੀ ਸਰਕਾਰੀ ਭਾਸ਼ਾਵਾਂ ਵਿੱਚੋਂ ਇੱਕ ਸਿੱਖ ਰਹੇ ਹੋ, ਤਾਂ ਤੁਸੀਂ ਰਹਿ ਸਕਦੇ ਹੋ ਅਤੇ ਜੇ ਤੁਸੀਂ ਕਾਨੂੰਨ ਤੋੜ ਰਹੇ ਹੋ, ਨਿਯਮਾਂ ਨੂੰ ਤੋੜ ਰਹੇ ਹੋ, ਸਿਸਟਮ ਨੂੰ ਧੋਖਾ ਦੇ ਰਹੇ ਹੋ, ਫਿਰ ਤੁਹਾਨੂੰ ਜਾਣਾ ਪਵੇਗਾ। ਉਸ ਨੇ ਕਿਹਾ ਕਿ ਅਸਥਾਈ ਵਸਨੀਕਾਂ ਨੂੰ ਕੱਢਣ ਜਾਂ ਉਨ੍ਹਾਂ ਸਾਰਿਆਂ ਨੂੰ ਰਹਿਣ ਦੀ ਇਜਾਜ਼ਤ ਦੇਣ ਦਾ ਕੋਈ ਵੀ ਵਿਕਲਪ 'ਸਮਝਦਾਰੀ' ਵਾਲਾ ਨਹੀਂ ਹੈ। ਉਸਨੇ ਉਸ ਸੰਦਰਭ ਵਿੱਚ ਮੱਧ ਜ਼ਮੀਨੀ ਸਿਧਾਂਤ ਦੀ ਰੂਪ ਰੇਖਾ ਉਲੀਕੀ। ਇੱਥੇ ਦੱਸ ਦਈਏ ਕਿ ਪੀਅਰੇ ਪੋਲੀਵਰੇ ਦਾ ਬਿਆਨ ਇਸ ਲਈ ਮਹੱਤਵਪੂਰਨ ਹੈ ਕਿਉਂਕਿ ਕੰਜ਼ਰਵੇਟਿਵ ਪਾਰਟੀ ਅਗਲੀ ਸਰਕਾਰ ਬਣਾਉਣ ਲਈ ਪ੍ਰਮੁੱਖ ਸਥਿਤੀ ਵਿੱਚ ਹੈ। ਹਾਲ ਹੀ ਦੇ ਸਰਵੇਖਣਾਂ ਵਿੱਚ ਉਹ ਮੌਜੂਦਾ ਲਿਬਰਲ ਪਾਰਟੀ ਤੋਂ ਲਗਭਗ 20 ਪ੍ਰਤੀਸ਼ਤ ਅੰਕਾਂ ਨਾਲ ਅੱਗੇ ਹੈ।

ਇਸਦਾ ਮਤਲਬ ਹੈ ਕਿ ਪੋਲੀਵਰੇ ਦੇ ਕੈਨੇਡਾ ਦਾ ਅਗਲਾ ਪ੍ਰਧਾਨ ਮੰਤਰੀ ਬਣਨ ਦੀ ਸੰਭਾਵਨਾ ਹੈ ਅਤੇ ਉਹ ਇਮੀਗ੍ਰੇਸ਼ਨ ਸਮੇਤ ਨੀਤੀ ਨੂੰ ਨਿਰਦੇਸ਼ਤ ਕਰੇਗਾ। ਗੌਰਤਲਬ ਹੈ ਕਿ ਕੈਨੇਡਾ ਵਿੱਚ ਇਮੀਗ੍ਰੇਸ਼ਨ ਇੱਕ ਮੁੱਖ ਚੋਣ ਮੁੱਦਾ ਬਣ ਗਿਆ ਹੈ। ਏਜੰਸੀ ਲੇਜਰ ਦੇ ਇੱਕ ਤਾਜ਼ਾ ਸਰਵੇਖਣ ਅਨੁਸਾਰ 65 ਪ੍ਰਤੀਸ਼ਤ ਕੈਨੇਡੀਅਨ ਮੰਨਦੇ ਹਨ ਕਿ ਸਰਕਾਰ 'ਬਹੁਤ ਜ਼ਿਆਦਾ' ਪ੍ਰਵਾਸੀਆਂ ਨੂੰ ਸਵੀਕਾਰ ਕਰਦੀ ਹੈ।

# 'ਆਪ' ਸਰਕਾਰ ਵੱਲੋਂ ਪੱਤਰਕਾਰਾਂ ਨਾਲ ਧੱਕੇਸ਼ਾਹੀ ਦੀ ਮਿਸਾਲ ਹੈ ਮਾਲਵਿੰਦਰ ਸਿੰਘ ਮਾਲੀ ਦੀ ਗ੍ਰਿਫ਼ਤਾਰੀ

ਕਦੇ ਸਮਾਂ ਸੀ ਕਿ ਆਮ ਆਦਮੀ ਪਾਰਟੀ ਪੱਤਰਕਾਰਾਂ ਦੀ ਆਜ਼ਾਦੀ 'ਤੇ ਹਮਲੇ ਨੂੰ ਇੱਕ ਵੱਡਾ ਗੁਨਾਹ ਸਮਝਦੀ ਸੀ ਪਰ ਜਦੋਂ 'ਆਪ' ਸੱਤਾ ਵਿੱਚ ਆਈ ਤਾਂ ਪੱਤਰਕਾਰਾਂ ਦੇ ਉੱਤੇ ਪੁਲਿਸ ਦੇ ਛਾਪੇ ਵੀ ਮਰਵਾਏ, ਡਰਾਵੇ ਵੀ ਦਿੱਤੇ, ਓਨਾਂ ਦੇ ਸੋਸ਼ਲ ਮੀਡੀਆ ਪੇਜ਼ ਵੀ ਬੰਦ ਕੀਤੇ, ਇਸ਼ਤਿਹਾਰ ਵੀ ਬੰਦ ਕੀਤੇ। ਜਿਸ ਤੋਂ ਸਾਫ਼ ਹੈ ਕਿ ਮੌਜੂਦਾ ਪੰਜਾਬ ਸਰਕਾਰ ਦੇ ਵਿੱਚ ਸਹਿਨਸ਼ਕਤੀ ਬਹੁਤ ਘੱਟ ਹੈ। ਸੱਚੀ ਗੱਲ ਸੁਣਨਾ ਤੇ ਅੱਖਾਂ ਦੇ ਵਿੱਚ ਅੱਖਾਂ ਪਾ ਕੇ ਵੇਖਣ ਵਾਲੇ ਇਹਨਾਂ ਨੂੰ ਚੰਗੇ ਨਹੀਂ ਲੱਗਦੇ। ਲੰਘੇ ਦਿਨੀਂ ਮਾਲਵਿੰਦਰ ਸਿੰਘ ਮਾਲੀ ਦੀ ਗ੍ਰਿਫ਼ਤਾਰੀ ਹੁੰਦੀ ਹੈ। ਉਸ ਦੇ ਪਟਿਆਲਾ ਰਹਿੰਦੇ ਭਰਾ ਦੇ ਘਰ ਸਾਦੀ ਵਰਦੀ ਸੀ.ਆਈ.ਏ. ਇਨਚਾਰਜ ਆਉਂਦਾ ਹੈ ਤੇ ਫੇਰ ਵਰਦੀ ਵਾਲੇ ਪੁਲਿਸ ਮੁਲਾਜ਼ਮ ਵੀ ਆ ਜਾਂਦੇ ਨੇ। ਕੋਈ ਵਾਰੰਟ ਨਹੀਂ, ਕੋਈ ਐਫ਼.ਆਈ.ਆਰ. ਦੀ ਕਾਪੀ ਨਹੀਂ। ਇੱਥੋਂ ਤੱਕ ਕਿ ਸੀ.ਆਈ.ਏ. ਇਨਚਾਰਜ ਜ਼ਿੰਮੇਵਾਰ ਅਹੁਦੇ 'ਤੇ ਬੈਠ ਕੇ ਵੀ ਗੁੰਮਰਾਹ ਕਰਦੇ ਨਜ਼ਰ ਆਏ। ਵੀਡੀਓ ਦੀ ਗੱਲਬਾਤ ਦੇ ਵਿੱਚ ਉਹ ਮਾਲਵਿੰਦਰ ਸਿੰਘ ਮਾਲੀ ਨੂੰ ਆਈ.ਟੀ.ਐਕਟ ਦੀ ਧਾਰਾ ਦਸ ਰਹੇ ਸੀ ਪਰ ਮਾਲਵਿੰਦਰ ਸਿੰਘ ਮਾਲੀ 'ਤੇ ਧਾਰਾ 196 ਤੇ 299 ਲਗਾਈ ਗਈ ਹੈ ਜਿਸ ਦਾ ਭਾਵ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਣਾ ਹੈ। ਸ਼ਾਮੀਂ ਸੱਤ ਵਜੇ ਮੋਹਾਲੀ ਦੇ ਵਿੱਚ ਐਫ਼.ਆਈ.ਆਰ ਦਰਜ਼ ਹੁੰਦੀ ਹੈ ਤੇ ਅੱਠ ਵੱਜ ਕੇ ਵੀਹ ਮਿੰਟ 'ਤੇ ਸੀ.ਆਈ.ਏ. ਇਨਚਾਰਜ ਪਟਿਆਲੇ ਮਾਲਵਿੰਦਰ ਮਾਲੀ ਦੇ ਸਾਹਮਣੇ ਹੁੰਦੇ ਨੇ। ਜਿੰਨੀ ਤੇਜ਼ੀ ਇਸ ਕੇਸ ਦੇ ਵਿੱਚ ਪੁਲਿਸ ਨੇ ਦਿਖਾਈ ਹੈ। ਜੇ ਕਿਤੇ ਹਮੇਸ਼ਾ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਭੁਗਤਣ ਤਾਂ ਸਮਾਜ ਸੁਧਰ ਜਾਵੇਗਾ। ਕਹਿੰਦੇ ਨੇ ਤਿੰਨ ਟੀਮਾਂ ਬਣਾਈਆਂ ਗਈਆਂ ਤੇ ਵੱਖੋਂ ਵੱਖਰੀ ਜਗ੍ਹਾ ਦੇ ਉੱਤੇ ਮਾਲਵਿੰਦਰ ਮਾਲੀ ਨੂੰ ਫੜਨ ਦਾ ਇੰਤਜ਼ਾਮ ਕੀਤਾ। ਤਿੰਨ ਟੀਮਾਂ ਦੇ ਗਠਨ 'ਤੇ ਹਾਸਾ ਆਉਂਦਾ ਹੈ ਕਿ ਏਡਾ ਕਿੱਡਾ ਕੁ ਉਹ ਗੈਂਗਸਟਰ ਹੈ, ਜਿਸ ਨੂੰ ਤੁਸੀਂ ਏਨੀ ਤਿਆਰੀ ਦੇ ਨਾਲ ਫੜਿਆ ਹੈ। ਇਹ ਤਾਂ ਸਿੱਧੀ ਸਿਆਸੀ ਬਦਲਾਖੋਰੀ ਹੈ ਨਾ। ਹੈਰਾਨੀ ਦੀ ਗੱਲ ਹੈ ਕਿ ਐਸਾ ਮਾਲਵਿੰਦਰ ਮਾਲੀ ਨੇ ਕਹਿ ਕੀ ਦਿੱਤਾ ਕਿ ਪੁਲਿਸ ਨੂੰ ਹੱਥਾਂ ਪੈਰਾਂ ਦੀ ਪੈ ਗਈ। ਕੋਈ ਸ਼ੱਕ ਨਹੀਂ ਹੈ ਕਿ ਉਹ ਬੜੇ ਸਖ਼ਤ ਲਹਿਜ਼ੇ ਦੇ ਵਿੱਚ ਟਿੱਪਣੀ ਕਰਦੇ ਨੇ। ਪੰਜਾਬ ਦੇ ਭਲੇ ਦੀ ਗੱਲ ਕਰਦੇ ਨੇ। ਸੱਚ ਨੂੰ ਸੱਚ ਕਹਿਣ ਦੀ ਜੁਰਅਤ ਕਰਦੇ ਨੇ। ਜਮਹੂਰੀ ਹੱਕਾਂ ਦੀ ਗੱਲ ਕਰਦੇ ਨੇ। ਜ਼ਰੂਰੀ ਨਹੀਂ ਹੈ ਕਿ ਹਰ ਕੋਈ ਉਹਨਾਂ ਦੀ ਗੱਲ ਦੇ ਨਾਲ ਸਹਿਮਤ ਹੋਵੇ ਪਰ ਬੋਲਣ ਦਾ ਹੱਕ ਸਭ ਨੂੰ ਹੈ। ਪੰਜਾਬ ਸਟੂਡੈਂਟ ਲੀਡਰ ਪ੍ਰਿਥੀਪਾਲ ਦਾ ਕਤਲ ਹੁੰਦਾ ਹੈ ਤੇ ਉਸ ਤੋਂ ਬਾਅਦ ਮਾਲਵਿੰਦਰ ਸਿੰਘ ਮਾਲੀ ਇੱਕ ਵਿਦਿਆਰਥੀ ਆਗੂ ਵੀ ਰਹੇ ਨੇ। ਜਥੇਦਾਰ ਟੌਹੜਾ ਦੇ ਖਾਸਮ ਖਾਸ ਰਹੇ ਨੇ। ਅੱਜਕੱਲ੍ਹ ਉਹ ਕਈ ਟੀ.ਵੀ. ਚੈਨਲਾਂ ਉੱਤੇ ਆਪਣੇ ਵਿਚਾਰ ਬੜੀ ਬੇਬਾਕੀ ਦੇ ਨਾਲ ਰੱਖਦੇ ਹਨ। ਅਧਿਆਪਕ ਰਹੇ ਨੇ ਤੇ ਹੁਣ ਸੇਵਾ ਮੁਕਤ ਨੇ। ਕਹਿੰਦੇ ਨੇ ਸਿਕੰਦਰ ਸਿੰਘ ਮਲੂਕਾ ਜਦੋਂ ਸਿੱਖਿਆ ਮੰਤਰੀ ਸਨ ਤਾਂ ਉਨ੍ਹਾਂ ਨੇ ਮਾਲਵਿੰਦਰ ਸਿੰਘ ਮਾਲੀ ਦੇ ਨਾਲ ਬੜੀ ਊਠਕ ਬੈਠਕ ਵਾਲੀ ਖੇਡ ਖੇਡੀ ਸੀ ਕਿਉਂਕਿ ਲੱਖ ਵਾਰੀ ਸਖ਼ਤ ਲਹਿਜੇ ਦੇ ਵਿੱਚ ਮਾਲਵਿੰਦਰ ਮਾਲੀ ਗੱਲ ਕਰਦਾ, ਪਰ ਨਾ ਉਹ ਕਿਸੇ ਦੇ ਅਧੀਨ ਹੋ ਕੇ ਕੰਮ ਕਰਦਾ ਤੇ ਨਾ ਹੀ ਰਿਸ਼ਵਤਖੋਰੀ ਦੀ ਉਂਗਲ ਫੜਦਾ। ਸੋ ਸਿਕੰਦਰ ਸਿੰਘ ਮਲੂਕਾ ਦੇ ਨਾਲ ਖਟਾਸ ਦਾ ਕਾਰਨ ਤੁਸੀਂ ਸਮਝ ਹੀ ਗਏ ਹੋਵੋਗੇ। ਕਈ ਮੁੱਖ ਮੰਤਰੀਆਂ ਨਾਲ ਵੀ ਕੰਮ ਕੀਤਾ ਹੈ ਮਾਲੀ ਨੇ। ਨਵਜੋਤ ਸਿੰਘ ਸਿੱਧੂ ਦੇ ਸਿਆਸੀ ਸਲਾਹਕਾਰ ਵੀ ਰਹੇ ਨੇ। ਹੁਣ ਗੱਲ ਕਰਦੇ ਹਾਂ ਉਹਨਾਂ ਦੀ ਗ੍ਰਿਫ਼ਤਾਰੀ ਦੀ ਵਜ੍ਹਾ ਕੀ ਹੈ?

"ਇੱਕ ਯੂ ਟਿਊਬ 'ਤੇ ਟਾਕ ਸ਼ੋਅ ਦੇ ਵਿੱਚ ਕੇਜਰੀਵਾਲ ਦੇ ਬਾਹਰ ਆਉਣ ਦੀ ਗੱਲ ਹੁੰਦੀ ਹੈ ਕਿ ਕੇਜਰੀਵਾਲ ਨੇ ਕਿਹਾ ਕਿ ਰਾਮ ਨੇ ਸੀਤਾ ਦੀ ਪ੍ਰੀਖਿਆ ਲਈ ਸੀ ਜਦੋਂ ਰਾਵਨ ਦੀ ਕੈਦ ਵਿਚੋਂ ਆਈ ਸੀ। ਹੁਣ ਮੇਰੀ ਵੀ ਪ੍ਰੀਖਿਆ ਲੈ ਲੈਣ। ਤੇ ਮਾਲੀ ਨੇ ਕਿਹਾ ਕਿ ਇਹ ਆਪਣੇ ਆਪ ਨੂੰ ਸੀਤਾ ਕਹਿ ਰਿਹਾ ਹੈ। ਕੁਝ ਐਂਵੇਂ ਦੀ ਗੱਲਬਾਤ ਹੋਈ ਤੇ ਫੇਰ ਅਮਿਤ ਜੈਨ ਨਾਮ ਦੇ ਵਿਅਕਤੀ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ। ਤੇ ਉਹ ਮਾਲਵਿੰਦਰ ਮਾਲੀ ਦੇ ਖ਼ਿਲਾਫ਼ ਸ਼ਿਕਾਇਤ ਕਰ ਦਿੰਦੇ ਨੇ। ਮੇਰਾ ਖ਼ਿਆਲ ਹੈ ਕਿ ਅਮਿਤ ਜੈਨ ਨੂੰ ਇਤਰਾਜ਼ ਤਾਂ ਕੇਜਰੀਵਾਲ ਦੇ ਨਾਲ ਹੋਣਾ ਚਾਹੀਦਾ ਸੀ ਕਿਉਂਕਿ ਰਾਮ ਸੀਤਾ ਵਾਲੀ ਗੱਲ ਤਾਂ ਕੇਜਰੀਵਾਲ ਨੇ ਕੀਤੀ ਸੀ।



ਅਮਿਤ ਜੈਨ ਦੇ ਬਾਰੇ ਵਿੱਚ ਲੋਕਾਂ ਨੂੰ ਕੋਈ ਭੁਲੇਖਾ ਨਹੀਂ ਹੈ, ਤੁਸੀਂ ਆਮ ਮੌਜੂਦਾ ਵਿੱਤ ਮੰਤਰੀ ਤੇ ਭਗਵੰਤ ਮਾਨ ਨਾਲ ਉਹਨਾਂ ਦੀਆਂ ਫੋਟੋਆਂ ਦੇਖ ਸਕਦੇ ਹੋ। ਸਾਡੀ ਪੰਜਾਬ ਸਰਕਾਰ ਦਾ ਉਹ ਗਊ ਰਖਿਅਕ ਹੈ। ਕਹਿੰਦੇ ਨੇ ਕਿ ਇੱਕ ਜਾਅਲੀ ਜਿਹੇ ਚੈਨਲ ਦਾ ਮਾਲਕ ਵੀ ਹੈ ਅਮਿਤ ਜੈਨ, ਪਰ ਕੁਝ ਵੀ ਹੈ ਤੂਤੀ ਪੂਰੀ ਬੋਲਦੀ ਹੈ ਅਮਿਤ ਜੈਨ ਦੀ। ਤਾਂ ਹੀ ਤਾਂ ਉਸ ਦੇ ਕਹਿਣ 'ਤੇ ਇੱਕ ਪੱਤਰਕਾਰ ਦੀ ਗ੍ਰਿਫ਼ਤਾਰੀ ਦੇ ਲਈ ਪੁਲਿਸ ਦੀਆਂ ਤਿੰਨ ਟੀਮਾਂ ਗਠਿਤ ਕੀਤੀਆਂ ਗਈਆਂ। ਪੰਜਾਬ ਸਰਕਾਰ ਜ਼ੁਬਾਨਬੰਦੀ ਦੀ ਕੋਸ਼ਿਸ਼ ਕਰ ਰਹੀ ਹੈ। ਇਹ ਕੋਈ ਪਹਿਲਾ ਕੇਸ ਨਹੀਂ ਹੈ। ਇਸ ਤੋਂ ਪਹਿਲਾਂ ਰਜਿੰਦਰ ਤੱਗੜ ਦੀ ਗੱਲ ਕਰ ਲੈਂਦੇ ਹਾਂ, ਬਲਤੇਜ਼ ਪੰਨੂੰ ਜਿਹੜਾ ਕਿ ਅੱਜਕੱਲ੍ਹ ਸਰਕਾਰੀ ਝੂਟਿਆਂ ਦਾ ਆਨੰਦ ਲੈ ਰਿਹਾ ਹੈ,ਉਹ ਵੀ ਕਿਸੇ ਸਮੇਂ ਕਹਿੰਦਾ ਸੀ ਕਿ ਮੈਨੂੰ ਪੱਤਰਕਾਰ ਹੋਣ ਕਰਕੇ ਜੇਲ੍ਹ ਭੇਜਿਆ ਗਿਆ। ਭਾਵੇਂ ਕਿ ਉਸ ਸਮੇਂ ਉਹ ਇੱਕ ਨਿੱਜੀ ਮਸਲੇ ਵਿੱਚ ਉਲਝਿਆ ਹੋਇਆ ਸੀ। ਅਮਨਦੀਪ, ਸਰਬਜੀਤ ਪਤਾ ਨਹੀਂ ਹੋਰ ਕਿੰਨੇ ਕੁ ਨੇ.., ਪਰ ਕੀ ਅਸੀਂ ਇਕੱਲੇ ਇਕੱਲੇ ਕੁੱਟ ਖਾਂਦੇ ਰਹਾਂਗੇ। ਸਾਨੂੰ ਇਸ ਮਸਲੇ ਦੇ ਉੱਤੇ ਵੱਡੀ ਮੂਵਮੈਂਟ ਸਿਰਜਣ ਦੀ ਲੋੜ ਹੈ। ਪੱਤਰਕਾਰ ਭਾਈਚਾਰੇ ਦੇ ਹੱਕ ਵਿੱਚ ਖੜਨ ਦੀ ਲੋੜ ਹੈ। ਮਾਲਵਿੰਦਰ ਮਾਲੀ ਦੇ ਨਾਲ ਸਹਿਮਤ ਹੋਣਾ ਹੋਰ ਗੱਲ ਹੈ ਪਰ ਉਸ ਦੇ ਨਾਲ ਜਬਰਦਸਤੀ ਹੋਣ 'ਤੇ ਸਭ ਨੂੰ ਇੱਕਮੁੱਠ ਹੋਣਾ ਚਾਹੀਦਾ ਹੈ। ਇਹ ਪ੍ਰੈਸ ਦੀ ਆਜ਼ਾਦੀ ਦਾ ਸਵਾਲ ਹੈ। ਕੋਈ ਸ਼ੱਕ ਨਹੀਂ ਹੈ ਕਿ ਪੰਜਾਬ ਦੇ ਵਿੱਚ ਹਰ ਇੱਕ ਵਰਗ ਮਾਲਵਿੰਦਰ ਮਾਲੀ ਦੇ ਹੱਕ ਵਿੱਚ ਖੜ੍ਹਾ ਹੈ, ਇੱਥੋਂ ਤੱਕ ਕਿ ਸਿਆਸਤਦਾਨ ਵੀ। ਸਭ ਤੋਂ ਪਹਿਲਾਂ ਪਰਗਟ ਸਿੰਘ ਨੇ ਹਾਅ ਦਾ ਨਾਅਰਾ ਮਾਰਿਆ। ਫੇਰ ਸੁਖਪਾਲ ਖਹਿਰਾ, ਮਜੀਠੀਆ, ਧਰਮਵੀਰ ਗਾਂਧੀ ਤੇ ਹੋਰ ਵੀ ਬਹੁਤ ਸਾਰੇ ਸਿਆਸਤਦਾਨਾਂ ਨੇ ਇਸ ਘਟਨਾ ਦੀ ਨਿੰਦਾ ਕੀਤੀ ਹੈ।

ਮਾਲਵਿੰਦਰ ਸਿੰਘ ਦੀ ਰਿਹਾਈ ਦੇ ਲਈ ਅੱਜ ਸੈਕਟਰ 17 ਚੰਡੀਗੜ੍ਹ ਦੇ ਵਿੱਚ ਪੱਤਰਕਾਰ ਭਾਈਚਾਰਾ ਤੇ ਹੋਰ ਵੀ ਬੁੱਧੀਜੀਵੀ ਤੇ ਹਰ ਖ਼ਿੱਤੇ ਦੇ ਲੋਕ ਇਕੱਠੇ ਹੋ ਰਹੇ ਨੇ। ਤੇ ਇਹ ਇੱਕ ਸੁਨੇਹਾ ਵੀ ਹੈ ਕਿ ਇੱਕ ਸੋਚ ਦਾ ਹੋਣਾ ਜ਼ਰੂਰੀ ਨਹੀਂ ਪਰ ਸਰਕਾਰਾਂ ਵੱਲੋਂ ਕੀਤੇ ਧੱਕੇ ਦੇ ਖ਼ਿਲਾਫ਼ ਇੱਕ ਮੁੱਠ ਹੋਣਾ ਵੱਡੀ ਗੱਲ ਹੈ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੋਟਾਂ ਬਣਾਉਣ ਦੀ ਮਿਤੀ ਮੁੜ ਵਧਾਈ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਦੀਆਂ ਆਮ ਚੋਣਾਂ ਲਈ ਵੋਟਾਂ ਬਣਾਉਣ ਦੀ ਮਿਤੀ ਵਿੱਚ ਇੱਕ ਵਾਰ ਹੋਰ ਵਾਧਾ ਕਰ ਦਿੱਤਾ ਗਿਆ ਹੈ। ਹੁਣ 31 ਅਕਤੂਬਰ ਤੱਕ ਵੋਟਾਂ ਬਣਾਈਆਂ ਜਾ ਸਕਦੀਆਂ ਹਨ।

ਇਸ ਤੋਂ ਪਹਿਲਾਂ ਆਖਰੀ ਮਿਤੀ 16 ਸਤੰਬਰ ਰੱਖੀ ਗਈ ਸੀ। ਮੁੱਖ ਗੁਰਦੁਆਰਾ ਚੋਣ ਕਮਿਸ਼ਨ ਦੇ ਦਫ਼ਤਰ ਨੇ ਇਸ ਸਬੰਧੀ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਭੇਜ ਦਿੱਤਾ ਹੈ। ਹਰਿਆਣਾ ਇਸ ਵਾਰ ਚੋਣ ਪ੍ਰਕਿਰਿਆ ਤੋਂ ਬਾਹਰ ਹੈ ਕਿਉਂਕਿ ਉਥੇ ਪਹਿਲਾਂ ਹੀ ਵੱਖਰੀ ਐਡਹਾਕ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਚ.ਐੱਸ.ਜੀ.ਐੱਮ.ਸੀ.) ਦਾ ਗਠਨ ਕੀਤਾ ਜਾ ਚੁੱਕਿਆ ਹੈ। 13 ਸਤੰਬਰ ਤੱਕ ਲਗਪਗ 50 ਲੱਖ ਵਿਅਕਤੀ ਵੋਟਰ ਵਜੋਂ ਆਪਣੀ ਰਜਿਸਟ੍ਰੇਸ਼ਨ ਕਰਵਾ ਚੁੱਕੇ ਹਨ। 2011 ਵਿੱਚ ਹੋਈਆਂ ਪਿਛਲੀਆਂ ਸ਼੍ਰੋਮਣੀ ਕਮੇਟੀ ਚੋਣਾਂ ਦੌਰਾਨ ਪੰਜਾਬ ਵਿੱਚ ਕੁੱਲ 52.69 ਲੱਖ 'ਯੋਗ' ਵੋਟਰ ਰਜਿਸਟਰਡ ਹੋਏ ਸਨ। ਸੂਤਰਾਂ ਨੇ ਦੱਸਿਆ ਕਿ ਕਮਿਸ਼ਨਰ, ਗੁਰਦੁਆਰਾ ਚੋਣ ਨੇ ਪਿਛਲੇ ਮਹੀਨੇ ਵਿੱਚ ਮਿਲੇ ਭਰਵੇਂ ਹੁੰਗਾਰੇ ਨੂੰ ਦੇਖਦਿਆ ਵੋਟਰ ਬਣਾਉਣ ਦੀ ਅੰਤਿਮ ਮਿਤੀ ਵਿੱਚ ਮੁੜ ਵਾਧਾ ਕੀਤਾ ਹੈ। ਪਿਛਲੇ ਮਹੀਨੇ ਦੌਰਾਨ ਰਜਿਸਟ੍ਰੇਸ਼ਨ ਲਈ ਬਿਨੈਕਾਰਾਂ ਦੀ ਗਿਣਤੀ ਵਿੱਚ ਵੱਡਾ ਵਾਧਾ ਹੋਇਆ ਹੈ। ਅਧਿਕਾਰੀ ਨੇ ਕਿਹਾ ਕਿ ਇਸ ਉਤਸ਼ਾਹ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਅਨੁਮਾਨ ਲਗਾਇਆ ਗਿਆ ਕਿ 16 ਸਤੰਬਰ ਦੀ ਅੰਤਿਮ ਤਾਰੀਖ ਤੱਕ ਅਜੇ ਵੀ ਕਈ ਵੋਟਰ ਵੋਟ ਬਣਾਉਣ ਤੋਂ ਵਾਂਝੇ ਰਹਿ ਗਏ ਹਨ। ਇਸ ਲਈ ਆਖਰੀ ਤਰੀਕ 45 ਦਿਨਾਂ ਲਈ ਹੋਰ ਵਧਾ ਦਿੱਤੀ ਗਈ ਹੈ। ਵੋਟਰ ਰਜਿਸਟਰ ਕਰਾਉਣ ਦੀ ਤਰੀਕ ਪਹਿਲਾਂ ਵੀ ਕਈ ਵਾਰ ਵਧਾਈ ਜਾ ਚੁੱਕੀ ਹੈ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸੰਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**


CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

Vehicle Registration (Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.



Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



ALL STATE INSURANCE

Allstate
You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL DRUG TESTING

Capital DRUG TESTING

Drug and Alcohol Test

DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse,
DOT Supervisor Training, SAP Classes Etc.

Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# ਮੋਹਾਲੀ ਹਵਾਈ ਅੱਡੇ 'ਤੇ ਲੱਗੇਗਾ ਸ਼ਹੀਦ ਭਗਤ ਸਿੰਘ ਦਾ ਬੁੱਤ

## ਮੁੱਖ ਮੰਤਰੀ 28 ਨੂੰ ਸ਼ਹੀਦ ਭਗਤ ਸਿੰਘ ਦੇ ਜਨਮਦਿਨ 'ਤੇ ਬੁੱਤ ਕਰਨਗੇ ਸਮਰਪਿਤ



ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਵਿੱਚ ਦੇਸ਼ਭਗਤੀ ਦੀ ਅਲਖ ਜਗਾਉਣ ਲਈ ਕੌਮਾਂਤਰੀ ਹਵਾਈ ਅੱਡਾ ਮੋਹਾਲੀ 'ਤੇ ਸ਼ਹੀਦ ਭਗਤ ਸਿੰਘ ਦਾ 30 ਫੁੱਟ ਉੱਚਾ ਬੁੱਤ ਲਗਾਇਆ ਜਾਵੇਗਾ। ਇਸ ਬੁੱਤ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ 28 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ ਮੌਕੇ ਸਮਰਪਿਤ ਕਰਨਗੇ। ਇਸ ਸਬੰਧੀ ਮੁੱਖ ਮੰਤਰੀ ਨੇ ਅੱਜ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਮਹਾਨ ਸ਼ਹੀਦ ਦਾ 30 ਫੁੱਟ ਉੱਚਾ ਬੁੱਤ ਗੰਨਮੈਟਲ ਨਾਲ ਤਿਆਰ ਕੀਤਾ ਗਿਆ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਇਹ ਬੁੱਤ ਨੌਜਵਾਨ ਪੀੜ੍ਹੀ ਨੂੰ ਦੇਸ਼ ਦੀ ਸੇਵਾ ਕਰਨ ਲਈ ਪ੍ਰੇਰਿਤ ਕਰਨ 'ਚ ਸਹਾਈ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਬੁੱਤ ਸੂਬਾ ਸਰਕਾਰ ਵੱਲੋਂ ਮਹਾਨ ਸ਼ਹੀਦ ਨੂੰ ਢੁੱਕਵੀਂ ਸ਼ਰਧਾਂਜਲੀ ਹੋਵੇਗੀ ਅਤੇ ਉਨ੍ਹਾਂ ਦੀ ਗੌਰਵਮਈ ਵਿਰਾਸਤ ਨੂੰ ਸਦਾ ਕਾਇਮ ਰੱਖਣ 'ਚ ਸਹਾਈ ਹੋਵੇਗਾ। ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਦੇ ਅਣਥੱਕ ਯਤਨਾਂ ਸਦਕਾ ਮੁਹਾਲੀ ਅੰਤਰਰਾਸ਼ਟਰੀ ਹਵਾਈ ਅੱਡੇ ਦਾ ਨਾਮ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਮਹਾਨ ਸ਼ਹੀਦਾਂ ਦੇ ਨਾਂ 'ਤੇ ਹਵਾਈ ਅੱਡਿਆਂ, ਯੂਨੀਵਰਸਿਟੀਆਂ ਅਤੇ ਹੋਰ ਅਦਾਰਿਆਂ ਦਾ ਨਾਂ ਰੱਖਣਾ ਉਨ੍ਹਾਂ ਦੀ ਗੌਰਵਮਈ ਵਿਰਾਸਤ ਨੂੰ ਕਾਇਮ ਰੱਖਣ ਲਈ ਬਹੁਤ ਜ਼ਰੂਰੀ ਹੈ।

ਸ੍ਰੀ ਮਾਨ ਨੇ ਦਾਅਵਾ ਕੀਤਾ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਵਿਚਾਰਧਾਰਾ ਦੇਸ਼ ਨੂੰ ਦਰਪੇਸ਼ ਸਾਰੀਆਂ ਸਮੱਸਿਆਵਾਂ ਦਾ ਹੱਲ ਹੈ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਦਾ ਬੁੱਤ ਹਰਿਆਣਾ, ਹਿਮਾਚਲ ਪ੍ਰਦੇਸ਼, ਉੱਤਰਾਖੰਡ, ਜੰਮੂ-ਕਸ਼ਮੀਰ ਅਤੇ ਹੋਰ ਰਾਜਾਂ ਤੋਂ ਆਉਣ ਵਾਲੇ ਮੁਸਾਫ਼ਰਾਂ ਦੇ ਨਾਲ ਨਾਲ ਵਿਦੇਸ਼ੀਆਂ ਨੂੰ ਵੀ ਇਸ ਕੌਮੀ ਨਾਇਕ ਦੁਆਰਾ ਦਿੱਤੀ ਗਈ ਮਹਾਨ ਕੁਰਬਾਨੀ ਦੀ ਯਾਦ ਦਿਵਾਉਂਦਾ ਰਹੇਗਾ। ਮੁੱਖ ਮੰਤਰੀ ਨੇ ਦੁਹਰਾਇਆ ਕਿ ਸੂਬਾ ਸਰਕਾਰ ਸ਼ਹੀਦ ਭਗਤ ਸਿੰਘ ਦੇ ਸੁਪਨੇ ਸਾਕਾਰ ਕਰਨ ਲਈ ਵਚਨਬੱਧ ਹੈ ਅਤੇ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

## ਲਾਹੌਰ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਦਿੱਤਾ ਆਖ਼ਰੀ ਮੌਕਾ

### ਸ਼ਾਦਮਾਨ ਚੌਕ ਦਾ ਨਾਮ 'ਸ਼ਹੀਦ ਭਗਤ ਸਿੰਘ' ਨਾ ਰੱਖਣ 'ਤੇ ਪੰਜਾਬ ਸਰਕਾਰ ਦੀ ਜਵਾਬ ਤਲਬੀ

ਲਾਹੌਰ/ਏ.ਟੀ.ਨਿਊਜ਼:ਇਥੋਂ ਦੇ ਸ਼ਾਦਮਾਨ ਚੌਕ ਦਾ ਨਾਮ ਸ਼ਹੀਦ ਭਗਤ ਸਿੰਘ ਰੱਖਣ ਸਬੰਧੀ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਖ਼ਿਲਾਫ਼ ਪਟੀਸ਼ਨ 'ਤੇ ਲਾਹੌਰ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਜਵਾਬ ਦਾਖ਼ਲ ਕਰਨ ਦਾ ਆਖਰੀ ਮੌਕਾ ਦਿੱਤਾ ਹੈ। ਲਾਹੌਰ ਹਾਈ ਕੋਰਟ ਦੇ ਜਸਟਿਸ ਸ਼ਮਸ ਮਹਿਮੂਦ ਮਿਰਜ਼ਾ ਨੇ ਭਗਤ ਸਿੰਘ ਯਾਦਗਾਰ ਫਾਊਂਡੇਸ਼ਨ ਪਾਕਿਸਤਾਨ ਵੱਲੋਂ ਦਾਖ਼ਲ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਮਾਮਲੇ 'ਤੇ ਜਵਾਬ ਦਾਖ਼ਲ ਕਰਨ ਲਈ ਪੰਜਾਬ ਸਰਕਾਰ ਨੂੰ ਆਖਰੀ ਮੌਕਾ ਦਿੱਤਾ। ਪੰਜਾਬ ਦੇ ਸਹਾਇਕ ਐਡਵੋਕੇਟ ਜਨਰਲ ਸਾਦ ਬਿਨ ਗ਼ਾਜ਼ੀ ਅਦਾਲਤ 'ਚ ਪੇਸ਼ ਹੋਏ ਅਤੇ ਉਨ੍ਹਾਂ ਜਵਾਬ ਦਾਖ਼ਲ ਕਰਨ ਲਈ ਹੋਰ ਸਮਾਂ ਮੰਗਿਆ। ਪਟੀਸ਼ਨਰ ਦੇ ਵਕੀਲ ਖਾਲਿਦ ਜ਼ਮਾਨ ਖ਼ਾਨ ਕਾਕੜ ਨੇ ਅਦਾਲਤ ਨੂੰ ਦੱਸਿਆ ਕਿ ਇਸ ਮਾਮਲੇ 'ਚ ਪਹਿਲਾਂ ਹੀ ਬਹੁਤ ਦੇਰੀ ਹੋ ਚੁੱਕੀ ਹੈ। ਇਸ ਮਗਰੋਂ ਜੱਜ ਨੇ ਮਾਮਲੇ ਦੀ ਸੁਣਵਾਈ 8 ਨਵੰਬਰ ਲਈ ਮੁਲਤਵੀ ਕਰ ਦਿੱਤੀ। ਫਾਊਂਡੇਸ਼ਨ ਦੇ ਚੇਅਰਮੈਨ ਇਮਤਿਆਜ਼ ਰਸ਼ੀਦ ਕੁਰੈਸ਼ੀ ਨੇ ਚੌਕ ਦਾ ਨਾਮ ਸ਼ਹੀਦ ਭਗਤ ਸਿੰਘ ਰੱਖੇ ਜਾਣ 'ਚ ਸਰਕਾਰ ਦੀ ਨਾਕਾਮੀ ਲਈ ਮਾਨਹਾਨੀ ਪਟੀਸ਼ਨ ਦਾਖ਼ਲ ਕੀਤੀ ਹੈ। ਉਨ੍ਹਾਂ ਕਿਹਾ ਕਿ ਲਾਹੌਰ ਹਾਈ ਕੋਰਟ ਨੇ 2018 'ਚ ਪੰਜਾਬ ਸਰਕਾਰ ਨੂੰ ਚੌਕ ਦਾ ਨਾਮ ਬਦਲਣ ਦੇ ਹੁਕਮ ਦਿੱਤੇ ਸਨ।

## ਪ੍ਰਤਾਪ ਬਾਜਵਾ ਨੂੰ ਮਿਲੀ ਵੱਡੀ ਜ਼ਿੰਮੇਵਾਰੀ



ਨਵੀਂ ਦਿੱਲੀ/ਏ.ਟੀ.ਨਿਊਜ਼: ਕਾਂਗਰਸ ਪਾਰਟੀ ਨੇ ਹਰਿਆਣਾ ਵਿਧਾਨ ਸਭਾ ਚੋਣਾਂ ਲਈ ਤਿੰਨ ਸੀਨੀਅਰ ਆਗੂਆਂ ਨੂੰ ਵਿਸ਼ੇਸ਼ ਅਬਜ਼ਰਵਰ ਨਿਯੁਕਤ ਕੀਤਾ ਹੈ। ਪਾਰਟੀ ਦੇ ਸੰਗਠਨ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ ਵੱਲੋਂ ਜਾਰੀ ਪ੍ਰੈੱਸ ਬਿਆਨ ਅਨੁਸਾਰ, ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਰਾਜਸਥਾਨ ਦੇ ਸਾਬਕਾ ਮੁੱਖ ਮੰਤਰੀ ਅਸ਼ੋਕ ਗਹਿਲੋਤ ਅਤੇ ਪਾਰਟੀ ਦੇ ਖਜ਼ਾਨਚੀ ਅਜੇ ਮਾਕਨ ਨੂੰ ਅਖਿਲ ਭਾਰਤੀ ਕਾਂਗਰਸ ਕਮੇਟੀ (ਏ.ਆਈ.ਸੀ.ਸੀ.) ਦਾ ਸੀਨੀਅਰ ਆਬਜ਼ਰਵਰ ਨਿਯੁਕਤ ਕੀਤਾ ਹੈ।

ਇਨ੍ਹਾਂ ਨਿਯੁਕਤੀਆਂ ਦਾ ਮਕਸਦ ਹਰਿਆਣਾ 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਅਤੇ ਰਣਨੀਤੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚਲਾਉਣਾ ਹੈ। ਚੋਣਾਂ ਦੇ ਸਮੇਂ ਇਨ੍ਹਾਂ ਆਗੂਆਂ ਦਾ ਸਿਆਸੀ ਤਜਰਬਾ ਕਾਂਗਰਸ ਲਈ ਮਹੱਤਵਪੂਰਨ ਸਾਬਤ ਹੋ ਸਕਦਾ ਹੈ। ਇਹ ਕਦਮ ਪਾਰਟੀ ਦੀ ਗੰਭੀਰਤਾ ਨੂੰ ਦਰਸਾਉਂਦਾ ਹੈ ਕਿ ਉਹ ਹਰਿਆਣਾ ਚੋਣਾਂ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਵੋਟਰਾਂ ਤੱਕ ਪਹੁੰਚਣ ਲਈ ਹਮਲਾਵਰ ਰਣਨੀਤੀ ਅਪਣਾਉਣ ਦਾ ਫੈਸਲਾ ਕੀਤਾ ਹੈ।

# 1984 'ਚ ਦਰਬਾਰ ਸਾਹਿਬ 'ਤੇ ਫ਼ੌਜੀ ਕਾਰਵਾਈ ਗ਼ਲਤ ਸੀ: ਚੰਨੀ

## ਕਾਂਗਰਸ ਆਗੂ ਨੇ ਭਾਜਪਾ ਅਤੇ ਆਰ.ਐੱਸ.ਐੱਸ. 'ਤੇ ਫ਼ੌਜ ਭੇਜਣ ਲਈ ਦਬਾਅ ਪਾਉਣ ਦਾ ਦੋਸ਼ ਲਾਇਆ



ਚੰਡੀਗੜ੍ਹ/ਏ.ਟੀ.ਨਿਊਜ਼: ਕਾਂਗਰਸ ਦੇ ਸੰਸਦ ਮੈਂਬਰ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ 1984 'ਚ ਦਰਬਾਰ ਸਾਹਿਬ 'ਤੇ ਕੀਤੀ ਗਈ ਫ਼ੌਜੀ ਕਾਰਵਾਈ 'ਗਲਤ' ਸੀ ਅਤੇ ਉਨ੍ਹਾਂ ਦੀ ਪਾਰਟੀ ਇਸ ਲਈ ਮੁਆਫੀ ਵੀ ਮੰਗ ਚੁੱਕੀ ਹੈ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਉਸ ਸਮੇਂ ਭਾਜਪਾ ਅਤੇ ਆਰ.ਐੱਸ.ਐੱਸ. ਨੇ ਦਰਬਾਰ ਸਾਹਿਬ 'ਤੇ 'ਹਮਲੇ' ਲਈ ਫ਼ੌਜ ਭੇਜਣ ਦਾ ਦਬਾਅ ਪਾਇਆ ਸੀ। ਚੰਨੀ ਨੇ ਇਹ ਟਿੱਪਣੀ ਇੱਥੇ ਪੱਤਰਕਾਰਾਂ ਵੱਲੋਂ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਦੇ ਕੇਸ ਨਾਲ ਸਬੰਧਤ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਕੀਤੀ। ਇਹ ਪੁੱਛੇ ਜਾਣ 'ਤੇ ਕਿ ਕਾਂਗਰਸ ਨੇ ਅਜੇ ਤੱਕ ਟਾਈਟਲਰ ਨੂੰ ਪਾਰਟੀ 'ਚੋਂ ਕਿਉਂ ਨਹੀਂ ਕੱਢਿਆ, ਚੰਨੀ ਨੇ ਕਿਹਾ, 'ਕਾਂਗਰਸ ਨੇ ਸਿੱਖ ਵਿਰੋਧੀ ਦੰਗਿਆਂ ਅਤੇ ਹਰਿਮੰਦਰ ਸਾਹਿਬ 'ਤੇ ਹੋਏ ਹਮਲੇ ਲਈ ਇੱਕ ਵਾਰ ਨਹੀਂ, ਕਈ ਵਾਰ ਮੁਆਫੀ ਮੰਗੀ ਹੈ। ਹਰਿਮੰਦਰ ਸਾਹਿਬ 'ਤੇ ਹਮਲਾ ਗਲਤ ਸੀ, ਕਾਂਗਰਸ ਨੇ ਵੀ ਇਸ ਨੂੰ ਸਵੀਕਾਰ ਕਰ ਲਿਆ ਹੈ।' ਉਨ੍ਹਾਂ ਸਵਾਲ ਕੀਤਾ ਕਿ ਭਾਜਪਾ 10 ਸਾਲ ਸੱਤਾ 'ਚ ਰਹਿਣ ਦੇ ਬਾਵਜੂਦ ਦੰਗਿਆਂ ਲਈ ਜ਼ਿੰਮੇਵਾਰ ਲੋਕਾਂ ਨੂੰ ਸਜ਼ਾ ਕਿਉਂ ਨਹੀਂ ਦੇ ਸਕੀ? ਇਸ ਦੌਰਾਨ ਪੰਜਾਬ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਦਿੱਲੀ ਭਾਜਪਾ ਦੇ ਆਗੂ ਤਰਵਿੰਦਰ ਸਿੰਘ ਮਰਵਾਹਾ ਰਾਹੀਂ ਲੋਕ ਸਭਾ 'ਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੂੰ ਧਮਕਾਉਣ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ ਸੰਸਦ ਦੇ ਹੇਠਲੇ ਸਦਨ ਵਿੱਚ ਚੁਣੇ ਹੋਏ ਨੁਮਾਇੰਦੇ ਅਤੇ ਵਿਰੋਧੀ ਧਿਰ ਦੇ ਆਗੂ ਨੂੰ ਧਮਕਾਉਣਾ ਬਹੁਤ ਹੀ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਅਦਾਕਾਰਾ ਅਤੇ ਮੰਡੀ ਤੋਂ ਭਾਜਪਾ ਸੰਸਦ ਮੈਂਬਰ ਕੰਗਨਾ ਰਣੌਤ ਨੇ ਕਿਸਾਨਾਂ ਖ਼ਿਲਾਫ਼ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਸਨ। ਹਾਲਾਂਕਿ ਭਾਜਪਾ ਉਸ ਖ਼ਿਲਾਫ਼ ਕਾਰਵਾਈ ਕਰਨ ਵਿੱਚ ਅਸਫਲ ਰਹੀ। ਬਾਜਵਾ ਨੇ ਹਰਦੀਪ ਸਿੰਘ ਪੁਰੀ ਅਤੇ ਇਕਬਾਲ ਸਿੰਘ ਲਾਲਪੁਰਾ ਸਮੇਤ ਭਾਜਪਾ ਆਗੂਆਂ 'ਤੇ ਉਂਗਲ ਉਠਾਉਂਦਿਆਂ ਕਿਹਾ ਕਿ ਜਦੋਂ ਪ੍ਰਦਰਸ਼ਨਕਾਰੀ ਸਿੱਖ ਕਿਸਾਨਾਂ ਨੂੰ ਖ਼ਾਲਿਸਤਾਨੀ ਅਤਿਵਾਦੀ ਕਹਿ ਕੇ ਬਦਨਾਮ ਕੀਤਾ ਗਿਆ ਤਾਂ ਉਨ੍ਹਾਂ ਨੇ ਇੱਕ ਸ਼ਬਦ ਵੀ ਕਿਉਂ ਨਹੀਂ ਬੋਲਿਆ।

# ਕੀ ਕੇਜਰੀਵਾਲ ਨਾਲ ਨਿਆਂ ਨਹੀਂ ਹੋ ਰਿਹਾ ?

## ਅਦਾਲਤੀ ਸ਼ਰਤਾਂ ਸਖ਼ਤ ਕਿਉਂ ਲਗਾਈਆਂ ਗਈਆਂ ?



ਇਹ ਕਿਹੋ ਜਿਹੀ ਅਜੀਬ ਸ਼ਰਤ ਹੈ ਕਿ ਕੇਜਰੀਵਾਲ ਜੇਲ੍ਹ ਵਿੱਚ ਰਹਿ ਰਹੇ ਪ੍ਰਧਾਨ ਵੀ ਰਹਿ ਸਕਦੇ ਹਨ ਪਰ ਜੇਲ੍ਹ ਤੋਂ ਬਾਹਰ ਆ ਕੇ ਮੁੱਖ ਮੰਤਰੀ ਦੇ ਰੂਪ ਵਿੱਚ ਕੰਮ ਨਹੀਂ ਕਰ ਸਕਦੇ!

12 ਜੁਲਾਈ ਨੂੰ ਸੁਪਰੀਮ ਕੋਰਟ ਨੇ ਕਥਿਤ ਸ਼ਰਾਬ ਨੀਤੀ ਘੁਟਾਲੇ ਨਾਲ ਸਬੰਧਿਤ ਈਡੀ ਮਾਮਲੇ ਵਿੱਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਜ਼ਮਾਨਤ ਦੇ ਦਿੱਤੀ ਸੀ। ਦੋ ਮਹੀਨੇ ਬਾਅਦ 13 ਸਤੰਬਰ ਨੂੰ ਉਸ ਨੂੰ ਸੀ.ਬੀ.ਆਈ. ਕੇਸ ਵਿੱਚ ਵੀ ਜ਼ਮਾਨਤ ਦੇ ਦਿੱਤੀ। ਦੋਵਾਂ ਮਾਮਲਿਆਂ ਵਿੱਚ ਇੱਕੋ ਜਿਹੀਆਂ ਅਤੇ ਬੇਹੱਦ ਸਖ਼ਤ ਜ਼ਮਾਨਤ ਸ਼ਰਤਾਂ ਲਗਾਈਆਂ ਗਈਆਂ ਸਨ। ਮੁੱਖ ਮੰਤਰੀ ਨੂੰ ਜ਼ਮਾਨਤ ਦੇਣ ਸਮੇਂ ਲਗਾਈਆਂ ਗਈਆਂ ਸ਼ਰਤਾਂ ਹੈਰਾਨੀਜਨਕ ਹਨ। ਕਿਉਂਕਿ ਸੁਪਰੀਮ ਕੋਰਟ ਨੇ ਖੁਦ ਕਈ ਮਾਮਲਿਆਂ ਵਿੱਚ ਕਿਹਾ ਹੈ ਕਿ ਜ਼ਮਾਨਤ ਦੇਣ ਵੇਲੇ ਸ਼ਰਤਾਂ ਸੋਚ ਸਮਝ ਕੇ ਲਾਗੂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਕੇਜਰੀਵਾਲ ਦਾ ਮਾਮਲਾ ਹੋਰ ਵੀ ਹੈਰਾਨੀਜਨਕ ਹੈ ਕਿਉਂਕਿ ਜਦੋਂ ਉਹ ਜੇਲ੍ਹ ਵਿੱਚ ਸਨ ਤਾਂ ਸੁਪਰੀਮ ਕੋਰਟ ਦੇ ਦੋ ਜੱਜਾਂ ਦੇ ਬੈਂਚ ਨੇ ਇਸ ਸਵਾਲ ਉੱਤੇ ਵਿਚਾਰ ਕੀਤਾ ਸੀ ਕਿ ਕੀ ਉਹ ਜੇਲ੍ਹ ਵਿੱਚ ਰਹਿੰਦਿਆਂ ਸਰਕਾਰ ਦੇ ਫ਼ੈਸਲਿਆਂ ਨਾਲ ਸਬੰਧਿਤ ਫਾਈਲਾਂ ਉੱਤੇ ਦਸਤਖ਼ਤ ਕਰ ਸਕਦੇ ਹਨ ਜਾਂ ਨਹੀਂ। ਪਰ ਇਕ ਹੋਰ ਬੈਂਚ ਨੇ ਉਸ ਨੂੰ ਜ਼ਮਾਨਤ ਦੇ ਦਿੱਤੀ ਅਤੇ ਉਸ ਨੂੰ ਫਾਈਲਾਂ 'ਤੇ ਦਸਤਖ਼ਤ ਕਰਨ ਤੋਂ ਰੋਕ ਦਿੱਤਾ।

ਪਹਿਲੀ ਇਹ ਕਿ ਉਹ ਮੁੱਖ ਮੰਤਰੀ ਦੇ ਤੌਰ 'ਤੇ ਆਪਣੇ ਦਫ਼ਤਰ ਨਹੀਂ ਜਾਣਗੇ। ਦੂਸਰੀ ਉਹ ਕਿਸੇ ਸਰਕਾਰੀ ਫਾਈਲ 'ਤੇ ਦਸਤਖ਼ਤ ਨਹੀਂ ਕਰਨਗੇ। ਤੀਸਰੀ ਉਹ ਇਸ ਮਾਮਲੇ ਨਾਲ ਸੰਬੰਧਿਤ ਕੋਈ ਬਿਆਨ ਨਹੀਂ ਦੇਣਗੇ। ਚੌਥੀ ਉਹ ਅਦਾਲਤੀ ਜਾਂਚ ਵਿੱਚ ਕੋਈ ਰੁਕਾਵਟ ਨਹੀਂ ਬਣਨਗੇ ਅਤੇ ਨਾ ਹੀ ਗਵਾਹਾਂ ਨੂੰ ਕਿਸੇ ਤਰ੍ਹਾਂ ਪ੍ਰਭਾਵਿਤ ਕਰਨ ਦਾ ਯਤਨ ਹੀ ਕਰਨਗੇ। ਪੰਜਵੀਂ ਉਹ ਲੋੜ ਪੈਣ 'ਤੇ ਅਦਾਲਤੀ ਹੁਕਮ 'ਤੇ ਅਦਾਲਤ ਵਿੱਚ ਪੇਸ਼ ਹੋਣਗੇ ਅਤੇ ਜਾਂਚ ਵਿੱਚ ਪੂਰਾ-ਪੂਰਾ ਸਹਿਯੋਗ ਕਰਨਗੇ। ਇਸ ਜ਼ਮਾਨਤ ਦੇ ਬਦਲੇ ਉਨ੍ਹਾਂ ਨੂੰ 10 ਲੱਖ ਰੁਪਏ ਦਾ ਬਾਂਡ ਵੀ ਭਰਨਾ ਪਿਆ ਹੈ। ਜਿਥੋਂ ਤੱਕ ਇਸ ਕੇਸ ਦਾ ਸੰਬੰਧ ਹੈ, ਹੁਣ ਤੱਕ ਪਰਤ ਦਰ ਪਰਤ ਇਸ ਦੀਆਂ ਤਹਿਆਂ ਖੁੱਲ੍ਹਦੀਆਂ ਆ ਰਹੀਆਂ ਹਨ। ਇਸ ਵਿੱਚ 17 ਦੋਸ਼ੀ ਬਣਾਏ ਗਏ ਸਨ ਅਤੇ ਇਸ ਸੰਬੰਧੀ 224 ਗਵਾਹ ਪੇਸ਼ ਵੀ ਹੋਏ ਸਨ। ਕੇਜਰੀਵਾਲ ਇਸ ਕੇਸ ਦੇ ਬਾਰ੍ਹਵੇਂ ਦੋਸ਼ੀ ਹਨ, ਜਿਨ੍ਹਾਂ ਨੂੰ ਹੁਣ ਜ਼ਮਾਨਤ ਦਿੱਤੀ ਗਈ ਹੈ।

ਪਹਿਲੇ ਦੋਸ਼ੀਆਂ ਵਿੱਚ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ, ਸੰਜੇ ਸਿੰਘ ਅਤੇ ਦੱਖਣ ਦੇ ਤੇਲੰਗਾਨਾ ਸੂਬੇ ਦੇ ਸਾਬਕਾ ਮੁੱਖ ਮੰਤਰੀ ਕੇ. ਚੰਦਰਸ਼ੇਖਰ ਰਾਓ ਦੀ ਬੇਟੀ ਕੇ. ਕਵਿਤਾ ਵੀ ਸ਼ਾਮਿਲ ਹੈ। ਦਿੱਲੀ ਸਰਕਾਰ ਦੀ ਸ਼ਰਾਬ ਨੀਤੀ ਨਾਲ ਸੰਬੰਧਿਤ ਇਹ ਕੇਸ ਪਿਛਲੇ ਲੰਮੇ ਸਮੇਂ ਤੋਂ ਚਰਚਾ ਦਾ ਵਿਸ਼ਾ ਬਣਿਆ ਰਿਹਾ ਹੈ।

ਕੇਜਰੀਵਾਲ ਨਾਲ ਕਾਨੂੰਨੀ ਵਿਤਕਰਾ ਵਾਜਿਬ ਨਹੀਂ। ਜ਼ਮਾਨਤ ਦੀਆਂ ਸ਼ਰਤਾਂ ਅਜਿਹੀਆਂ ਹੋਣੀਆਂ ਚਾਹੀਦੀਆਂ ਹਨ ਕਿ ਉਹ ਵਾਜਬ ਹੋਣ, ਵਿਅਕਤੀ ਨੂੰ ਉਸ ਦੀਆਂ ਨਿੱਜੀ ਜਾਂ ਜਨਤਕ ਜ਼ਿੰਮੇਵਾਰੀਆਂ ਨਿਭਾਉਣ ਵਿੱਚ ਰੁਕਾਵਟ ਨਾ ਪਵੇ ਅਤੇ ਉਸ ਦੇ ਸਵੈ-ਮਾਣ ਨੂੰ ਠੇਸ ਨਾ ਪਹੁੰਚਾਈ ਜਾਵੇ।

## ਰਾਹੁਲ ਗਾਂਧੀ ਦੇਸ਼ ਦੇ ਨੰਬਰ-1 ਅੱਤਵਾਦੀ, ਉਨ੍ਹਾਂ 'ਤੇ ਤਾਂ ਇਨਾਮ ਹੋਣਾ ਚਾਹੀਦਾ : ਰਵਨੀਤ ਬਿੱਟੂ



ਨਵੀਂ ਦਿੱਲੀ/ਏ.ਟੀ.ਨਿਊਜ਼ : ਕੇਂਦਰੀ ਰਾਜ ਮੰਤਰੀ ਅਤੇ ਭਾਜਪਾ ਨੇਤਾ ਰਵਨੀਤ ਸਿੰਘ ਬਿੱਟੂ ਨੇ ਕਾਂਗਰਸ ਨੇਤਾ ਰਾਹੁਲ ਗਾਂਧੀ ਨੂੰ ਲੈ ਕੇ ਵਿਵਾਦਿਤ ਬਿਆਨ ਦਿੱਤਾ ਹੈ। ਰਵਨੀਤ ਬਿੱਟੂ ਨੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੂੰ ਦੇਸ਼ ਦਾ ਨੰਬਰ ਇੱਕ ਅੱਤਵਾਦੀ ਦੱਸਿਆ ਹੈ। ਰਵਨੀਤ ਬਿੱਟੂ ਨੇ ਕਿਹਾ, 'ਰਾਹੁਲ ਗਾਂਧੀ ਨੇ ਸਿੱਖਾਂ ਨੂੰ ਵੰਡਣ ਦੀ ਕੋਸ਼ਿਸ਼ ਕੀਤੀ ਹੈ, ਸਿੱਖ ਕਿਸੇ ਪਾਰਟੀ ਨਾਲ ਜੁੜੇ ਨਹੀਂ ਹਨ ਅਤੇ ਇਹ ਚੰਗਿਆੜੀ ਲਗਾਉਣ ਦੀ ਕੋਸ਼ਿਸ਼ ਹੈ, ਰਾਹੁਲ ਗਾਂਧੀ ਦੇਸ਼ ਦੇ ਨੰਬਰ-1 ਅੱਤਵਾਦੀ ਹਨ।' ਬਿੱਟੂ ਨੇ ਇਹ ਵਿਵਾਦਤ ਗੱਲਾਂ ਰਾਹੁਲ ਗਾਂਧੀ ਦੇ ਅਮਰੀਕਾ ਵਿੱਚ ਸਿੱਖਾਂ ਬਾਰੇ ਦਿੱਤੇ ਬਿਆਨ ਨੂੰ ਲੈ ਕੇ ਕਹੀਆਂ ਹਨ।

ਕੇਂਦਰੀ ਰਾਜ ਮੰਤਰੀ ਬਿੱਟੂ ਨੇ ਭਾਗਲਪੁਰ ਵਿੱਚ ਕਿਹਾ, ਮੈਂ ਚੈਲੇਂਜ ਕੀਤਾ ਹੈ ਕੋਈ ਸਿੱਖ ਜੋ ਇੱਥੇ ਖੜਾ ਹੈ, ਜੋ ਕਿਸੇ ਪਾਰਟੀ ਨਾਲ ਜੁੜਿਆ ਨਹੀਂ ਹੈ।

(ਬਾਕੀ ਸਫ਼ਾ 30 'ਤੇ)

ਦਰਪਣ ਝੂਠ ਨਹੀਂ ਬੋਲਦਾ

# ਰਾਸ਼ਿਦ ’ਤੇ ਕਿਉਂ ਮਿਹਰਬਾਨ ਹਨ ਏਜੰਸੀਆਂ ਪਰ ਭਾਈ ਅੰਮ੍ਰਿਤਪਾਲ ਉੱਪਰ ਕਿਉਂ ਨਹੀਂ ?

## ਜ਼ਮਾਨਤ ਦੇਣੀ ਹੁਣ ਸਰਕਾਰਾਂ ਦੇ ਹੱਥ ?

ਜੇਲ੍ਹ ਵਿੱਚ ਬੰਦ ਜਿਹਾਦੀਆਂ ਦੇ ਸ਼ੱਕੀ ਮਦਦਗਾਰ ਇੰਜੀਨੀਅਰ ਰਾਸ਼ਿਦ ਨੂੰ ਚੋਣ ਪ੍ਰਚਾਰ ਲਈ ਜ਼ਮਾਨਤ ਮਿਲ ਚੁੱਕੀ ਹੈ। ਇੰਜੀਨੀਅਰ ਰਾਸ਼ਿਦ ਯੂ.ਏ.ਪੀ.ਏ. (ਗ਼ੈਰ-ਕਾਨੂੰਨੀ ਗਤੀਵਿਧੀ ਰੋਕਥਾਮ ਕਾਨੂੰਨ) ਤਹਿਤ 2019 ਤੋਂ ਜੇਲ੍ਹ ਵਿੱਚ ਸੀ। ਉਸ ਨੇ ਜੇਲ੍ਹ ਤੋਂ ਹੀ ਲੋਕ ਸਭਾ ਦੀ ਚੋਣ ਲੜੀ ਅਤੇ ਜਿੱਤ ਵੀ ਗਿਆ। ਬੜੀ ਮੁਸ਼ਕਿਲ ਨਾਲ ਉਸ ਨੂੰ ਸਹੁੰ ਚੁੱਕਣ ਲਈ ਥੋੜ੍ਹੀ ਦੇਰ ਦੀ ਜ਼ਮਾਨਤ ਮਿਲੀ ਸੀ ਅਤੇ ਸੰਸਦ ਦੀ ਕਾਰਵਾਈ ਵਿੱਚ ਹਿੱਸਾ ਲੈਣ ਲਈ ਦਾਇਰ ਕੀਤੀ ਗਈ, ਉਸ ਦੀ ਜ਼ਮਾਨਤ ਅਰਜ਼ੀ ਖ਼ਾਰਜ ਕਰ ਦਿੱਤੀ ਗਈ ਪਰ ਅਚਾਨਕ ਪਤਾ ਨਹੀਂ ਕੀ ਹੋਇਆ ਕਿ ਰਾਸ਼ਿਦ ਨੂੰ ਜੰਮੂ-ਕਸ਼ਮੀਰ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਪਣੀ ਪਾਰਟੀ ਦੇ ਉਮੀਦਵਾਰਾਂ ਦਾ ਪ੍ਰਚਾਰ ਕਰਨ ਲਈ 20 ਦਿਨ ਦੀ ਜ਼ਮਾਨਤ ਮਿਲ ਗਈ। ਉਹ ਦੋ ਅਕਤੂਬਰ ਤੱਕ ਜ਼ਮਾਨਤ ’ਤੇ ਰਹੇਗਾ। ਰਾਜ ’ਚ 18 ਤੇ 25 ਸਤੰਬਰ ਅਤੇ ਇਕ ਅਕਤੂਬਰ ਨੂੰ ਵੋਟਾਂ ਪੈਣੀਆਂ ਹਨ।

ਦਿਲਚਸਪ ਗੱਲ ਇਹ ਹੈ ਕਿ ਮਨੀ ਲਾਂਡਰਿੰਗ ਦੇ ਮਾਮਲੇ ਵਿੱਚ ਹੇਠਲੀਆਂ ਅਦਾਲਤਾਂ ਤੋਂ ਜ਼ਮਾਨਤ ਹੁੰਦਿਆਂ ਹੀ ਕੇਂਦਰੀ ਏਜੰਸੀਆਂ ਭੱਜ ਕੇ ਉੱਪਰਲੀ ਅਦਾਲਤਾਂ ’ਚ ਪਹੁੰਚ ਜਾਂਦੀਆਂ ਹਨ ਅਤੇ ਜ਼ਮਾਨਤ ਰੱਦ ਕਰਵਾ ਲੈਂਦੀਆਂ ਹਨ। ਅਰਵਿੰਦ ਕੇਜਰੀਵਾਲ ਦੇ ਮਾਮਲੇ ਵਿੱਚ ਅਜਿਹਾ ਹੋਇਆ ਪਰ ਰਾਸ਼ਿਦ ਨੂੰ ਹੇਠਲੀ ਅਦਾਲਤ ਨੇ ਜ਼ਮਾਨਤ ਦਿੱਤੀ ਤਾਂ ਏਜੰਸੀਆਂ ਜ਼ਮਾਨਤ ਦੇ ਖ਼ਿਲਾਫ਼ ਉੱਪਰਲੀ ਅਦਾਲਤ ਵਿੱਚ ਜਾਣਾ ਭੁੱਲ ਗਈਆਂ। ਹੁਣ ਇਸ ਦੇ ਬਰਅਕਸ ਹੇਮੰਤ ਸੋਰੇਨ ਨੂੰ ਰੱਖ ਕੇ ਦੇਖੋ। ਉਨ੍ਹਾਂ ਦੀ ਪਾਰਟੀ ਲੋਕ ਸਭਾ ਦੀਆਂ ਪੰਜ ਸੀਟਾਂ ’ਤੇ ਚੋਣਾਂ ਲੜ ਰਹੀ ਸੀ ਅਤੇ ਉਨ੍ਹਾਂ ਨੇ ਕੇਜਰੀਵਾਲ ਨੂੰ ਪ੍ਰਚਾਰ ਲਈ ਮਿਲੀ ਜ਼ਮਾਨਤ ਦਾ ਆਧਾਰ ਬਣਾ ਕੇ ਪ੍ਰਚਾਰ ਲਈ ਜ਼ਮਾਨਤ ਮੰਗੀ ਸੀ ਪਰ ਉਨ੍ਹਾਂ ਨੂੰ ਜ਼ਮਾਨਤ ਨਹੀਂ ਮਿਲੀ। ਕੇਜਰੀਵਾਲ ਨੂੰ ਵੀ ਸੁਪਰੀਮ ਕੋਰਟ ਨੇ ਜ਼ਮਾਨਤ ਦਿੱਤੀ ਸੀ ਪਰ ਇੰਜੀਨੀਅਰ ਰਾਸ਼ਿਦ ਨੂੰ ਤਾਂ ਹੇਠਲੀ ਅਦਾਲਤ ਨੇ ਹੀ ਪ੍ਰਚਾਰ ਲਈ ਜ਼ਮਾਨਤ ਦੇ ਦਿੱਤੀ। ਪਰ ਅੰਮ੍ਰਿਤ ਪਾਲ ਸਿੰਘ ਨੂੰ ਜ਼ਮਾਨਤ ਬਿਲਕੁਲ ਨਹੀਂ ਦਿੱਤੀ ਗਈ। ਇਸ ਦੇ ਉਲਟ ਉਸ ਦੇ ਘਰ ਤੇ ਸਮਰਥਕਾਂ ਦੇ ਘਰ ਐਨ.ਆਈ.ਏ. ਦੇ ਛਾਪੇ ਕਿਉਂ ਮਾਰੇ ਗਏ ? ਪੰਜਾਬ ਸਰਕਾਰ ਤੋਂ ਬਾਅਦ ਹੁਣ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨ.ਆਈ.ਏ.) ਨੇ ਵੀ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਸ਼ਿਕੰਜਾ ਕਿਉਂ ਕੱਸ ਦਿੱਤਾ ਹੈ ? ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਇਹ ਸਿੱਖ ਨੌਜਵਾਨਾਂ ਨੂੰ ਦਬਾਉਣ ਦੀ ਕਾਰਵਾਈ ਹੈ ਤਾਂ ਜੋ ਅੰਮ੍ਰਿਤ ਪਾਲ ਸਿੰਘ ਦੇ ਗਰੁੱਪ ਵੱਲੋਂ ਚਲਾਈਆਂ ਜਾ ਰਹੀਆਂ ਕਾਰਵਾਈਆਂ ਉੱਪਰ ਨਮਦਾ ਕਸਿਆ ਜਾਵੇ। ਰਿਸ਼ਤੇਦਾਰਾਂ ਦੇ ਘਰ ਛਾਪੇਮਾਰੀ ਤੋਂ ਬਾਅਦ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਟੀਮ ਵੀ ਐਕਟਿਵ ਹੋ ਗਈ। ਉਨ੍ਹਾਂ ਕੇਂਦਰ ਤੇ ਸੂਬਾ ਸਰਕਾਰਾਂ ’ਤੇ ਦੋਸ਼ ਲਾਏ ਹਨ। ਅੰਮ੍ਰਿਤਪਾਲ ਸਿੰਘ ਦੀ ਟੀਮ ਦੇ ਮੈਂਬਰ ਨੇ ਦੱਸਿਆ ਕਿ ਜਦੋਂ ਤੋਂ ਬਾਬਾ ਬਕਾਲਾ ਸਾਹਿਬ ਦੇ ਰੱਖੜ ਪੁੰਨਿਆ ਵਿਖੇ ਅੰਮ੍ਰਿਤਪਾਲ ਸਿੰਘ ਦੇ ਸਮਰਥਕਾਂ ਵੱਲੋਂ ਸਟੇਜ ਸਜਾਈ ਲਾਈ ਗਈ ਸੀ, ਉਦੋਂ ਤੋਂ ਕੇਂਦਰ ਤੇ ਸੂਬਾ ਸਰਕਾਰਾਂ ਘਬਰਾ ਗਈਆਂ ਹਨ। ਅੰਮ੍ਰਿਤਪਾਲ ਸਿੰਘ ਦੇ ਚਾਚਾ, ਜੀਜਾ ਤੇ ਹੋਰ ਰਿਸ਼ਤੇਦਾਰਾਂ ਦੇ ਘਰ ਛਾਪਾ ਮਾਰ ਕੇ ਉਨ੍ਹਾਂ ਨੂੰ ਨਾਜਾਇਜ਼ ਤੰਗ ਪ੍ਰੇਸ਼ਾਨ ਕੀਤਾ ਗਿਆ ਹੈ। ਜਦਕਿ 1.97 ਲੱਖ ਵੋਟਾਂ ਨਾਲ ਜਿੱਤੇ ਅੰਮ੍ਰਿਤਪਾਲ ਸਿੰਘ ਨੂੰ ਸਰਕਾਰ ਰਿਹਾਅ ਕਰਨ ਦੀ ਬਜਾਏ ਤੰਗ ਪ੍ਰੇਸ਼ਾਨ ਕਰ ਰਹੀ ਹੈ।

## ਅੰਮ੍ਰਿਤਪਾਲ ਸਿੰਘ ਤੇ ਉਸਦੇ ਸਮਰਥਕਾਂ ਦੇ ਘਰ ਐਨ.ਆਈ.ਏ. ਦੇ ਛਾਪੇ ਕਿਉਂ ?



ਇਸ ਮੌਕੇ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਕਿਹਾ ਕਿ ਇਹ 19 ਅਗਸਤ ਨੂੰ ਬਾਬਾ ਬਕਾਲਾ ਸਾਹਿਬ ਵਿਖੇ ਰੱਖੜ ਪੁੰਨਿਆ ਦੇ ਜੋੜ ਮੇਲੇ ਮੌਕੇ ਬਾਬਾ ਬਕਾਲਾ ਸਾਹਿਬ ਵਿਖੇ ਸਾਡੇ ਵਲੋਂ ਕੀਤੇ ਗਏ ਵੱਡੇ ਇਕੱਠ ਤੋਂ ਬੁਖਲਾਹਟ ਵਿੱਚ ਆ ਕੇ ਪੰਜਾਬ ਸਰਕਾਰ ਵਲੋਂ ਸਾਡੇ ਪਰਿਵਾਰ ਤੇ ਸਮਰਥਕਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ । ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੇ ਕਿਹਾ ਕਿ ਸਿੱਖ ਕੌਮ ਨੂੰ ਹੋਂਦ ਤੋਂ ਹੀ ਧੱਕੇਸ਼ਾਹੀ ਅਤੇ ਸਾਜ਼ਿਸ਼ਾਂ ਦਾ ਸ਼ਿਕਾਰ ਹੋਣਾ ਪਿਆ ਹੈ । ਭਾਈ ਅੰਮ੍ਰਿਤਪਾਲ ਸਿੰਘ ਦੇ ਰਿਸ਼ਤੇਦਾਰਾਂ ਦੇ ਘਰਾਂ ’ਚ ਕੇਂਦਰੀ ਜਾਂਚ ਏਜੰਸੀ ਦੀ ਛਾਪੇਮਾਰੀ ਵੀ ਇਸੇ ਲੜੀ ਦਾ ਹਿੱਸਾ ਹੈ। ਕੇਂਦਰੀ ਜਾਂਚ ਏਜੰਸੀਆਂ ਵਲੋਂ ਉਨ੍ਹਾਂ ਦੇ ਪਰਿਵਾਰ ਅਤੇ ਰਿਸ਼ਤੇਦਾਰਾਂ ਨੂੰ ਪ੍ਰੇਸ਼ਾਨ ਕਰਨਾ ਹੋਰ ਵੀ ਨਿੰਦਣਯੋਗ ਗੱਲ ਹੈ।

ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਸਰਕਾਰ ਦੀਆਂ ਸ਼ਰਤਾਂ ਮੰਨਣ ਤੋਂ ਇਨਕਾਰੀ ਹੈ। ਇਹ ਸਰਕਾਰ ਦੀ ਮਰਜ਼ੀ ਹੈ ਕਿ ਜ਼ਮਾਨਤ ਕਿਸਨੂੰ ਦੇਣੀ ਹੈ, ਕਿਸਨੂੰ ਨਹੀਂ ਦੇਣੀ ? ਅਦਾਲਤਾਂ ਦੀ ਦਖਲ ਅੰਦਾਜ਼ੀ ਇਸ ਵਿੱਚ ਘੱਟ ਹੀ ਹੈ।

# ਹਰਿਆਣਾ ਚੋਣਾਂ ਵਿੱਚ ਭਾਜਪਾ ਦਾ ਨੁਕਸਾਨ ਕਰੇਗਾ ਬ੍ਰਿਜਭੂਸ਼ਨ

## ਹਾਈਕਮਾਂਡ ਦੇ ਹੁਕਮਾਂ ਦੀ ਪਰਵਾਹ ਨਾ ਕਰਕੇ ਵਿਨੇਸ਼ ਫੋਗਾਟ ਉੱਪਰ ਕਰ ਰਿਹੈ ਅਨੈਤਿਕ ਹਮਲੇ



ਭਾਜਪਾ ਦੇ ਸਾਬਕਾ ਸੰਸਦ ਮੈਂਬਰ ਅਤੇ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਬ੍ਰਿਜਭੂਸ਼ਨ ਸ਼ਰਨ ਸਿੰਘ ਆਪਣੀ ਪਾਰਟੀ ਦੇ ਸਿਖਰਲੇ ਆਗੂਆਂ ਦੀ ਗੱਲ ਮੰਨਣ ਨੂੰ ਰਾਜ਼ੀ ਨਹੀਂ ਹੈ। ਪਾਰਟੀ ਵਲੋਂ ਉਨ੍ਹਾਂ ਨੂੰ ਦੋ ਵਾਰ ਸਮਝਾਇਆ ਗਿਆ ਕਿ ਉਹ ਉਲੰਪੀਅਨ ਪਹਿਲਵਾਨਾਂ-ਵਿਨੇਸ਼ ਫੋਗਾਟ, ਬਜਰੰਗ ਪੂਨੀਆ ਅਤੇ ਸਾਕਸ਼ੀ ਮਲਿਕ ਦੇ ਖ਼ਿਲਾਫ਼ ਕੁਝ ਨਾ ਬੋਲੇ ਪਰ ਉਹ ਨਹੀਂ ਮੰਨ ਰਹੇ ਹਨ। ਪਾਰਟੀ ਪ੍ਰਧਾਨ ਜੇ.ਪੀ. ਨੱਢਾ ਨੇ ਟੈਲੀਫੋਨ ’ਤੇ ਉਨ੍ਹਾਂ ਨਾਲ ਗੱਲ ਕੀਤੀ ਅਤੇ ਚੁੱਪ ਰਹਿਣ ਨੂੰ ਕਿਹਾ। ਹਰਿਆਣਾ ਦੇ ਆਗੂਆਂ ਨੇ ਤਾਂ ਖੁੱਲ੍ਹੇਆਮ ਨਾਰਾਜ਼ਗੀ ਜਤਾਈ ਅਤੇ ਕਿਹਾ ਕਿ ਉਨ੍ਹਾਂ ਦੇ ਬਿਆਨਾਂ ਨਾਲ ਭਾਜਪਾ ਨੂੰ ਚੋਣਾਂ ਵਿੱਚ ਨੁਕਸਾਨ ਹੋ ਸਕਦਾ ਹੈ, ਕਿਉਂਕਿ ਉਲੰਪਿਕ ਵਿੱਚ ਗ਼ਲਤ ਤਰੀਕੇ ਨਾਲ ਅਯੋਗ ਠਹਿਰਾਏ ਜਾਣ ਤੋਂ ਬਾਅਦ ਵਿਨੇਸ਼ ਪ੍ਰਤੀ ਲੋਕਾਂ ਦੀ ਹਮਦਰਦੀ ਹੈ ਪਰ ਬ੍ਰਿਜਭੂਸ਼ਨ ਦੀ ਆਪਣੀ ਸਮੱਸਿਆ ਹੈ। ਉਨ੍ਹਾਂ ਨੂੰ ਭਾਜਪਾ ਤੋਂ ਜ਼ਿਆਦਾ ਚਿੰਤਾ ਕੁਸ਼ਤੀ ਫੈਡਰੇਸ਼ਨ ਦੀ ਰਾਜਨੀਤੀ ਨੂੰ ਲੈ ਕੇ ਹੈ। ਜੇਕਰ ਹਰਿਆਣਾ ’ਚ ਕਾਂਗਰਸ ਜਿੱਤਦੀ ਹੈ ਅਤੇ ਵਿਨੇਸ਼ ਫੋਗਾਟ ਨੂੰ ਸਰਕਾਰ ’ਚ ਥਾਂ ਮਿਲਦੀ ਹੈ ਤਾਂ ਕੁਸ਼ਤੀ ਫੈਡਰੇਸ਼ਨ ਦੀ ਰਾਜਨੀਤੀ ਨੂੰ ਉਹ ਪ੍ਰਭਾਵਿਤ ਕਰ ਸਕਦੀ ਹੈ। ਇਸ ਲਈ ਪਹਿਲਾਂ ਬ੍ਰਿਜਭੂਸ਼ਨ ਨੇ ਕਿਹਾ ਕਿ ਵਿਨੇਸ਼ ਫੋਗਾਟ ਗ਼ਲਤ ਤਰੀਕੇ ਨਾਲ ਉਲੰਪਿਕ ’ਚ ਚਲੀ ਗਈ ਸੀ। ਇਸ ’ਤੇ ਉਨ੍ਹਾਂ ਨੂੰ ਚੁੱਪ ਰਹਿਣ ਨੂੰ ਕਿਹਾ ਗਿਆ ਪਰ ਉਹ ਫਿਰ ਬੋਲੇ ਕਿ ਜੇਕਰ ਭਾਜਪਾ ਹਾਈਕਮਾਨ ਕਹੇ ਤਾਂ ਉਹ ਵਿਨੇਸ਼ ਦੇ ਖ਼ਿਲਾਫ਼ ਹਰਿਆਣਾ ਵਿੱਚ ਪ੍ਰਚਾਰ ਕਰਨਗੇ।

ਫਿਰ ਉਨ੍ਹਾਂ ਨੇ ਕਿਹਾ ਕਿ ਜਿਸ ਤਰ੍ਹਾਂ ਮਹਾਭਾਰਤ ਵਿੱਚ ਪਾਂਡਵਾਂ ਨੇ ਦਰੋਪਦੀ ਨੂੰ ਦਾਅ ’ਤੇ ਲਗਾਇਆ ਸੀ, ਉਸੇ ਤਰ੍ਹਾਂ ਕਾਂਗਰਸ ਨੇ ਵਿਨੇਸ਼ ਅਤੇ ਬਜਰੰਗ ਨੂੰ ਲਗਾਇਆ ਹੈ। ਉਦੋਂ ਨੱਢਾ ਨੇ ਫ਼ੋਨ ਕਰਕੇ ਚੁੱਪ ਰਹਿਣ ਨੂੰ ਕਿਹਾ ਪਰ ਉਹ ਨਾ ਮੰਨੇ ਅਤੇ ਉਨ੍ਹਾਂ ਨੇ ਅਖ਼ਬਾਰਾਂ ’ਚ ਛਪੇ ਰਾਹੁਲ ਗਾਂਧੀ ਦੇ ਨਾਲ ਵਿਨੇਸ਼ ਦੀ ਤਸਵੀਰ ਨੂੰ ਲੈ ਕੇ ਵੀ ਇਹ ਬੇਹੱਦ ਭੱਦੀ ਟਿੱਪਣੀ ਕਰ ਦਿੱਤੀ।

ਵਿਨੇਸ਼ ਫਿਗੋਟ ਉੱਪਰ ਘਟੀਆ ਟਿੱਪਣੀਆਂ ਕਾਰਨ ਜਾਟ ਭਾਈਚਾਰਾ ਭਾਜਪਾ ਤੋਂ ਖਾਸਾ ਨਰਾਜ਼ ਹੈ। ਜਾਟ ਭਾਈਚਾਰਾ ਕਾਂਗਰਸ ਦੀ ਮਦਦ ਉੱਪਰ ਇੱਕਮੁੱਠ ਹੋਕੇ ਨਿਤਰਿਆ ਹੋਇਆ ਹੈ।

# ਗਿੱਦੜਬਾਹਾ ਦੀ ਚੋਣ ਨੂੰ ਲੈ ਕੇ ਪੰਥਕ ਸਰਗਰਮੀਆਂ ਵਧੀਆਂ

## ਪੰਥਕ ਧਿਰਾਂ ਬਾਦਲ ਦਲ ਲਈ ਫਿਰ ਸਿਰਦਰਦੀ ਬਣਨਗੀਆਂ

➢ਕੀ ਸੁਖਬੀਰ ਬਾਦਲ ਚੋਣ ਲੜਨਗੇ ? ➢ ਪੰਥਕ ਧੜਿਆਂ ਵਲੋਂ ਸੁਖਰਾਜ ਤੇ ਦੀਪ ਸਿੱਧੂ ਦਾ ਭਰਾ ਲੜੇਗਾ ਚੋਣ

ਪੰਜਾਬ ਅੰਦਰ 4 ਵਿਧਾਨ ਸਭਾ ਹਲਕਿਆਂ ਵਿੱਚ ਹੋਣ ਵਾਲੀਆਂ ਜ਼ਿਮਨੀ ਚੋਣਾਂ ਨੂੰ ਲੈ ਕੇ ਸੂਬੇ ਦੀਆਂ ਸਮੂਹ ਰਾਜਨੀਤਕ ਪਾਰਟੀਆਂ ਵਿੱਚ ਹਲਚਲ ਤੇਜ਼ ਹੋ ਰਹੀ ਹੈ । ਇਨ੍ਹਾਂ ਵਿਧਾਨ ਸਭਾ ਹਲਕਿਆਂ ਬਰਨਾਲਾ, ਡੇਰਾ ਬਾਬਾ ਨਾਨਕ, ਚੱਬੇਵਾਲ ਅਤੇ ਸਭ ਤੋਂ ਪ੍ਰਮੁੱਖ ਹੌਟ ਸੀਟ ਵਾਲਾ ਹਲਕਾ ਗਿੱਦੜਬਾਹਾ ਦੀ ਚੋਣ ਲਈ ਸਮੂਹ ਰਾਜਨੀਤਿਕ ਪਾਰਟੀਆਂ ਵਲੋਂ ਚੋਣਾਂ ਦੀ ਤਰੀਕ ਐਲਾਨੇ ਜਾਣ ਤੋਂ ਪਹਿਲਾਂ ਹੀ ਆਪਣੇ-ਆਪਣੇ ਤਰੀਕਿਆਂ ਨਾਲ ਵੋਟਰਾਂ ਨੂੰ ਲੁਭਾਉਣ ਲਈ ਆਪਣੇ ਦਾਅ ਪੇਚ ਲੜਾਉਣੇ ਸ਼ੁਰੂ ਕਰ ਦਿੱਤੇ ਹਨ।

ਮਾਲਵੇ ਦੀ ਸਭ ਤੋਂ ਹੌਟ ਸੀਟ ਤੋਂ ਸ਼੍ਰੋਮਣੀ ਅਕਾਲੀ ਦਲ (ਬ) ਦੀ ਟਿਕਟ ਦੇ ਮੁੱਖ ਦਾਅਵੇਦਾਰ ਹਰਦੀਪ ਸਿੰਘ ਡਿੰਪੀ ਢਿੱਲੋਂ (ਦੀਪ ਬੱਸ) ਵੱਲੋਂ ਪਾਰਟੀ ਛੱਡ ਕੇ ‘ਆਪ’ ਦਾ ਪੱਲਾ ਫੜ ਲੈਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ (ਬ) ਵੱਲੋਂ ਸੁਖਬੀਰ ਸਿੰਘ ਬਾਦਲ ਦੀ ਗਿੱਦੜਬਾਹਾ ਵਿਧਾਨ ਸਭਾ ਹਲਕੇ ਤੋਂ ਚੋਣ ਲੜਣ ਦੀ ਮੰਗ ਅਕਾਲੀ ਵਰਕਰਾਂ ਵਿੱਚ ਵੱਧਦੀ ਜਾ ਰਹੀ ਹੈ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਿਆ ਹੈ ਕਿ ਸੁਖਬੀਰ ਸਿੰਘ ਬਾਦਲ ਵਲੋਂ ਆਪਣੀ ਪਾਰਟੀ ਦੇ ਵਰਕਰਾਂ ਦੀ ਰੌਂਅ ਜਾਣਨ ਲਈ ਲਗਾਤਾਰ ਵਰਕਰ ਮਿਲਣੀਆਂ ਸ਼ੁਰੂ ਕੀਤੀਆਂ ਹੋਈਆਂ ਹਨ। ਇਹ ਗੱਲ ਵੀ ਸਾਹਮਣੇ ਆਈ ਹੈ ਕਿ ਅਕਾਲੀ ਦਲ ਦੇ ਪੰਜਾਬ ਭਰ ਦੇ ਵਰਕਰ ਅਤੇ ਲੀਡਰਸ਼ਿਪ ਸੁਖਬੀਰ ਨੂੰ ਗਿੱਦੜਬਾਹਾ ਚੋਣ ਲਈ ਮੈਦਾਨ ਵਿੱਚ ਉਤਾਰੇ ਜਾਣ ਦੇ ਹੱਕ ਵਿੱਚ ਆਪਣਾ ਹੁੰਗਾਰਾ ਭਰ ਰਹੇ ਹਨ ।ਪਾਰਟੀ ਵਰਕਰਾਂ ਅਤੇ ਲੀਡਰਸ਼ਿਪ ਦੇ ਰੌਂਅ ਮੁਤਾਬਿਕ ਸੁਖਬੀਰ ਗਿੱਦੜਬਾਹਾ ਤੋਂ ਉਮੀਦਵਾਰ ਬਣਦੇ ਹਨ ਤਾਂ ਗਿੱਦੜਬਾਹਾ ਸੀਟ ਤੋਂ ਆਪਣੀ ਜਿੱਤ ਦੀਆਂ ਕਿਆਸਅਰਾਈਆਂ ਲਗਾਈ ਬੈਠੀਆਂ ਸਿਆਸੀ ਪਾਰਟੀਆਂ ਲਈ ਗਿੱਦੜਬਾਹਾ ’ਤੇ ਕਿਲ੍ਹਾ ਫਤਹਿ ਕਰਨਾ ਆਸਾਨ ਨਹੀਂ ਹੋਵੇਗਾ ।



ਦੂਜੇ ਪਾਸੇ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਦੀਪ ਸਿੱਧੂ ਦੇ ਭਰਾ ਮਨਦੀਪ ਸਿੰਘ ਸਿੱਧੂ ਗਿੱਦੜਬਾਹਾ ਤੋਂ ਜ਼ਿਮਨੀ ਚੋਣ ਲੜਨਗੇ। ਗਰਮ ਖ਼ਿਆਲੀ ਅਤੇ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਅਤੇ ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਨੇ ਗਿੱਦੜਬਾਹਾ ਦੌਰੇ ਦੌਰਾਨ ਮਨਦੀਪ ਸਿੱਧੂ ਨੂੰ ਪੰਥਕ ਉਮੀਦਵਾਰ ਐਲਾਨ ਦਿੱਤਾ। ਇਸ ਦੇ ਨਾਲ ਹੀ ਗਿੱਦੜਬਾਹਾ ਵਿੱਚ ਵੀ ਨੁੱਕੜ ਮੀਟਿੰਗਾਂ ਕੀਤੀਆਂ ਗਈਆਂ ਹਨ।

ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਨੇ ਦੱਸਿਆ ਕਿ ਗਿੱਦੜਬਾਹਾ ਆਉਣ ਦੇ ਉਨ੍ਹਾਂ ਦੇ ਦੋ ਮਕਸਦ ਸਨ। ਇੱਕ ਤਾਂ ਉਨ੍ਹਾਂ ਲੋਕਾਂ ਦਾ ਧੰਨਵਾਦ ਕਰਨਾ ਸੀ ਜਿਨ੍ਹਾਂ ਨੇ ਉਸ ਨੂੰ ਵੱਡੇ ਫ਼ਰਕ ਨਾਲ ਜਿਤਾਇਆ। ਦੂਜਾ, ਮਨਦੀਪ ਸਿੰਘ ਸਿੱਧੂ ਨੂੰ ਸਾਰਿਆਂ ਨਾਲ ਜਾਣ-ਪਛਾਣ ਕਰਵਾਉਣੀ ਸੀ। ਜ਼ਿਮਨੀ ਚੋਣ ਵਿੱਚ ਗਿੱਦੜਬਾਹਾ ਤੋਂ ਮਨਦੀਪ ਸਿੰਘ ਸਿੱਧੂ ਉਮੀਦਵਾਰ ਹੋਣਗੇ। ਹੁਣ ਮਨਦੀਪ ਸਿੱਧੂ ਨੂੰ ਉਸੇ ਵੱਡੇ ਫਰਕ ਨਾਲ ਜਿਤਾਉਣ ਲਈ ਕਿਹਾ ਗਿਆ ਹੈ ਜਿਸ ਨਾਲ ਲੋਕਾਂ ਨੇ ਉਨ੍ਹਾਂ ਨੂੰ ਜਿਤਾਇਆ ਸੀ।

ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਵੀ ਉਨ੍ਹਾਂ ਦੇ ਨਾਲ ਰਹੇ। ਤਰਸੇਮ ਸਿੰਘ ਨੇ ਕਿਹਾ ਕਿ ਲੰਬੇ ਸਮੇਂ ਬਾਅਦ ਦੀਪ ਸਿੱਧੂ ਨੇ ਹੀ ਸਿੱਖਾਂ ਦੀ ਆਵਾਜ਼ ਬੁਲੰਦ ਕੀਤੀ ਹੈ।

ਫਰੀਦਕੋਟ ਜ਼ਿਲ੍ਹੇ ਦੇ ਬਰਗਾੜੀ ਵਿਖੇ 14 ਅਕਤੂਬਰ 2015 ਨੂੰ ਬਹਿਬਲ ਕਲਾਂ ਵਿਖੇ ਬੇਅਦਬੀ ਕਾਂਡ ਦੇ ਵਿਰੋਧ ਵਿੱਚ ਪ੍ਰਦਰਸ਼ਨ ਕਰ ਰਹੇ ਲੋਕਾਂ ’ਤੇ ਪੁਲਿਸ ਵੱਲੋਂ ਗੋਲੀ ਚਲਾ ਕੇ ਦੋ ਸਿੱਖ ਪ੍ਰਦਰਸ਼ਨਕਾਰੀ ਗੁਰਜੀਤ ਸਿੰਘ ਪਿੰਡ ਸਰਾਵਾਂ ਅਤੇ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਨਿਆਮੀਵਾਲਾ ਦੇ ਕ੍ਰਿਸ਼ਨ ਭਗਵਾਨ ਸਿੰਘ ਦੀ ਮੌਤ ਹੋ ਗਈ ਸੀ। ਹੁਣ ਕ੍ਰਿਸ਼ਨ ਭਗਵਾਨ ਸਿੰਘ ਦੇ ਪੁੱਤਰ ਸੁਖਰਾਜ ਸਿੰਘ ਨੇ ਵੀ ਗਿੱਦੜਬਾਹਾ ਤੋਂ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ।

ਸੁਖਰਾਜ ਸਿੰਘ ਨੇ ਇਹ ਐਲਾਨ ਕਰਦਿਆਂ ਕਿਹਾ ਕਿ ਅਸੀਂ ਪਿਛਲੇ ਨੌਂ ਸਾਲਾਂ ਤੋਂ ਇਨਸਾਫ਼ ਦੀ ਉਡੀਕ ਕਰ ਰਹੇ ਹਾਂ। ਸ਼ਾਂਤਮਈ ਧਰਨੇ ਦੌਰਾਨ ਮੇਰੇ ਪਿਤਾ ਦੀ ਹੱਤਿਆ ਕਰ ਦਿੱਤੀ ਗਈ, ਪਰ ਤਿੰਨ ਸਰਕਾਰਾਂ ਨੇ ਇਨਸਾਫ਼ ਨਹੀਂ ਦਿੱਤਾ। ਅਸੀਂ ਪ੍ਰਦਰਸ਼ਨਾਂ ਰਾਹੀਂ ਨੇਤਾਵਾਂ ਨੂੰ ਸਵਾਲ ਪੁੱਛਦੇ ਰਹੇ ਹਾਂ, ਪਰ ਜੋ ਵੀ ਸਰਕਾਰ ਕੋਲ ਆਉਂਦਾ ਹੈ, ਉਹ ਭੱਜਣ ਦੀ ਕੋਸ਼ਿਸ਼ ਕਰਦਾ ਹੈ। ਹੁਣ ਮੈਂ ਦੂਜੇ ਨੇਤਾਵਾਂ ’ਤੇ ਨਿਰਭਰ ਰਹਿਣ ਦੀ ਬਜਾਏ ਵਿਧਾਨ ਸਭਾ ਵਿੱਚ ਉਨ੍ਹਾਂ ਤੋਂ ਸਿੱਧੇ ਸਵਾਲ ਪੁੱਛਣਾ ਚਾਹੁੰਦਾ ਹਾਂ। ਅਸੀਂ ਵਿਧਾਨ ਸਭਾ ਵਿੱਚ ਉਨ੍ਹਾਂ ਦੇ ਵਿਚਕਾਰ ਆਵਾਂਗੇ ਅਤੇ ਉਨ੍ਹਾਂ ਦੇ ਵਿਰੁੱਧ ਲੜਾਂਗੇ ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਇਸ ਹਲਕੇ ਤੋਂ ਪੰਥਕ ਉਮੀਦਵਾਰ ਜਿੱਤੇ ਜਾਂ ਨਾ ਜਿੱਤੇ, ਪਰ ਬਾਦਲ ਪਰਿਵਾਰ ਲਈ ਵੱਡੀ ਸਿਰਦਰਦੀ ਪੈਦਾ ਕਰੇਗਾ। ਪਤਾ ਇਹ ਵੀ ਲੱਗਿਆ ਹੈ ਕਿ ਸੁਖਬੀਰ ਇਨ੍ਹਾਂ ਸਥਿਤੀਆਂ ਨੂੰ ਦੇਖਦਿਆਂ ਸ਼ਾਇਦ ਹੀ ਚੋਣ ਲੜਨ।

# ਸੋਮਨਾਥ ਮੰਦਰ ਦਾ ਲੁਟੇਰਾ ਮਹਿਮੂਦ ਗ਼ਜ਼ਨਵੀ ਪੰਜਾਬ ਦੇ ਜੱਟਾਂ ਅੱਗੇ ਗੋਡੇ ਟੇਕ ਗਿਆ

## ਪੰਥਕ ਰਾਜਨੀਤੀ ਸਿਰਜਣਾ ਸਤਿਗੁਰੂ ਨੂੰ ਸਮਰਪਿਤ ਜੱਟ ਸਿੱਖਾਂ ਅੱਗੇ ਵੱਡੀ ਚੁਣੌਤੀ

## ਜੱਟ ਸਿੱਖ ਭਾਈਚਾਰੇ ਲਈ ਇਤਿਹਾਸ, ਸਿੱਖ ਫ਼ਿਲਾਸਫ਼ੀ ਸਮਝਣ ਦਾ ਵੇਲਾ



ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916

ਇਤਿਹਾਸ, ਫ਼ਿਲਾਸਫ਼ੀ ਨੂੰ ਸਮਝੇ ਬਿਨਾਂ ਨਾ ਤਾਂ ਤੁਸੀਂ ਨਵੇਂ ਵਿਅਕਤੀ ਜਿਸ ਨੂੰ ਸਤਿਗੁਰੂ ਨਾਨਕ ਜੀ ਨੇ ਗੁਰਮੁਖ ਕਿਹਾ ਹੈ, ਦੀ ਸਿਰਜਣਾ ਕਰ ਸਕਦੇ ਹੋ ਨਾ ਆਦਰਸ਼ਵਾਦੀ ਸਮਾਜ ਤੇ ਨਾ ਹੀ ਆਦਰਸ਼ਵਾਦੀ ਰਾਜਨੀਤੀ ਦੀ। ਅੱਜ ਸਾਡੇ ਸਾਹਮਣੇ ਅਕਾਲੀ ਰਾਜਨੀਤੀ ਦਾ ਸੰਕਟ ਗੰਭੀਰ ਹੈ, ਜਿਸ ਉੱਪਰ ਗੁਨਾਹਗਾਰ ਅਕਾਲੀ ਲੀਡਰ ਦਾ ਕਬਜ਼ਾ ਹੈ ਜੋ ਕਾਰਪੋਰੇਟ ਵਾਂਗ ਅਕਾਲੀ ਦਲ ਨੂੰ ਚਲਾਉਣਾ ਚਾਹੁੰਦਾ ਹੈ। ਪਰ ਸਿੱਖ ਪੰਥ ਬਾਗੀ ਹੈ। ਨਵੀਂ ਸਿਰਜਣਾ ਕਿਵੇਂ ਹੋਵੇ ਤਾਂ ਇਹ ਕਥਾ ਵੀ ਹੈ, ਬੁਝਾਰਤ ਵੀ ਹੈ ਜੱਟ ਸਿੱਖਾਂ ਲਈ।

ਇਸ ਤੋਂ ਤੁਹਾਨੂੰ ਅਕਾਲੀ ਦਲ ਦੀ ਗਿਰਾਵਟ ਤੇ ਸਤਿਗੁਰੂ ਦੇ ਸਿਧਾਂਤ ਦੀ ਸਮਝ ਪਵੇਗੀ ਕਿ ਅਸੀਂ ਗਲ ਕਿਥੋਂ ਸੰਗਠਨ ਹੋਣ ਦੀ ਸ਼ੁਰੂ ਕਰਨੀ ਹੈ। ਇਹ ਜੱਟਾਂ ਦੀ ਆਰਥਿਕਤਾ, ਸੱਭਿਆਚਾਰ ਦੀ ਰਾਖੀ ਦਾ ਵੀ ਸੁਆਲ ਹੈ। ਪੰਜਾਬ ਤੇ ਪੰਥ ਦੀ ਹੋਣੀ ਦਾ ਵੀ। ਜੱਟਾਂ ਦੀ ਆਰਥਿਕਤਾ ਤੇ ਅਣਖ ਦਾ ਮਸਲਾ ਆਪਣੀ ਅਕਾਲੀ ਰਾਜਨੀਤੀ ਨੂੰ ਸੰਭਾਲਣ ਤੇ ਸਿਰਜਣਾ ਵਿੱਚ ਹੈ। ਇਹ ਇਤਿਹਾਸਕ ਕਥਾ ਜੋ ਮੈਂ ਤੁਹਾਨੂੰ ਸੁਣਾ ਰਿਹਾ ਹਾਂ, ਤੁਹਾਡੇ ਲਈ ਦਿਲਚਸਪ ਵੀ ਹੈ ਲਾਭਦਾਇਕ ਵੀ ਹੈ।

### ਮਹਿਮੂਦ ਗ਼ਜ਼ਨਵੀ ਨੂੰ ਪੰਜਾਬ ਦੇ ਜੱਟਾਂ ਨੇ ਦਿੱਤੀ ਚੁਣੌਤੀ

ਮਹਿਮੂਦ ਗ਼ਜ਼ਨੀ ਯਮਨ ਰਾਜਵੰਸ਼ ਨਾਲ ਸਬੰਧਿਤ ਸੀ। ਉਸ ਦਾ ਜਨਮ 971 ਈ.ਸੁਬਕਤਗਿਨ ਦੇ ਘਰ ਹੋਇਆ ਸੀ। ਮਹਿਮੂਦ ਗ਼ਜ਼ਨੀ ਮਹਿਜ਼ 27 ਸਾਲ ਦੀ ਉਮਰ ਵਿੱਚ ਰਾਜ ਦਾ ਮੁਖੀ ਬਣਿਆ। ਇਹ ਪੂਰਬੀ ਇਰਾਨ ਦੀ ਧਰਤੀ ਵਿੱਚ ਆਪਣੇ ਸਾਮਰਾਜ ਦੇ ਵਿਸਥਾਰ ਲਈ ਜਾਣਿਆ ਜਾਂਦਾ ਹੈ।

ਭਾਰਤ ਦੀ ਦੌਲਤ ਤੋਂ ਆਕਰਸ਼ਿਤ ਹੋ ਕੇ ਗ਼ਜ਼ਨਵੀ ਨੇ ਭਾਰਤ ’ਤੇ 17 ਵਾਰ ਹਮਲੇ ਕੀਤੇ। ਆਪਣੇ 17 ਹਮਲਿਆਂ ਵਿੱਚ ਉਸਨੇ ਕਈ ਸਾਮਰਾਜਾਂ ਨੂੰ ਤਬਾਹ ਕਰ ਦਿੱਤਾ ਤੇ ਖਾਸ ਕਰਕੇ ਹਿੰਦੂਆਂ ਦਾ ਕਤਲੇਆਮ ਕੀਤਾ। ਮਹਿਮੂਦ ਗ਼ਜ਼ਨੀ ਨੇ ਭਾਰਤ ਉੱਤੇ ਪਹਿਲੀ ਵਾਰ 1001 ਈ. ਜਦੋਂ ਗ਼ਜ਼ਨੀ ਦੇ ਮਹਿਮੂਦ ਨੇ ਦੂਜੀ ਵਾਰ ਭਾਰਤ ’ਤੇ ਹਮਲਾ ਕੀਤਾ, ਤਾਂ ਉਸਨੇ ਸਰਹੱਦੀ ਖੇਤਰਾਂ ਦੇ ਸ਼ਾਹੀ ਰਾਜੇ ਜੈਪਾਲ



ਨੂੰ ਇੱਕ ਲੜਾਈ ਵਿੱਚ ਹਰਾ ਦਿੱਤਾ ਅਤੇ ਬਹਿੰਦ ਉੱਤੇ ਕਬਜ਼ਾ ਕਰ ਲਿਆ। ਦੱਸਿਆ ਜਾਂਦਾ ਹੈ ਕਿ ਜੈਪਾਲ ਇਸ ਹਾਰ ਨੂੰ ਬਰਦਾਸ਼ਤ ਨਹੀਂ ਕਰ ਸਕਿਆ ਅਤੇ ਉਸ ਨੇ ਆਪਣੇ ਆਪ ਨੂੰ ਅੱਗ ਲਗਾ ਕੇ ਖ਼ੁਦਕੁਸ਼ੀ ਕਰ ਲਈ।

ਮਹਿਮੂਦ ਗ਼ਜ਼ਨੀ ਦਾ ਸਭ ਤੋਂ ਵੱਡਾ ਹਮਲਾ ਕਾਠੀਆਵਾੜ ਦੇ ਸੋਮਨਾਥ ਮੰਦਰ ’ਤੇ 1026 ਈ. ਇਹ ਭਾਰਤ ਲਈ ਉਸ ਸਮੇਂ ਦਾ ਸਭ ਤੋਂ ਵੱਡਾ ਹਮਲਾ ਸੀ। ਦੇਸ਼ ਦੀ ਪੱਛਮੀ ਸਰਹੱਦ ’ਤੇ ਪ੍ਰਾਚੀਨ ਕੁਸ਼ਸਥਲੀ ਅਤੇ ਅਜੋਕੇ ਸੌਰਾਸ਼ਟਰ (ਗੁਜਰਾਤ) ਵਿੱਚ ਕਾਠੀਆਵਾੜ ਵਿੱਚ ਸਮੁੰਦਰ ਤੱਟ ’ਤੇ ਸੋਮਨਾਥ ਮਹਾਦੇਵ ਦਾ ਇੱਕ ਪ੍ਰਾਚੀਨ ਮੰਦਰ ਹੈ, ਜਿਸ ਦਾ ਜ਼ਿਕਰ ਸਕੰਦ ਪੁਰਾਣ ਵਿੱਚ ਵੀ ਮਿਲਦਾ ਹੈ। ਹਮਲੇ ਦੌਰਾਨ ਗ਼ਜ਼ਨੀ ਦੇ ਮਹਿਮੂਦ ਨੇ ਸੋਮਨਾਥ ਮੰਦਰ ਦਾ ਸ਼ਿਵਲਿੰਗ ਤੋੜ ਦਿੱਤਾ ਅਤੇ ਮੰਦਰ ਨੂੰ ਢਾਹ ਦਿੱਤਾ। ਹਜ਼ਾਰਾਂ ਪੁਜਾਰੀ ਮਾਰੇ ਗਏ ਅਤੇ ਉਸਨੇ ਮੰਦਰ ਦਾ ਸੋਨਾ ਅਤੇ ਵਿਸ਼ਾਲ ਖ਼ਜ਼ਾਨਾ ਲੁੱਟ ਲਿਆ। ਕਿਹਾ ਜਾਂਦਾ ਹੈ ਕਿ ਉਸ ਨੇ ਸੋਮਨਾਥ ਮੰਦਿਰ ਤੋਂ 20 ਮਿਲੀਅਨ ਦੀਨਾਰ ਪ੍ਰਾਪਤ ਕੀਤੇ, ਜੋ ਕਿ ਉਸ ਦੇ ਪਹਿਲੇ ਹਮਲੇ ਤੋਂ ਉਸ ਨੂੰ ਮਿਲੇ ਨਾਲੋਂ ਅੱਠ ਗੁਣਾ ਵੱਧ ਸੀ। ਉਸ ਦਾ ਆਖ਼ਰੀ ਹਮਲਾ 1027 ਈ ਦੌਰਾਨ ਹੋਇਆ।

ਡਾਕਟਰ ਨਜ਼ੀਮ ਲਿਖਦੇ ਹਨ, ਆਖ਼ਰੀ ਹਮਲੇ ਬਾਅਦ ਮਹਿਮੂਦ ਨੇ ਸਿੰਧ ਦਰਿਆ ਪਾਰ ਕਰਕੇ ਗ਼ਜ਼ਨੀ ਲਈ ਆਪਣਾ ਸਫ਼ਰ ਜਾਰੀ ਰੱਖਿਆ। ਹਾਲਾਂ ਕਿ ਰੇਗਿਸਤਾਨ ਦੇ ਜਾਟਾਂ ਨੇ ਉਸ ਉੱਪਰ ਕਰਾਰੇ ਹਮਲੇ ਕੀਤੇ। ਲੁੱਟਿਆ। ਇਨ੍ਹਾਂ ਹਮਲਿਆਂ ਕਾਰਨ ਸੁਲਤਾਨ ਦੇ ਕਈ ਸੈਨਿਕ ਮਾਰੇ ਗਏ।

### ਪੰਜਾਬ ਦੇ ਜੱਟ ਗ਼ਜ਼ਨਵੀ ਲਈ ਖ਼ਤਰਨਾਕ ਸਾਬਤ ਹੋਏ

ਪੰਜਾਬ ਦੇ ਜੱਟ ਹੋਰ ਵੀ ਜਿਆਦਾ ਖ਼ਤਰਨਾਕ ਸਨ ਉਨ੍ਹਾਂ ਨੇ ਮਹਿਮੂਦ ਨੂੰ ਰੋਕਿਆ। ਇੱਥੋਂ ਮਹਿਮੂਦ ਦਾ ਕਾਫ਼ੀ ਖ਼ਜ਼ਾਨਾ ਤਾਂ ਬਚਾ ਲਿਆ ਪਰ ਊਠ, ਘੋੜੇ ਅਤੇ ਹੋਰ



ਜਾਨਵਰ ਕਾਫ਼ੀ ਹਥਿਆਰ ਉਸ ਤੋਂ ਖੋਹ ਲਏ ਗਏ। ਉਸਨੂੰ ਵਾਪਸ ਹਮਲੇ ਜੋਗਾ ਨਾ ਛੱਡਿਆ। ਜੱਟਾਂ ਦਾ ਸੁਭਾਅ ਲੜਾਕੂ ਸੀ ਤੇ ਉਹ ਗੁਰੀਲਾ ਹਮਲਾ ਬੋਲਦੇ ਸਨ।

ਇਤਿਹਾਸਕ ਬਿਰਤਾਂਤਾਂ ਦੇ ਅਨੁਸਾਰ, 11ਵੀਂ ਸਦੀ ਦੇ ਸ਼ੁਰੂ ਵਿੱਚ ਮਹਿਮੂਦ ਗ਼ਜ਼ਨਵੀ ਨਾਲ ਜਾਟਾਂ ਦੀ ਝੜਪ ਹੋਈ ਸੀ, ਖਾਸ ਕਰਕੇ ਪੰਜਾਬ ਖੇਤਰ ਵਿੱਚ ਉਸ ਦੀਆਂ ਮੁਹਿੰਮਾਂ ਦੌਰਾਨ। ਜਾਟਾਂ ਨੇ, ਆਪਣੇ ਸਰਦਾਰਾਂ ਦੀ ਅਗਵਾਈ ਵਿੱਚ, ਗ਼ਜ਼ਨਵੀ ਦੀਆਂ ਫ਼ੌਜਾਂ ਦਾ ਵਿਰੋਧ ਕੀਤਾ, ਪਰ ਅੰਤ ਵਿੱਚ, ਗ਼ਜ਼ਨਵੀ ਦੀ ਉੱਤਮ ਫ਼ੌਜੀ ਸ਼ਕਤੀ ਨੇ ਜਾਟਾਂ ਨੂੰ ਹਰਾ ਦਿੱਤਾ।

ਗ਼ਜ਼ਨਵੀ ਦੇ ਹਮਲਿਆਂ ਦਾ ਵਿਰੋਧ ਕਰਨ ਵਾਲੇ ਕੁਝ ਮਸ਼ਹੂਰ ਜਾਟ ਨੇਤਾਵਾਂ ਵਿੱਚ ਸ਼ਾਮਲ ਹਨ:

1. ਰਾਜਾ ਸਲਵਾਨ (ਰਾਜੇ ਸਲਬਾਹਨ ਵਜੋਂ ਵੀ ਜਾਣਿਆ ਜਾਂਦਾ ਹੈ): ਇੱਕ ਜਾਟ ਸਰਦਾਰ ਜਿਸਨੇ ਸਲਵਾਨ (ਹੁਣ ਪੰਜਾਬ, ਪਾਕਿਸਤਾਨ ਵਿੱਚ) ਦੇ ਖੇਤਰ ਉੱਤੇ ਰਾਜ ਕੀਤਾ ਅਤੇ ਗ਼ਜ਼ਨਵੀ ਦੇ ਸ਼ੁਰੂਆਤੀ ਹਮਲਿਆਂ ਦਾ ਵਿਰੋਧ ਕੀਤਾ ਸੀ।

2. ਰਾਜਾ ਹਰਦੱਤ: ਹਾਂਸੀ ਖੇਤਰ (ਹੁਣ ਹਰਿਆਣਾ, ਭਾਰਤ ਵਿੱਚ) ਦਾ ਇੱਕ ਜਾਟ ਸ਼ਾਸਕ ਜਿਸਨੇ ਗ਼ਜ਼ਨਵੀ ਦੀਆਂ ਫ਼ੌਜਾਂ ਵਿਰੁੱਧ ਲੜਾਈ ਕੀਤੀ।

ਡਾ. ਨਜ਼ੀਮ ਦੀ ਕਿਤਾਬ ਮੁਤਾਬਕ, ਮਹਿਮੂਦ ਆਪਣੀ ਇਸ ਮੁਹਿੰਮ ਤੋਂ ਬਾਅਦ 2 ਅਪਰੈਲ 1026 ਨੂੰ ਵਾਪਸ ਗ਼ਜ਼ਨੀ ਪਰਤਿਆ।

ਡਾਕਟਰ ਨਜ਼ੀਮ ਨੇ ਇਸ ਗਲ ਦਾ ਜਿਕਰ ਕੀਤਾ ਹੈ ਕਿ ਮਹਿਮੂਦ ਨੇ ਆਪਣੇ ਦੇਸ਼ ਪਰਤਣ ਬਾਅਦ ਆਪਣੇ ਖ਼ੁਫ਼ੀਆ ਅਫ਼ਸਰ ਨੂੰ ਬੁਲਾਇਆ ਕਿਹਾ ਕਿ ਮੇਰਾ ਭਾਰਤ ਦੇ ਬਾਕੀ ਸਵਰਨ ਹਿੰਦੂ ਇਲਾਕਿਆਂ ਵਿੱਚ ਕਿਸਾਨਾਂ ਨੇ ਵਿਰੋਧ ਨਹੀਂ ਕੀਤਾ ਸਗੋਂ ਸਹਿਯੋਗ ਕੀਤਾ, ਪਰ ਪੰਜਾਬ ਵਿੱਚ ਕਿਉਂ ਮੇਰਾ ਵਿਰੋਧ ਕਰੜਾ ਹੋਇਆ।

ਅੱਗੋਂ ਖ਼ੁਫ਼ੀਆ ਅਫ਼ਸਰ ਨੇ ਕਿਹਾ ਕਿ ਬ੍ਰਾਹਮਣ, ਖੱਤਰੀਆਂ ਨੇ ਜਾਟਾਂ ਨੂੰ ਹਥਿਆਰ ਚੁੱਕਣ ਦੀ ਆਗਿਆ ਨਹੀਂ ਦਿੱਤੀ। ਲੜਾਈ ਲੜਨਾ ਖੱਤਰੀਆਂ ਦਾ ਅਧਿਕਾਰ ਹੈ। ਇਹ ਹਿੰਦੂ ਵਰਨ ਆਸ਼ਰਮ ਨੂੰ ਮੰਨਦੇ ਹਨ। ਇਨ੍ਹਾਂ ਅਨੁਸਾਰ ਜੱਟ ਸ਼ੂਦਰ ਹਨ ਪਰ ਇਥੇ ਪੰਜਾਬ ਵਿੱਚ ਜੱਟਾਂ ਦਾ ਬੋਲਬਾਲਾ ਹੈ। ਉਹ ਕਿਸੇ ਦੀ ਪਰਵਾਹ ਨਹੀਂ ਕਰਦੇ। ਖੇਤੀ ਤੋਂ ਲੈ ਕੇ ਆਰਥਿਕਤਾ ਉੱਪਰ ਉਨ੍ਹਾਂ ਦਾ ਪ੍ਰਭਾਵ ਹੈ। ਡਾਂਗ ਉੱਪਰ ਉਨ੍ਹਾਂ ਦਾ ਕਬਜ਼ਾ ਹੈ। ਖੱਤਰੀਆਂ ਨਾਲ ਗਠਜੋੜ ਹੈ। ਇਹੀ ਏਕਤਾ ਸਾਡੇ ਲਈ ਚੁਣੌਤੀ ਬਣੀ।

### ਪੰਜਾਬ ਦੇ ਜੱਟ ਸਿੱਖ ਕਿਉਂ ਬਣੇ

ਸੋ ਮੇਰੀ ਕਥਾ ਇੱਥੇ ਮੁੱਕ ਗਈ। ਮੇਰੇ ਕਹਿਣ ਦਾ ਭਾਵ ਹੈ ਕਿ ਜੱਟਾਂ ਨੇ ਪਹਿਲਾਂ ਵਰਨ ਆਸ਼ਰਮ ਨਹੀਂ ਮੰਨਿਆ ਉਹੀ ਉਨ੍ਹਾਂ ਦੀ ਤਾਕਤ ਤੇ ਇਤਿਹਾਸ ਦੀ ਸਿਰਜਣਾ ਸੀ। ਪੰਜਾਬ ਦੇ ਜੱਟਾਂ ਦੀ ਪੰਜਾਬ ਦੇ ਖੱਤਰੀਆਂ ਤੇ ਹਰੇਕ ਜਾਤ ਨਾਲ ਸਾਂਝ ਬਣੀ ਰਹੀ। ਸਤਿਗੁਰੂ ਦੀ ਸਰਬੱਤ ਦੇ ਭਲੇ ਦੀ ਭਾਵਨਾ, ਕਿਰਤ ਦਾ ਸੰਦੇਸ਼ ਜੱਟਾਂ ਨੂੰ ਰਾਸ ਆਇਆ ਉਹ ਗੁਰੂ ਦੇ ਸਿੱਖ ਬਣ ਤੁਰੇ। ਗੁਰਬਾਣੀ ਮਨੁੱਖ ਨੂੰ ਗਿਆਨਵਾਨ ਯੋਧਾ ਸਿਰਜਦੀ ਹੈ ਇਹ ਜੱਟ ਦੇ ਲੜਾਕੂ ਸੁਭਾਅ ਨੂੰ ਰਾਸ ਆਇਆ। ਜੱਟ ਭਾਈਚਾਰਾ ਗੁਰਬਾਣੀ ਤੇ ਗੁਰੂ ਦੇ ਹੁਕਮ ਵਿੱਚ ਆ ਗਿਆ। ਸਿੱਖ ਇਤਿਹਾਸ ਵਿੱਚ ਉਹਨਾਂ ਦਾ ਵੱਡਾ ਯੋਗਦਾਨ ਹੈ। ਮੇਰੇ ਹਿਸਾਬ ਨਾਲ ਪੰਜਾਬ ਦੀ ਉਹ 25 ਪ੍ਰਤੀਸ਼ਤ ਅਬਾਦੀ ਹਨ। ਸ਼ਾਇਦ ਇਸ ਤੋਂ ਵੀ ਜਿਆਦਾ।

### ਜੱਟ ਸਿੱਖ ਭਾਈਚਾਰਾ ਅਕਾਲੀ ਦਲ ਦੀ ਪੁਨਰ ਸਿਰਜਣਾ ਕਿਵੇਂ ਕਰੇ

ਅਕਾਲੀ ਸੰਕਟ ਦਾ ਮਸਲਾ ਉਨ੍ਹਾਂ ਦੀ ਹੋਂਦ ਦਾ ਮਸਲਾ ਬਣ ਗਿਆ ਕਿ ਬਾਦਲ ਪਰਿਵਾਰ ਨੇ ਉਨ੍ਹਾਂ ਦੀ ਵਿਰਾਸਤ, ਮੋਰਚਿਆਂ ਦਾ ਇਤਿਹਾਸ, ਕੁਰਬਾਨੀਆਂ ਸਭ ਕਲੰਕਿਤ ਕਰ ਦਿੱਤੀਆਂ, ਅਕਾਲੀ ਦਲ ਤਬਾਹ ਕਰਕੇ। ਅੱਜ ਪਰਿਵਾਰ ਵਾਦ ਦਾ ਲਾਣਾ, ਸ਼ੈਤਾਨੀ ਜਾਗੀਰਦਾਰੀ, ਕਪਟੀ ਕਾਰਪੋਰੇਟ ਲਾਣਾ ਅਕਾਲੀ ਦਲ ਉੱਪਰ ਕਾਬਜ਼ ਹੈ ਜੋ ਪ੍ਰਾਈਵੇਟ ਲਿਮਟਿਡ ਕੰਪਨੀ ਹੈ, ਨਵੀਂ ਤਰ੍ਹਾਂ ਦਾ ਬ੍ਰਾਹਮਣਵਾਦ ਵਰਨ ਆਸ਼ਰਮ ਧਰਮ ਉੱਪਰ ਲਾਗੂ ਹੈ ਜਿਸ ਵਿਚੋਂ ਪੰਥ ਤੇ ਸਿੱਖ ਧਰਮ ਗਾਇਬ ਹੈ। ਇਸੇ ਵਰਨ ਆਸ਼ਰਮ ਨੇ ਹਿੰਦੂ ਧਰਮ ਨੂੰ ਹਰਾਇਆ, ਇਹੀ ਵਰਨ ਆਸ਼ਰਮ ਜਾਤੀਵਾਦ ਸਿੱਖ ਪੰਥ ਲਈ ਖ਼ਤਰਨਾਕ ਚੁਣੌਤੀ ਬਣ ਗਿਆ।

ਅਕਾਲੀ ਦਲ ਪੰਥ ਤੇ ਕਿਸਾਨੀ ਦੀ ਰਚਨਾ ਸੀ ਜਿਸ ਦੀ ਹੱਤਿਆ ਬਾਦਲ ਪਰਿਵਾਰ ਵਲੋਂ ਹੋ ਚੁੱਕੀ ਹੈ।

ਅਸੀਂ ਜੱਟ ਜੇ ਆਪ ਪਾਰਟੀ ਨੂੰ ਜਿਤਾ ਸਕਦੇ ਹਾਂ ਤਾਂ ਅਸੀਂ ਆਪਣੇ ਅਕਾਲੀ ਦਲ ਦੀ ਪੁਨਰ ਸਿਰਜਣਾ ਕਰਕੇ ਇਸ ਨੂੰ ਤਖ਼ਤ ਉੱਪਰ ਕਿਉਂ ਨਹੀਂ ਬਿਠਾ ਸਕਦੇ। ਸਾਨੂੰ ਜੱਟ ਮਜ਼੍ਹਬੀ, ਜੱਟ -ਭਾਪਾ ਵਿਵਾਦ ਖਤਮ ਕਰਕੇ ਵੰਸ਼ਵਾਦ ਤੇ ਜਾਤੀਵਾਦ ਦਾ ਨਾਸ਼ ਕਰਕੇ ਸਤਿਗੁਰੂ ਨਾਨਕ ਦੀਆਂ ਪੈੜਾਂ ਵਿੱਚ ਕਦਮ ਧਰਦਿਆਂ ਸ਼੍ਰੋਮਣੀ ਅਕਾਲੀ ਦਲ ਦੀ ਸਿਰਜਣਾ ਕਰਨੀ ਪਵੇਗੀ। ਸਾਡੀ ਸਭ ਦੀ ਇਸੇ ਵਿੱਚ ਮੁਕਤੀ ਹੈ ਤੇ ਪੰਜਾਬ ਤੇ ਪੰਜਾਬੀਆਂ ਦੀ ਮੁਕਤੀ ਇਸੇ ਵਿੱਚ ਹੈ।

ਆਪਿ ਮੁੱਕਤੁ ਮੁੱਕਤੁ ਕਰੈ ਸੰਸਾਰੁ

# ਅਸਲਾ ਰੱਖਣ ਦੇ ਸ਼ੌਕੀਨ ਹਨ ਪੰਜਾਬੀ

## ਸੂਬੇ ਵਿੱਚ 3 ਲੱਖ 80 ਹਜ਼ਾਰ ਲੋਕਾਂ ਕੋਲ ਹਨ ਲਾਇਸੈਂਸੀ ਹਥਿਆਰ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬੀਆਂ ਦੇ ਸ਼ੌਕ ਵੱਖਰੇ ਹੀ ਹਨ ਤੇ ਉਹ ਆਪਣੇ ਸ਼ੌਕ ਕਿਸੇ ਵੀ ਕੀਮਤ ’ਤੇ ਪੂਰੇ ਕਰਦੇ ਹਨ। ਪੰਜਾਬੀਆਂ ਦਾ ਇੱਕ ਸ਼ੌਕ ਅਸਲਾ ਰੱਖਣ ਦਾ ਵੀ ਹੈ। ਪੰਜਾਬ ਵਿੱਚ ਮਾਲਵੇ ਦੇ ਜ਼ਿਲ੍ਹਿਆਂ ’ਚ ਸਭ ਤੋਂ ਵੱਧ ਲਾਇਸੈਂਸੀ ਹਥਿਆਰ ਹਨ। ਇੱਕ ਰਿਪੋਰਟ ਮੁਤਾਬਿਕ 21 ਤੋਂ 40 ਸਾਲ ਦੇ ਲੋਕਾਂ ’ਚ ਸ਼ੌਂਕ ਨਾਲ ਅਸਲਾ ਰੱਖਣ ਦਾ ਰੁਝਾਨ ਕਾਫ਼ੀ ਜ਼ਿਆਦਾ ਹੈ।

ਪੁਲਿਸ ਸੂਤਰਾਂ ਅਨੁਸਾਰ ਪੰਜਾਬ ਵਿੱਚ ਦੇਸ਼ ਭਰ ’ਚੋਂ ਸਭ ਤੋਂ ਵੱਧ ਅਸਲ੍ਹਾ ਲਾਇਸੈਂਸੀ 3 ਲੱਖ 80 ਹਜ਼ਾਰ ਲੋਕਾਂ ਕੋਲ ਹਥਿਆਰ ਹਨ। ਸਭ ਤੋਂ ਵੱਧ ਬਠਿੰਡਾ ਜ਼ਿਲ੍ਹੇ ’ਚ 29 ਹਜ਼ਾਰ ਤੋਂ ਵੱਧ ਅਸਲ੍ਹਾ ਲਾਇਸੈਂਸੀ ਹਥਿਆਰ ਹਨ, ਮੋਗਾ ਜ਼ਿਲ੍ਹਾ ਛੋਟਾ ਹੋਣ ਦੇ ਬਾਵਜੂਦ -ਦੂਸਰੇ ਨੰਬਰ ’ਤੇ ਹੈ ਜਿੱਥੇ 26 ਹਜ਼ਾਰ ਤੋਂ ਵੱਧ ਅਤੇ ਸ਼ਾਹੀ ਸ਼ਹਿਰ ਪਟਿਆਲਾ ਜ਼ਿਲ੍ਹਾ ਲਾਇਸੈਂਸੀ ਅਸਲਾ ਰੱਖਣ ’ਚ ਤੀਸਰੇ ਨੰਬਰ ’ਤੇ ਹੈ। ਇੱਥੇ 25 ਹਜ਼ਾਰ ਤੋਂ ਵੱਧ ਲਾਇਸੈਂਸੀ ਹਥਿਆਰ ਹਨ।



ਜਦਕਿ ਇਸ ਰਿਪੋਰਟ ਅਨੁਸਾਰ 21 ਤੋਂ 40 ਸਾਲ ਦੀ ਉਮਰ ਦੇ ਲੋਕਾਂ ਵਿੱਚ ਸਭ ਤੋਂ ਵੱਧ ਮੋਗਾ ਜ਼ਿਲ੍ਹੇ ’ਚ 9743 ਲਾਇਸੈਂਸੀ ਹਥਿਆਰ ਹਨ। ਸਭ ਤੋਂ ਘੱਟ ਮਲੇਰਕੋਟਲਾ ਜ਼ਿਲੇ ਵਿੱਚ ਸਿਰਫ਼ 320 ਹਨ।

ਪੰਜਾਬ ਪੁਲਿਸ ਦੀ ਪੜਤਾਲ ਮੁਤਾਬਿਕ ਜਨਵਰੀ 2021 ਤੋਂ 31 ਜੁਲਾਈ 2024 ਤੱਕ ਸਾਢੇ ਤਿੰਨ ਸਾਲਾਂ ਦੌਰਾਨ 4751 ਅਸਲਾ ਧਾਰਕਾਂ ਖ਼ਿਲਾਫ਼ 3 ਤੋਂ 5 ਅਪਰਾਧਿਕ ਦਰਜ ਹਨ। ਪੁਲਿਸ ਅਨੁਸਾਰ ਜੇਕਰ ਤੋਂ 5 ਅਪਰਾਧਿਕ ਦਰਜ ਹੋਣ ਤਾਂ ਪੰਜਾਬ ਪੁਲਿਸ ਉਸਨੂੰ ਸੀ ਕੈਟਾਗਿਰੀ ਦਾ ਗੈਂਗਸਟਰ ਮੰਨਦੀ ਹੈ।

ਪੰਜਾਬ ਵਿੱਚ ਅਸਲੇ ਦੀਆਂ ਵਧ ਰਹੀਆਂ ਘਟਨਾਵਾਂ ਕਰਕੇ ਡਿਪਟੀ ਕਮਿਸ਼ਨਰ ਦੇ ਸੰਤੁਸ਼ਟ ਹੋਣ ’ਤੇ ਲਾਇਸੈਂਸੀ ਜਾਰੀ ਕੀਤਾ ਜਾਂਦਾ ਹੈ। ਅਸਲਾ ਲਾਇਸੈਂਸੀ ਹਥਿਆਰ ਰੱਖਣ ਦੀ ਲੜੀ ’ਚ ਬਠਿੰਡਾ ਜ਼ਿਲ੍ਹੇ ’ਚ 29471, ਮੋਗਾ ’ਚ 26770, ਪਟਿਆਲਾ ’ਚ 25426, ਅੰਮ੍ਰਿਤਸਰ ਦਿਹਾਤੀ ’ਚ 22791, ਫਿਰੋਜ਼ਪੁਰ ’ਚ 21731, ਤਰਨਤਾਰਨ ’ਚ 19526, ਮੁਕਤਸਰ ਸਾਹਿਬ ’ਚ 19518 ਜ਼ਿਆਦਾ ਲੜੀਵਾਰ ਅਸਲਾ ਧਾਰਕ ਜ਼ਿਲ੍ਹੇ ਜਦਕਿ ਸਭ ਤੋਂ ਘੱਟ ਐੱਸ.ਬੀ.ਐੱਸ. ’ਚ ਸਿਰਫ਼ 2156 ਅਸਲਾ ਧਾਰਕ ਹਨ। 21 ਤੋਂ 40 ਸਾਲ ਤੱਕ ’ਚ ਸਭ ਤੋਂ ਜ਼ਿਆਦਾ ਮੋਗਾ ਜ਼ਿਲ੍ਹੇ ’ਚ 9743, ਦੂਸਰੇ ਨੰਬਰ ’ਤੇ ਫਰੀਦਕੋਟ ’ਚ 6142 ਤੇ ਸਭ ਤੋਂ ਘੱਟ ਮਲੇਰਕੋਟਲਾ ਦੇ 320 ਅਸਲਾ ਧਾਰਕ ਲਾਇਸੈਂਸੀ ਹਥਿਆਰ ਹਨ।

# ਇਕਬਾਲ ਸਿੰਘ ਲਾਲਪੁਰਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮੰਗੀ ਮੁਆਫ਼ੀ

## ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਦੱਸਿਆ ਸੀ ਵਿਸ਼ਨੂੰ ਦਾ ਅਵਤਾਰ

ਨਵੀਂ ਦਿੱਲੀ/ਏ.ਟੀ.ਨਿਊਜ਼: ਕੌਮੀ ਘੱਟ ਗਿਣਤੀ ਕਮਿਸ਼ਨ ਦੇ ਪ੍ਰਧਾਨ ਇਕਬਾਲ ਸਿੰਘ ਲਾਲਪੁਰਾ ਨੇ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਨੂੰ ਵਿਸ਼ਨੂ ਦਾ ਰੂਪ ਦੱਸਣ ਵਾਲੇ ਆਪਣੇ ਬਿਆਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮੁਆਫ਼ੀ ਮੰਗ ਲਈ ਹੈ। ਉਨ੍ਹਾਂ ਨੇ ਪੱਤਰ ਵਿੱਚ ਲਿਖਿਆ ਗਿਆ ਹੈ ਕਿ ਉਹ ਬਿਨਾਂ ਕੋਈ ਦਲੀਲ ਦਿੱਤੇ ਆਪਣੀ ਗਲਤੀ ਮੰਨ ਰਹੇ ਹਨ।

ਐਸ.ਜੀ.ਪੀ.ਸੀ. ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਸੀ ਕਿ ਇਹ ਬਿਆਨ ਆਰ.ਐਸ.ਐਸ. ਅਤੇ ਭਾਜਪਾ ਵੱਲੋਂ ਉਨ੍ਹਾਂ ਨੂੰ ਖ਼ੁਸ਼ ਕਰਨ ਦੀ ਸ਼ਰਾਰਤੀ ਕਾਰਵਾਈ ਹੈ। ਉਨ੍ਹਾਂ ਇਸ ਬਿਆਨ ਦਾ ਸਖ਼ਤ ਨੋਟਿਸ ਲੈਂਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੋਂ ਕਾਰਵਾਈ ਦੀ ਮੰਗ ਕੀਤੀ ਹੈ। ਜਦੋਂ ਕਿ ਲਾਲਪੁਰਾ ਨੇ ਕਿਹਾ ਕਿ ਉਨ੍ਹਾਂ ਦੇ ਬਿਆਨ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ।



ਲਾਲਪੁਰਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਪੱਤਰ ਭੇਜਿਆ ਹੈ। ਜਿਸ ਵਿੱਚ ਉਸਨੇ ਕਿਹਾ ਹੈ ਕਿ 8 ਸਤੰਬਰ 2024 ਨੂੰ ਦਿੱਲੀ ਦੇ ਦਿਆਲ ਕਾਲਜ ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਨੂੰ ਵਿਸ਼ਨੂੰ ਕਹਿਣ ਦਾ ਦੋਸ਼ ਲਗਾਇਆ ਗਿਆ ਸੀ। ਜਿਸ ’ਤੇ ਉਹ ਬਿਨਾਂ ਕਿਸੇ ਦਲੀਲ ਅਤੇ ਸਪੱਸ਼ਟੀਕਰਨ ਦੇ ਮੁਆਫੀ ਮੰਗਦਾ ਹੈ।



# ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਈ ਨਿਸ਼ਾਨੇਬਾਜ਼ ਮਨੂ ਭਾਕਰ

## ਕਿਹਾ- ਦਰਸ਼ਨ ਕਰਨ ਦੀ ਚਿਰਾਂ ਦੀ ਇੱਛਾ ਹੋਈ ਪੂਰੀ



ਅੰਮ੍ਰਿਤਸਰ/ਏ.ਟੀ.ਨਿਊਜ਼: ਪੈਰਿਸ ਉਲੰਪਿਕ ਖੇਡਾਂ ਵਿੱਚ ਦੋ ਤਗ਼ਮੇ ਜਿੱਤ ਕੇ ਇਤਿਹਾਸ ਰਚਣ ਵਾਲੀ ਨਿਸ਼ਾਨੇਬਾਜ਼ ਮਨੂ ਭਾਕਰ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਪਰਮਾਤਮਾ ਦਾ ਆਸ਼ੀਰਵਾਦ ਲਿਆ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਸੂਚਨਾ ਅਧਿਕਾਰੀ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਵੱਲੋਂ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਮਨੂ ਨੇ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਅਦਭੁਤ ਸ਼ਾਂਤੀ ਦਾ ਪ੍ਰਤੀਕ ਹੈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਦੀ ਉਨ੍ਹਾਂ ਦੇ ਮਨ ਦੀ ਇੱਛਾ ਅੱਜ ਪੂਰੀ ਹੋਈ ਹੈ।

ਮਨੂ ਭਾਕਰ ਨੇ ਕਿਹਾ ਕਿ ਉਹ ਪਰਮਾਤਮਾ ਦਾ ਸ਼ੁਕਰਾਨਾ ਕਰਨ ਲਈ ਸ੍ਰੀ ਹਰਿਮੰਦਰ ਸਾਹਿਬ ਆਈ ਹੈ। ਮਨੂ ਭਾਕਰ ਨੇ ਅੱਗੇ ਕਿਹਾ ਕਿ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਆ ਕੇ ਆਤਮਿਕ ਸੰਤੁਸ਼ਟੀ ਮਿਲੀ ਹੈ। ਉਨ੍ਹਾਂ ਕਿਹਾ ਕਿ ਇੱਥੇ ਮੰਗੀ ਗਈ ਹਰ ਅਰਦਾਸ ਪੂਰੀ ਹੁੰਦੀ ਹੈ, ਮੈਂ ਅੱਜ ਵੀ ਅਰਦਾਸ ਕੀਤੀ ਹੈ ਅਤੇ ਉਹ ਜ਼ਰੂਰ ਪੂਰੀ ਹੋਵੇਗੀ।

ਇਸ ਦੌਰਾਨ ਮਨੂ ਭਾਕਰ ਪਰਿਵਾਰ ਨਾਲ ਵਾਘਾ ਬਾਰਡਰ ਵੀ ਗਈ ਅਤੇ ਰੀਟਰੀਟ ਸੈਰਾਮਨੀ ਦਾ ਆਨੰਦ ਵੀ ਮਾਨਿਆ। ਇਸ ਮੌਕੇ ਉਨ੍ਹਾਂ ਨੇ ਰੀਟਰੀਟ ਸੈਰਾਮਨੀ ’ਚ ਬੀ. ਐੱਸ. ਐੱਫ਼. ਜਵਾਨਾਂ ਦੀ ਹੌਂਸਲਾ ਅਫਜ਼ਾਈ ਵੀ ਕੀਤੀ। ਬੀ. ਐੱਸ. ਐੱਫ਼. ਅਧਿਕਾਰੀਆਂ ਵੱਲੋਂ ਮਨੂ ਭਾਕਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਉੱਥੇ ਹੀ ਰਿਟਰੀਟ ਸੈਰਾਮਨੀ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਮਨੂ ਭਾਕਰ ਨੇ ਕਿਹਾ ਕਿ ਮੈਂ ਪੰਜਾਬ ’ਚ ਪਹਿਲੀ ਵਾਰ ਆਈ ਹਾਂ, ਬਹੁਤ ਸੁਣਿਆ ਸੀ ਕਿ ਅੰਮ੍ਰਿਤਸਰ ’ਚ ਵਾਘਾ ਬਾਰਡਰ ਹੈ, ਜਿੱਥੇ ਦੋ ਸਰਹਦਾਂ ਆਪਸ ਵਿੱਚ ਮਿਲਦੀਆਂ ਹਨ, ਇੱਕ ਬੰਨੇ ਭਾਰਤ ਤੇ ਦੂਜੇ ਬੰਨੇ ਪਾਕਿਸਤਾਨ ਹੈ। ਜਦੋਂ ਮੈਂ ਇੱਥੇ ਪੁੱਜੀ ਤਾਂ ਵੇਖਿਆ ਫਿਰ ਮੇਰੇ ਮਨ ਨੂੰ ਬਹੁਤ ਖ਼ੁਸ਼ੀ ਹੋਈ। ਉਨ੍ਹਾਂ ਕਿਹਾ ਕਿ ਮੇਰੇ ਮਨ ਵਿੱਚ ਬਹੁਤ ਉਤਸ਼ਾਹ ਸੀ ਕਿ ਇਹ ਜਵਾਨ ਸਾਡੀ ਸੁਰੱਖਿਆ ਨੂੰ ਲੈ ਕੇ ਮੁਸਤੈਦ ਰਹਿੰਦੇ ਹਨ। ਇਸ ਦੌਰਾਨ ਉਨ੍ਹਾਂ ਕਿਹਾ ਕਿ ਸਾਨੂੰ ਸਵੇਰੇ ਉੱਠ ਕੇ ਕਸਰਤ ਕਰਨੀ ਚਾਹੀਦੀ ਹੈ ਤੇ ਖੇਡਾਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਸਾਡਾ ਸਰੀਰ ਤੰਦਰੁਸਤ ਰਹੇ। ਉਹਨਾਂ ਕਿਹਾ ਕਿ ਕਈ ਵਾਰ ਜਿੰਦਗੀ ’ਚ ਉਤਰਾਅ- ਚੜਾਅ ਆਉਂਦੇ ਹਨ ਪਰ ਸਾਨੂੰ ਆਪਣੀ ਜ਼ਿੰਦਗੀ ਨਾਲ ਸੰਘਰਸ਼ ਕਰਨਾ ਚਾਹੀਦਾ ਹੈ ਤਾਂ ਹੀ ਅਸੀਂ ਕਿਸੇ ਮੁਕਾਮ ’ਤੇ ਪਹੁੰਚ ਸਕਦੇ ਹਾਂ।

# ਸਿੱਖ ਪੰਥ ਇੱਕ ਮੰਚ ’ਤੇ ਇਕੱਠਾ ਹੋਵੇ ਤਾਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਜਿੱਤੀਆਂ ਜਾ ਸਕਦੀਆਂ ਹਨ: ਸਿਮਰਨਜੀਤ ਸਿੰਘ ਮਾਨ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਵਾਉਣ ਲਈ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵਲੋਂ ਵਿਰਾਸਤੀ ਮਾਰਗ ਵਿਖੇ ਵਿਸ਼ਾਲ ਕਾਨਫ਼ਰੰਸ ਕੀਤੀ ਗਈ ਜਿਸ ਵਿਚ ਵੱਖ-ਵੱਖ ਜਥੇਬੰਦੀਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਸਾਬਕਾ ਮੈਂਬਰ ਲੋਕ ਸਭਾ ਨੇ ਕਿਹਾ ਕਿ ਹਮਖ਼ਿਆਲੀ ਪੰਥਕ ਦਲਾਂ ਨੂੰ ਇਕ ਮੰਚ ’ਤੇ ਇਕੱਠੇ ਹੋ ਕੇ ਨੀਤੀ ਘੜਨੀ ਚਾਹੀਦੀ ਹੈ, ਤਾਂ ਜੋ ਆ ਰਹੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਜਿੱਤੀਆਂ ਜਾ ਸਕਣ ਜੋ ਬੇਹੱਦ ਦੇਰੀ ਬਾਅਦ ਹੋ ਰਹੀਆਂ ਹਨ।ਸਿਮਰਨਜੀਤ ਸਿੰਘ ਮਾਨ ਨੇ ਦੋਸ਼ ਲਾਇਆ ਕਿ ਦੇਸ਼ ਵਿਦੇਸ਼ ਵਿੱਚ ਮਿਥ ਕੇ ਸਿੱਖਾਂ ਦੇ ਕਤਲ ਹੋ ਰਹੇ ਹਨ। ਇਸ ਵਿਰੁੱਧ ਰਾਸ਼ਟਰਪਤੀ ਨੂੰ ਯਾਦ ਪੱਤਰ ਸੌਂਪਿਆ ਜਾਵੇਗਾ।



ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਸਾਨੂੰ ਇਸ ਗੱਲ ਦਾ ਕੋਈ ਅੰਦਾਜ਼ਾ ਨਹੀਂ ਹੈ ਕਿ ਸਾਡੇ ਨਾਲ ਕੀ ਹੋਇਆ ਹੈ ਕਿਉਂਕਿ ਅਸੀਂ ਅਪਣੀਆਂ ਚੋਣਾਂ ਕਰਵਾਉਣ ਦੇ ਯੋਗ ਨਹੀਂ ਹਾਂ ਤੇ ਨਾ ਹੀ ਅਪਣੇ ਬੰਦੀ ਸਿੰਘਾਂ ਨੂੰ ਰਿਹਾਅ ਕਰਵਾ ਸਕੇ ਹਾਂ। ਅਸੀਂ ਅਪਣੀਆਂ ਜ਼ਮੀਰਾਂ ਗੁਆ ਚੁੱਕੇ ਹਾਂ ਇਸ ਦਾ ਮੁੱਖ ਕਾਰਨ ਇਹ ਹੈ ਕਿ ਅਸੀਂ ਗ਼ੁਲਾਮੀ ਨੂੰ ਸਵੀਕਾਰ ਕਰ ਲਿਆ ਹੈ।

ਉਨ੍ਹਾਂ ਕਿਹਾ ਕਿ ਅਪਣੇ ਆਪ ਨੂੰ ਅਸੀਂ ਸਿਰਫ਼ ਵੋਟਿੰਗ ਪ੍ਰਣਾਲੀ ਰਾਹੀਂ ਹੀ ਆਜ਼ਾਦ ਕਰ ਸਕਦੇ ਹਾਂ ਅਤੇ ਅਪਣੇ ਗੁਰਧਾਮਾਂ ਨੂੰ ਆਜ਼ਾਦ ਕਰਵਾ ਸਕਦੇ ਹਾਂ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਕਿਹਾ ਹੈ ਕਿ ਅਸੀਂ ਅਪਣੇ ਵਿਰੋਧੀਆਂ ਨੂੰ ਦੁਨੀਆਂ ਵਿੱਚ ਕਿਤੇ ਵੀ ਮਾਰ ਸਕਦੇ ਹਾਂ। ਇਸੇ ਨੀਤੀ ਅਨੁਸਾਰ ਹਰਦੀਪ ਸਿੰਘ ਨਿੱਝਰ, ਅਵਤਾਰ ਸਿੰਘ ਖੰਡਾ ਨੂੰ ਮਾਰਿਆ ਗਿਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀਆਂ ਤਸਵੀਰਾਂ ਵੀ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਗਾਈਆਂ ਜਾਣੀਆਂ ਚਾਹੀਦੀਆਂ ਹਨ।

ਇਮਾਨ ਸਿੰਘ ਮਾਨ ਨੇ ਗੁਰੂ ਸਾਹਿਬ ਅਤੇ ਸਿੰਘ ਸਭਾ ਲਹਿਰ ਦੇ ਇਤਿਹਾਸ ਬਾਰੇ ਦਸਦਿਆਂ ਕਿਹਾ ਕਿ ਅਸੀਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਭੁੱਲ ਗਏ ਹਾਂ। ਸਿੱਖਾਂ ਨਾਲ ਬਹੁਤ ਸਾਰੀਆਂ ਬੇਇਨਸਾਫ਼ੀਆਂ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ 328 ਲਾਪਤਾ ਪਾਵਨ ਸਰੂਪਾਂ ਲਈ ਸਿੱਖ ਜੁਡੀਸ਼ੀਅਲ ਕਮਿਸ਼ਨ ਕੋਲ ਪਟੀਸ਼ਨ ਦਾਖ਼ਲ ਕੀਤੀ ਹੈ। ਪਰ ਕੋਈ ਨਿਆਂ ਦਾ ਰਾਹ ਨਹੀਂ ਮਿਲ ਰਿਹਾ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨੂੰ ਹੋਏ 18 ਸਾਲ ਬੀਤ ਚੁੱਕੇ ਹਨ ਅਤੇ ਸਾਨੂੰ ਧਾਰਾ 87 ਵਿੱਚ ਸੋਧ ਕਰਨ ਦੀ ਲੋੜ ਹੈ ਕਿਉਂਕਿ ਸਾਨੂੰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸਰਕਾਰ ਦੇ ਹੱਥਾਂ ਵਿਚੋਂ ਲੈਣ ਅਤੇ ਵੋਟਿੰਗ ਪ੍ਰਣਾਲੀ ਸਥਾਪਤ ਕਰਨ ਦੀ ਲੋੜ ਹੈ। ਪਲਵਿੰਦਰ ਸਿੰਘ ਤਲਵਾੜਾ ਪ੍ਰਧਾਨ ਜਥੇਬੰਦੀ ਵਾਰਸ ਪੰਜਾਬ ਦੇ (ਦੀਪ ਸਿੱਧੂ) ਨੇ ਕਿਹਾ ਕਿ ਸਾਨੂੰ ਸਿਮਰਨਜੀਤ ਸਿੰਘ ਮਾਨ ਦਾ ਧਾਰਮਿਕ ਅਤੇ ਸਿਆਸੀ ਤੌਰ ’ਤੇ ਸਮਰਥਨ ਕਰਨ ਦੀ ਲੋੜ ਹੈ ਕਿਉਂਕਿ ਉਹ ਸਿਰਫ਼ ਸਿੱਖਾਂ ਦੇ ਲੋਕਤੰਤਰ ਦੀ ਬਹਾਲੀ ਲਈ ਲੜ ਰਹੇ ਹਨ।

## ਦਿੱਲੀ ਸਿੱਖ ਨਸਲਕੁਸ਼ੀ ਦੌਰਾਨ ਤਿੰਨ ਸਿੱਖਾਂ ਦੀ ਹੱਤਿਆ ਦਾ ਮਾਮਲਾ

# ਜਗਦੀਸ਼ ਟਾਈਟਲਰ ਖ਼ਿਲਾਫ਼ ਕਤਲ ਦੇ ਦੋਸ਼ ਤੈਅ

ਨਵੀਂ ਦਿੱਲੀ/ਏ.ਟੀ.ਨਿਊਜ਼ :-ਸਿੱਖ ਕਤਲੇਆਮ ਦੇ 40 ਸਾਲਾਂ ਬਾਅਦ ਇਥੋਂ ਦੀ ਅਦਾਲਤ ਨੇ ਪੁਲ ਬੰਗਸ਼ ਇਲਾਕੇ ਵਿੱਚ ਤਿੰਨ ਸਿੱਖਾਂ ਦੀ ਹੱਤਿਆ ਦੇ ਮਾਮਲੇ ਵਿੱਚ ਕਾਂਗਰਸ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਦੋਸ਼ ਆਇਦ ਕਰ ਦਿੱਤੇ ਹਨ। ਟਾਈਟਲਰ ਵੱਲੋਂ ਦੋਸ਼ ਕਬੂਲ ਨਾ ਕੀਤੇ ਜਾਣ ਮਗਰੋਂ ਵਿਸ਼ੇਸ਼ ਜੱਜ ਰਾਕੇਸ਼ ਸਿਆਲ ਨੇ ਮੁਕੱਦਮਾ ਚਲਾਉਣ ਦੇ ਨਿਰਦੇਸ਼ ਦਿੱਤੇ ਹਨ। ਅਦਾਲਤ ਨੇ ਹੱਤਿਆ ਤੋਂ ਇਲਾਵਾ ਗ਼ੈਰਕਾਨੂੰਨੀ ਢੰਗ ਨਾਲ ਇਕੱਠੇ ਹੋਣ, ਹਿੰਸਾ, ਦੋ ਗੁੱਟਾਂ ਵਿੱਚ ਦੁਸ਼ਮਣੀ ਪੈਦਾ ਕਰਨ, ਘਰ ਅੰਦਰ ਜਬਰੀ ਦਾਖ਼ਲ ਹੋਣ ਅਤੇ ਡਾਕੇ ਦੇ ਦੋਸ਼ ਆਇਦ ਕਰਨ ਦੇ ਵੀ ਹੁਕਮ ਦਿੱਤੇ ਹਨ। ਜੱਜ ਨੇ 30 ਅਗਸਤ ਨੂੰ ਕਿਹਾ ਸੀ ਕਿ ਟਾਈਟਲਰ ਖ਼ਿਲਾਫ਼ ਦੋਸ਼ ਆਇਦ ਕਰਨ ਦੇ ਢੁੱਕਵੇਂ ਸਬੂਤ ਹਨ। ਸੀ.ਬੀ.ਆਈ. ਨੇ ਪਿਛਲੇ ਸਾਲ 20 ਮਈ ਨੂੰ ਟਾਈਟਲਰ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕੀਤੀ ਸੀ। ਸੀ.ਬੀ.ਆਈ. ਦੀ ਚਾਰਜਸ਼ੀਟ ਵਿੱਚ ਦੋਸ਼ ਲਾਇਆ ਗਿਆ ਹੈ ਕਿ ਟਾਈਟਲਰ ਨੇ ਪਹਿਲੀ ਨਵੰਬਰ, 1984 ਨੂੰ ਪੁਲ ਬੰਗਸ਼ ਗੁਰਦੁਆਰੇ ਦੇ ਬਾਹਰ ਭੀੜ ਨੂੰ ਭੜਕਾਇਆ ਸੀ।

ਪੀੜਤਾਂ ਦੇ ਵਕੀਲ ਐਸ. ਐਚ. ਫੂਲਕਾ ਦੇ ਉੱਦਮ ਕਾਰਨ ਪੀੜਤਾਂ ਨੂੰ ਇਹ ਸਫਲਤਾ ਮਿਲੀ ਹੈ। ਵਕੀਲ ਫੂਲਕਾ ਨੇ ਦੱਸਿਆ ਕਿ ਜਗਦੀਸ਼ ਟਾਈਟਲਰ ਨੂੰ ਚਾਰਜਸ਼ੀਟ ਦੀ ਕਾਪੀ ਦਿੱਤੀ ਗਈ ਸੀ ਅਤੇ ਉਸ ਨੇ ਇਲਜ਼ਾਮਾਂ ਨੂੰ ਮੰਨਣ ਤੋਂ ਸਾਫ ਇਨਕਾਰ ਕਰ ਦਿੱਤਾ ਸੀ। ਹੁਣ ਇਹ ਕੇਸ ਗਵਾਹੀਆਂ ਲਈ ਜਾਵੇਗਾ, 3 ਅਕਤੂਬਰ ਨੂੰ ਪਹਿਲੀ ਗਵਾਹੀ ਬਾਦਲ ਸਿੰਘ ਦੀ ਪਤਨੀ ਲਖਵਿੰਦਰ ਕੌਰ ਦੀ ਹੋਵੇਗੀ। ਜਿਸ ਦੇ ਪਤੀ ਨੂੰ ਪੁਲਬੰਗਸ਼ ਵਿੱਚ 3 ਸਿੱਖਾਂ ਦੇ ਨਾਲ ਮਾਰਿਆ ਸੀ।



ਵਕੀਲ ਐੱਚ. ਐੱਸ. ਫੂਲਕਾ ਨੇ ਹੈਰਾਨੀ ਅਤੇ ਨਰਾਜ਼ਗੀ ਜਤਾਈ ਕਿ 40 ਸਾਲ ਪੁਲਬੰਗਸ਼ ਕੇਸ ਦੀ ਸੁਣਵਾਈ ਸ਼ੁਰੂ ਹੋਈ ਹੈ ਉਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਕੋਈ ਪਾਵਰਫੁੱਲ ਸ਼ਖਸ ਆਪਣੀ ਤਾਕਤ ਦੇ ਨਾਲ ਕੇਸ ਨੂੰ ਆਪਣੇ ਹਿਸਾਬ ਨਾਲ ਮੋੜ ਸਕਦਾ ਹੈ। ਉਨ੍ਹਾਂ ਕਿਹਾ ਕਿ ਹੁਣ ਸਾਨੂੰ ਉਮੀਦ ਹੈ ਕਿ ਜਗਦੀਸ਼ ਟਾਈਟਲਰ ਵੀ ਜਲਦ ਹੀ ਸਲਾਖਾਂ ਦੇ ਪਿੱਛੇ ਹੋਵੇਗਾ ਜਿਵੇਂ ਸੱਜਣ ਕੁਮਾਰ ਹੈ।

ਉੱਧਰ ਬੀ.ਜੇ.ਪੀ. ਦੇ ਆਗੂ ਆਰ. ਪੀ ਸਿੰਘ ਨੇ ਕਿਹਾ ਕਿ ਪੁਲਬੰਗਸ਼ ਮਾਮਲੇ ਵਿੱਚ ਸੀ.ਬੀ.ਆਈ. ਕੋਲ ਪੂਰੇ ਸਬੂਤ ਹਨ ਅਤੇ ਟਾਈਟਲਰ ਦਾ ਹਸ਼ਰ ਵੀ ਸੱਜਣ ਕੁਮਾਰ ਵਰਗਾ ਹੋਵੇਗਾ ਉਸ ਨੂੰ ਜੇਲ੍ਹ ਜਾਣਾ ਹੋਵੇਗਾ।

ਅਦਾਲਤ ਨੇ ਪੁਲਬੰਗਸ਼ ਗੁਰਦੁਆਰਾ ਹਿੰਸਾ ਅਤੇ ਤਿੰਨ ਸਿੱਖਾਂ ਦੇ ਕਤਲ ਦੇ ਮਾਮਲੇ ਵਿੱਚ ਜਗਦੀਸ਼ ਟਾਈਟਲਰ ਖ਼ਿਲਾਫ਼ ਆਈ.ਪੀ.ਸੀ. ਦੀ ਧਾਰਾ 147, 149, 153ਏ, 188, 109, 295, 380 ਅਤੇ 302 ਤਹਿਤ ਕੇਸ ਦਰਜ ਕੀਤਾ ਸੀ। ਹਾਲਾਂਕਿ ਜਗਦੀਸ਼ ਟਾਈਟਲਰ ਨੂੰ ਪਹਿਲਾਂ ਵੀ ਪੁਲ ਬੰਗਸ਼ ਗੁਰਦੁਆਰਾ ਹਿੰਸਾ ਮਾਮਲੇ ਵਿੱਚ ਤਿੰਨ ਵਾਰ ਕਲੀਨ ਚਿੱਟ ਮਿਲ ਚੁੱਕੀ ਹੈ ਪਰ ਇਸ ਵਾਰ ਅਦਾਲਤ ਨੇ ਸਿੱਖ ਨਸਲਕੁਸ਼ੀ ਦੇ ਮਾਮਲੇ ਵਿੱਚ ਸਾਬਕਾ ਸੰਸਦ ਮੈਂਬਰ ’ਤੇ ਦੋਸ਼ ਆਇਦ ਕਰ ਦਿੱਤੇ ਹਨ। ਇਸ ਤੋਂ ਪਹਿਲਾਂ ਸੀ.ਬੀ.ਆਈ. ਨੇ ਅਦਾਲਤ ਵਿੱਚ ਦਾਅਵਾ ਕੀਤਾ ਸੀ ਕਿ 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਚਸ਼ਮਦੀਦ ਗਵਾਹਾਂ ਨੇ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਨੂੰ ਹਿੰਸਾ ਦੌਰਾਨ ਭੀੜ ਨੂੰ ਭੜਕਾਉਂਦੇ ਦੇਖਿਆ ਸੀ।ਇਸ ਤੋਂ ਪਹਿਲਾਂ ਵੀ ਪਿਛਲੀਆਂ ਸੁਣਵਾਈਆਂ ਦੌਰਾਨ ਬਚਾਅ ਪੱਖ ਦੇ ਵਕੀਲ ਨੇ ਟਾਈਟਲਰ ਨੂੰ ਬਚਾਉਣ ਲਈ ਅਦਾਲਤ ਵਿੱਚ ਕਈ ਤਰ੍ਹਾਂ ਦੀਆਂ ਦਲੀਲਾਂ ਦਿੱਤੀਆਂ ਸਨ। ਇਸ ਤੋਂ ਪਹਿਲਾਂ 19 ਜੁਲਾਈ ਨੂੰ ਸੁਣਵਾਈ ਦੌਰਾਨ ਬਚਾਅ ਪੱਖ ਦੇ ਵਕੀਲ ਮਨੂ ਸ਼ਰਮਾ ਨੇ ਦੂਰਦਰਸ਼ਨ ’ਤੇ ਤੀਨ ਮੂਰਤੀ ਹਾਊਸ, ਜਿੱਥੇ ਇੰਦਰਾ ਗਾਂਧੀ ਦੀ ਲਾਸ਼ ਰੱਖੀ ਹੋਈ ਸੀ, ਦੀ ਸ਼ੂਟਿੰਗ ਦਾ ਵੀਡੀਓ ਰਿਕਾਰਡ ’ਤੇ ਰੱਖਿਆ ਸੀ।ਮਨੂ ਸ਼ਰਮਾ ਨੇ ਦਲੀਲ ਦਿੱਤੀ ਸੀ ਕਿ ਸੀ.ਬੀ.ਆਈ. ਨੇ ਤਿੰਨ ਕਲੋਜ਼ਰ ਰਿਪੋਰਟਾਂ ਦਾਇਰ ਕੀਤੀਆਂ ਹਨ। ਸੀ.ਬੀ.ਆਈ. ਨੇ 2009 ਵਿੱਚ ਸਹਿ ਮੁਲਜ਼ਮ ਸੁਰੇਸ਼ ਕੁਮਾਰ ਪਾਨੇਵਾਲਾ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕੀਤੀ ਸੀ। ਉਸ ਨੂੰ ਹੇਠਲੀ ਅਦਾਲਤ ਨੇ ਬਰੀ ਕਰ ਦਿੱਤਾ ਸੀ। ਇਹ ਵੀ ਦਲੀਲ ਦਿੱਤੀ ਗਈ ਕਿ 1984 ਤੋਂ 2022-23 ਤੱਕ ਕੋਈ ਗਵਾਹ ਸਾਹਮਣੇ ਨਹੀਂ ਆਇਆ। 40 ਸਾਲਾਂ ਦੇ ਲੰਬੇ ਵਕਫ਼ੇ ਤੋਂ ਬਾਅਦ ਗਵਾਹ ਸਾਹਮਣੇ ਆ ਰਹੇ ਹਨ। ਉਨ੍ਹਾਂ ’ਤੇ ਭਰੋਸਾ ਕਿਵੇਂ ਕੀਤਾ ਜਾ ਸਕਦਾ ਹੈ?

ਕੌਮਾਂਤਰੀ
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

## ਸੰਪਾਦਕੀ

# ਪੰਜਾਬ ਸਰਕਾਰ ਦੀ ਪੋਲ ਖੋਲ ਗਿਆ ਕੈਗ ਦਾ ਖ਼ੁਲਾਸਾ

ਪੰਜਾਬ ਸਰਕਾਰ ਦੇ ਵਿੱਚ ਸਭ ਕੁਝ ਠੀਕ ਹੈ ਵਾਲੀ ਗੱਲ ਨਹੀਂ ਜਾਪਦੀ। ਲੰਘੇ ਦਿਨੀਂ ਹਵਾਈ ਅੱਡੇ ’ਤੇ ਆਪਣੇ ਜਹਾਜ਼ ਤੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਉੱਤਰੇ ਤਾਂ ਭੁੰਜੇ ਬੈਠ ਗਏ ਤਾਂ ਖ਼ਬਰਾਂ ਚੱਲਣ ਲੱਗੀਆਂ ਕਿ ਮੁੱਖ ਮੰਤਰੀ ਦੀ ਸਿਹਤ ਨਾਸਾਜ਼ ਹੈ। ਫਿਰ ਖ਼ਬਰ ਆਈ ਕਿ ਉਹਨਾਂ ਨੂੰ ਦਿੱਲੀ ਦੇ ਅਪੋਲੋ ਹਸਪਤਾਲ ਵਿੱਚ ਲਿਜਾਇਆ ਜਾ ਰਿਹਾ ਹੈ। ਸਿਹਤ ਖੇਤਰ ਵਿੱਚ ਭਾਵੇਂ ਪੰਜਾਬ ਦੇ ਹਸਪਤਾਲਾਂ ਵਿੱਚ ਨਵੀਂ ਕ੍ਰਾਂਤੀ ਆ ਗਈ ਹੈ ਪਰ ਮੁੱਖ ਮੰਤਰੀ ਚੈਕਅੱਪ ਦੇ ਲਈ ਦਿੱਲੀ ਪਹੁੰਚ ਗਏ। ਇਹ ਹੁੰਦੇ ਨੇ ਰੁਤਬਿਆਂ ਦੇ ਫ਼ਾਇਦੇ। ਚਿਹਰਿਆਂ ਦੇ ਹਾਵ ਭਾਵ ਪੜ੍ਹਨ ਵਾਲੇ ਦੱਸਦੇ ਨੇ ਕਿ ਜਿਸ ਦਿਨ ਜੇਲ੍ਹੋਂ ਕੇਜਰੀਵਾਲ ਬਾਹਰ ਆਇਆ ਉਸ ਦਿਨ ਤੋਂ ਪੰਜਾਬ ਦੇ ਮੁੱਖ ਮੰਤਰੀ ਬੁੱਝੇ ਬੁੱਝੇ ਨੇ। ਕਹਿੰਦੇ ਨੇ ਕਿ ਕੇਜਰੀਵਾਲ ਜਿਸ ਮੰਚ ਦੇ ਉੱਤੇ ਦਿੱਲੀ ਦੀ ਜਨਤਾ ਨੂੰ ਸੰਬੋਧਨ ਕਰ ਰਹੇ ਸੀ ਪੰਜਾਬ ਦੇ ਸੀ.ਐਮ. ਵੀ ਉਸੇ ਮੰਚ ’ਤੇ ਬੈਠੇ ਸੀ ਤਾਂ ਭਗਵੰਤ ਮਾਨ ਨੂੰ ਸਟੇਜ ’ਤੇ ਨਜ਼ਰ ਅੰਦਾਜ਼ ਕੀਤਾ ਗਿਆ। ਉਹਨਾਂ ਨੂੰ ਬੋਲਣ ਦੇ ਲਈ ਨਹੀਂ ਕਿਹਾ ਗਿਆ। ਗੁਜਰਾਤ ਤੋਂ ਗੋਆ ਤੱਕ ਪੰਜਾਬ ਦਾ ਸੀ.ਐਮ. ਰੈਲੀਆਂ ਵਿੱਚ ਬੋਲਦਾ ਰਿਹਾ ਪਰ ਕੇਜਰੀਵਾਲ ਦੀ ਸਟੇਜ ਤੋਂ ਅਣਗੌਲਿਆ ਕਰ ਦੇਣਾ ਪੰਜਾਬ ਦੇ ਮੁੱਖ ਮੰਤਰੀ ਦੇ ਚਿਹਰੇ ਨੂੰ ਗੰਭੀਰ ਕਰ ਗਿਆ। ਲਿਖਣ ਵਾਲੇ ਤਾਂ ਇਹ ਵੀ ਲਿਖਦੇ ਨੇ ਕਿ ਸੰਕਟ ਵਿੱਚ ਹੈ ਪੰਜਾਬ ਦਾ ਸੀ.ਐਮ.। ਪਰ ਅਸਲ ਵਿੱਚ ਆਮ ਆਦਮੀ ਪਾਰਟੀ ਸੰਕਟ ਦੇ ਵਿੱਚ ਹੈ। ਜੇ ਇਹ ਖ਼ਾਮੋਸ਼ੀ ਵਾਲੀ ਗੱਲ ਸੱਚ ਹੈ , ਜੇ ਸੱਚਮੁੱਚ ਭਗਵੰਤ ਮਾਨ ਦੀ ਸ਼ਖਸੀਅਤ ਨੂੰ ਦਿੱਲੀ ਵਾਲੇ ਡੈਂਟ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ ਤਾਂ ਉਹਨਾਂ ਨੂੰ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਪੰਜਾਬ ਵਿੱਚ ਉਹਨਾਂ ਕੋਲ ਭਗਵੰਤ ਮਾਨ ਵਰਗਾ ਚਿਹਰਾ ਹੋਰ ਨਹੀਂ ਹੈ। ਖ਼ਬਰਾਂ ਤਾਂ ਇਹ ਵੀ ਨੇ ਕਿ ਪੰਜਾਬ ਸਰਕਾਰ ਦਾ ਵਿੱਤੀ ਪ੍ਰਬੰਧਨ ਡਗਮਗਾ ਗਿਆ ਹੈ। ਲੰਘੇ ਦਿਨਾਂ ਦੇ ਵਿੱਚ ਇੱਕ ਕੈਗ ਦੀ ਰਿਪੋਰਟ ਆਉਂਦੀ ਹੈ। ਜੋ ਪੰਜਾਬ ਸਰਕਾਰ ਦੀ ਮੌਜੂਦਾ ਸਥਿਤੀ ਦੀ ਪੋਲ ਖੋਲ ਦਿੰਦੀ ਹੈ। ਭਾਵੇਂ ਕਿ ਕੈਗ ਨੇ ਹੋਰ ਰਾਜਾਂ ਦੇ ਕਰਜ਼ੇ ਦੀ ਵੀ ਗੱਲ ਕੀਤੀ ਹੈ। ਰਿਪੋਰਟ ਅਨੁਸਾਰ ਅੰਕੜੇ ਕਹਿੰਦੇ ਨੇ 2022 ਤੇ 2023 ਦੇ ਵਿੱਚ 26 ਹਜ਼ਾਰ 45 ਕਰੋੜ ਦਾ ਰੈਵੀਨਿਊ ਘਾਟਾ ਦਿਖਾਈ ਦੇ ਰਿਹਾ ਹੈ, ਜੋ ਸਾਲ 2018 ਤੇ ਸਾਲ 2019 ਵਿੱਚ 13 ਹਜ਼ਾਰ 135 ਕਰੋੜ ਸੀ। ਇਸਦਾ ਮਤਲਬ ਇਹ ਹੋਇਆ ਕਿ ਆਮਦਨ ਘੱਟ ਹੈ ਤੇ ਸਰਕਾਰ ਦੇ ਖ਼ਰਚੇ ਰਸੀਦਾਂ ਨਾਲੋਂ ਵੱਧ ਨੇ। ਹੁਣ ਜੇ ਕਾਰਨ ਵੱਲ ਵੇਖਿਆ ਜਾਵੇ ਤਾਂ ਮੁਫ਼ਤ ਸਹੂਲਤਾਂ ਇਸ ਦਾ ਕਾਰਨ ਦੱਸਿਆ ਜਾਂਦਾ ਹੈ। ਕੈਗ ਦੀ ਰਿਪੋਰਟ ਨੇ ਹਾਲਾਤ ਨੂੰ ਕਾਬੂ ਕਰਨ ਦੇ ਲਈ ਜ਼ਰੂਰੀ ਕਦਮ ਚੁੱਕਣ ਦੇ ਲਈ ਕਿਹਾ ਹੈ। ਸਬਸਿਡੀਆਂ ਨੂੰ ਸਮਝਦਾਰੀ ਨਾਲ ਵਰਤਣ ਦੀ ਗੱਲ ਕਹੀ ਹੈ। ਅਸਲ ਵਿੱਚ ਸੂਬੇ ਦਾ ਸਾਰਾ ਧੰਨ ਪੁਰਾਣੇ ਕਰਜ਼ੇ ਚੁਕਾਉਣ ’ਤੇ ਖ਼ਰਚ ਕੀਤਾ ਜਾ ਰਿਹਾ ਹੈ, ਜਿਸ ਕਰਕੇ ਹੋਰ ਖੇਤਰਾਂ ਵਿੱਚ ਲਾਭ ਨਹੀਂ ਹੋ ਰਿਹਾ। ਰਿਪੋਰਟ ਨੇ ਕਿਹਾ ਹੈ ਕਿ ਸਰਕਾਰ ਦੀ ਸਥਿਤੀ ਨਾਜ਼ੁਕ ਹੈ, ਨਵੀਂਆਂ ਸਕੀਮਾਂ ਦੇ ਲਈ ਪੈਸੇ ਬਚਦੇ ਹੀ ਨਹੀਂ, ਸਰਕਾਰ ਤਨਖ਼ਾਹਾਂ ਦੇਣ, ਸਬਸਿਡੀਆਂ ਤੱਕ ਹੀ ਮਸਾਂ ਗੁਜ਼ਾਰਾ ਕਰ ਰਹੀ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਮਾਨਸੂਨ ਸੈਸ਼ਨ ਦੇ ਵਿੱਚ ਆਈ ਇਹ ਰਿਪੋਰਟ ਦੇ ਉੱਤੇ ਵਿਧਾਨ ਸਭਾ ਦੇ ਅੰਦਰ ਕੋਈ ਗੱਲ ਨਹੀਂ ਹੋਈ, ਵਿਰੋਧੀ ਧਿਰ ਵੀ ਬਿਲਕੁਲ ਚੁੱਪ ਸੀ। ਜਾਂ ਇਹ ਕਹਿ ਸਕਦੇ ਹਾਂ ਕਿ ਐਹੋ ਜਿਹੇ ਮਾਮਲਿਆਂ ਦੇ ਉੱਤੇ ਸਾਡੇ ਵਿਧਾਇਕਾਂ ਨੂੰ ਬੋਲਣਾ ਹੀ ਨਹੀਂ ਆਉਂਦਾ। ਸਥਿਤੀ ਐਂਵੇ ਦੀ ਹੈ ਕਿ ਸਾਡੀ ਸਟੇਟ ਕੋਲ ਨਵੀਂਆਂ ਸਕੀਮਾਂ ਚਲਾਉਣ ਲਈ ਪੈਸਾ ਨਹੀਂ। ਕੇਂਦਰ ਪੈਸੇ ਦੇਣ ਤੋਂ ਆਕੀ ਹੈ ਤੇ ਕਿਵੇਂ ਚੱਲੇਗੀ ਸਰਕਾਰ ? ਇਹ ਉਹ ਸਰਕਾਰ ਦੀ ਗੱਲ ਕਰ ਰਹੇ ਹਾਂ ਜੋ ਕਹਿੰਦੀ ਹੁੰਦੀ ਸੀ ਕਿ ਪਹਿਲੀਆਂ ਤਾਂ ਘੋਗਲ-ਕੰਨੀਆਂ ਸਰਕਾਰਾਂ ਸਨ ਅਸੀਂ ਪੰਜਾਬ ਦੀ ਮਿੱਟੀ ਦੇ ਜਾਏ ਹਾਂ, ਸਾਨੂੰ ਪਤਾ ਹੈ ਕਿ ਪੈਸਾ ਕਿੱਥੋਂ ਆਉਣਾ। ਅਸੀਂ ਪੰਚਾਇਤੀ ਜ਼ਮੀਨਾਂ ਵੀ ਛੁਡਵਾ ਲੈਣੀਆਂ ਨੇ, ਮਾਈਨਿੰਗ ਵੀ ਬੰਦ ਕਰਵਾ ਲੈਣੀ ਹੈ ਤੇ ਪੈਸੇ ਬਚਾ ਲੈਣੇ ਨੇ। ਮਾਈਨਿੰਗ ਵਾਲੇ ਪੈਸੇ ਪਤਾ ਨਹੀਂ ਕਿਥੇ ਗਏ ਨੇ। ਐਕਸਾਈਜ਼ ਪਾਲਿਸੀ ਤੋਂ ਪੈਸੇ ਕਮਾਉਣ ਵਾਲੇ ਦਿੱਲੀ ਵਿੱਚ ਆਪ ਹੀ ਐਕਸਾਈਜ਼ ਦੇ ਘੇਰੇ ਵਿੱਚ ਉਲਝੇ ਹੋਏ ਨੇ। ਰੈਵੀਨਿਊ ਦੇ ਵਸੀਲੇ ਵੀ ਬਹੁਤੇ ਨਹੀਂ ਸਰਕਾਰ ਦੇ ਕੋਲ। 28 ਹਜ਼ਾਰ ਕਰੋੜ ਦੀ ਪੰਜਾਬ ਵਿੱਚ ਟੈਕਸ ਚੋਰੀ ਹੋ ਰਹੀ ਹੈ। 26 ਹਜ਼ਾਰ ਕਰੋੜ ਦਾ ਮਾਲੀ ਘਾਟਾ ਹੈ। ਇਮਾਨਦਾਰਾਂ ਦੀ ਸਰਕਾਰ ਟੈਕਸ ਚੋਰੀ ਹੀ ਰੋਕ ਲਵੇ ਤਾਂ ਕਈ ਕੰਮ ਸੰਵਰ ਜਾਂਦੇ ਨੇ। ਕਾਂਗਰਸ ਪਾਰਟੀ ਸੂਬੇ ਦੀ ਵਿਗੜ ਰਹੀ ਕਾਨੂੰਨ ਵਿਵਸਥਾ ਦੇ ਖ਼ਿਲਾਫ਼ ਮੁਜ਼ਾਹਰੇ ਕਰ ਰਹੀ ਹੈ। ਬੋਲਦੇ ਇਨਸਾਨਾਂ ਦੇ ਨਾਲ ਸ਼ਰੇਆਮ ਧੱਕਾ ਹੋ ਰਿਹਾ ਹੈ। ਸਰਕਾਰੀ ਮੁਲਾਜ਼ਮ ਜਾਂ ਤਾਂ ਸੜਕਾਂ ’ਤੇ ਨੇ ਜਾਂ ਤਨਖ਼ਾਹੋਂ ਵਾਂਝੇ ਨੇ। ਕਿਸਾਨ ਅੱਡੀਆਂ ਚੁੱਕ ਚੁੱਕ ਕੇ ਖੇਤੀਬਾੜੀ ਪਾਲਿਸੀ ਉਡੀਕ ਰਹੇ ਨੇ, ਤੇ ਆਮ ਬੰਦਾ ਸੋਚਾਂ ਦੇ ਵਿੱਚ ਹੈ ਕਿ ਸਾਨੂੰ ਤਾਂ ਰੰਗਲਾ ਪੰਜਾਬ ਬਣਾਉਣ ਵਾਲਿਆਂ ਨੇ ਦੁਚਿੱਤੀ ਵਿੱਚ ਪਾ ਦਿੱਤਾ ਹੈ ਕਿ ਅਗਲੀ ਵਾਰੀ ਅਸੀਂ ਕਿਸ ਨੂੰ ਚੁਣੀਏ ?

# ਪੰਜਾਬ ਦੇ ਆਰਥਿਕ ਵਿਕਾਸ ਦੀਆਂ ਔਕੜਾਂ

ਲਖਵਿੰਦਰ ਸਿੰਘ



ਪਿਛਲੇ ਚਾਲੀ ਸਾਲਾਂ ਤੋਂ ਪੰਜਾਬ ਦੇ ਆਰਥਿਕ ਵਿਕਾਸ ਵਿੱਚ ਨਿਘਾਰ ਹੁੰਦਾ ਆ ਰਿਹਾ ਹੈ। ਲੰਮੇ ਅਰਸੇ ਤੋਂ ਪੰਜਾਬ ਦੇ ਅਰਥਚਾਰੇ ਵਿੱਚ ਤਰੱਕੀ ਦੀ ਰਫ਼ਤਾਰ ਮੱਠੀ ਬਣੀ ਹੋਈ ਹੈ ਜਿਸ ਦੇ ਗੰਭੀਰ ਸਿੱਟੇ ਨਿਕਲ ਰਹੇ ਹਨ। ਮਸਲਨ, ਪ੍ਰਤੀ ਜੀਅ ਆਮਦਨ, ਉੱਚ ਬੇਰੁਜ਼ਗਾਰੀ ਦਰ, ਵੱਡੇ ਪੱਧਰ ’ਤੇ ਪਰਵਾਸ, ਵਾਤਾਵਰਨ ਸਰੋਤਾਂ ਦੀ ਬਰਬਾਦੀ ਅਤੇ ਖੇਤੀਬਾੜੀ ਸੰਕਟ ਅਤੇ ਦਿਹਾਤੀ ਖ਼ੁਦਕੁਸ਼ੀਆਂ ਜਿਹੇ ਮਾਮਲਿਆਂ ਵਿੱਚ ਸੂਬੇ ਦੀ ਦਰਜਾਬੰਦੀ ਡਿੱਗਦੀ ਜਾ ਰਹੀ ਹੈ। ਬਹੁਤ ਸਾਰੇ ਹੋਰਨਾਂ ਦੇਸ਼ਾਂ ਵਿੱਚ ਵੱਸਦੇ ਪੰਜਾਬੀ ਅਕਸਰ ਇਹ ਸਵਾਲ ਪੁੱਛਦੇ ਹਨ ਕਿ ਕੀ ਪੰਜਾਬ ਦੀ ਗੁਆਚੀ ਹੋਈ ਸ਼ਾਨ ਕਦੇ ਬਹਾਲ ਹੋ ਸਕੇਗੀ ? ਪੰਜਾਬ ਦੇ ਅਰਥਚਾਰੇ ਬਾਰੇ ਖੋਜ ਕਰਨ ਵਾਲੇ ਅਰਥਸ਼ਾਸਤਰੀ ਇਸ ਸਵਾਲ ਦਾ ਹਾਂਦਰੂ ਜਵਾਬ ਦਿੰਦੇ ਹਨ। ਉਂਝ, ਪੰਜਾਬ ਦੇ ਅਰਥਚਾਰੇ ਦੀਆਂ ਮੂਲ ਸ਼ਕਤੀਆਂ ਨੂੰ ਸੁਰਜੀਤ ਕਰਨ ਦੇ ਰਾਹ ਵਿੱਚ ਕਈ ਕਾਰਕ ਰੋੜਾ ਬਣੇ ਹੋਏ ਹਨ ਜਿਨ੍ਹਾਂ ਦੀ ਸ਼ਨਾਖਤ ਕਰਨ ਅਤੇ ਦਰੁਸਤੀ ਕਦਮ ਚੁੱਕਣ ਦੀ ਲੋੜ ਹੈ। ਜੇ ਇਨ੍ਹਾਂ ਕਦਮਾਂ ਨੂੰ ਅਮਲ ਵਿੱਚ ਲਿਆਂਦਾ ਜਾਵੇ ਤਾਂ ਪੰਜਾਬ ਦੇ ਅਰਥਚਾਰੇ ਦੀ ਸ਼ਾਨ ਹੀ ਬਹਾਲ ਨਹੀਂ ਹੋਵੇਗੀ ਸਗੋਂ ਇਹ ਇੱਕ ਮਿਸਾਲੀ ਆਰਥਿਕ ਅਗਵਾਈ ਵੀ ਦੇ ਸਕਦਾ ਹੈ।

ਪੰਜਾਬ ਦੇ ਅਰਥਚਾਰੇ ਦੀ ਗਤੀਸ਼ੀਲਤਾ ਨੂੰ ਡੱਕ ਰਹੀ ਪਹਿਲੀ ਰੁਕਾਵਟ ਹੈ ਇਸ ਦਾ ਚਲੰਤ ਪੈਦਾਵਾਰੀ ਢਾਂਚਾ। ਹਾਲਾਂਕਿ ਪੰਜਾਬ ਦੇ ਅਰਥਚਾਰੇ ਦਾ ਢਾਂਚਾ ਹੌਲੀ-ਹੌਲੀ ਖੇਤੀਬਾੜੀ ਤੋਂ ਸੇਵਾਵਾਂ ਵੱਲ ਮੁੜ ਗਿਆ ਹੈ, ਫਿਰ ਵੀ ਭਾਰਤ ਦੇ ਹੋਰਨਾਂ ਗਤੀਸ਼ੀਲ ਸੂਬਿਆਂ ਅਤੇ ਨਵੇਂ ਸਨਅਤੀਕ੍ਰਿਤ ਪੂਰਬੀ ਏਸ਼ਿਆਈ ਦੇਸ਼ਾਂ ਦੀ ਤੁਲਨਾ ਵਿੱਚ ਸੂਬਾਈ ਕੁੱਲ ਘਰੋਗੀ ਪੈਦਾਵਾਰ (ਐੱਸ.ਜੀ.ਡੀ.ਪੀ.) ਵਿੱਚ ਬਹੁਤਾ ਯੋਗਦਾਨ ਅਤੇ ਰੋਜ਼ੀ ਰੋਟੀ ਕਮਾਉਣ ਲਈ ਕਿਰਤ ਸ਼ਕਤੀ ਦਾ ਵੱਡਾ ਹਿੱਸਾ ਖੇਤੀਬਾੜੀ ਤੋਂ ਹੀ ਆਉਂਦਾ ਹੈ। ਪੰਜਾਬ ਦੇ ਅਰਥਚਾਰੇ ਦੀ ਫਿਤਰਤ ਅਤੇ ਢਾਂਚੇ ਦੇ ਮੱਦੇਨਜ਼ਰ ਇਸ ਦੀ ਗਤੀਸ਼ੀਲਤਾ ਦੇ ਰਾਹ ਦੀ ਸਭ ਤੋਂ ਅਹਿਮ ਰੁਕਾਵਟ ਵੱਖ-ਵੱਖ ਖੇਤਰਾਂ ਦਰਮਿਆਨ ਲੋੜੀਂਦੇ ਸੂਤਰਾਂ ਦੀ ਘਾਟ ਹੈ। ਇਸ ਕਰ ਕੇ ਆਮਦਨੀ ’ਚ ਵਾਧੇ ਨੂੰ ਉਸ ਪੱਧਰ ’ਤੇ ਨਹੀਂ ਲਿਜਾਇਆ ਜਾ ਰਿਹਾ ਹੈ ਜੋ ਕਿ ਆਰਥਿਕ ਵਿਕਾਸ ਦੀ ਉੱਚੀ ਦਰ ਲਈ ਜ਼ਰੂਰੀ ਹੈ।

ਲੰਮੇ ਸਮੇਂ ਤੋਂ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਪੰਜਾਬ ਦਾ ਅਰਥਚਾਰਾ ਖੇਤੀਬਾੜੀ ਉੱਪਰ ਲੋੜੋਂ ਵੱਧ ਨਿਰਭਰ ਹੈ ਅਤੇ ਇਸ ਲਈ ਅਰਥਚਾਰੇ ਅਤੇ ਖੇਤੀਬਾੜੀ ਖੇਤਰ ਵਿੱਚ ਵੀ ਤਬਦੀਲੀ ਦੀ ਲੋੜ ਹੈ। ਦੇਸ਼ ਦੀ ਖ਼ੁਰਾਕ ਸੁਰੱਖਿਆ ਲਈ ਪੰਜਾਬ ’ਤੇ ਲੋੜੋਂ ਵੱਧ ਨਿਰਭਰਤਾ ਕਰ ਕੇ ਇਸ ਮੁਤੱਲਕ ਸੁਝਾਈ ਗਈ ਰਣਨੀਤੀ ਦਾ ਵਿਰੋਧ ਕੀਤਾ ਜਾਂਦਾ ਰਿਹਾ ਹੈ। ਪੰਜਾਬ ਸਰਕਾਰ ਅਤੇ ਕਿਸਾਨਾਂ ਨੇ ਆਪਣੇ ਤੌਰ ’ਤੇ ਖੇਤੀਬਾੜੀ ਦੀ ਫ਼ਸਲੀ ਵਿਭਿੰਨਤਾ ਅਪਣਾਉਣ ਦੇ ਯਤਨ ਕੀਤੇ ਸਨ ਪਰ ਇਹ ਇਸ ਕਰ ਕੇ ਫੇਲ੍ਹ ਸਾਬਿਤ ਹੋਏ ਕਿਉਂਕਿ ਢੁਕਵੀਂ ਪ੍ਰਾਸੈਸਿੰਗ ਦੀ ਅਣਹੋਂਦ ਵਿੱਚ ਨਵੀਆਂ ਫ਼ਸਲਾਂ ਦੀ ਵਾਧੂ ਉਪਜ ਨੂੰ ਸਮੋਣ ਲਈ ਮੰਡੀ ’ਤੇ ਟੇਕ ਰੱਖੀ ਗਈ ਸੀ। ਇਸ ਦਾ ਸਿੱਟਾ ਇਹ ਨਿਕਲਿਆ ਕਿ ਪੰਜਾਬ ਅਜੇ ਵੀ ਕਣਕ-ਝੋਨੇ ਦੇ ਚੱਕਰ ਵਿੱਚ ਘੁੰਮ ਰਿਹਾ ਹੈ ਅਤੇ ਇਸ ਨਾਲ ਕਰ ਕੇ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਡਿੱਗ ਰਿਹਾ ਹੈ ਅਤੇ ਫ਼ਸਲੀ ਰਹਿੰਦ-ਖੂੰਹਦ ਨੂੰ ਸਾੜਨ ਦਾ ਸਿਲਸਿਲਾ ਚੱਲ ਰਿਹਾ ਹੈ। ਆਮ ਤੌਰ ’ਤੇ ਪੰਜਾਬ ਦੇ ਅਰਥਚਾਰੇ ਨੂੰ ਅਤੇ ਖ਼ਾਸ ਤੌਰ ’ਤੇ ਖੇਤੀਬਾੜੀ ਖੇਤਰ ਵਿੱਚ ਵਿਭਿੰਨਤਾ ਲਈ ਸੂਬਾ ਅਤੇ ਕੇਂਦਰ ਦੋਵੇਂ ਸਰਕਾਰਾਂ ਦੇ ਸਾਂਝੇ ਯਤਨਾਂ ਦੀ ਲੋੜ ਹੈ। ਇਸ ਲਈ ਹਰੇ ਇਨਕਲਾਬ ਤੋਂ ਪਹਿਲਾਂ ਦੋਵੇਂ ਸਰਕਾਰਾਂ ਦੇ ਯਤਨਾਂ ਵਾਂਗ ਲੋੜ ਹੈ ਅਤੇ ਨਵੇਂ ਬੁਨਿਆਦੀ ਢਾਂਚੇ ਅਤੇ ਇਸ ਲਈ ਢੁਕਵੇਂ ਮਾਹੌਲ ਲਈ ਇੱਕ ਵਾਰ ਦੀ ਤਬਦੀਲੀ ਲਾਗਤ ਦਾ ਬੋਝ ਚੁੱਕਣ ਦੀ ਲੋੜ ਹੈ। ਸਿਆਸੀ ਲੀਡਰਸ਼ਿਪ ਦੀ ਇੱਛਾ ਇਸ ਔਕੜ ’ਤੇ ਕਾਬੂ ਪਾ ਸਕਦੀ ਹੈ।

ਦੂਜੀ ਔਕੜ ਪਿਛਲੇ ਕਈ ਸਾਲਾਂ ਤੋਂ ਆਰਥਿਕ ਨੀਤੀ ਦੇ ਨਕਾਰਾਪਣ ਦੀ ਹੈ। ਜੇ ਅਸੀਂ 1980ਵਿਆਂ ਦੇ ਮੱਧ ਨੂੰ ਚੇਤੇ ਕਰੀਏ ਤਾਂ ਪਤਾ ਲੱਗਦਾ ਹੈ ਕਿ ਭਾਰਤ ਦਾ ਇੱਕ ਸਰਪਲੱਸ ਮਾਲੀਏ ਵਾਲਾ ਸੂਬਾ ਪਹਿਲੀ ਵਾਰ ਮਾਲੀਆ ਘਾਟੇ ਵਿੱਚ ਗਿਆ ਸੀ। ਪੰਜਾਬ ਵਿੱਚ ਉਦੋਂ ਗੜਬੜ ਸਿਖਰਾਂ ’ਤੇ ਸੀ ਜਦੋਂ ਇਸ ਦੇ ਜ਼ਿਆਦਾਤਰ ਅਦਾਰਿਆਂ ਦਾ ਕੰਮ-ਕਾਜ ਲੀਹੋਂ ਲਹਿ ਗਿਆ ਸੀ ਜਿਸ ਕਰ ਕੇ ਮਾਲੀਆ ਇਕੱਤਰ ਕਰਨ ਵਾਲੀ ਮਸ਼ੀਨਰੀ ਠੱਪ ਹੋ ਗਈ ਅਤੇ ਇਸ ਦੇ ਨਾਲ ਹੀ ਕੇਂਦਰੀ ਸੁਰੱਖਿਆ ਬਲਾਂ ਦੀ ਤਾਇਨਾਤੀ ਦੇ ਖਰਚੇ ਦਾ ਵਾਧੂ ਬੋਝ ਚੁੱਕਣਾ ਪੈ ਗਿਆ। ਇਹ ਪੰਜਾਬ ਦੇ ਖਜ਼ਾਨੇ ’ਤੇ ਦੋਹਰਾ ਭਾਰ ਸੀ ਅਤੇ ਸਿੱਟੇ ਵਜੋਂ ਸੂਬਾ ਸਰਕਾਰ ਨੇ ਕਰਜ਼ਾ ਲੈਣਾ ਸ਼ੁਰੂ ਕਰ ਦਿੱਤਾ ਅਤੇ ਹੌਲੀ ਹੌਲੀ ਇਹ ਸਰਪਲੱਸ ਮਾਲੀਏ ਤੋਂ ਕਰਜ਼ੇ ਦੇ ਬੋਝ ਹੇਠ ਆ ਗਿਆ। ਲੋਕਰਾਜ ਅਤੇ ਚੁਣੀਆਂ ਹੋਈਆਂ ਸਰਕਾਰਾਂ ਦੀ ਬਹਾਲੀ ਤੋਂ ਤਿੰਨ ਦਹਾਕਿਆਂ ਬਾਅਦ ਵੀ ਪੰਜਾਬ ਹਰ ਸਾਲ ਕਰਜ਼ੇ ਦੀ ਦਲਦਲ ਵਿੱਚ ਗਹਿਰਾ ਧੱਸਦਾ ਚਲਿਆ ਗਿਆ। ਪੰਜਾਬ ਸਿਰ 3.51 ਲੱਖ ਕਰੋੜ ਰੁਪਏ ਤੋਂ ਵੱਧ ਕਰਜ਼ਾ ਹੋ ਚੁੱਕਿਆ ਹੈ ਜੋ ਇਸ ਦੀ ਕੁੱਲ ਘਰੇਲੂ ਪੈਦਾਵਾਰ ਦਾ 47 ਫ਼ੀਸਦੀ ਬਣਦਾ ਹੈ। ਕੁੱਲ ਕਰਜ਼ੇ ’ਚੋਂ 92.2 ਫ਼ੀਸਦੀ ਹਿੱਸਾ ਇਸ ਦੀਆਂ ਕਿਸ਼ਤਾਂ ਤਾਰਨ ਦੇ ਹਿੱਸੇ ਲੱਗ ਰਿਹਾ ਹੈ। ਇਸ ਦੇ ਪੱਕੇ ਖਰਚੇ ਰਾਜ ਸਰਕਾਰ ਵੱਲੋਂ ਇਕੱਤਰ ਕੀਤੇ ਜਾਂਦੇ ਮਾਲੀਏ ਨਾਲੋਂ ਵਧ ਜਾਂਦੇ ਹਨ। ਕੋਵਿਡ-19 ਦੌਰਾਨ ਵੀ ਇਹ ਮਹਿਸੂਸ ਕੀਤਾ ਗਿਆ ਸੀ ਕਿ ਕੇਂਦਰ ਸਰਕਾਰ ਦਾ ਰਾਜਕੋਸ਼ੀ ਘਾਟਾ ਵਧ ਸਕਦਾ ਹੈ ਪਰ ਰਾਜ ਸਰਕਾਰ ਉੱਪਰ ਕਰਜ਼ ਲੈਣ ’ਤੇ ਰੋਕ ਲਾ ਦਿੱਤੀ ਗਈ ਅਤੇ ਇੱਕ ਖ਼ਾਸ ਕਿਸਮ ਦੇ ਖਰਚ ਵਿੱਚ ਅੱਧਾ ਫ਼ੀਸਦੀ ਤੱਕ ਲਚਕਤਾ ਜੋੜ ਦਿੱਤੀ ਗਈ। ਰਾਜ ਸਰਕਾਰ ਲਈ ਬੰਧਕ ਆਰਥਿਕ ਨੇਮਾਂ ਅਤੇ ਗਤੀਸ਼ੀਲ ਟੈਕਸ ਲਾਉਣ ਦੇ ਅਖ਼ਤਿਆਰ ਕੇਂਦਰ ਦੇ ਹੱਥਾਂ ਵਿੱਚ ਚਲੇ ਜਾਣ ਕਰ ਕੇ ਰਾਜ ਸਰਕਾਰ ਕੋਲ ਵਿਕਾਸ ਦੀਆਂ ਵਿੱਤੀ ਲੋੜਾਂ ਦੀ ਪੂਰਤੀ ਲਈ ਮਾਲੀਆ ਜੁਟਾਉਣ ਦੇ ਸਾਧਨ ਸੀਮਤ ਹੋ ਗਏ ਹਨ। ਉਂਝ, ਬਿਜਲੀ ਸਬਸਿਡੀ ਜਿਹੀਆਂ ਤਰਕਹੀਣ ਸਬਸਿਡੀਆਂ ਦਾ ਬੋਝ ਵਧਣ ਕਰ ਕੇ ਆਰਥਿਕ ਨੀਤੀ ਪੰਗੂ ਹੋ ਕੇ ਰਹਿ ਗਈ ਹੈ ਅਤੇ ਪੰਜਾਬ ਦੇ ਅਰਥਚਾਰੇ ਦੇ ਪੈਦਾਵਾਰੀ ਢਾਂਚੇ ਨੂੰ ਦਿਸ਼ਾ ਦੇਣ ਵਿਚ ਸਰਕਾਰ ਨਾਕਾਮ ਰਹੀ ਹੈ।

ਤੀਜਾ ਵੱਡਾ ਅੜਿੱਕਾ ਗ਼ੈਰ-ਆਰਥਿਕ ਕਾਰਕਾਂ ਦਾ ਸਿੱਟਾ ਹੈ ਜੋ ਕਿ ਪੰਜਾਬ ਦੇ ਲੋਕਾਂ ਦੇ ਗਰਮ ਮਿਜ਼ਾਜ ਨਾਲ ਜੁੜੇ ਹੋਏ ਹਨ ਜਿਨ੍ਹਾਂ ਕਰ ਕੇ ਇਸ ਨਿਵੇਸ਼ ਵਿੱਚ ਕਮੀ ਆ ਗਈ ਹੈ। ਧਰਮ ਨੂੰ ਸਿਆਸੀ ਮੰਤਵਾਂ ਲਈ ਵਰਤਣ ਕਰ ਕੇ ਬਹੁਤ ਹੀ ਵਾਜਿਬ ਸਮਾਜਿਕ ਆਰਥਿਕ ਔਕੜਾਂ ਨੂੰ ਧਰਮ ਅਤੇ ਸ਼ਨਾਖਤ ਦੇ ਮੁੱਦੇ ਬਣ ਜਾਣ ਕਰ ਕੇ ਤਣਾਅਪੂਰਨ ਮਾਹੌਲ ਪੈਦਾ ਹੋ ਗਿਆ ਹੈ ਅਤੇ ਇਸ ਕਰ ਕੇ ਸ਼ਾਂਤੀ ਭੰਗ ਹੁੰਦੀ ਹੈ ਜੋ ਕਿ ਆਰਥਿਕ ਗਤੀਵਿਧੀਆਂ ਵਿੱਚ ਦੀਰਘਕਾਲੀ ਨਿੱਜੀ ਨਿਵੇਸ਼ ਲਈ ਜ਼ਰੂਰੀ ਹੁੰਦੀ ਹੈ। ਨਿੱਜੀ ਨਿਵੇਸ਼ ਦੇ ਬਾਹਰ ਜਾਣ ਦਾ ਇਹ ਰੁਝਾਨ ਅੱਸੀਵਿਆਂ ਦੇ ਮੱਧ ਵਿਚ ਸ਼ੁਰੂ ਹੋਇਆ ਸੀ ਜੋ ਅੱਜ ਵੀ ਜਾਰੀ ਹੈ। ਮੰਡੀ ਗੋਬਿੰਦਗੜ੍ਹ ਅਤੇ ਬਟਾਲਾ ‘ਉਲਟ ਸਨਅਤੀਕਰਨ’ ਅਤੇ ਪੰਜਾਬ ਦੇ ਹੋਰਨਾਂ ਸਨਅਤੀ ਸ਼ਹਿਰਾਂ ’ਚੋਂ ਨਿਵੇਸ਼ ਘਟਣ ਦਾ ਸਬੂਤ ਹਨ। ਪੰਜਾਬ ਵਿੱਚ ਨਿਵੇਸ਼ ਦੀ ਕਮੀ ਦਾ ਪੂਰਕ ਕਾਰਨ ਇਹ ਹੈ ਕਿ ਇਸ ਦੀ ਪਾਕਿਸਤਾਨ ਨਾਲ ਲੰਮੀ ਸਰਹੱਦ ਲੱਗਦੀ ਹੈ ਅਤੇ 1965 ਅਤੇ 1971 ਦੀਆਂ ਜੰਗਾਂ ਤੋਂ ਬਾਅਦ ਬਹੁਤਾ ਸਮਾਂ ਭਾਰਤ-ਪਾਕਿਸਤਾਨ ਦੇ ਸਬੰਧ ਆਮ ਵਰਗੇ ਨਾ ਰਹੇ ਜਿਸ ਕਰ ਕੇ ਪੰਜਾਬ ਘਰੋਗੀ ਅਤੇ ਵਿਦੇਸ਼ੀ ਨਿਵੇਸ਼ ਦਾ ਟਿਕਾਣਾ ਨਾ ਬਣ ਸਕਿਆ। ਇਸ ਦੇ ਸਿੱਟੇ ਕਰ ਕੇ ਹੀ ਸਾਲ 2023 ਵਿੱਚ ਐੱਸ.ਜੀ.ਡੀ.ਪੀ. ਵਿੱਚ ਕੁੱਲ ਨਿਸ਼ਚਤ ਪੂੰਜੀ ਨਿਵੇਸ਼ ਘਟ ਕੇ 14 ਫ਼ੀਸਦੀ ਰਹਿ ਗਿਆ ਹੈ।

ਪੰਜਾਬ ਦੇ ਵਿਕਾਸ ਲਈ ਚੌਥਾ ਵੱਡਾ ਰੁਕਾਵਟ ਮਨੁੱਖੀ ਸਰਮਾਏ ਦੀ ਘਾਟ ਹੈ। ਇਹ ਇਤਿਹਾਸਕ ਤੱਥਾਂ ਦੇ ਉਲਟ ਹੈ ਕਿ ਪੰਜਾਬੀਆਂ ਕੋਲ ਉੱਤਮ ਉੱਦਮੀ ਅਤੇ ਅਗਵਾਈ ਦਾ ਹੁਨਰ ਹੈ। ਪਿਛਲੇ ਚਾਰ ਦਹਾਕਿਆਂ ਤੋਂ ਵਿਦਿਅਕ ਅਤੇ ਸਿਹਤ ਨਾਲ ਸਬੰਧਿਤ ਸੰਸਥਾਵਾਂ ਦੋਵੇਂ ਜਨਤਕ ਨਿਵੇਸ਼ ਦੀ ਘਾਟ ਅਤੇ ਮੁਨਾਫ਼ੇ ਦੀ ਘਾਟ ਦੇ ਕਾਰਨ ਨੁਕਸਾਨ ਝੱਲ ਰਹੀਆਂ ਹਨ ਪਰ ਘੱਟ ਗੁਣਵੱਤਾ ਵਾਲੇ ਨਿੱਜੀ ਵਿਦਿਅਕ ਅਤੇ ਸਿਹਤ ਸੰਸਥਾਵਾਂ ਨੇ ਵਪਾਰ ਦੁਆਰਾ ਮੰਗ ਦੇ ਹੁਨਰ ਅਤੇ ਪੈਦਾ ਕੀਤੀ ਘੱਟ ਹੁਨਰਮੰਦ ਮਨੁੱਖੀ ਪੂੰਜੀ ਵਿਚਕਾਰ ਤਾਲਮੇਲ ਤੋੜ ਦਿੱਤਾ ਹੈ। ਪੱਛਮੀ ਦੇਸ਼ਾਂ ਵਿੱਚ ਮੁਕਾਬਲਤਨ ਉੱਤਮ ਹੁਨਰ ਅਤੇ ਵਿੱਤੀ ਸਰੋਤ ਅਧਾਰਤ ਮਨੁੱਖੀ ਪੂੰਜੀ ਦੇ ਪਰਵਾਸ ਨੇ ਰਾਜ ਵਿੱਚ ਲਾਭਕਾਰੀ ਨਵੀਆਂ ਆਰਥਿਕ ਗਤੀਵਿਧੀਆਂ ਜਿਵੇਂ ਕਿ ਸੂਚਨਾ ਅਤੇ ਸੰਚਾਰ ਤਕਨਾਲੋਜੀਆਂ ਲਈ ਲੋੜੀਂਦੇ ਮਨੁੱਖੀ ਸਰੋਤਾਂ ਦੀ ਘਾਟ ਨੂੰ ਵਧਾਇਆ ਹੈ।

ਆਖ਼ਰੀ ਪਰ ਓਨਾ ਹੀ ਅਹਿਮ ਅੜਿੱਕਾ ਵਿਕਾਸ ਦੀ ਅਣਹੋਂਦ ਅਤੇ ਵਿਕਾਸੀ ਸੰਸਥਾਵਾਂ ਦੇ ਵਿਕੇਂਦਰੀਕਰਨ ਦੀ ਘਾਟ ਹੈ। ਸਾਰਾ ਵਿਕਾਸ ਸੰਸਥਾਗਤ ਢਾਂਚਾ ਸਵਾਰਥੀ ਹਿੱਤਾਂ ਦੇ ਕਬਜ਼ੇ ਵਿੱਚ ਆ ਗਿਆ ਹੈ ਜਿਸ ਨੂੰ ਪੁਲੀਸ-ਨੌਕਰਸ਼ਾਹੀ-ਸਿਆਸੀ ਕੁਲੀਨ ਵਰਗ ਦੀ ਇੱਕ ਜਕੜ ਕਿਹਾ ਜਾ ਸਕਦਾ ਹੈ। ਨੀਤੀ ਬਣਾਉਣ, ਲਾਗੂ ਕਰਨ ਅਤੇ ਮੁਲਾਂਕਣ ਸਵਾਰਥੀ ਹਿੱਤ ਸਮੂਹ ਦੇ ਹੱਥਾਂ ਵਿੱਚ ਕੇਂਦਰਿਤ ਹੋ ਗਿਆ ਹੈ ਜੋ ਆਪਣੇ ਸਮੂਹ ਦੇ ਹਿੱਤਾਂ ਨੂੰ ਵੱਧ ਤੋਂ ਵੱਧ ਤਰਜੀਹ ਦਿੰਦੇ ਹਨ ਅਤੇ ਵੱਡੇ ਪੱਧਰ ’ਤੇ ਨਜ਼ਰਾਨਾ ਵਸੂਲੀ ਦੇ ਵਿਵਹਾਰ ਅਤੇ ਨਸ਼ਿਆਂ ਅਤੇ ਸਿੰਥੈਟਿਕ ਨਸ਼ੀਲੇ ਪਦਾਰਥਾਂ ਅਤੇ ਰੇਤ-ਬਜਰੀ ਦੇ ਗ਼ੈਰ-ਕਾਨੂੰਨੀ ਕਾਰੋਬਾਰ ਸਮੇਤ ਵੱਖ-ਵੱਖ ਕਿਸਮਾਂ ਦੇ ਗਰੋਹਾਂ ਨੂੰ ਉਤਸ਼ਾਹਿਤ ਕਰਨ ਵਿੱਚ ਸ਼ਾਮਿਲ ਹਨ। ਇਸ ਨਾਲ ਪੰਜਾਬ ਵਿੱਚ ਨਿੱਜੀ ਉਦਯੋਗਾਂ ਦੇ ਨਿਵੇਸ਼ ਦੇ ਵਧਣ-ਫੁੱਲਣ ਦੇ ਮੌਕੇ ਘਟੇ ਹਨ ਅਤੇ ਇਸ ਤਰ੍ਹਾਂ ਪੰਜਾਬ ਦੇ ਕੀਮਤੀ ਮਨੁੱਖੀ ਅਤੇ ਪੂੰਜੀ ਸਰੋਤਾਂ ਦਾ ਪਲਾਇਨ ਹੋ ਗਿਆ ਹੈ। ਇਕੱਠੇ ਮਿਲ ਕੇ, ਇਨ੍ਹਾਂ ਪੰਜ ਅੜਿੱਕਿਆਂ ਨੇ ਪੰਜਾਬ ਦੀ ਆਰਥਿਕਤਾ ਨੂੰ ਮੁੜ ਸੁਰਜੀਤ ਕਰਨ ਲਈ ਇੱਕ ਵੱਡੀ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਪੰਜਾਬ ਦੀ ਗੁਆਚੀ ਸ਼ਾਨ ਨੂੰ ਮੁੜ ਸੁਰਜੀਤ ਕਰਨ ਲਈ ਜਨਤਕ ਨੀਤੀ ਦੇ ਕਿਸੇ ਵੀ ਯਤਨ ਨੂੰ ਜੀਵੰਤ, ਟਿਕਾਊ ਅਤੇ ਸਮਾਵੇਸ਼ੀ ਵਿਕਾਸ ਲਈ ਰੁਕਾਵਟਾਂ ਨੂੰ ਦੂਰ ਕਰਨਾ ਚਾਹੀਦਾ ਹੈ। ਪੰਜਾਬ ਸਰਕਾਰ ਦੀ ਆਮ ਤੌਰ ’ਤੇ ਜਨਤਕ ਨੀਤੀ ਅਤੇ ਵਪਾਰਕ ਪਹੁੰਚ ਨੇ ਸਥਿਤੀ ਨੂੰ ਬਦਤਰ ਬਣਾ ਦਿੱਤਾ ਹੈ ਅਤੇ ਵਿਕਾਸ ਪ੍ਰਕਿਰਿਆ ਵਿੱਚ ਦਰਪੇਸ਼ ਰੁਕਾਵਟਾਂ ਨਾਲ ਨਜਿੱਠਣ ਲਈ ਔਕੜਾਂ ਪੈਦਾ ਕੀਤੀਆਂ ਹਨ। ਪੰਜਾਬ ਸਰਕਾਰ ਵੱਲੋਂ ਸੰਪੂਰਨ ਜਨਤਕ ਨੀਤੀਗਤ ਪਹੁੰਚ ਦੇ ਨਾਲ ਸੁਹਿਰਦ ਯਤਨ ਅਤੇ ਪਰਵਾਸੀਆਂ ਸਮੇਤ ਪੰਜਾਬ ਦੇ ਸਾਰੇ ਹਿੱਤਧਾਰਕਾਂ ਨੂੰ ਇਸ ਵਿੱਚ ਸ਼ਾਮਿਲ ਕਰਨ ਨਾਲ ਹਾਲਾਤ ਬਦਲ ਸਕਦੇ ਹਨ।

# ‘ਆਪ’ ਦੇ ਰਾਜ ’ਚ ਪੰਜਾਬ ਦੀ ਆਰਥਿਕਤਾ ਤਬਾਹੀ ਵੱਲ

## 2024-25 ਵਿੱਚ ਪੰਜਾਬ ਸਿਰ ਕੁਲ ਕਰਜ਼ਾ 3.74 ਲੱਖ ਕਰੋੜ ਤੱਕ ਪੁੱਜ ਜਾਵੇਗਾ

## ਦੇਸ਼ ਪੱਧਰ ਦੀਆਂ ਸਿਆਸੀ ਸਰਗਰਮੀਆਂ ਨੂੰ ਚਲਾਉਣ ਲਈ ਉਡਾਇਆ ਜਾ ਰਿਹੇ ਪੰਜਾਬ ਦਾ ਧਨ



ਸਤਨਾਮ ਮਾਣਕ

ਆਮ ਆਦਮੀ ਪਾਰਟੀ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਲੋਕਾਂ ਨਾਲ ਲੰਮੇ-ਚੌੜੇ ਵਾਅਦੇ ਕੀਤੇ ਸਨ। ਇਸ ਸੰਦਰਭ ਵਿੱਚ ਵਿਸ਼ੇਸ਼ ਤੌਰ 'ਤੇ ਕਈ ਪ੍ਰਕਾਰ ਦੀਆਂ ਗਰੰਟੀਆਂ ਵੀ ਦਿੱਤੀਆਂ ਗਈਆਂ ਸਨ। ਲੋਕਾਂ ਨਾਲ ਇਹ ਵਾਅਦਾ ਕੀਤਾ ਗਿਆ ਸੀ ਕਿ ਰਾਜ ਵਿੱਚ ਅਮਨ ਕਾਨੂੰਨ ਦੀ ਸਥਿਤੀ ਸੁਧਾਰੀ ਜਾਵੇਗੀ ਅਤੇ ਲੋਕ ਜ਼ਿੰਦਗੀ ਦੇ ਹਰ ਖੇਤਰ ਵਿੱਚ ਵਿਚਰਦੇ ਹੋਏ ਸੁਰੱਖਿਅਤ ਮਹਿਸੂਸ ਕਰਨਗੇ। ਇਹ ਵੀ ਕਿਹਾ ਗਿਆ ਸੀ ਕਿ ਰਾਜ ਵਿੱਚ ਭ੍ਰਿਸ਼ਟਾਚਾਰ ਨੂੰ ਸਮਾਪਤ ਕਰ ਦਿੱਤਾ ਜਾਵੇਗਾ। ਖੇਤੀਬਾੜੀ ਨੂੰ ਮੁੜ ਲੀਹਾਂ 'ਤੇ ਲਿਆਂਦਾ ਜਾਵੇਗਾ ਅਤੇ ਰਾਜ ਵਿੱਚ ਸਨਅਤੀ ਨਿਵੇਸ਼ ਵਧਾ ਕੇ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਸਿਰਜੇ ਜਾਣਗੇ। ਕਿਸਾਨਾਂ ਨੂੰ ਸਾਰੀਆਂ ਫ਼ਸਲਾਂ 'ਤੇ ਐਮ.ਐਸ.ਪੀ. (ਘੱਟੋ ਘੱਟ ਸਮਰਥਨ ਮੁੱਲ) ਦੇਣ ਦਾ ਵਾਅਦਾ ਵੀ ਕੀਤਾ ਗਿਆ ਸੀ। ਭਗਵੰਤ ਮਾਨ ਨੇ ਉਸ ਸਮੇਂ ਰਾਜ ਵਿੱਚ ਕਿਸਾਨਾਂ ਵਲੋਂ ਕੀਤੀਆਂ ਜਾ ਰਹੀਆਂ ਖ਼ੁਦਕੁਸ਼ੀਆਂ ਦਾ ਮੁੱਦਾ ਉਠਾਉਂਦਿਆਂ ਵੀ ਇਹ ਕਿਹਾ ਸੀ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਕਿਸਾਨਾਂ ਨੂੰ ਖ਼ੁਦਕੁਸ਼ੀਆਂ ਨਹੀਂ ਕਰਨੀਆਂ ਪੈਣਗੀਆਂ।

ਰਾਜ ਵਿੱਚ ਪਿਛਲੀਆਂ ਕਈ ਸਰਕਾਰਾਂ ਦੇ ਸਮਿਆਂ ਤੋਂ ਚਲਦੀ ਆ ਰਹੀ ਨਸ਼ਿਆਂ ਦੀ ਸਮੱਸਿਆ ਬਾਰੇ ਵੀ ਉਨ੍ਹਾਂ ਨੇ ਕਿਹਾ ਸੀ ਕਿ ਆਪ ਦੀ ਸਰਕਾਰ ਬਣਨ ਤੋਂ ਬਾਅਦ ਨਸ਼ਿਆਂ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਰੋਕ ਲਗਾਈ ਜਾਵੇਗੀ। ਉਨ੍ਹਾਂ ਦਾ ਇਲਜ਼ਾਮ ਸੀ ਕਿ ਰਾਜ ਵਿੱਚ ਨਸ਼ੇ ਰਾਜਨੀਤਕ ਨੇਤਾਵਾਂ ਅਤੇ ਭ੍ਰਿਸ਼ਟ ਪੁਲਿਸ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਹੀ ਵਿਕਦੇ ਹਨ। ਆਪ ਦੀ ਸਰਕਾਰ ਬਣਨ ਤੋਂ ਬਾਅਦ ਅਜਿਹਾ ਨਹੀਂ ਹੋਵੇਗਾ। ਰੇਤਾ ਬੱਜਰੀ ਦੀ ਉਸ ਸਮੇਂ ਤੋਂ ਹੁੰਦੀ ਆ ਰਹੀ ਨਾਜਾਇਜ਼ ਨਿਕਾਸੀ ਬਾਰੇ ਉਨ੍ਹਾਂ ਨੇ ਕਿਹਾ ਸੀ ਕਿ ਇਸ ਸੰਬੰਧੀ ਢੁੱਕਵੀਂ ਨੀਤੀ ਬਣਾ ਕੇ ਲੋਕਾਂ ਨੂੰ ਰੇਤ ਬਜਰੀ ਸਸਤੇ ਭਾਅ 'ਤੇ ਮੁਹੱਈਆ ਕਰਵਾਈ ਜਾਵੇਗੀ। ਨਜਾਇਜ਼ ਰੇਤ ਬਜਰੀ ਦੀ ਨਿਕਾਸੀ ਨਹੀਂ ਹੋਵੇਗੀ, ਇਸ ਖੇਤਰ ਵਿਚ ਸਰਗਰਮ ਮਾਫ਼ੀਆ ਨੂੰ ਨਕੇਲ ਪਾਈ ਜਾਵੇਗੀ। ਇਸ ਖੇਤਰ ਤੋਂ ਰਾਜ ਸਰਕਾਰ ਦਾ ਮਾਲੀਆ ਵੀ ਵਧਾਇਆ ਜਾਵੇਗਾ। ਮੁਲਾਜ਼ਮਾਂ ਦੇ ਸੰਬੰਧ ਵਿੱਚ ਤਾਂ ਉਨ੍ਹਾਂ ਨੇ ਇਥੋਂ ਤਕ ਕਿਹਾ ਸੀ ਕਿ ਉਨ੍ਹਾਂ ਦੀ ਸਰਕਾਰ ਬਣਨ 'ਤੇ ਮੁਲਾਜ਼ਮਾਂ ਨੂੰ ਧਰਨੇ, ਮੁਜ਼ਾਹਰੇ ਨਹੀਂ ਕਰਨੇ ਪੈਣਗੇ। ਸਰਕਾਰ ਸਾਰੇ ਵਰਗਾਂ ਦੇ ਮੁਲਾਜ਼ਮਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੇ ਮਸਲੇ ਸਮੇਂ ਸਿਰ ਹੱਲ ਕਰਿਆ ਕਰੇਗੀ। ਨੌਜਵਾਨਾਂ ਨੂੰ ਵੱਧ ਤੋਂ ਵੱਧ ਰੁਜ਼ਗਾਰ ਦੇਣ ਦਾ ਵਾਅਦਾ ਕਰਦਿਆਂ ਉਨ੍ਹਾਂ ਨੇ ਕਿਹਾ ਸੀ ਕਿ ਸਿੱਖਿਆ ਸਿਹਤ ਤੇ ਹੋਰ ਸਰਕਾਰੀ ਵਿਭਾਗਾਂ ਵਿੱਚ ਜਿਹੜੀਆਂ ਵੀ ਅਸਾਮੀਆਂ ਖਾਲੀ ਹਨ, ਉਨ੍ਹਾਂ ਨੂੰ ਭਰਿਆ ਜਾਵੇਗਾ। ਰਾਜ ਦੇ ਵਿੱਤੀ ਸਰੋਤਾਂ ਦੀ ਠੀਕ ਵਰਤੋਂ ਦਾ ਵਾਅਦਾ ਕਰਦਿਆਂ ਉਨ੍ਹਾਂ ਨੇ ਕਿਹਾ ਸੀ ਕਿ ਵੱਖ-ਵੱਖ ਖੇਤਰਾਂ ਵਿੱਚ ਜੋ ਭ੍ਰਿਸ਼ਟਾਚਾਰ ਪਾਇਆ ਜਾ ਰਿਹਾ ਹੈ, ਉਸ ਨੂੰ ਸਖ਼ਤੀ ਨਾਲ ਬੰਦ ਕਰ ਕੇ ਸਰਕਾਰੀ ਖ਼ਜ਼ਾਨਾ ਭਰਿਆ ਜਾਵੇਗਾ। ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਨੇ ਵੀ ਇਹ ਕਿਹਾ ਸੀ ਕਿ ਉਹ ਇੱਕ ਆਈ.ਆਰ.ਐਸ. ਅਧਿਕਾਰੀ ਰਹੇ ਹਨ। ਇਸ ਕਰਕੇ ਉਹ ਜਾਣਦੇ ਹਨ ਕਿ ਖ਼ਜ਼ਾਨਾ ਕਿਵੇਂ ਭਰਨਾ ਹੈ ਤੇ ਉਸ ਦੀ ਲੋਕਾਂ ਦੇ ਹਿੱਤ ਵਿੱਚ ਕਿਸ ਤਰ੍ਹਾਂ ਵਰਤੋਂ ਕਰਨੀ ਹੈ। ਇਸ ਤੋਂ ਵੀ ਅੱਗੇ ਜਾਂਦਿਆਂ ਭਗਵੰਤ ਮਾਨ ਨੇ ਇਹ ਵੀ ਕਿਹਾ ਸੀ ਕਿ ਹਰ ਤਰ੍ਹਾਂ ਦੀ ਲਾਲਫੀਤਾ ਸ਼ਾਹੀ ਨੂੰ ਖ਼ਤਮ ਕਰ ਦਿੱਤਾ ਜਾਵੇਗਾ। ਉਹ ਤੇ ਉਨ੍ਹਾਂ ਦੇ ਮੰਤਰੀ ਵੱਡੇ-ਵੱਡੇ ਲਸ਼ਕਰ ਲੈ ਕੇ ਹਾਰਨ ਵਜਾਉਂਦੇ ਹੋਏ ਸੜਕਾਂ 'ਤੇ ਨਹੀਂ ਵਿਚਰਨਗੇ। ਰਹਿਣ ਲਈ ਵੱਡੀਆਂ-ਵੱਡੀਆਂ ਕੋਠੀਆਂ ਨਹੀਂ ਲੈਣਗੇ, ਕਿਉਂਕਿ ਆਮ ਆਦਮੀ ਪਾਰਟੀ ਦੇ ਬਹੁਤੇ ਲੀਡਰ ਆਮ ਘਰਾਂ ਦੇ ਨੌਜਵਾਨ ਹਨ, ਇਸ ਲਈ ਉਹ ਸਾਦਾ ਜੀਵਨ ਗੁਜ਼ਾਰਦੇ ਹੋਏ ਲੋਕਾਂ ਦੀ ਸੇਵਾ ਕਰਨਗੇ। ਆਮ ਆਦਮੀ ਪਾਰਟੀ ਦੇ ਆਗੂਆਂ ਵੱਲੋਂ ਲੋਕਾਂ ਨਾਲ ਨਿਰੰਤਰ ਕੀਤੇ ਜਾ ਰਹੇ



ਇਨ੍ਹਾਂ ਵਾਅਦਿਆਂ ਦਾ 2022 ਦੀਆਂ ਵਿਧਾਨ ਸਭਾ ਚੋਣਾਂ ਸਮੇਂ ਵਿਸ਼ੇਸ਼ ਤੌਰ 'ਤੇ ਅਸਰ ਦੇਖਣ ਨੂੰ ਮਿਲਿਆ ਸੀ। ਅਕਾਲੀ-ਭਾਜਪਾ ਤੇ ਕਾਂਗਰਸ ਆਦਿ ਰਿਵਾਇਤੀ ਪਾਰਟੀਆਂ ਤੋਂ ਤੰਗ ਆਏ ਲੋਕਾਂ ਨੇ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਵੱਡਾ ਫਤਵਾ ਦਿੱਤਾ ਸੀ ਤੇ ਉਨ੍ਹਾਂ ਦੇ 92 ਉਮੀਦਵਾਰਾਂ ਨੂੰ ਵਿਧਾਇਕ ਬਣਾ ਕੇ ਸੱਤਾ ਸੰਭਾਲ ਦਿੱਤੀ ਸੀ। ਹੁਣ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੂੰ ਚਲਦਿਆਂ ਲਗਭਗ ਢਾਈ ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ। ਇੱਕ ਤਰ੍ਹਾਂ ਨਾਲ ਇਹ ਸਰਕਾਰ ਆਪਣੇ ਕਾਰਜਕਾਲ ਦਾ ਅੱਧਾ ਸਮਾਂ ਪੂਰਾ ਕਰ ਚੁੱਕੀ ਹੈ। ਇਸ ਸਰਕਾਰ ਦੇ ਕੰਮ ਕਾਜ ਦਾ ਲੇਖਾ-ਜੋਖਾ ਕਰਨ ਲਈ ਇਹ ਢੁੱਕਵਾਂ ਸਮਾਂ ਹੈ। ਅੱਜ ਜਦੋਂ ਅਸੀਂ ਇਸ ਸਰਕਾਰ ਦੀ ਪ੍ਰਸ਼ਾਸਨ ਦੇ ਵੱਖ-ਵੱਖ ਖੇਤਰਾਂ ਵਿੱਚ ਕਾਰਗੁਜ਼ਾਰੀ ਨੂੰ ਦੇਖਦੇ ਹਾਂ ਤਾਂ ਇਹ ਜਾਣ ਕੇ ਬੇਹੱਦ ਦੁੱਖ ਹੁੰਦਾ ਹੈ ਕਿ ਆਮ ਆਦਮੀ ਪਾਰਟੀ ਆਪਣੇ ਬਹੁਤੇ ਵਾਅਦੇ ਪੂਰੇ ਕਰਨ ਵਿਚ ਕਾਮਯਾਬ ਨਹੀਂ ਹੋ ਸਕੀ। ਇਸ ਸਰਕਾਰ ਦੇ ਸਮੇਂ ਵਿੱਚ ਰਾਜ ਦੇ ਵਿੱਤੀ ਸਰੋਤਾਂ ਦੀ ਲਗਾਤਾਰ ਦੁਰਵਰਤੋਂ ਹੋ ਰਹੀ ਹੈ। ਹਰ ਜਾਇਜ਼-ਨਾਜਾਇਜ਼ ਢੰਗ ਨਾਲ ਸੱਤਾਧਾਰੀ ਪਾਰਟੀ ਇਹ ਯਤਨ ਕਰ ਰਹੀ ਹੈ ਕਿ ਆਪਣੀਆਂ ਦੇਸ਼ ਪੱਧਰ ਦੀਆਂ ਸਿਆਸੀ ਸਰਗਰਮੀਆਂ ਨੂੰ ਚਲਾਉਣ ਲਈ ਵੱਧ ਤੋਂ ਵੱਧ ਪੈਸਾ ਵੱਖ-ਵੱਖ ਢੰਗਾਂ ਨਾਲ ਪੰਜਾਬ ਤੋਂ ਹੀ ਪ੍ਰਾਪਤ ਕੀਤਾ ਜਾਵੇ। ਇਸ ਕਾਰਨ ਰਾਜ ਦੇ ਹਰ ਸਰਕਾਰੀ ਵਿਭਾਗ ਵਿੱਚ ਵੱਡੀ ਪੱਧਰ 'ਤੇ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ।

**ਆਪ ਸਰਕਾਰ ਦੀ ਫਜ਼ੂਲ ਖਰਚੀ ਤੇ ਮਾੜੇ ਹਾਲਾਤ**

ਉਤੋਂ ਦੇਸ਼ ਭਰ ਵਿੱਚ ਆਮ ਆਦਮੀ ਪਾਰਟੀ ਦੀ ਸਾਖ਼ ਬਣਾਉਣ ਲਈ ਪੰਜਾਬ ਦੇ ਸਰਕਾਰੀ ਖ਼ਜ਼ਾਨੇ 'ਚੋਂ ਦੇਸ਼ ਭਰ ਦੀਆਂ ਅਖ਼ਬਾਰਾਂ ਟੈਲੀਵਿਜ਼ਨ ਚੈਨਲਾਂ, ਅਤੇ ਵੱਖ-ਵੱਖ ਜਨਤਕ ਥਾਵਾਂ 'ਤੇ ਐਲ.ਈ.ਡੀਜ਼. ਲਗਾ ਕੇ ਕਰੋੜਾਂ ਰੁਪਏ ਰੋੜ੍ਹੇ ਜਾ ਰਹੇ ਹਨ। ਇਸ ਇਸ਼ਤਿਹਾਰਬਾਜ਼ੀ ਵਿੱਚ ਪੰਜਾਬ ਵਿੱਚ ਸਰਕਾਰ ਦੀ ਕਾਰਗੁਜ਼ਾਰੀ ਸੰਬੰਧੀ ਝੂਠੇ ਤੱਥ ਪੇਸ਼ ਕੀਤੇ ਜਾ ਰਹੇ ਹਨ। ਕੁਝ ਸੈਂਕੜੇ ਬਣਾਏ ਗਏ ਮੁਹੱਲਾ ਕਲੀਨਿਕਾਂ ਅਤੇ ਸਕੂਲ ਆਫ ਐਮੀਨੈਂਸ ਦਾ ਪ੍ਰਚਾਰ ਇਸ ਤਰ੍ਹਾਂ ਕੀਤਾ ਜਾ ਰਿਹਾ ਹੈ ਕਿ ਜਿਵੇਂ ਰਾਜ ਵਿੱਚ ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਇਕ ਵੱਡੀ ਕ੍ਰਾਂਤੀ ਹੋ ਗਈ ਹੈ। ਜਦੋਂ ਕਿ ਹਕੀਕਤ ਇਹ ਹੈ ਕਿ ਪੰਜਾਬ ਦੇ ਹਜ਼ਾਰਾਂ ਸਿਹਤ ਕੇਂਦਰਾਂ, ਬਲਾਕ , ਤਹਿਸੀਲ ਅਤੇ ਜ਼ਿਲਾ ਪੱਧਰ ਦੇ ਹਸਪਤਾਲਾਂ ਵਿਚ ਲੋੜੀਂਦੇ ਡਾਕਟਰ ਅਤੇ ਹੋਰ ਅਮਲਾ ਨਹੀਂ ਹੈ। ਰਾਜ ਵਿੱਚ 46000 ਦੇ ਲਗਭਗ ਡਾਕਟਰਾਂ ਦੀਆਂ ਪੋਸਟਾਂ ਹਨ ਤੇ ਕੰਮ ਸਿਰਫ਼ 2800 ਡਾਕਟਰ ਚਲਾ ਰਹੇ ਹਨ। ਲੁਧਿਆਣਾ ਵਰਗੇ ਵੱਡੇ ਹਸਪਤਾਲਾਂ ਵਿੱਚ ਮਰੀਜ਼ਾਂ ਨਾਲੋਂ ਵੀ ਵੱਧ ਘੁੰਮਦੇ ਹੋਏ ਚੂਹਿਆਂ ਦੀਆਂ ਵੀਡੀਓਜ਼ ਨਸ਼ਰ ਹੋ ਰਹੀਆਂ ਹਨ। ਹਸਪਤਾਲਾਂ ਵਿੱਚ ਡਾਕਟਰ ਅਤੇ ਹੋਰ ਅਮਲੇ ਦੀ ਸੁਰੱਖਿਆ ਵੀ ਖ਼ਤਰੇ ਵਿੱਚ ਪਈ ਹੋਈ ਹੈ। ਇਸ ਕਾਰਨ ਅੱਜਕੱਲ੍ਹ ਰਾਜ ਪੱਧਰ 'ਤੇ ਡਾਕਟਰ ਆਪਣੀਆਂ ਮੰਗਾਂ ਲਈ ਹੜਤਾਲ 'ਤੇ ਉਤਰੇ ਹੋਏ ਹਨ। ਉਨ੍ਹਾਂ ਦੀਆਂ ਮੁੱਖ ਮੰਗਾਂ ਵਿੱਚ ਡਾਕਟਰਾਂ ਦੀਆਂ ਖਾਲੀ ਪੋਸਟਾਂ ਭਰਨਾ, ਤਰੱਕੀਆਂ ਦੇਣਾ ਤੇ ਛੇਵਾਂ ਤਨਖ਼ਾਹ ਕਮਿਸ਼ਨ ਲਾਗੂ ਕਰਨਾ ਆਦਿ ਸ਼ਾਮਿਲ ਹਨ।

ਰਾਜ ਵਿੱਚ ਸਕੂਲਾਂ ਦੀ ਹਾਲਤ ਵੀ ਬੇਹੱਦ ਮਾੜੀ ਹੈ। ਵੱਡੀ ਪੱਧਰ 'ਤੇ ਸਕੂਲਾਂ ਵਿੱਚ ਅਧਿਆਪਕਾਂ, ਹੈੱਡਮਾਸਟਰਾਂ ਤੇ ਪ੍ਰਿੰਸੀਪਲਾਂ ਦੀਆਂ ਅਸਾਮੀਆਂ ਖਾਲੀ ਹਨ। ਸਰਕਾਰੀ ਕਾਲਜਾਂ ਵਿੱਚ ਗੈਸਟ ਫੈਕਲਟੀ (ਦਿਹਾੜੀਦਾਰ ਪ੍ਰੋਫ਼ੈਸਰਾਂ) ਨਾਲ ਕੰਮ ਚਲਾਇਆ ਜਾ ਰਿਹਾ ਹੈ। ਪਟਿਆਲਾ ਯੂਨੀਵਰਸਿਟੀ ਨਾਲ ਸੰਬੰਧਿਤ ਕੰਸਟੀਚਿਊਐਂਟ ਕਾਲਜਾਂ ਵਿੱਚ ਵੱਡੀ ਗਿਣਤੀ ਵਿੱਚ ਗੈਸਟ ਫੈਕਲਟੀ ਅਧੀਨ ਦਿਹਾੜੀਦਾਰ ਪ੍ਰੋਫ਼ੈਸਰ ਰੱਖੇ ਹੋਏ ਹਨ, ਜੋ ਪਿਛਲੇ ਕਈ ਸਾਲਾਂ ਤੋਂ ਕੰਮ ਕਰਦੇ ਆ ਰਹੇ ਹਨ। ਹੁਣ ਸਰਕਾਰ ਉਨ੍ਹਾਂ ਨੂੰ ਹਟਾ ਕੇ ਨਵੇਂ ਸਿਰੇ ਤੋਂ ਇੰਟਰਵਿਊ ਕਰਕੇ ਇਹ ਕੱਚੀਆਂ ਪੋਸਟਾਂ ਭਰਨਾ ਚਾਹੁੰਦੀ ਹੈ, ਜਿਸ ਕਾਰਨ ਇਹ ਪ੍ਰੋਫ਼ੈਸਰ ਪਟਿਆਲਾ ਯੂਨੀਵਰਸਿਟੀ ਵਿਚ ਸੰਘਰਸ਼ ਕਰ ਰਹੇ ਹਨ। ਇੱਕ ਦਿਨ ਤਾਂ ਉਨ੍ਹਾਂ ਨੇ ਰੋਸ ਪ੍ਰਗਟ ਕਰਨ ਲਈ ਯੂਨੀਵਰਸਿਟੀ ਦੇ ਗੇਟ ਤੱਕ ਬੰਦ ਕਰ ਦਿੱਤੇ ਸਨ। ਸਰਕਾਰ ਇਸ ਸੰਬੰਧੀ ਕੋਈ ਢੁੱਕਵਾਂ ਨਿਰਣਾ ਲੈਣ ਦੀ ਥਾਂ 'ਤੇ ਅੱਖਾਂ ਬੰਦ ਕਰਕੇ ਬੈਠੀ ਹੈ। ਰਾਜ ਦੇ ਸਰਕਾਰੀ ਕਾਲਜਾਂ ਅਤੇ ਹੋਰ ਸਰਕਾਰੀ ਯੂਨੀਵਰਸਿਟੀਆਂ ਵਿੱਚ ਵੀ ਵੱਡੀ ਪੱਧਰ 'ਤੇ ਪ੍ਰੋਫ਼ੈਸਰਾਂ ਅਤੇ ਹੋਰ ਅਮਲੇ ਦੀ ਘਾਟ ਪਾਈ ਜਾ ਰਹੀ ਹੈ। ਯੂਨੀਵਰਸਿਟੀਆਂ, ਕਾਲਜਾਂ ਅਤੇ ਸਹਾਇਤਾ ਪ੍ਰਾਪਤ ਵਿੱਦਿਅਕ ਅਦਾਰਿਆਂ ਨੂੰ ਫੰਡਾਂ ਪੱਖੋਂ ਵੀ ਸੋਕੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤਰ੍ਹਾਂ ਦੀ ਸਥਿਤੀ ਵਿੱਚ ਸਕੂਲਾਂ ਤੋਂ ਲੈ ਕੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪੜ੍ਹਦੇ ਵਿਦਿਆਰਥੀਆਂ ਦਾ ਸਿੱਖਿਆ ਦੇ ਪੱਖ ਤੋਂ ਭਵਿੱਖ ਕਿਹੋ ਜਿਹਾ ਹੋਵੇਗਾ, ਇਸ ਨੂੰ ਸਹਿਜੇ ਹੀ ਸਮਝਿਆ ਜਾ ਸਕਦਾ ਹੈ।

ਰਾਜ ਵਿੱਚ ਕੇਂਦਰ ਸਰਕਾਰ ਦੀ ਸਕੀਮ ਅਧੀਨ ਗਰੀਬ ਵਰਗਾਂ ਦੇ ਬੱਚਿਆਂ ਨੂੰ ਕੁਪੋਸ਼ਣ ਤੋਂ ਬਚਾਉਣ ਲਈ ਆਂਗਣਵਾੜੀਆਂ ਚੱਲ ਰਹੀਆਂ ਹਨ। ਕਿਸੇ ਸਮੇਂ ਇਨ੍ਹਾਂ ਆਂਗਣਵਾੜੀਆਂ ਨੂੰ ਦਲੀਆ ਬਣਾਉਣ ਲਈ ਕਣਕ, ਖਿਚੜੀ ਬਣਾਉਣ ਲਈ ਚਾਵਲ ਚੰਗੇ ਮਿਆਰ ਦੇ ਸਪਲਾਈ ਕੀਤੇ ਜਾਂਦੇ ਸਨ। (ਬਾਕੀ ਸਫ਼ਾ 31 'ਤੇ)

# ਸਿੱਖ ਪਰੰਪਰਾ ਅਨੁਸਾਰ ਸ਼ਤਾਬਦੀਆਂ ਤੇ ਗੁਰਪੁਰਬ ਕਿਵੇਂ ਮਨਾਏ ਜਾਣ ?



ਤਲਵਿੰਦਰ ਸਿੰਘ ਬੁਟਰ

ਸਿੱਖ ਪਰੰਪਰਾ ਅੰਦਰ ਦਸ ਗੁਰੂ ਸਾਹਿਬਾਨ ਦੇ ਗੁਰਪੁਰਬ ਅਤੇ ਕੌਮੀ ਦਿਹਾੜੇ ਮਨਾਉਣ ਦਾ ਮਹਾਨ ਉਦੇਸ਼ਾਤਮਿਕ ਮਹੱਤਵ ਹੈ । ਗੁਰੂ ਸਾਹਿਬਾਨ ਦੇ ਸਰੀਰਕ ਜਾਮਿਆਂ ਵਿਚੋਂ ਚਲੇ ਜਾਣ ਤੋਂ ਬਾਅਦ ਉਨ੍ਹਾਂ ਦੀ ਅਦੁੱਤੀ ਕਰਨੀ, ਮਹਾਨ ਉਪਦੇਸ਼ਾਂ ਅਤੇ ਸਿਮਰਤੀ ਦੇ ਨਾਲ ਜੁੜਨ ਲਈ ਸੰਗਤਾਂ ਗੁਰੂ ਸਾਹਿਬਾਨ ਦੇ ਪ੍ਰਕਾਸ਼ ਗੁਰਪੁਰਬ, ਗੁਰਤਾਗੱਦੀ ਗੁਰਪੁਰਬ ਅਤੇ ਜੋਤੀ-ਜੋਤਿ ਗੁਰਪੁਰਬ/ ਸ਼ਹੀਦੀ ਦਿਹਾੜੇ ਮਨਾਉਂਦੀਆਂ ਆਈਆਂ ਹਨ। ਇਸੇ ਤਰ੍ਹਾਂ ਗੁਰੂ ਕਾਲ ਦੇ ਮਹਾਂਪੁਰਖਾਂ ਅਤੇ ਪੁਰਾਤਨ ਸ਼ਹੀਦਾਂ-ਮੁਰੀਦਾਂ ਦੀ ਯਾਦ 'ਚ ਵੀ ਦਿਹਾੜੇ ਮਨਾਉਣ ਦੀ ਪਰੰਪਰਾ ਚਲੀ ਆ ਰਹੀ ਹੈ ।

ਗੁਰੂ ਇਤਿਹਾਸ 'ਚ ਸਭ ਤੋਂ ਪਹਿਲਾ ਤਾਰੀਖੀ ਮੇਲਾ ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਵਲੋਂ ਗੋਇੰਦਵਾਲ ਵਿੱਚ ਵਿਸਾਖੀ ਮੌਕੇ ਮਨਾਉਣ ਦਾ ਜ਼ਿਕਰ ਮਿਲਦਾ ਹੈ, ਜਿੱਥੇ ਦੂਰ-ਦੁਰਾਡਿਓਂ ਪੰਧ ਤੈਅ ਕਰਕੇ ਆਉਂਦੀਆਂ ਸਿੱਖ ਸੰਗਤਾਂ ਇਕੱਤਰ ਹੋ ਕੇ ਆਪਣੇ ਆਤਮਿਕ ਅਤੇ ਸੰਸਾਰੀ ਕਲਿਆਣ ਲਈ ਗੁਰੂ-ਜਸ ਸਰਵਣ ਕਰਦੀਆਂ ਅਤੇ ਆਪਣੇ ਜੀਵਨ ਦੇ ਅਮਲ ਵਿੱਚ ਲਿਆਉਣ ਲਈ ਕੋਈ ਨਾ ਕੋਈ ਗੁਰ-ਉਪਦੇਸ਼ ਜ਼ਰੂਰ ਮਨ 'ਚ ਵਸਾ ਕੇ ਵਾਪਸ ਮੁੜਦੀਆਂ। ਇਤਿਹਾਸ ਵਿੱਚ ਕਈ ਥਾਈਂ ਇਹ ਵੀ ਜ਼ਿਕਰ ਮਿਲਦਾ ਹੈ ਕਿ ਉਨ੍ਹਾਂ ਵੇਲਿਆਂ ਵਿੱਚ ਸਿੱਖਾਂ ਨੂੰ ਮਨਮਤਿ ਅਤੇ ਕਰਮ-ਕਾਂਡਾਂ ਵਿਚੋਂ ਬਾਹਰ ਕੱਢ ਕੇ ਸੱਚੀ ਗੁਰਮਤਿ ਨਾਲ ਜੋੜਨ ਲਈ ਗੁਰੂ ਸਾਹਿਬਾਨ ਨੇ ਮੱਸਿਆ, ਸੰਗਰਾਂਦ ਵਰਗੇ ਦਿਹਾੜਿਆਂ ਨੂੰ ਵੀ ਨਵਾਂ ਸੰਕਲਪ ਦਿੱਤਾ, ਜਿਸ ਬਹਾਨੇ ਸੰਗਤਾਂ ਗੁਰੂ-ਜਸ ਦੀ ਸਫ 'ਚ ਇਕੱਤਰ ਹੁੰਦੀਆਂ ਤੇ ਆਪਣੀ ਰੂਹਾਨੀ ਅਤੇ ਸੰਸਾਰੀ ਕਾਇਆ-ਕਲਪ ਕਰਦੀਆਂ ਸਨ।

ਗੁਰੂ ਕਾਲ ਤੋਂ ਬਾਅਦ ਭਾਵੇਂ ਗੁਰਪੁਰਬ ਹੋਣ ਤੇ ਭਾਵੇਂ ਗੁਰੂ ਸਾਹਿਬਾਨ ਦੇ ਦੱਸੇ ਮਾਰਗ 'ਤੇ ਚੱਲਦਿਆਂ ਜੀਵਨ ਮੁਕਤ ਹੋਏ ਮਹਾਂਪੁਰਖਾਂ ਦੇ ਦਿਹਾੜੇ, ਪ੍ਰਯੋਜਨ ਹਮੇਸ਼ਾ ਇਕੋ ਰਿਹਾ ਹੈ; ਜਾਗਤ-ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ 'ਚ ਇਕੱਤਰ ਹੋ ਕੇ ਸਤਿ-ਸੰਗਤ ਕਰਨੀ, ਗੁਰਬਾਣੀ ਅਤੇ ਗੁਰ ਇਤਿਹਾਸ ਨਾਲ ਜੁੜ ਕੇ ਸਚਿਆਰਤਾ ਦੇ ਮਾਰਗ 'ਤੇ ਚੱਲਣ ਲਈ ਆਪਣੀਆਂ ਸੁਰਤਾਂ ਨੂੰ ਬਲਵਾਨ ਕਰਨਾ ਅਤੇ ਪੰਥਕ ਰੂਪ ਵਿੱਚ ਮਜ਼ਬੂਤ ਹੋਣਾ।

ਅੰਤਰਮੁਖੀ ਤੇ ਅਨੁਭਵੀ ਸਿੱਖ ਫਿਲਾਸਫਰ ਭਾਈ ਸਾਹਿਬ ਭਾਈ ਰਣਧੀਰ ਸਿੰਘ ਗੁਰਪੁਰਬ ਮਨਾਉਣ ਦੇ ਉਦੇਸ਼ ਨੂੰ ਅਧਿਆਤਮਿਕ ਅੰਤਰ-ਦ੍ਰਿਸ਼ਟੀ ਤੋਂ ਪਰਿਭਾਸ਼ਿਤ ਕਰਦਿਆਂ ਲਿਖਦੇ ਹਨ, ਜੋ ਮਨੋਰਥ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਸ ਸੰਸਾਰੀ ਜਾਮੇ ਵਿੱਚ ਪ੍ਰਗਟ ਹੋਣ ਦਾ ਸੀ, ਉਹੀ ਸਾਡੇ ਲਈ ਗੁਰਪੁਰਬ ਮਨਾਉਣ ਦਾ ਹੋਣਾ ਚਾਹੀਦਾ ਹੈ । ਉਹ ਲਿਖਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਨੁੱਖਤਾ ਦੇ ਸਰਬਪੱਖੀ ਉਧਾਰ ਦੇ ਪਰਉਪਕਾਰ ਵਾਸਤੇ ਇਸ ਸੰਸਾਰੀ ਜਾਮੇ 'ਚ ਆਏ ਅਤੇ ਉਨ੍ਹਾਂ ਨੇ ਮਨੁੱਖਤਾ ਨੂੰ ਨਾਮ ਰੂਪੀ ਸੱਚੇ ਧਨ ਦਾ ਸੱਚਾ ਆਤਮਿਕ ਗਿਆਨ ਦੇ ਕੇ ਸੰਸਾਰੀ ਪ੍ਰਾਣੀਆਂ ਨੂੰ ਪਰਮਾਰਥ ਨਾਲ ਜੋੜਨ ਦਾ ਮਹਾਨ ਕਾਰਜ ਕੀਤਾ। ਇਸੇ ਤਰ੍ਹਾਂ ਸਾਡੇ ਦੁਆਰਾ ਗੁਰਪੁਰਬ ਮਨਾਉਣ ਦਾ ਮਨੋਰਥ ਵੀ ਪ੍ਰੇਮਾ-ਭਗਤੀ ਦੀ ਅਵਸਥਾ 'ਚ ਲੀਨ ਹੋ ਕੇ ਸਰਬ-ਵਿਆਪਕ ਵਾਹਿਗੁਰੂ ਦੀ ਚੇਤਨਾ ਵਿੱਚ ਅਭੇਦ ਹੁੰਦਿਆਂ ਪਰਮ ਪਦ ਦੀ ਪ੍ਰਾਪਤੀ ਹੋਣਾ ਚਾਹੀਦਾ ਹੈ ।

ਗੁਰਪੁਰਬ ਮਨਾਉਣ ਦੇ ਮਨੋਰਥ ਨੂੰ ਭਾਈ ਗੁਰਦਾਸ ਜੀ, ਜਿਨ੍ਹਾਂ ਦੀਆਂ ਰਚਨਾਵਾਂ ਨੂੰ ਗੁਰਬਾਣੀ ਦੀ ਕੁੰਜੀ ਆਖਿਆ ਜਾਂਦਾ ਹੈ, ਵੀ ਇੰਝ ਸਪੱਸ਼ਟ ਕਰਦੇ ਹਨ:

ਕੁਰਬਾਣੀ ਤਿਨ੍ਹਾਂ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ॥

ਸਮੇਂ ਦੇ ਨਾਲ-ਨਾਲ ਸਿੱਖ ਪੰਥ ਨੇ ਗੁਰਪੁਰਬ, ਸ਼ਹੀਦੀ ਦਿਹਾੜਿਆਂ ਤੋਂ ਇਲਾਵਾ ਆਪਣੇ ਸਮਕਾਲੀ ਬਿਖੜੇ ਹਾਲਾਤ ਦੌਰਾਨ ਵੀ ਚੜ੍ਹਦੀਕਲਾ ਦਾ ਜਜ਼ਬਾ ਕਾਇਮ ਰੱਖਣ ਲਈ ਕੌਮੀ ਜੋੜ-ਮੇਲੇ ਅਤੇ ਗੁਰੂ ਸਾਹਿਬਾਨ ਦੀਆਂ ਸ਼ਤਾਬਦੀਆਂ ਮਨਾਉਣੀਆਂ ਸ਼ੁਰੂ ਕੀਤੀਆਂ, ਜਿਨ੍ਹਾਂ 'ਚੋਂ ਮੁੱਖ ਤੌਰ 'ਤੇ 1969 ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਪ੍ਰਕਾਸ਼ ਸ਼ਤਾਬਦੀ, 1975 ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਦੀ ਤ੍ਰੈ-ਸ਼ਤਾਬਦੀ, ਜਿਸ ਵੇਲੇ ਸੰਤ ਗਿਆਨੀ ਕਰਤਾਰ ਸਿੰਘ ਭਿੰਡਰਾਂਵਾਲਿਆਂ ਨੇ ਪੂਰੇ ਪੰਜਾਬ ਵਿੱਚ 37 ਜਲੂਸ (ਨਗਰ ਕੀਰਤਨ) ਕੱਢ ਕੇ ਸਿੱਖ ਸਮਾਜ 'ਚ ਧਾਰਮਿਕ ਤੌਰ 'ਤੇ ਆ ਚੁੱਕੇ ਨਿਘਾਰ ਨੂੰ ਦੂਰ ਕਰਨ ਲਈ ਪ੍ਰਭਾਵਸ਼ਾਲੀ ਪ੍ਰਚਾਰ ਵਹੀਰ ਚਲਾਈ ਸੀ। ਵੀਹਵੀਂ ਸਦੀ 'ਚ ਵਿਸ਼ਵ ਪੱਧਰ ਦੇ ਸਭ ਤੋਂ ਵੱਡੇ ਸਿੱਖ ਸਮਾਰੋਹ ਵਜੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ 1999 ਵਿੱਚ ਖ਼ਾਲਸਾ ਸਾਜਨਾ ਦੀ ਤ੍ਰੈ-ਸ਼ਤਾਬਦੀ ਰਹੀ, ਜਦੋਂ ਪੂਰੀ ਕੌਮ ਨੂੰ ਅੰਮ੍ਰਿਤਧਾਰੀ ਬਣਾਉਣ ਦਾ ਨਾਅਰਾ ਦਿੱਤਾ ਗਿਆ ।

ਇਸ ਤਰ੍ਹਾਂ ਸਮੇਂ-ਸਮੇਂ 'ਤੇ ਗੁਰ-ਇਤਿਹਾਸ ਤੋਂ ਸੇਧ ਲੈ ਕੇ ਗੁਰੂ ਸਾਹਿਬਾਨ ਦੀ ਪਾਵਨ ਯਾਦ ਵਿੱਚ ਜੁੜ ਬੈਠਣ ਲਈ ਕੁਝ ਹੋਰ ਪੁਰਬ ਮਨਾਉਣ ਦੀ ਵੀ ਪਿਰਤ ਚੱਲਦੀ ਆ ਰਹੀ ਹੈ, ਜਿਵੇਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ ਤੇ ਦਸਮੇਸ਼ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵਿਆਹ ਪੁਰਬ ਆਦਿ । ਚਾਹੀਦਾ ਤਾਂ ਇਹ ਸੀ ਕਿ ਇਹ ਸਭ ਗੁਰਪੁਰਬ, ਪਾਵਨ ਦਿਹਾੜਿਆਂ ਦਾ ਪਰਮ ਮਨੋਰਥ ਗੁਰ ਸੰਗਤ 'ਚ ਜੁੜ ਬੈਠਣ, ਆਪਣੇ ਸ਼ਾਨਾਮੱਤੇ ਸਿੱਖੀ ਵਿਰਸੇ 'ਚ ਪ੍ਰਪੱਕਤਾ ਹਾਸਿਲ ਕਰਨਾ ਅਤੇ ਗੁਰੂ ਸਾਹਿਬਾਨ ਦੇ ਦੱਸੇ ਮਾਰਗ 'ਤੇ ਚੱਲ ਕੇ ਸੰਸਾਰ ਵਿੱਚ ਆਪਣੀ ਨਿਆਰੀ ਹੋਂਦ-ਹਸਤੀ ਨੂੰ ਕਾਇਮ ਰੱਖਣ ਦੀ ਪ੍ਰੇਰਨਾ ਹਾਸਿਲ ਕਰਨਾ ਬਣਿਆ ਰਹਿੰਦਾ ਪਰ ਸਮਾਂ ਪਾ ਕੇ ਅੱਜ ਗੁਰਪੁਰਬ ਅਤੇ ਕੌਮੀ ਦਿਹਾੜੇ ਸਿੱਖਾਂ ਲਈ ਮਹਿਜ਼ ਮੇਲੇ ਬਣਦੇ ਜਾ ਰਹੇ ਹਨ। ਇਹ ਮੇਲੇ ਵੀ ਅਨਮਤੀ ਲੋਕਾਂ ਵਾਂਗ ਫੋਕੇ ਮਨਪ੍ਰਚਾਵੇ ਤੇ ਕਈ ਵਾਰ ਹੁੱਲੜਬਾਜ਼ੀ ਦਾ ਰੂਪ ਵੀ ਧਾਰਨ ਕਰਦੇ ਜਾ ਰਹੇ ਹਨ ।

ਅੱਜ ਸਿੱਖ ਸਮਾਜ ਦੇ 90 ਫ਼ੀਸਦੀ ਤੋਂ ਵੱਧ ਲੋਕਾਂ ਨੇ ਅਗਿਆਨਤਾ ਵੱਸ ਗੁਰਪੁਰਬਾਂ, ਦਿਹਾੜਿਆਂ ਨੂੰ ਕਰਮ-ਕਾਂਡੀ ਰੂਪ ਦੇ ਦਿੱਤਾ ਹੈ । ਇਹ ਮਹਿਜ਼ ਗੁਰਦੁਆਰੇ ਜਾ ਕੇ ਮੱਥਾ ਟੇਕਣਾ, ਲੰਗਰ ਛਕਣਾ ਅਤੇ ਰੌਣਕ-ਮੇਲਾ ਵੇਖ ਕੇ ਵਾਪਸ ਆਉਣ ਦੇ ਸਬੱਬ ਤੱਕ ਹੀ ਸੀਮਤ ਹੋ ਕੇ ਰਹਿ ਗਏ ਹਨ। ਖ਼ਾਲਸੇ ਦੇ ਜਾਹੋ-ਜਲਾਲ ਦੇ ਪ੍ਰਤੀਕ ਹੋਲਾ-ਮਹੱਲਾ ਤੋਂ ਲੈ ਕੇ ਖ਼ਾਲਸਾ ਸਾਜਨਾ ਦਿਵਸ- ਵਿਸਾਖੀ, ਦੀਵਾਲੀ, ਬਟਾਲੇ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ, ਫਤਹਿਗੜ੍ਹ ਸਾਹਿਬ ਦੀ ਸ਼ਹੀਦੀ ਸਭਾ ਅਤੇ ਡੇਰਾ ਬਾਬਾ ਨਾਨਕ ਦਾ ਚੋਲਾ ਸਾਹਿਬ ਦਾ ਮੇਲਾ (ਸੰਗ) ਤੱਕ ਸਭ ਜੋੜ-ਮੇਲੇ ਆਪਣੇ ਮਨੋਰਥਾਂ ਤੋਂ ਕਿਤੇ ਦੂਰ ਚਲੇ ਗਏ ਹਨ। ਇਨ੍ਹਾਂ ਦਿਹਾੜਿਆਂ ਮੌਕੇ ਰਵਾਇਤੀ ਧਾਰਮਿਕ ਦੀਵਾਨ ਤਾਂ ਸਜਦੇ ਹਨ ਪਰ ਇਨ੍ਹਾਂ ਜੋੜ ਮੇਲਿਆਂ ਮੌਕੇ ਨੌਜਵਾਨਾਂ ਨੂੰ ਟਰੈਕਟਰਾਂ ਉਤੇ ਕੰਨਪਾੜਵੀਆਂ ਆਵਾਜ਼ਾਂ 'ਚ ਗੀਤ-ਗਾਣੇ ਲਾ ਕੇ ਹਰਲ-ਹਰਲ ਕਰਦੇ ਇੱਧਰ-ਉੱਧਰ ਘੁੰਮਦਿਆਂ, ਮੋਟਰਸਾਈਕਲਾਂ ਨਾਲ ਪਟਾਕੇ ਮਾਰਦਿਆਂ ਅਤੇ ਟਿੱਚਰਬਾਜ਼ੀ ਕਰਦਿਆਂ ਵੇਖ ਕੇ ਸਹਿਜੇ ਹੀ ਸਿੱਖ ਕੌਮ ਦੀ ਅਜੋਕੀ ਦਸ਼ਾ ਤੇ ਦਿਸ਼ਾ ਦਾ ਅੰਦਾਜ਼ਾ ਲੱਗ ਜਾਂਦਾ ਹੈ।

(ਬਾਕੀ ਸਫ਼ਾ 31 'ਤੇ)

# ਭਾਰਤ-ਪਾਕਿ ਵਪਾਰਕ ਰਿਸ਼ਤਿਆਂ ਦੀ ਬਹਾਲੀ

**ਡਾ. ਰਣਜੀਤ ਸਿੰਘ ਘੁੰਮਣ**
*ਲੇਖਕ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਪ੍ਰੋਫ਼ੈਸਰ ਆਫ ਐਮੀਨੈਂਸ ਹਨ

ਭਾਰਤ ਅਤੇ ਪਾਕਿਸਤਾਨ ਵਿਚਕਾਰ ਕੂਟਨੀਤਕ, ਸਿਆਸੀ ਅਤੇ ਆਰਥਿਕ ਸਬੰਧ ਦੁਸ਼ਮਣੀ ਤੇ ਨਫ਼ਰਤ ਨਾਲ ਗ੍ਰਸੇ ਹੋਏ ਹਨ। ਇਨ੍ਹਾਂ ਵਿਚਕਾਰ ਦੋ ਘੱਟ ਸ਼ਿੱਦਤ ਦੀਆਂ ਜੰਗਾਂ (1947-48 ਵਿੱਚ ਕਸ਼ਮੀਰ ਟਕਰਾਅ ਅਤੇ 1999 ਦੀ ਕਾਰਗਿਲ ਜੰਗ) ਅਤੇ ਦੋ ਪੂਰੀਆਂ ਜੰਗਾਂ (1965 ਤੇ 1971) ਹੋ ਚੁੱਕੀਆਂ ਹਨ। ਬਹਰਹਾਲ, ਕਸ਼ਮੀਰ ਅਤੇ ਸਰਹੱਦ ਪਾਰ ਦਹਿਸ਼ਤਗਰਦੀ ਦੇ ਵਿਵਾਦ ਵਾਲੇ ਮੁੱਦੇ ਅਜੇ ਵੀ ਹੱਲ ਨਹੀਂ ਹੋ ਸਕੇ। ਦੋਵਾਂ ਮੁਲਕਾਂ ਦੇ ਸਿਆਸੀ ਆਗੂਆਂ ਨੇ ਇਨ੍ਹਾਂ ਮੁੱਦਿਆਂ ਦੇ ਦੁਵੱਲੇ ਤੌਰ ’ਤੇ ਪ੍ਰਵਾਨਤ ਹੱਲ ਲੱਭਣ ਦੀਆਂ ਕੋਸ਼ਿਸ਼ਾਂ ਭਾਵੇਂ ਕੀਤੀਆਂ ਹਨ ਪਰ ਉਨ੍ਹਾਂ ਦੀਆਂ ਤਰਕਸੰਗਤ ਕੋਸ਼ਿਸ਼ਾਂ ’ਤੇ ਕਈ ਵਾਰ ਗ਼ੈਰ-ਤਰਕਸੰਗਤ ਰੋਕਾਂ ਭਾਰੂ ਪੈ ਜਾਂਦੀਆਂ ਰਹੀਆਂ ਹਨ। ਇਸ ਦਾ ਚੱਕਰਨੁਮਾ ਪੈਟਰਨ ਸੱਪ ਤੇ ਪੌੜੀ ਦੀ ਖੇਡ ਨਾਲ ਮੇਲ ਖਾਂਦਾ ਹੈ ਜਿੱਥੇ ਸਾਰੀ ਕੀਤੀ ਕਰਾਈ ਮਿਹਨਤ ਇੱਕ ਠੇਡਾ ਖਾਣ ਨਾਲ ਖੂਹ ਵਿੱਚ ਪੈ ਜਾਂਦੀ ਹੈ।

ਆਪਸੀ ਤੌਰ ’ਤੇ ਪ੍ਰਵਾਨਤ ਅਤੇ ਪੁਖ਼ਤਾ ਹੱਲ ’ਤੇ ਅੱਪੜਨ ਵਿੱਚ ਹੋਰ ਦੇਰੀ ਹੋਣ ਨਾਲ ਮੁੱਦੇ ਹੋਰ ਜਟਿਲ ਹੋ ਜਾਂਦੇ ਹਨ ਅਤੇ ਹੁਣ ਇਸ ਵਿੱਚ ਚੀਨ ਦਾ ਕਾਰਕ ਵੀ ਜੁੜ ਗਿਆ ਹੈ। ਆਪਸੀ ਵੈਰ-ਵਿਰੋਧ ਕਰ ਕੇ ਦੋਵਾਂ ਦੇਸ਼ਾਂ ਨੇ ਭਾਰੀ ਵਿੱਤੀ ਅਤੇ ਮਾਨਵੀ ਨੁਕਸਾਨ ਉਠਾਇਆ ਹੈ। ਇਸ ਦਾ ਸਿੱਖਿਆ, ਸਿਹਤ ਅਤੇ ਗ਼ਰੀਬੀ ਨਿਵਾਰਨ ਜਿਹੇ ਮੂਲ ਵਿਕਾਸ ਮੁੱਦਿਆਂ ਉੱਪਰ ਅਸਰ ਹੋਇਆ ਹੈ, ਖ਼ਾਸਕਰ ਪਾਕਿਸਤਾਨ ਵਿੱਚ ਜਿਸ ਨੂੰ ਇਸ ਸਮੇਂ ਗੰਭੀਰ ਆਰਥਿਕ ਸੰਕਟ ਨਾਲ ਜੂਝਣਾ ਪੈ ਰਿਹਾ ਹੈ।

ਭਾਰਤ ਅਤੇ ਪਾਕਿਸਤਾਨ ਵਿਚਕਾਰ ਵਪਾਰ ਦੀਆਂ ਸੰਭਾਵਨਾਵਾਂ ਬਹੁਤ ਜ਼ਿਆਦਾ ਹਨ। ਸੰਸਾਰ ਬੈਂਕ ਦੇ ਅਧਿਐਨ ਮੁਤਾਬਿਕ ਭਾਰਤ-ਪਾਕਿਸਤਾਨ ਵਪਾਰ 37 ਅਰਬ ਡਾਲਰ ਤੱਕ ਪਹੁੰਚ ਸਕਦਾ ਹੈ। ਜੇ ਇਸ ਦੀਆਂ ਸੰਭਾਵਨਾਵਾਂ ਦਾ ਪੂਰਾ ਲਾਭ ਉਠਾਇਆ ਜਾਵੇ ਤਾਂ ਅਟਾਰੀ ਵਿੱਚ ਇਕਜੁੱਟ ਚੈੱਕ ਪੋਸਟ (ਆਈ.ਸੀ.ਪੀ.) ਜ਼ਰੀਏ ਵਪਾਰ ’ਤੇ ਹਾਂਪੱਖੀ ਅਸਰ ਹੋ ਸਕਦਾ ਹੈ। ਆਪਸੀ ਤਣਾਅ ਹੋਣ ਕਰ ਕੇ ਭਾਰਤ ਦੀ ਮੱਧ ਏਸ਼ੀਆ ਅਤੇ ਇਸ ਤੋਂ ਪਰ੍ਹੇ ਤੱਕ ਰਸਾਈ ਬੰਦ ਪਈ ਹੈ ਅਤੇ ਸਾਰਕ (ਦੱਖਣੀ ਏਸ਼ੀਆ ਖੇਤਰੀ ਸਹਿਯੋਗ ਸੰਘ) ਦਾ ਰਾਹ ਰੁਕਿਆ ਪਿਆ ਹੈ। ਪਿਛਲੇ ਕੁਝ ਸਮੇਂ ਤੋਂ ਭਾਰਤ ਨੇ ਇਰਾਨ ਨਾਲ ਆਪਣੇ ਸਬੰਧ ਮਜ਼ਬੂਤ ਕੀਤੇ ਹਨ ਅਤੇ ਚਾਬਹਾਰ ਬੰਦਰਗਾਹ ਦੇ ਵਿਕਾਸ ਤੇ ਪ੍ਰਬੰਧਨ ਲਈ ਦਸ ਸਾਲਾਂ ਦਾ ਕਰਾਰ ਕੀਤਾ ਹੈ ਜਿਸ ਨਾਲ ਇਸ ਨੂੰ ਪਾਕਿਸਤਾਨ ਨੂੰ ਬਾਇਪਾਸ ਕਰ ਕੇ ਅਫ਼ਗਾਨਿਸਤਾਨ ਅਤੇ ਮੱਧ ਏਸ਼ੀਆ ਤੱਕ ਰਸਾਈ ਮਿਲ ਸਕਦੀ ਹੈ। ਪ੍ਰਸਤਾਵਿਤ ਭਾਰਤ-ਮੱਧ ਪੂਰਬ-ਯੂਰੋਪ ਆਰਥਿਕ ਲਾਂਘੇ ਦਾ ਉਦੇਸ਼ ਵੀ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਨੂੰ ਬਾਇਪਾਸ ਕਰਨਾ ਹੈ। ਇਸ ਨਾਲ ਵੱਡੀਆਂ ਬੰਦਰਗਾਹਾਂ ਦੇ ਨੇੜੇ ਪੈਣ ਵਾਲੇ ਭਾਰਤੀ ਸੂਬਿਆਂ ਨੂੰ ਲਾਭ ਹੋਵੇਗਾ ਪਰ ਸਰਹੱਦ ’ਤੇ ਪੈਂਦੇ ਪੰਜਾਬ ਜਿਹੇ ਸੂਬਿਆਂ ਨੂੰ ਇਸ ਦਾ ਕੋਈ ਲਾਭ ਨਹੀਂ ਹੋਵੇਗਾ। ਵਿਰੋਧਾਭਾਸ ਇਹ ਹੈ ਕਿ ਦੂਜੇ ਦੇਸ਼ਾਂ ਜ਼ਰੀਏ ਅਤੇ ਵਪਾਰਕ ਪਾਬੰਦੀਆਂ ਦੇ ਹੁੰਦਿਆਂ ਵੀ ਭਾਰਤ ਤੇ ਪਾਕਿਸਤਾਨ ਵਿਚਕਾਰ ਹਮੇਸ਼ਾ ਵਪਾਰ ਚਲਦਾ ਰਿਹਾ ਹੈ ਪਰ ਇਕਜੁੱਟ ਚੈੱਕ ਪੋਸਟ ਅਟਾਰੀ ਰਾਹੀਂ ਵਪਾਰ ਦੀ ਅਣਹੋਂਦ ਵਿੱਚ ਟ੍ਰਾਂਸਪੋਰਟ ਅਤੇ ਪਾਰ ਦੇਸੀ ਖੇਪਾਂ ਦੀਆਂ ਲਾਗਤਾਂ ਵਧਣ ਕਰ ਕੇ ਪੰਜਾਬ ਅਤੇ ਇਸ ਦੇ ਗੁਆਂਢੀ ਸੂਬਿਆਂ ’ਚੋਂ ਹੋਣ ਵਾਲਾ ਵਪਾਰ ਗ਼ੈਰ-ਹੰਢਣਸਾਰ ਹੋ ਗਿਆ।




ਜਦ ਵੀ ਭਾਰਤ-ਪਾਕਿਸਤਾਨ ਦੇ ਰਿਸ਼ਤੇ ਵਿਗੜਦੇ ਹਨ ਤਾਂ ਇਸ ਦੀ ਕੀਮਤ ਪੰਜਾਬ ਨੂੰ ਚੁਕਾਉਣੀ ਪੈਂਦੀ ਹੈ। ਆਈਸੀਪੀ-ਅਟਾਰੀ ’ਤੇ ਵਪਾਰ ਬੰਦ ਹੋਣ ਦਾ ਸੂਬੇ ਨੂੰ ਸਭ ਤੋਂ ਵੱਧ ਨੁਕਸਾਨ ਹੋਇਆ। ਭਾਰਤ ਤੇ ਪਾਕਿਸਤਾਨ ਨੇ ਪੰਜਾਬ ਦੀ ਧਰਤੀ ’ਤੇ ਦੋ ਵੱਡੀਆਂ ਜੰਗਾਂ ਲੜੀਆਂ ਜਿਸ ਦਾ ਖ਼ਮਿਆਜ਼ਾ ਪੰਜਾਬ ਨੂੰ ਵੱਡੇ ਆਰਥਿਕ ਨੁਕਸਾਨਾਂ ਦੇ ਰੂਪ ’ਚ ਚੁਕਾਉਣਾ ਪਿਆ। 1965-1974 ਤੱਕ ਨੌਂ ਸਾਲਾਂ ਲਈ ਵਪਾਰ ’ਤੇ ਲੱਗੀ ਪਾਬੰਦੀ ਨੇ ਹੋਰ ਨੁਕਸਾਨ ਕੀਤਾ। ਵਰਤਮਾਨ ’ਚ ਵਪਾਰ ’ਤੇ ਲੱਗੀ ਪਾਬੰਦੀ ਜੋ ਅਗਸਤ 2019 ਤੋਂ ਪਾਕਿਸਤਾਨ ਨੇ ਲਾਗੂ ਕੀਤੀ ਹੋਈ ਹੈ, ਆਈਸੀਪੀ-ਅਟਾਰੀ ਰਾਹੀਂ ਹੁੰਦੀਆਂ ਵਪਾਰਕ ਗਤੀਵਿਧੀਆਂ ’ਤੇ ਨਿਰਭਰ ਹਿੱਤ ਧਾਰਕਾਂ ਲਈ ਸੱਜਰਾ ਝਟਕਾ ਹੈ।

ਵਪਾਰਕ ਸਰਗਰਮੀਆਂ ’ਤੇ ਮੌਜੂਦਾ ਪਾਬੰਦੀ ਤੋਂ ਪਹਿਲਾਂ, ਪਾਕਿਸਤਾਨ ਨਾਲ ਭਾਰਤ ਦੇ ਕੁੱਲ ਵਪਾਰ (15408 ਕਰੋੜ ਰੁਪਏ) ਦਾ 26 ਪ੍ਰਤੀਸ਼ਤ (4063 ਕਰੋੜ ਰੁਪਏ) ਆਈਸੀਪੀ-ਅਟਾਰੀ ਰਾਹੀਂ ਹੁੰਦਾ ਸੀ। ਸਾਡਾ ਸਿਧਾਂਤਕ ਅਧਿਐਨ ‘ਵਾਹਗਾ ਬਾਰਡਰ ਰਾਹੀਂ ਭਾਰਤ-ਪਾਕਿਸਤਾਨ ਵਿਚਾਲੇ ਵਪਾਰਕ ਰੋਕਾਂ ਦੇ ਆਰਥਿਕ ਪ੍ਰਭਾਵ’ ਦੱਸਦਾ ਹੈ ਕਿ ਪੰਜਾਬ ਵਿਚਲੇ ਹਿੱਤ ਧਾਰਕਾਂ (ਬਰਾਮਦਕਾਰਾਂ, ਦਰਾਮਦਕਾਰਾਂ, ਨਿਰਮਾਤਾਵਾਂ, ਟਰੱਕ ਅਪਰੇਟਰਾਂ, ਕੁਲੀਆਂ, ਰਾਜਮਾਰਗ ’ਤੇ ਸਥਿਤ ਦੁਕਾਨਾਂ, ਪੈਟਰੋਲ ਪੰਪਾਂ, ਭਾਰ ਤੋਲਣ ਵਾਲੇ ਕੰਡਿਆਂ, ਪ੍ਰਚੂਨ ਤੇ ਥੋਕ ਵਪਾਰੀਆਂ, ਪ੍ਰਾਈਵੇਟ ਸਕੂਲਾਂ, ਸਿਹਤ ਕਲੀਨਿਕਾਂ, ਮੁਰੰਮਤ ਦੀਆਂ ਦੁਕਾਨਾਂ, ਆਟੋ-ਡੀਲਰਾਂ, ਸ਼ਰਾਬ ਦੇ ਠੇਕਿਆਂ ਆਦਿ) ਨੂੰ ਆਈਸੀਪੀ-ਅਟਾਰੀ ਦੇ ਵਪਾਰ ਲਈ ਬੰਦ ਹੋਣ ਮਗਰੋਂ ਆਮਦਨੀ ਤੇ ਰੁਜ਼ਗਾਰ ਦੇ ਰੂਪ ਵਿਚ ਵੱਡੀ ਹਾਨੀ ਹੋਈ ਹੈ।

ਸਾਡੇ ਅਧਿਐਨ ਮੁਤਾਬਕ ਵਪਾਰਕ ਰੋਕਾਂ ਕਾਰਨ ਪਿਛਲੇ ਪੰਜ ਸਾਲਾਂ ਦੌਰਾਨ ਪੰਜਾਬ ਦਾ ਆਮਦਨੀ ਦੇ ਰੂਪ ਵਿੱਚ ਅਨੁਮਾਨਿਤ 7013 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਇਸ ਵਿੱਚ ਨਿਰਮਾਤਾਵਾਂ-ਬਰਾਮਦਕਾਰਾਂ ਤੇ ਟਰਾਂਸਪੋਰਟਰਾਂ ਨੂੰ ਹੋਇਆ ਵਿੱਤੀ ਨੁਕਸਾਨ ਸ਼ਾਮਲ ਨਹੀਂ ਹੈ ਜਿਨ੍ਹਾਂ ਦੇ ਨਿਵੇਸ਼ ਬੇਕਾਰ ਹੋ ਗਏ ਤੇ ਸਾਂਭ-ਸੰਭਾਲ ਦਾ ਖ਼ਰਚਾ ਵੱਖ ਹੋਇਆ। ਸਿੱਧੇ ਤੌਰ ’ਤੇ ਲਗਭਗ 12000 ਵਰਕਰਾਂ (ਜਿਨ੍ਹਾਂ ’ਚ 2500 ਕੁਲੀ ਤੇ 1000 ਡਰਾਈਵਰ ਤੇ ਕਲੀਨਰ ਸ਼ਾਮਲ ਹਨ) ਦਾ ਰੁਜ਼ਗਾਰ ਖ਼ਤਮ ਹੋ ਗਿਆ। ਵਪਾਰਕ ਰੋਕਾਂ ਕਾਰਨ ਅਸਿੱਧੇ ਤੌਰ ’ਤੇ ਵੀ ਕਾਫ਼ੀ ਨੌਕਰੀਆਂ ਖ਼ਤਮ ਹੋ ਗਈਆਂ। ਹਜ਼ਾਰਾਂ ਪਰਿਵਾਰ ਰੋਜ਼ੀ-ਰੋਟੀ ਤੋਂ ਵਾਂਝੇ ਹੋ ਗਏ। ਸਰਹੱਦੀ ਜ਼ਿਲ੍ਹਿਆਂ ਵਿੱਚ ਨਿਵੇਸ਼ ਦੀ ਘਾਟ ਵਿਕਾਸ ਦੇ ਰਾਹ ’ਚ ਇੱਕ ਹੋਰ ਵੱਡਾ ਅੜਿੱਕਾ ਹੈ। ਹੋਰ ਵੀ ਕਈ ਕਾਰਕਾਂ ਨੇ ਨੁਕਸਾਨ ’ਚ ਵਾਧਾ ਕੀਤਾ।

ਪੰਜਾਬ ਅਤੇ ਇਸ ਦੇ ਗੁਆਂਢੀ ਰਾਜਾਂ ਨੂੰ ਸਾਂਝੇ ਤੌਰ ’ਤੇ ਇਹ ਮੁੱਦਾ ਕੇਂਦਰ ਸਾਹਮਣੇ ਰੱਖਣਾ ਚਾਹੀਦਾ ਹੈ। ਇਨ੍ਹਾਂ ਰਾਜਾਂ ਦੇ ਸੰਸਦ ਮੈਂਬਰ ਸੰਸਦ ਵਿੱਚ ਇਹ ਮਾਮਲਾ ਚੁੱਕਣ ਤਾਂ ਕਿ ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਨੂੰ ਸੰਵਾਦ ਆਰੰਭਣ ਲਈ ਸਹਿਮਤ ਕੀਤਾ ਜਾ ਸਕੇ। ਚਾਬਹਾਰ ਬੰਦਰਗਾਹ ਤੇ ਆਈ.ਐੱਮ.ਈ.ਈ.ਸੀ. ਰਾਹੀਂ ਬਦਲਵਾਂ ਮਾਰਗ ਹੋਣ ਦੇ ਬਾਵਜੂਦ ਪਾਕਿਸਤਾਨ ਤੇ ਅਫ਼ਗਾਨਿਸਤਾਨ ਰਾਹੀਂ ਮੱਧ ਏਸ਼ੀਆ ਅਤੇ ਯੂਰੇਸ਼ੀਆ ਨੂੰ ਜਾਂਦੇ ਇਸ ਜ਼ਮੀਨੀ ਮਾਰਗ ਦੀ ਅਜੇ ਵੀ ਬਹੁਤ ਅਹਿਮੀਅਤ ਹੈ। ਇੱਥੋਂ ਲੋੜ ਉੱਭਰਦੀ ਹੈ ਕਿ ਆਈ.ਸੀ.ਪੀ.-ਅਟਾਰੀ ਨੂੰ ਇਕ ‘ਖ਼ੁਸ਼ਕ ਬੰਦਰਗਾਹ’ ਵਜੋਂ ਮਜ਼ਬੂਤ ਕੀਤਾ ਜਾਵੇ, ਤੇ ਹੁਸੈਨੀਵਾਲਾ (ਫਿਰੋਜ਼ਪੁਰ) ਬਾਰਡਰ ਨੂੰ ਵਪਾਰ ਲਈ ਖੋਲ੍ਹਣ ਵਾਸਤੇ ਸੰਵਾਦ ਆਰੰਭਿਆ ਜਾਵੇ। ਪੰਜਾਬ ਦੀ ਭੂਗੋਲਿਕ ਸਥਿਤੀ ਤੇ ਭਾਰਤ ਦੇ ਕੌਮੀ ਸੁਰੱਖਿਆ ਫ਼ਿਕਰਾਂ ਦੇ ਮੱਦੇਨਜ਼ਰ, ਸੂਬੇ ਦੇ ਸਰਹੱਦੀ ਜ਼ਿਲ੍ਹਿਆਂ ਤੇ ਦੂਜੇ ਸ਼ਬਦਾਂ ’ਚ ਪੰਜਾਬ ਦਾ ਵਿਕਾਸ ਭਾਰਤ ਦੇ ਰਣਨੀਤਕ ਹਿੱਤਾਂ ’ਚ ਹੈ। ਸਮਾਂ ਆ ਗਿਆ ਹੈ ਕਿ ਅਤੀਤ ਦੇ ਵਿਰੋਧਾਂ ਤੋਂ ਉਪਰ ਉੱਠ ਕੇ ਤਰੱਕੀ ਲਈ ਸਹਿਯੋਗ ਕਰਨ ਵੱਲ ਕਦਮ ਵਧਾਏ ਜਾਣ।

# ਸੁਪਰੀਮ ਕੋਰਟ ਦੀਆਂ ਟਿੱਪਣੀਆਂ ਮੋਦੀ ਸਰਕਾਰ ਨੂੰ ਕਟਹਿਰੇ ’ਚ ਖੜ੍ਹਾ ਕਰਦੀਆਂ ਨੇ



**ਅਭੈ ਕੁਮਾਰ ਦੂਬੇ**
ਲੇਖਕ ਅੰਬੇਡਕਰ ਵਿਸ਼ਵ ਯੂਨੀਵਰਸਿਟੀ, ਦਿੱਲੀ ’ਚ ਪ੍ਰੋਫ਼ੈਸਰ ਅਤੇ ਭਾਰਤੀ ਭਾਸ਼ਾਵਾਂ ’ਚ ਅਭਿਲੇਖਾਗਰੀ ਖੋਜ ਪ੍ਰੋਗਰਾਮ ਦੇ ਨਿਰਦੇਸ਼ਕ ਹਨ।

ਪਿਛਲੇ ਦਿਨੀਂ ਸੁਪਰੀਮ ਕੋਰਟ ਦੇ ਕੁਝ ਅਜਿਹੇ ਫ਼ੈਸਲੇ ਆਏ ਹਨ, ਜਿਨ੍ਹਾਂ ਕਾਰਨ ਰਾਸ਼ਟਰੀ ਸੋਇਮ ਸੇਵਕ ਸੰਘ ਅਤੇ ਭਾਰਤੀ ਜਨਤਾ ਪਾਰਟੀ ਦੀ ਇੱਕ ਦੂਰਗਾਮੀ ਯੋਜਨਾ ਖਟਾਈ ’ਚ ਪੈਂਦੀ ਦਿਖਾਈ ਦੇ ਰਹੀ ਹੈ। ਇਸ ਯੋਜਨਾ ਨੂੰ ਮੈਂ ‘ਵਿਰੋਧੀ ਮੁਕਤ ਲੋਕਤੰਤਰ’ ਬਣਾਉਣ ਦਾ ਨਾਂਅ ਦਿੰਦਾ ਹਾਂ। ਗੁਆਂਢੀ ਦੇਸ਼ ਬੰਗਲਾਦੇਸ਼ ’ਚ ਸ਼ੇਖ਼ ਹਸੀਨਾ ਨੇ ਆਪਣੇ ਢੰਗ ਨਾਲ ਵਿਰੋਧੀ ਮੁਕਤ ਲੋਕਤੰਤਰ ਬਣਾਉਣ ਦਾ ਮਾਡਲ ਤਿਆਰ ਕੀਤਾ ਸੀ। ਇਸ ਦੇ ਤਹਿਤ ਉਸ ਨੇ ਵਿਰੋਧੀ ਧਿਰ ਦਾ ਲਗਾਤਾਰ ਦਮਨ ਕੀਤਾ ਅਤੇ ਆਈਨਾਘਰ ਨਾਂਅ ਦੀ ਨਾਰਕੀਯ ਜੇਲ੍ਹ ਬਣਾ ਕੇ ਆਪਣੇ ਵਿਰੋਧੀਆਂ ਨੂੰ ਉਸ ’ਚ ਡੱਕ ਦਿੱਤਾ ਅਤੇ ਉਨ੍ਹਾਂ ’ਤੇ ਵਹਿਸ਼ੀ ਢੰਗ ਨਾਲ ਅੱਤਿਆਚਾਰ ਕੀਤੇ। ਸ਼ੇਖ਼ ਹਸੀਨਾ ਦੇ ਬਦਨਾਮ ਪ੍ਰੋਗਰਾਮ ’ਚ ਉਨ੍ਹਾਂ ਦਾ ਵਿਰੋਧ ਕਰਨ ਵਾਲੇ ਲਗਭਗ 10 ਹਜ਼ਾਰ ਲੋਕ ਹਮੇਸ਼ਾ ਲਈ ਲਾਪਤਾ ਹੋ ਗਏ। ਵਿਰੋਧੀ ਪਾਰਟੀਆਂ ’ਤੇ ਪਾਬੰਦੀਆਂ ਲਾਉਣਾ ਅਤੇ ਮੁੜ ਚੋਣਾਂ ’ਚ ਆਪਣੇ ਜਾਅਲੀ ਉਮੀਦਵਾਰ ਖੜ੍ਹੇ ਕਰਕੇ ਚੋਣ ਮੁਕਾਬਲਾ ਕਰਵਾਉਣ ਦਾ ਢੌਂਗ ਕਰਨਾ ਵੀ ਇਸੇ ਮਾਡਲ ਦਾ ਹਿੱਸਾ ਸੀ। ਮੋਹਨ ਭਾਗਵਤ ਅਤੇ ਨਰਿੰਦਰ ਮੋਦੀ ਦਾ ਮਾਡਲ ਹਸੀਨਾ ਦੇ ਮਾਡਲ ਤੋਂ ਵੱਖਰੇ ਪ੍ਰਕਾਰ ਦਾ ਹੈ। ਇਸ ਦੇ ਦਿਸ਼ਾ-ਨਿਰਦੇਸ਼ (ਗਾਈਡਲਾਈਨਜ਼) ਪਹਿਲੀ ਵਾਰ ਮੋਹਨ ਭਾਗਵਤ ਨੇ ਨਰਿੰਦਰ ਮੋਦੀ ਨੂੰ ਦਿੱਤੇ ਸਨ। ਵਿਗਿਆਨ ਭਵਨ ’ਚ ਦਿੱਤੇ ਗਏ ਆਪਣੇ ਭਾਸ਼ਨਾਂ (ਇਹ ‘ਭਵਿੱਖ ਦਾ ਭਾਰਤ’ ਨਾਂਅ ਦੇ ਸਿਰਲੇਖ ਹੇਠ ਛਪ ਚੁੱਕੇ ਹਨ) ’ਚ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਨੂੰ ਦੇਖਿਆ ਜਾ ਸਕਦਾ ਹੈ। ਅੰਦਰੂਨੀ ਸੁਰੱਖਿਆ ਦੀ ਚੁਣੌਤੀ ਨਾਲ ਸੰਬੰਧਿਤ ਸਵਾਲ ਪੁੱਛੇ ਜਾਣ ’ਤੇ ਉਨ੍ਹਾਂ ਦਾ ਕਹਿਣਾ ਸੀ ਕਿ ਸਰਕਾਰ ਦੀਆਂ ਕਮੀਆਂ ਦਾ ਫਾਇਦਾ ਉਠਾ ਕੇ ਸੁਰੱਖਿਆ ਲਈ ਮੁਸ਼ਕਿਲਾਂ ਪੈਦਾ ਕਰਨ ਵਾਲਿਆਂ ਦਾ ‘ਬੰਦੋਬਸਤ ਸਖ਼ਤਾਈ ਨਾਲ ਹੋਣਾ ਚਾਹੀਦਾ ਹੈ।’ ਜੇਕਰ ‘ਹੋਰ ਸਖ਼ਤ ਕਾਨੂੰਨਾਂ ਦੀ ਲੋੜ ਹੈ ਤਾਂ ਬਣਨੇ ਚਾਹੀਦੇ ਹਨ’। ਇੱਥੇ ਜ਼ਿਕਰਯੋਗ ਹੈ ਕਿ ਸਰਸੰਘਚਾਲਕ ਸਖ਼ਤ ਕਾਨੂੰਨਾਂ ਦੀ ਲੋੜ ’ਤੇ ਜ਼ੋਰ ਦਿੰਦੇ ਹੋਏ ਇਹ ਵੀ ਰੇਖਾਂਕਿਤ ਕਰਦੇ ਹੋਏ ਦਿਖਾਈ ਦਿੱਤੇ ਕਿ ਸ਼ਾਸਨ-ਪ੍ਰਸ਼ਾਸਨ ਆਪਣਾ ਹੈ ਇਹ ਵਿਸ਼ਵਾਸ ਲੋਕਾਂ ਦੇ ਮਨ ’ਚ ਪੈਦਾ ਕਰਨਾ ਹੋਵੇਗਾ। ਕਾਨੂੰਨ ਤੋੜਨ ਵਾਲੇ, ਦੇਸ਼ਧ੍ਰੋਹ ਦੀ ਭਾਸ਼ਾ ਬੋਲਣ ਵਾਲਿਆਂ ਵੱਲ ਆਪਣੇ ਹੀ ਸਮਾਜ ’ਚੋਂ ਉਨ੍ਹਾਂ ਦਾ ਸਮਰਥਨ ਕਰਨ ਵਾਲੇ ਖੜ੍ਹੇ ਨਾ ਹੋਣ, ਇਹ ਵੀ ਜ਼ਰੂਰੀ ਹੈ ਤਾਂ ਜੋ ਸਮਾਜ ਦਾ ਮਨ ਅਜਿਹਾ ਬਣ ਜਾਏ ਕਿ ਅਜਿਹੀਆਂ ਗੱਲਾਂ ਕਰਨ ਵਾਲੇ ਅਲੱਗ-ਥਲੱਗ ਹੋ ਜਾਣ। ਇਹ ਦੋਵੇਂ ਗੱਲਾਂ ਜਦੋਂ ਵੀ ਹੁੰਦੀਆਂ ਹਨ (ਸਖ਼ਤ ਕਾਨੂੰਨ ਅਤੇ ਵਿਰੋਧੀਆਂ ਨੂੰ ਸਮਾਜ ਦਾ ਸਮਰਥਨ ਨਾ ਮਿਲਣਾ), ਉਦੋਂ ਅੰਦਰੂਨੀ ਸੁਰੱਖਿਆ ਬੇਹੱਦ ਮਜ਼ਬੂਤ ਰਹਿੰਦੀ ਹੈ।

ਇਹ ਕੋਈ ਸਧਾਰਨ ਗੱਲ ਨਹੀਂ ਸੀ। ਇਨ੍ਹਾਂ ਸ਼ਬਦਾਂ ’ਚ ਵਿਰੋਧੀ ਧਿਰ ਦਾ ਕਾਨੂੰਨ ਮੁਤਾਬਿਕ ਦਮਨ ਕਰਨ ਦੀ ਰਣਨੀਤੀ ਛਿਪੀ ਹੋਈ ਸੀ। ਭਾਗਵਤ ਵਲੋਂ ਹਰੀ ਝੰਡੀ ਮਿਲਣ ਤੋਂ ਬਾਅਦ ਮੋਦੀ ਸਰਕਾਰ ਨੇ ਹੌਲੀ-ਹੌਲੀ ਵਿਰੋਧ ਦੀ ਰਾਜਨੀਤੀ ਦੇ ਵੱਖ-ਵੱਖ ਪ੍ਰਗਟਾਵਿਆਂ ਨੂੰ ਦਬਾਉਣ ਲਈ ਇੱਕ ਬਹੁਮੰਤਵੀ ਕਾਨੂੰਨੀ ਢਾਂਚੇ ਦੇ ਵਿਕਾਸ ’ਤੇ ਕੰਮ ਕਰਨਾ ਸ਼ੁਰੂ ਕੀਤਾ। ਚੇਤੇ ਰਹੇ ਕਿ ਕਾਨੂੰਨ ਦੀਆਂ ਵਿਵਸਥਾਵਾਂ ਦੀ ਵਰਤੋਂ ਕਰਕੇ ਵਿਚਾਰਕ ਵਿਰੋਧੀਆਂ ਨੂੰ ਪਾਸੇ ਕਰਨ ਦਾ ਪ੍ਰਯੋਗ ਹਿੰਦੂਤਵਵਾਦੀ ਰਾਜਨੀਤੀ 2014 ਤੋਂ ਵੀ ਪਹਿਲਾਂ ਤੋਂ ਹੀ ਕਰ ਰਹੀ ਸੀ। ਕਾਂਗਰਸ ਦੇ 10 ਸਾਲਾਂ ਸ਼ਾਸਨ ਦੌਰਾਨ ਕਲਾ ਅਤੇ ਸੱਭਿਆਚਾਰ ਦੇ ਖੇਤਰ ’ਚ ਹੋਵੇ ਜਾਂ ਕਿਸੇ ਹੋਰ ਖੇਤਰ ’ਚ, ਹਿੰਦੂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਨਾਂਅ ’ਤੇ ਕਲਾਕਾਰਾਂ, ਕਾਰਕੁੰਨਾਂ ਅਤੇ ਵਿਦਵਾਨਾਂ ਦੇ ਖ਼ਿਲਾਫ਼ ਦੇਸ਼ ਦੇ ਵੱਖ-ਵੱਖ ਇਲਾਕਿਆਂ ਦੀਆਂ ਅਦਾਲਤਾਂ ’ਚ ਇਕੱਠਿਆਂ ਮੁਕੱਦਮੇ ਦਾਇਰ ਕੀਤੇ ਜਾਣ ਲੱਗੇ ਸਨ। ਇਸੇ ਦੇ ਸਮਾਂਤਰ ਬਜਰੰਗ ਦਲੀਆਂ ਵਲੋਂ ਚਿੱਤਰ ਪ੍ਰਦਰਸ਼ਨੀਆਂ ਅਤੇ ਸੱਭਿਆਚਾਰਕ ਪ੍ਰੋਗਰਾਮਾਂ ’ਤੇ ਹਮਲੇ ਕਰਨ ਦੀਆਂ ਘਟਨਾਵਾਂ ਵੀ ਆਯੋਜਿਤ ਕੀਤੀਆਂ ਜਾਂਦੀਆਂ ਰਹਿੰਦੀਆਂ ਸਨ। ਅਜਿਹਾ ਕਰਨ ਵਾਲਿਆਂ ਕੋਲੋਂ ਜਦੋਂ ਪੁੱਛਿਆ ਜਾਂਦਾ ਸੀ ਕਿ ਉਹ ਇਸ ਤਰ੍ਹਾਂ ਨਾਲ ਆਵਾਜ਼ ਦਬਾਉਣ ਦਾ ਕੰਮ ਕਿਉਂ ਕਰ ਰਹੇ ਹਨ, ਤਾਂ ਉਨ੍ਹਾਂ ਦਾ ਜਵਾਬ ਹੁੰਦਾ ਸੀ ਕਿ ਆਪਣੀਆਂ ਧਾਰਮਿਕ ਅਤੇ ਸੱਭਿਆਚਾਰਕ ਭਾਵਨਾਵਾਂ ਦੀ ਰੱਖਿਆ ਲਈ ਕਾਨੂੰਨ ਦੀ ਮਦਦ ਲੈਣਾ ਉਨ੍ਹਾਂ ਦਾ ਅਧਿਕਾਰ ਹੈ। ਕੁੱਲ ਮਿਲਾ ਕੇ ਉਨ੍ਹਾਂ ਦਾ ਮਕਸਦ ਇਹ ਸੀ ਕਿ ਵਿਚਾਰਧਾਰਾਤਮਕ ਵਿਰੋਧੀ ਸਹਿਮ ਜਾਣ।

ਸੱਤਾ ’ਚ ਆਉਣ ਤੋਂ ਬਾਅਦ ਹਿੰਦੂਤਵਵਾਦੀਆਂ ਨੇ ਇਸ ਤਕਨੀਕ ਦਾ ਹੋਰ ਵਿਕਾਸ ਕੀਤਾ। ਮੁਕੱਦਮੇ ਦਾਇਰ ਕਰਨ ਤੋਂ ਇਲਾਵਾ ਵਿਚਾਰਕ ਵਿਰੋਧੀਆਂ ਨੂੰ ਤੰਗ ਕਰਨ ਲਈ ਪੁਲਿਸ ’ਚ ਦੇਸ਼ਧ੍ਰੋਹ ਦੇ ਦੋਸ਼ ਤਹਿਤ ਰਿਪੋਰਟਾਂ ਦਰਜ ਕਰਵਾਉਣ ਦਾ ਸਿਲਸਿਲਾ ਵੀ ਸ਼ੁਰੂ ਕਰ ਦਿੱਤਾ ਗਿਆ। ਜ਼ਿਆਦਾਤਰ ਥਾਵਾਂ ’ਤੇ ਭਾਜਪਾ ਹੀ ਸੱਤਾ ’ਚ ਹੈ, ਇਸ ਲਈ ਪੁਲਿਸ ਵਾਲੇ ਤਤਪਰਤਾ ਨਾਲ ਰਿਪੋਰਟਾਂ ਲਿਖਣ ਲੱਗੇ। ਮਹਿਜ ਇਕ ਟਵੀਟ ਜਾਂ ਇਕ ਪੋਸਟ ’ਤੇ ਦੇਸ਼ਧ੍ਰੋਹ ਦਾ ਇਲਜ਼ਾਮ ਲੱਗਣ ਲੱਗਾ। ਇਸ ਤੋਂ ਇਲਾਵਾ ਜਿਨ੍ਹਾਂ ਪਹਿਲੂਆਂ ’ਤੇ ਸਿੱਧਿਆਂ-ਸਿੱਧਿਆਂ ਕਾਨੂੰਨ ਬਣਾਇਆ ਜਾ ਸਕਦਾ ਹੈ, ਜਾਂ ਸੋਧ ਰਾਹੀਂ ਸਥਿਤੀ ਬਦਲੀ ਜਾ ਸਕਦੀ ਹੈ, ਉੱਥੇ ਭਾਜਪਾ ਦੀਆਂ ਸਰਕਾਰਾਂ ਵਿਧਾਨਿਕ ਰਸਤੇ ਦਾ ਸਹਾਰਾ ਲੈਂਦੀਆਂ ਹਨ (ਜਿਵੇਂ ਤਿੰਨ ਤਲਾਕ, ਕਸ਼ਮੀਰ ਤੋਂ ਧਾਰਾ 370 ਹਟਾਉਣਾ ਅਤੇ ਲਵ ਜਿਹਾਦ ਦੇ ਖ਼ਿਲਾਫ਼ ਕਾਨੂੰਨ ਬਣਾਉਣਾ)। ਜਿੱਥੇ ਅਜਿਹਾ ਤੁਰੰਤ ਨਹੀਂ ਹੋ ਸਕਦਾ, ਉੱਥੇ ਹਿੰਦੂਤਵ ਦੀਆਂ ਕਾਨੂੰਨੀ ਟੀਮਾਂ ਅਦਾਲਤਾਂ ’ਚ ਪਟੀਸ਼ਨ ਪਾ ਕੇ ‘ਲਿਟਮਸ ਟੈੱਸਟ’ ਕਰਦੀਆਂ ਹਨ (ਜਿਵੇਂ, ਕਾਸ਼ੀ ਅਤੇ ਮਥੁਰਾ ਤੋਂ ਮਸਜਿਦ ਅਤੇ ਈਦਗਾਹ ਹਟਾਉਣ ਦੇ ਹਿੰਦੂ-ਅਧਿਕਾਰ ਲਈ ਦਾਇਰ ਕੀਤੀਆਂ ਗਈਆਂ ਪਟੀਸ਼ਨਾਂ)। ਸੋਸ਼ਲ ਮੀਡੀਆ ਅਤੇ ਓ.ਟੀ.ਟੀ. ਪਲੇਟਫਾਰਮਾਂ ’ਤੇ ਕੰਟਰੋਲ ਕਰਨ ਲਈ ਸਰਕਾਰ ਦੀਆਂ ਜਾਰੀ ਕੋਸ਼ਿਸ਼ਾਂ ਇਸ ਦਾ ਇਕ ਹੋਰ ਸਬੂਤ ਹਨ। ਇਸੇ ਤਰ੍ਹਾਂ ਘੱਟ-ਗਿਣਤੀਆਂ ਅਧਿਕਾਰਾਂ ਨੂੰ ਲੈ ਕੇ ਕੀਤੀ ਜਾਣ ਵਾਲੀ ਵਿਰੋਧ ਦੀ ਰਾਜਨੀਤੀ ਨੂੰ ਪਟੜੀ ਤੋਂ ਉਤਾਰਨ ਦੀ ਕਾਨੂੰਨੀ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ। ਇਸ ਦੇ ਤਹਿਤ ਉਨ੍ਹਾਂ 9 ਰਾਜਾਂ ਬਾਰੇ ਪਟੀਸ਼ਨ ਦਾਇਰ ਕੀਤੀ ਗਈ, ਜਿੱਥੇ ਹਿੰਦੂ ਗਿਣਤੀ ਦੇ ਮੱਦੇਨਜ਼ਰ ਘੱਟ ਗਿਣਤੀ ’ਚ ਹਨ। ਪਟੀਸ਼ਨ ਦਾ ਦਾਅਵਾ ਹੈ ਕਿ ਇੱਥੇ ਹਿੰਦੂਆਂ ਨੂੰ ਧਾਰਮਿਕ ਘੱਟ-ਗਿਣਤੀਆਂ ਵਰਗਾ ਅਧਿਕਾਰ ਮਿਲਣਾ ਚਾਹੀਦਾ ਹੈ। ‘ਵਿਰੋਧ ਧਿਰ ਮੁਕਤ ਲੋਕਤੰਤਰ’ ਦਾ ਮਾਡਲ ਉਸ ਸਮੇਂ ਆਪਣੇ ਸਿਖਰਾਂ ’ਤੇ ਪਹੁੰਚਿਆ, ਜਦੋਂ ਇੱਕ ਕਾਂਗਰਸ ਦੇ ਸਮੇਂ ਬਣੇ ਕਾਨੂੰਨ ਪੀ.ਐੱਮ.ਐੱਲ.ਏ. ਅਤੇ ਉਸ ਦੀ ਇਕ ਖ਼ਾਸ ਵਿਵਸਥਾ, ਜਿਸ ਨੂੰ ਅਸੀਂ ਧਾਰਾ 45 ਕਹਿ ਸਕਦੇ ਹਾਂ, ਦੀ ਵਰਤੋਂ ਕਰਕੇ ਵਿਰੋਧ ਮੁਕਤ ਲੋਕਤੰਤਰ ਬਣਾਉਣ ਦੀ ਟਰਿੱਕ ਤਿਆਰ ਕੀਤੀ ਗਈ। ਅੱਸੀ ਦੇ ਦਹਾਕੇ ’ਚ ਨਸ਼ੇ ਦੇ ਵਪਾਰ ਦੀ ਵਿਸ਼ਵ ਵਿਆਪੀ ਸਮੱਸਿਆ ਦਾ ਸਾਹਮਣਾ ਕਰਨ ਲਈ ਯੂ.ਐੱਨ. ਦੇ ਨਿਰਦੇਸ਼ਾਂ ਤਹਿਤ ਬਣਾਇਆ ਗਿਆ ਇਹ ਕਾਨੂੰਨ ਕਿਵੇਂ ਰਾਜਨੀਤਕ ਦਮਨ ਦਾ ਔਜ਼ਾਰ ਬਣਿਆ, ਇਹ ਇੱਕ ਅਜਿਹਾ ਇਤਿਹਾਸ ਹੈ, ਜਿਸ ’ਤੇ ਹਾਲੇ ਸਿਲਸਿਲੇਵਾਰ ਕੰਮ ਨਹੀਂ ਹੋਇਆ। ਕਾਂਗਰਸ ਨੇ ਜਦੋਂ ਇਹ ਕਾਨੂੰਨ ਬਣਾਇਆ ਸੀ, ਤਾਂ ਉਸ ਦਾ ਮਕਸਦ ਨਸ਼ੇ ਦਾ ਕਾਰੋਬਾਰ ਅਤੇ ਉਸ ਤੋਂ ਕਮਾਏ ਜਾਣ ਵਾਲੇ ਕਾਲੇ ਧਨ ’ਤੇ ਰੋਕ ਲਗਾਉਣਾ ਸੀ। ਸੁਪਰੀਮ ਕੋਰਟ ਨੇ 2018 ’ਚ ਇਸ ਕਾਨੂੰਨ ਦੀ ਧਾਰਾ 45 ਨੂੰ ਅਸੰਵਿਧਾਨਕ ਵੀ ਐਲਾਨ ਦਿੱਤਾ ਸੀ ਪਰ ਮੋਦੀ ਸਰਕਾਰ ਨੇ ਇਸ ਧਾਰਾ ਦੇ ਮਹੱਤਵ ਨੂੰ ਭਾਂਪਿਆ ਅਤੇ ਮਨੀ ਬਿੱਲ ਜ਼ਰੀਏ ਚੋਰ ਦਰਵਾਜ਼ਿਓਂ ਇਸ ਨੂੰ ਮੁੜ ਜੀਵਿਤ ਕਰਕੇ ਉਸ ਨੂੰ ਹੋਰ ਸਖ਼ਤ ਬਣਾ ਦਿੱਤਾ।

**(ਬਾਕੀ ਸਫ਼ਾ 31 ’ਤੇ)**



# ਨਸ਼ਿਆਂ ਦੀ ਮਾਰੂ ਹਨੇਰੀ ਤੇ ਅੱਥਰੂਆਂ ਦੀ ਭਾਸ਼ਾ





ਮੋਹਨ ਸ਼ਰਮਾ

ਨਸ਼ਿਆਂ ਦੀ ਮਾਰੂ ਹਨੇਰੀ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਅਸੀਂ ਚਾਰ ਦੋਸਤਾਂ ਨੇ ਫੈਸਲਾ ਕੀਤਾ ਕਿ ਸਮਾਜ ਦੇ ਵਡੇਰੇ ਹਿਤ ਨੂੰ ਮੁੱਖ ਰੱਖਦਿਆਂ ਸਕੂਲ ਦੇ ਵਿਦਿਆਰਥੀਆਂ ਨੂੰ ਨੈਤਿਕ ਕਦਰਾਂ ਕੀਮਤਾਂ ਦਾ ਪਾਠ ਪੜ੍ਹਾਉਣ ਦੇ ਨਾਲ ਨਾਲ ਉਨ੍ਹਾਂ ਨੂੰ ਨਸ਼ਿਆਂ ਦੇ ਮਾਰੂ ਨੁਕਸਾਨਾਂ ਤੋਂ ਜਾਣੂ ਕਰਵਾਕੇ ਦੂਰ ਰਹਿਣ ਦੀ ਪ੍ਰੇਰਨਾ ਦਿੱਤੀ ਜਾਵੇ। ਉਨ੍ਹਾਂ ਦੇ ਮਨਾਂ 'ਤੇ ਇਸ ਪ੍ਰਕੋਪ ਦਾ ਅਸਰ ਨਾ ਪਵੇ ਅਤੇ ਉਹ ਨਸ਼ਿਆਂ ਵੱਲ ਮੂੰਹ ਹੀ ਨਾ ਕਰਨ, ਇਸਦੇ ਲਈ ਜ਼ਿਲ੍ਹਾ ਸੰਗਰੂਰ ਦੇ ਸਕੂਲਾਂ ਵਿੱਚ ਪ੍ਰਾਰਥਨਾ ਸਭਾ ਸਮੇਂ ਵਿਦਿਆਰਥੀਆਂ ਨੂੰ ਸਬੋਧਨ ਕਰਨ ਅਤੇ ਉਨ੍ਹਾਂ ਨਾਲ ਇਸ ਸੰਬੰਧੀ ਵਿਚਾਰ ਵਟਾਂਦਰਾ ਕਰਨ ਦੀ ਵਿਉਂਤਬੰਦੀ ਬਣਾ ਲਈ ਗਈ। ਇਸ ਸੰਬੰਧੀ ਅਸੀਂ ਵਿੱਦਿਆ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਸੰਪਰਕ ਕੀਤਾ। ਉਨ੍ਹਾਂ ਨੂੰ ਆਪਣੇ ਮੰਤਵ ਤੋਂ ਜਾਣੂ ਕਰਵਾਉਣ ਦੇ ਨਾਲ ਨਾਲ ਸਕੂਲਾਂ ਵਿੱਚ ਪ੍ਰਾਰਥਨਾ ਸਮੇਂ ਵਿਦਿਆਰਥੀਆਂ ਨੂੰ ਸੰਬੋਧਨ ਕਰਨ ਲਈ ਪ੍ਰਵਾਨਗੀ ਦੀ ਮੰਗ ਕੀਤੀ। ਸਾਡੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਵਿੱਦਿਆ ਵਿਭਾਗ ਦੇ ਉੱਚ ਅਧਿਕਾਰੀ ਵੱਲੋਂ ਸਕੂਲ ਮੁਖੀਆਂ ਨੂੰ ਪੱਤਰ ਜਾਰੀ ਕਰ ਦਿੱਤਾ ਗਿਆ ਕਿ ਨਸ਼ਾ ਵਿਰੋਧੀ ਟੀਮ ਦੇ ਇਨ੍ਹਾਂ ਮੈਂਬਰਾਂ ਨੂੰ ਵਿਦਿਆਰਥੀਆਂ ਨਾਲ ਸੰਪਰਕ ਕਰਨ ਲਈ ਸਵੇਰ ਦੀ ਸਭਾ ਸਮੇਂ ਜਾਂ ਫਿਰ ਹੋਰ ਢੁਕਵਾਂ ਸਮਾਂ ਦੇ ਦਿੱਤਾ ਜਾਵੇ। ਅਸੀਂ ਇਸ ਸੰਬੰਧ ਵਿੱਚ ਦੋ ਦਿਨ ਰਾਖਵੇਂ ਰੱਖ ਲਏ। ਜਿਸ ਸਕੂਲ ਵਿੱਚ ਟੀਮ ਨੇ ਜਾਣਾ ਹੁੰਦਾ ਸੀ, ਉਸ ਨੂੰ 5-7 ਦਿਨ ਪਹਿਲਾਂ ਸੂਚਿਤ ਕਰਕੇ ਸਮਾਂ ਵੀ ਨਿਸ਼ਚਿਤ ਕਰ ਲਿਆ ਜਾਂਦਾ। ਨਿਸ਼ਚਿਤ ਸਮੇਂ 'ਤੇ ਵਿਦਿਆਰਥੀਆਂ ਨਾਲ ਸੰਵਾਦ ਰਚਾਉਂਦੇ। ਉਨ੍ਹਾਂ ਨੂੰ ਨਸ਼ੇ ਦੇ ਸਰੀਰ ਉੱਤੇ ਪੈਂਦੇ ਮਾਰੂ ਪ੍ਰਭਾਵ ਸੰਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੰਦੇ ਅਤੇ ਉਨ੍ਹਾਂ ਤੋਂ ਨਸ਼ਾ ਨਾ ਕਰਨ ਲਈ ਪ੍ਰਣ ਵੀ ਕਰਵਾਇਆ ਜਾਂਦਾ। ਵੱਖ ਵੱਖ ਸਕੂਲਾਂ ਵਿੱਚ ਜਾਣ 'ਤੇ ਇਹ ਗੱਲ ਸਾਹਮਣੇ ਆਈ ਕਿ ਕੁਝ ਵਿਦਿਆਰਥੀ ਬੀੜੀ, ਜਰਦਾ ਅਤੇ ਸਿਗਰਟ ਪੀਣ ਦੀ ਆਦਤ ਦਾ ਸ਼ਿਕਾਰ ਹੋ ਚੁੱਕੇ ਹਨ। ਉਨ੍ਹਾਂ ਵਿਦਿਆਰਥੀਆਂ ਦੀ ਸਾਡਾ ਇੱਕ ਸਾਥੀ ਅਲੱਗ ਕੌਂਸਲਿੰਗ ਕਰਦਾ ਸੀ। ਇੰਝ ਕਾਫੀ ਚੰਗੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਸਨ। ਸੋਸ਼ਲ ਮੀਡੀਆ ਅਤੇ ਪ੍ਰਿੰਟ ਮੀਡੀਆ ਨੇ ਸਾਡੇ ਕੰਮ ਦੀ ਰੱਜ ਕੇ ਪ੍ਰਸ਼ੰਸਾ ਕੀਤੀ। ਮਨ ਨੂੰ ਸਕੂਨ ਮਿਲ ਰਿਹਾ ਸੀ ਕਿ ਅਸੀਂ ਬੱਚਿਆਂ ਨੂੰ ਨਸ਼ਾ ਰਹਿਤ ਕਰਨ ਦੀ ਪ੍ਰੇਰਨਾ ਦੇ ਕੇ ਨਸ਼ਾ ਰਹਿਤ ਸਮਾਜ ਸਿਰਜਣ ਵਿੱਚ ਆਪਣਾ ਬਣਦਾ ਯੋਗਦਾਨ ਪਾ ਰਹੇ ਹਾਂ। ਬਹੁਤ ਸਾਰੇ ਸਕੂਲ ਮੁਖੀਆਂ ਵੱਲੋਂ ਆਪਣੇ ਸਕੂਲ ਵਿੱਚ ਨਸ਼ਿਆਂ ਸੰਬੰਧੀ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਆਉਣ ਵਾਸਤੇ ਸੁਨੇਹੇ ਵੀ ਮਿਲਣੇ ਸ਼ੁਰੂ ਹੋ ਗਏ ਸਨ।

ਪਹਿਲਾਂ ਦਿੱਤੇ ਗਏ ਸਮੇਂ ਅਨੁਸਾਰ ਜ਼ਿਲ੍ਹੇ ਦੇ ਇੱਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਸਾਡੀ ਟੀਮ ਪਹੁੰਚੀ। ਘੰਟਾ ਕੁ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਸੁਚੇਤ ਕਰਨ ਲਈ ਇੰਝ ਦੇ ਸੁਨੇਹੇ ਦਿੱਤੇ ਗਏ, ਇਸ ਉਮਰ ਵਿੱਚ ਗਲਤ ਆਦਤਾਂ ਦਾ ਸ਼ਿਕਾਰ ਹੋਕੇ ਜੇਕਰ ਥਿੜਕ ਗਏ ਤਾਂ ਸਾਰੀ ਉਮਰ ਤਾਬ ਨਹੀਂ ਆਉਂਗੇ। ਪਰ ਜੇਕਰ ਇਸ ਉਮਰ ਵਿੱਚ ਚੰਗੀਆਂ ਆਦਤਾਂ ਗ੍ਰਹਿਣ ਕਰਕੇ ਸਖਤ ਮਿਹਨਤ ਕਰੋਂਗੇ ਤਾਂ ਸਫਲਤਾ ਤੁਹਾਡੇ ਅੰਗ ਸੰਗ ਹੋਵੇਗੀ। ਹੋਰਾਂ ਸਕੂਲਾਂ ਵਾਂਗ ਵਿਦਿਆਰਥੀਆਂ ਨੂੰ ਚੰਗੇ ਮੁਕਾਮ 'ਤੇ ਪਹੁੰਚੀਆਂ ਸ਼ਖਸੀਅਤਾਂ ਦੀ ਕੀਤੀ ਘਾਲਣਾ ਤੋਂ ਵੀ ਜਾਣੂ ਕਰਵਾਇਆ ਗਿਆ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸੰਸਥਾ ਦਾ ਮੁਖੀ ਟੀਮ ਨੂੰ ਚਾਹ-ਪਾਣੀ ਪਿਲਾਉਣ ਲਈ ਆਪਣੇ ਦਫਤਰ ਵਿੱਚ ਲੈ ਗਿਆ। ਇੱਕ ਦੋ ਅਧਿਆਪਕ ਹੋਰ ਵੀ ਦਫਤਰ ਵਿੱਚ ਆ ਗਏ। ਸੰਸਥਾ ਦੇ ਮੁਖੀ ਨੇ ਪੰਜਾਬ ਵਿੱਚ ਨਸ਼ਿਆਂ ਵਿੱਚ ਗਰਕ ਹੋ ਰਹੀ ਜਵਾਨੀ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ, ਨਸਲਾਂ ਨੂੰ ਬਚਾਉਣ ਲਈ ਤੁਹਾਡਾ ਯਤਨ ਅਤਿਅੰਤ ਸ਼ਲਾਘਾਯੋਗ ਹੈ। ਮੇਰੀ ਬੇਨਤੀ ਹੈ ਕਿ ਤੁਸੀਂ ਇਹ ਨੇਕ ਕਾਰਜ ਜਾਰੀ ਰੱਖਿਓ । ਹਾਲਾਂ ਉਹ ਅਗਾਂਹ ਕੁਝ ਹੋਰ ਕਹਿਣਾ ਚਾਹੁੰਦਾ ਸੀ ਕਿ ਸੰਸਥਾ ਦੀ ਇੱਕ ਅਧਿਆਪਕਾ ਵਿਦਿਆਰਥਣ ਨੂੰ ਨਾਲ ਲੈ ਕੇ ਆ ਗਈ। ਆਉਂਦਿਆਂ ਹੀ ਚਿੰਤਾਤੁਰ ਲਹਿਜ਼ੇ ਵਿੱਚ ਕਿਹਾ, ਸਾਡੀ ਇਸ ਵਿਦਿਆਰਥਣ ਦੇ ਦੁੱਖ ਤੋਂ ਤੁਹਾਨੂੰ ਜਾਣੂ ਕਰਵਾਉਂਦੀ ਹਾਂ ਜੀ। ਇਹ ਲੜਕੀ ਗਿਆਰ੍ਹਵੀਂ ਵਿੱਚ ਪੜ੍ਹਦੀ ਹੈ। ਦਸਵੀਂ ਵਿੱਚ ਜਮਾਤ ਵਿੱਚੋਂ ਹੀ ਫਸਟ ਨਹੀਂ ਆਈ ਸਗੋਂ ਮੈਰਿਟ ਲਿਸਟ ਵਿੱਚ ਆਕੇ ਵਜ਼ੀਫ਼ਾ ਵੀ ਪ੍ਰਾਪਤ ਕੀਤਾ ਹੈ। ਪਿਛਲੇ ਮਹੀਨੇ ਜਦੋਂ ਇਹਦਾ ਵਜੀਫ਼ਾ ਆਇਆ ਤਾਂ ਇਹ ਵਜੀਫੇ ਵਾਲੀ ਰਾਸ਼ੀ ਲੈਕੇ ਮੇਰੇ ਕੋਲ ਆ ਗਈ। ਮੈਨੂੰ ਵਜੀਫ਼ੇ ਵਾਲੀ ਰਕਮ ਦਿੰਦਿਆਂ ਗੱਚ ਭਰਕੇ ਕਹਿਣ ਲੱਗੀ, ਮੈਡਮ ਜੀ, ਇਹ ਪੈਸੇ ਤੁਸੀਂ ਆਪਣੇ ਕੋਲ ਰੱਖ ਲਵੋ, ਲੋੜ ਪੈਣ 'ਤੇ ਮੈਂ ਥੋੜੇ ਕੋਲੋਂ ਲੈ ਲਵਾਂਗੀ। ਜੇ ਘਰ ਲੈ ਗਈ ਤਾਂ ਇਨ੍ਹਾਂ ਪੈਸਿਆਂ ਦੀ ਮੇਰਾ ਬਾਪੂ ਸ਼ਰਾਬ ਪੀ ਜਾਵੇਗਾ। ਕੁੜੀ ਨੇ ਵੀ ਡੁਸਕਦਿਆਂ ਹੋਇਆਂ ਦੱਸ ਦਿੱਤਾ, ਮੇਰਾ ਬਾਪ ਸ਼ਰਾਬ ਪੀਕੇ ਬਹੁਤ ਖੌਰੂ ਪਾਉਂਦਾ ਹੈ। ਮੇਰੀ ਮਾਂ ਨੂੰ ਸ਼ਰਾਬ ਪੀਕੇ ਕੁੱਟਦਾ ਵੀ ਹੈ। ਘਰ ਰੋਜ਼ ਕਜੀਆ-ਕਲੇਸ਼ ਰਹਿੰਦੈ ...। ਵਿਦਿਆਰਥਣ ਦਾ ਦੁੱਖ ਸੁਣਕੇ ਟੀਮ ਨੇ ਕੁੜੀ ਦੇ ਬਾਪ ਨੂੰ ਮਿਲਣ ਦਾ ਨਿਰਣਾ ਕਰ ਲਿਆ। ਪਰ ਕੁੜੀ ਨੇ ਤਰਲੇ ਨਾਲ ਕਿਹਾ, ਅੱਜ ਨਾ ਜਾਇਓ ਜੀ। ਇਸ ਵੇਲੇ ਉਹ ਦਾਰੂ ਨਾਲ ਰੱਜਿਆ ਹੋਣੈ। ਥੋਡੀ ਕੋਈ ਗੱਲ ਨਹੀਂ ਸੁਣਨੀ। ਨਾਲੇ ਜੇ ਉਹਨੂੰ ਪਤਾ ਲੱਗ ਗਿਆ ਬਈ ਮੈਂ ਥੋਨੂੰ ਦੱਸਿਐ, ਫਿਰ ਮੈਨੂੰ ਮਾਰੇਗਾ। ਕਿਸੇ ਦਿਨ ਸਵੇਰੇ ਦਸ ਕੁ ਵਜੇ ਤੋਂ ਪਹਿਲਾਂ ਉਹ ਸੋਫੀ ਹੁੰਦਾ ਹੈ। ਉਸ ਵੇਲੇ ਹੀ ਉਹਦੇ ਨਾਲ ਗੱਲ ਕਰਨ ਦਾ ਫਾਇਦੈ ।

ਕੁੜੀ ਦੀ ਗੱਲ ਮੰਨ ਕੇ ਅਸੀਂ ਵਾਪਸ ਆ ਗਏ। ਰਾਹ ਵਿੱਚ ਆਉਂਦਿਆਂ ਨਸ਼ਾ ਛੁਡਾਊ ਕੇਂਦਰ ਦਾ ਮੁਖੀ ਹੋਣ ਦੇ ਨਾਤੇ ਲੜਕੀ ਦੇ ਪਿਤਾ ਨੂੰ ਠੀਕ ਰਾਹ 'ਤੇ ਲਿਆਉਣ ਦੀ ਜ਼ਿੰਮੇਵਾਰੀ ਮੈਂ ਲੈ ਲਈ।ਦੋ ਦਿਨ ਬਾਅਦ ਲੜਕੀ ਦੇ ਦੱਸੇ ਅਡਰੈੱਸ ਅਨੁਸਾਰ ਮੈਂ ਅਤੇ ਮੇਰਾ ਨਸ਼ਾ ਛੁਡਾਊ ਕੇਂਦਰ ਦਾ ਸਾਥੀ ਉਹਦੇ ਘਰ ਪੁੱਜ ਗਏ। ਉਹ ਆਪ ਅਤੇ ਉਸਦੀ ਪਤਨੀ ਘਰ ਹੀ ਸਨ। ਨਸ਼ੇ ਦੀ ਮਾਰੂ ਹਨੇਰੀ ਦੇ ਸੇਕ ਨੇ ਘਰ ਦੀ ਹਾਲਤ ਤਰਸਯੋਗ ਕਰ ਰੱਖੀ ਸੀ। ਠੰਢੇ ਚੁੱਲ੍ਹੇ ਵੱਲ ਨਜ਼ਰ ਮਾਰਦਿਆਂ ਅਤੇ ਪਤਨੀ ਦੇ ਝੁਰੜੀਆਂ ਭਰੇ ਚਿਹਰੇ ਨੂੰ ਵੇਖਕੇ ਮਨ ਭਰ ਆਇਆ। ਉਹਦੇ ਨਾਲ ਦੋਸਤਾਂ ਵਾਲਾ ਵਰਤਾਉ ਕਰਦਿਆਂ ਉਸ ਨੂੰ ਅਹਿਸਾਸ ਕਰਵਾਇਆ ਕਿ ਤੂੰ ਸ਼ਰਾਬ ਕਾਰਨ ਤਿਲ ਤਿਲ ਕਰਕੇ ਮਰ ਰਿਹਾ ਹੈਂ ਅਤੇ ਨਾਲ ਹੀ ਘਰ ਦੀ ਹਾਲਤ ਵੀ ਕੱਖੋਂ ਹੌਲੀ ਅਤੇ ਪਾਣੀਉਂ ਪਤਲੀ ਕਰ ਦਿੱਤੀ ਹੈ। ਔਰਤ ਦੇ ਹੰਝੂ ਰੁਕ ਨਹੀਂ ਸਨ ਰਹੇ। ਆਂਢ ਗੁਆਂਢ ਦੇ ਮਰਦ-ਔਰਤਾਂ ਵੀ ਆ ਗਈਆਂ। ਅਸੀਂ ਸਾਰਿਆਂ ਨੂੰ ਆਪਣੇ ਆਉਣ ਦਾ ਮਕਸਦ ਦੱਸਦਿਆਂ ਕਿਹਾ ਕਿ ਇਸਦੀ ਸ਼ਰਾਬ ਛੁਡਵਾ ਕੇ ਵਧੀਆ ਇਨਸਾਨ ਬਣਾਉਣ ਲਈ ਇਸ ਨੂੰ ਲੈਣ ਆਏ ਹਾਂ। ਪਤਨੀ ਅਤੇ ਦੂਜੇ ਲੋਕਾਂ ਦੇ ਜ਼ੋਰ ਪਾਉਣ 'ਤੇ ਉਹ ਸਾਡੇ ਨਾਲ ਦਵਾਈ ਲਿਆਉਣ ਲਈ ਤਿਆਰ ਹੋ ਗਿਆ। ਨਾਲ ਹੀ ਸ਼ਰਤ ਵੀ ਰੱਖ ਦਿੱਤੀ ਕਿ ਸ਼ਾਮ ਨੂੰ ਘਰ ਛੱਡਣ ਦੀ ਜ਼ਿੰਮੇਵਾਰੀ ਵੀ ਥੋਡੀ ਹੈ। ਅਸੀਂ ਸਹਿਮਤੀ ਵਿੱਚ ਸਿਰ ਹਿਲਾ ਦਿੱਤਾ। ਸਾਨੂੰ ਪਤਾ ਸੀ ਕਿ ਨਸ਼ਈ ਦੀ ਉਂਗਲ ਫੜਨ ਉਪਰੰਤ ਉਸਦਾ ਪੌਂਚ੍ਹਾ ਕਿੰਝ ਫੜਨਾ ਹੈ।

ਜਾਣ ਸਾਰ ਉਸ ਨੂੰ ਨਸ਼ਾ ਛੁਡਾਊ ਕੇਂਦਰ ਵਿੱਚ ਦਾਖ਼ਲ ਕਰ ਲਿਆ। ਇੱਕ ਦੋ ਦਿਨ ਉਸਨੇ ਛੜਾਂ ਜਿਹੀਆਂ ਮਾਰੀਆਂ, ਫਿਰ ਦੂਜੇ ਦਾਖ਼ਲ ਨਸ਼ਈ ਮਰੀਜ਼ਾਂ ਨਾਲ ਰਚ-ਮਿੱਚ ਗਿਆ। ਦੁਆ ਅਤੇ ਦਵਾਈ ਦੇ ਸੁਮੇਲ ਨਾਲ ਉਹ ਦਿਨ ਬ ਦਿਨ ਠੀਕ ਹੁੰਦਾ ਗਿਆ। ਬਿਨਾਂ ਕਿਸੇ ਮਾਰ-ਕੁੱਟ ਤੋਂ ਧਰਮ, ਸਾਹਿਤ ਅਤੇ ਕਿਰਤ ਦੇ ਸੰਕਲਪ ਦਾ ਪਾਠ ਪੜ੍ਹਾਉਣਾ ਸਾਡਾ ਰੋਜ਼ ਦਾ ਕੰਮ ਸੀ। ਨੈਤਿਕ ਕਦਰਾਂ ਕੀਮਤਾਂ ਦਾ ਪਾਠ ਪੜਾਉਂਦਿਆਂ ਚੰਗਾ ਪੁੱਤ, ਚੰਗਾ ਪਤੀ, ਚੰਗਾ ਬਾਪ ਅਤੇ ਚੰਗਾ ਨਾਗਰਿਕ ਕਿੰਝ ਬਣਨਾ ਹੈ, ਇਹ ਸਿੱਖਿਆ 'ਤੇ ਵੀ ਜ਼ੋਰ ਦਿੱਤਾ ਜਾਂਦਾ ਸੀ। ਇੱਕ ਦਿਨ ਸ਼ਾਮ ਨੂੰ ਯੋਗਾ ਕਰਵਾਉਣ ਵੇਲੇ ਉਹ ਮੈਨੂੰ ਕਹਿ ਰਿਹਾ ਸੀ, ਹੁਣ ਤਕ ਤਾਂ ਨੇਰ੍ਹਾ ਈ ਢੋਇਐ ਜੀ, ਜੇ ਤੁਸੀਂ ਨਾ ਲਿਆਉਂਦੇ ਤਾਂ ਹੁਣ ਤਕ ਤਾਂ ਭਾਣਾ ਵਾਪਰ ਗਿਆ ਹੁੰਦਾ। ਬਹੁਤ ਸ਼ਰਮ ਆਉਂਦੀਐ ਮੈਨੂੰ ਆਪਣੇ ਕੀਤੇ ਕੰਮਾਂ 'ਤੇ।

ਡੇਢ ਕੁ ਮਹੀਨੇ ਬਾਅਦ ਉਸਦੀ ਪਤਨੀ ਨੂੰ ਸੁਨੇਹਾ ਦਿੱਤਾ ਗਿਆ ਕਿ ਤੁਹਾਡਾ ਪਤੀ ਹੁਣ ਬਿਲਕੁਲ ਠੀਕ ਹੈ, ਇਹਨੂੰ ਆਕੇ ਲੈ ਜਾਵੋ।

(ਬਾਕੀ ਸਫ਼ਾ 31 'ਤੇ)



# ਭਾਰਤੀ ਅਫ਼ਸਰਸ਼ਾਹੀ ਵਿੱਚ ਸੰਘ ਪਰਿਵਾਰ ਦੀ ਘੁਸਪੈਠ ਖ਼ਤਰਨਾਕ ਮਾਮਲਾ

ਡਾ. ਗਿਆਨ ਪਾਠਕ

ਰਾਸ਼ਟਰੀ ਸੁਇੰਮ ਸੇਵਕ ਸੰਘ (ਆਰ.ਐਸ.ਐਸ.) ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦਾ ਸੁਪਨਾ ਵੇਖਦਾ ਹੈ ਤੇ ਆਪਣੀਆਂ ਸਭ ਸਰਗਰਮੀਆਂ ਨੂੰ ਆਪਣੇ ਸੈਂਕੜੇ ਸਹਿਯੋਗੀ ਸੰਗਠਨਾਂ ਦੁਆਰਾ ਅੱਗੇ ਵਧਾ ਰਿਹਾ ਹੈ। ਹੁਣ ਤੱਕ ਭਾਰਤ 'ਚ ਸ਼ਾਸਨ ਧਰਮ ਨਿਰਪੱਖ ਰਿਹਾ ਹੈ ਤੇ ਸਰਕਾਰੀ ਕਰਮਚਾਰੀਆਂ 'ਤੇ ਆਰ.ਐਸ.ਐਸ. ਜਥੇਬੰਦੀ ਦੀਆਂ ਸਰਗਰਮੀਆਂ 'ਚ ਹਿੱਸਾ ਲੈਣ 'ਤੇ ਪਾਬੰਦੀ ਸੀ, ਪਰ 9 ਜੁਲਾਈ 2024 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਇਹ ਪਾਬੰਦੀ ਹਟਾ ਲਈ ਹੈ, ਜਿਸ ਨਾਲ ਸਰਕਾਰੀ ਸੇਵਾਵਾਂ ਦੇ ਧਰਮ ਨਿਰਪੱਖ ਚਰਿੱਤਰ ਦੇ ਗੁਆਉਣ ਦਾ ਖਤਰਾ ਬਣ ਗਿਆ ਹੈ, ਕਿਉਂਕਿ ਆਰ.ਐਸ.ਐਸ. ਸਮਰਥਕ ਕਰਮਚਾਰੀ ਖੁਦ ਧਰਮ ਨਿਰਪੱਖ ਪ੍ਰਸ਼ਾਸਨ ਦਾ ਹਿੱਸਾ ਹਨ।

ਭਾਰਤ ਸੰਵਿਧਾਨਕ ਤੌਰ 'ਤੇ ਇੱਕ ਧਰਮ ਨਿਰਪੱਖ ਰਾਜ ਹੈ ਤੇ ਸਰਕਾਰੀ ਕਰਮਚਾਰੀਆਂ ਨੂੰ ਹਿੰਦੂ ਰਾਸ਼ਟਰ ਦੀਆਂ ਸਰਗਰਮੀਆਂ 'ਚ ਹਿੱਸਾ ਲੈਣ ਦੀ ਇਜਾਜ਼ਤ ਕਿਵੇਂ ਦਿੱਤੀ ਜਾ ਸਕਦੀ ਹੈ? ਫਿਰ ਸ਼ਾਸਨ ਧਰਮ ਨਿਰਪੱਖ ਕਿਵੇਂ ਬਣਿਆ ਰਹੇਗਾ? ਕੋਈ ਵੀ ਵਿਅਕਤੀ ਮੰਡਰਾ ਰਹੇ ਸੰਕਟ ਦੀ ਕਲਪਨਾ ਕਰ ਸਕਦਾ ਹੈ, ਜਦੋਂ ਸਰਕਾਰੀ ਕਰਮਚਾਰੀ ਭਾਜਪਾ ਦੀ ਅਗਵਾਈ ਵਾਲੀਆਂ ਰਾਜਨੀਤਿਕ ਸੰਸਥਾਵਾਂ ਦੇ ਹੁਕਮ 'ਤੇ ਘੱਟ-ਗਿਣਤੀ ਭਾਈਚਾਰਿਆਂ ਦੇ ਘਰਾਂ 'ਤੇ ਬੁਲਡੋਜ਼ਰ ਚਲਾ ਰਹੇ ਹਨ, ਜਿਸ ਨੂੰ 'ਬੁਲਡੋਜ਼ਰ ਨਿਆਂ' ਕਿਹਾ ਜਾਂਦਾ ਹੈ। ਭਾਜਪਾ ਉਸ ਆਰ.ਐਸ.ਐਸ. ਦੇ ਕੁਨਬੇ ਦਾ ਹਿੱਸਾ ਹੈ, ਜੋ ਪਹਿਲਾਂ ਤੋਂ ਹੀ ਧਰਮ ਨਿਰਪੱਖ ਰਾਜਨੀਤੀ ਤੋਂ ਦੂਰ ਹਿੰਦੂਤਵ ਦੀ ਰਾਜਨੀਤੀ ਨੂੰ ਪੂਰੇ ਜ਼ੋਰ ਨਾਲ ਅੱਗੇ ਵਧਾ ਰਿਹਾ ਹੈ। ਕੋਈ ਕਿਵੇਂ ਸੋਚ ਸਕਦਾ ਹੈ ਕਿ ਸਰਕਾਰ 'ਚ ਆਰ.ਐਸ.ਐਸ. ਦਾ ਆਦਮੀ ਧਰਮ ਨਿਰਪੱਖਤਾ ਨੂੰ ਹਿੰਦੂਤਵ ਸ਼ਾਸਨ ਵਾਲੇ ਪਾਸੇ ਨਹੀਂ ਝੁਕਾਏਗਾ?

ਕੇਂਦਰ ਦੇ 9 ਜੁਲਾਈ ਦੇ ਨੋਟੀਫਿਕੇਸ਼ਨ ਦੇ ਪ੍ਰਭਾਵ ਨੂੰ ਸਮਝਣ ਲਈ ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸਭ ਤੋਂ ਪਹਿਲਾਂ ਆਰ.ਐਸ.ਐਸ. 'ਤੇ ਪਾਬੰਦੀ ਕਿਉਂ ਲਗਾਈ ਗਈ ਸੀ। ਇਸ ਤੋਂ ਇਲਾਵਾ ਕੇਂਦਰ ਵੱਲੋਂ ਸਰਕਾਰੀ ਕਰਮਚਾਰੀਆਂ 'ਤੇ ਆਰ.ਐਸ.ਐਸ. ਅਤੇ ਜਮਾਤ-ਏ-ਇਸਲਾਮੀ ਦੀਆਂ ਸਰਗਰਮੀਆਂ 'ਚ ਹਿੱਸਾ ਲੈਣ 'ਤੇ ਪਾਬੰਦੀ ਨੂੰ ਕਿਉਂ ਬਰਕਰਾਰ ਰੱਖਿਆ ਗਿਆ ਸੀ। ਇਹ ਦੋਵੇਂ ਸੰਗਠਨ ਅਜਿਹੀਆਂ ਸਰਗਰਮੀਆਂ 'ਚ ਲੱਗੇ ਹੋਏ ਹਨ, ਜਿਨ੍ਹਾਂ 'ਚ ਹਿੱਸਾ ਲੈਣ ਨੂੰ ਪ੍ਰਸ਼ਾਸਨ ਦੇ ਪੱਖ ਤੋਂ ਅਣਉਚਿਤ ਮੰਨਿਆ ਜਾਂਦਾ ਹੈ ਤੇ ਇਸੇ ਲਈ ਸਰਕਾਰੀ ਕਰਮਚਾਰੀਆਂ ਇਨ੍ਹਾਂ ਦੀਆਂ ਸਰਗਰਮੀਆਂ 'ਚ ਹਿੱਸਾ ਲੈਣ 'ਤੇ ਰੋਕ ਲਗਾਈ ਗਈ ਸੀ। ਸਰਕਾਰ ਵੱਲੋਂ ਆਰ.ਐਸ.ਐਸ. ਦੀਆਂ ਸਰਗਰਮੀਆਂ 'ਚ ਹਿੱਸਾ ਲੈਣ 'ਤੇ ਪਾਬੰਦੀ ਨੂੰ ਹਟਾਉਣਾ ਤੇ ਜਮਾਤ-ਏ-ਇਸਲਾਮੀ ਦੀਆਂ ਸਰਗਰਮੀਆਂ 'ਚ ਹਿੱਸਾ ਲੈਣ 'ਤੇ ਲੱਗੀ ਪਾਬੰਦੀ ਜਾਰੀ ਰੱਖਣ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਆਪਣੇ ਸੁਤੰਤਰਤਾ ਦਿਵਸ ਭਾਸ਼ਨ ਦੌਰਾਨ 'ਸਮਾਨ ਨਾਗਰਿਕ ਸੰਹਿਤਾ' ਦੇ ਸਥਾਨ 'ਤੇ 'ਧਰਮ ਨਿਰਪੱਖ ਨਾਗਰਿਕ ਸੰਹਿਤਾ' ਕਹਿਣ ਤੋਂ ਵਧੇਰੇ ਸਪੱਸ਼ਟ ਰੂਪ ਨਾਲ ਸਮਝਿਆ ਜਾ ਸਕਦਾ ਹੈ। ਧਰਮ ਨਿਰਪੱਖਤਾ ਦਾ ਅਰਥ ਹੈ 'ਗੈਰ-ਧਾਰਮਿਕ' ਤੇ ਇਸ ਲਈ ਧਰਮ ਨਿਰਪੱਖ ਕਾਨੂੰਨ ਧਰਮ ਤੇ ਸੱਭਿਆਚਾਰ ਕੋਡ 'ਚ ਨਹੀਂ ਦਿੰਦਾ। ਹਾਲਾਂਕਿ ਧਰਮ ਨਿਰਪੱਖ ਨਾਗਰਿਕ ਸੰਹਿਤਾ (ਯੂਨੀਫਾਰਮ ਸਿਵਲ ਕੋਡ) ਦਾ ਉਦੇਸ਼ ਘੱਟ-ਗਿਣਤੀਆਂ ਦੇ ਧਾਰਮਿਕ ਤੇ ਸੱਭਿਆਚਾਰਕ ਕੋਡ 'ਚ ਦਖਲ ਦੇਣਾ ਹੈ ਤੇ ਇਸ ਲਈ ਉਨ੍ਹਾਂ ਦਾ 'ਧਰਮ ਨਿਰਪੱਖ' ਸ਼ਬਦ ਦਾ ਉਪਯੋਗ ਕਰਨਾ ਇਸ ਸ਼ਬਦ ਦੀ ਧਾਰਨਾ ਦਾ ਹੀ ਵਿਰੋਧਾਭਾਸ ਹੈ।

ਇਸ ਤਰ੍ਹਾਂ ਮੋਦੀ ਸਰਕਾਰ ਦਾ ਅਸਲ ਮਕਸਦ ਸਪੱਸ਼ਟ ਹੈ- ਉਹ ਚਾਹੁੰਦੇ ਹਨ ਕਿ ਕਾਨੂੰਨ ਭਾਰਤ ਦੇ ਸੰਵਿਧਾਨ ਦੁਆਰਾ ਘੱਟ-ਗਿਣਤੀਆਂ ਨੂੰ ਮਿਲੇ ਅਧਿਕਾਰਾਂ 'ਚ ਦਖਲ ਦੇਵੇ ਤੇ ਸਰਕਾਰ 'ਚ ਆਰ.ਐਸ.ਐਸ. ਦੇ ਲੋਕਾਂ ਵਲੋਂ ਇਨ੍ਹਾਂ ਨੂੰ ਲਾਗੂ ਕੀਤਾ ਜਾਵੇ। ਸਰਕਾਰੀ ਕਰਮਚਾਰੀਆਂ 'ਤੇ ਆਰ.ਐਸ.ਐਸ. ਦੀਆਂ ਸਰਗਰਮੀਆਂ 'ਚ ਹਿੱਸਾ ਲੈਣ 'ਤੇ ਪਾਬੰਦੀ ਹਟਾਉਣ ਦਾ ਨਵਾਂ ਆਦੇਸ਼ ਸੰਵਿਧਾਨਕ ਤੌਰ 'ਤੇ ਸਾਡੇ ਕੋਲ ਮੌਜੂਦ ਧਰਮ ਨਿਰਪੱਖ ਰਾਸ਼ਟਰ ਦੇ ਸਥਾਨ 'ਤੇ ਹਿੰਦੂ ਰਾਸ਼ਟਰ ਸਥਾਪਿਤ ਕਰਨ ਦੇ ਵੱਡੇ ਸੁਪਨੇ ਦਾ ਹਿੱਸਾ ਹੈ। ਪ੍ਰਧਾਨ ਮੰਤਰੀ ਮੋਦੀ ਅਧੀਨ ਅਮਲਾ ਤੇ ਸਿਖਲਾਈ ਵਿਭਾਗ (ਡੀ.ਓ.ਪੀ.ਟੀ.) ਨੇ ਦੱਸਿਆ ਕਿ ਪਿਛਲਾ ਆਦੇਸ਼ 'ਅਪ੍ਰਸੰਗਿਕ' ਹੋ ਗਿਆ ਹੈ ਤੇ ਇਸ ਲਈ 'ਅਣਉੱਚਿਤ' ਹੈ। ਇਥੇ ਧਿਆਨ ਦੇਣ ਯੋਗ ਹੈ ਕਿ ਕਈ ਭਾਜਪਾ ਸ਼ਾਸਿਤ ਸੂਬਿਆਂ 'ਚ ਪਹਿਲਾਂ ਹੀ ਸਰਕਾਰੀ ਕਰਮਚਾਰੀਆਂ 'ਤੇ ਆਰ.ਐਸ.ਐਸ. ਦੀਆਂ ਸਰਗਰਮੀਆਂ 'ਚ ਹਿੱਸਾ ਲੈਣ 'ਤੇ ਲੱਗੀ ਪਾਬੰਦੀ ਹਟਾ ਦਿੱਤੀ ਗਈ ਹੈ।

ਭਾਰਤ ਦੇ ਪਹਿਲੇ ਉਪ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਸਰਦਾਰ ਵੱਲਭਭਾਈ ਪਟੇਲ ਨੇ 4 ਫਰਵਰੀ 1948 ਨੂੰ ਆਰ.ਐਸ.ਐਸ. 'ਤੇ ਪਾਬੰਦੀ ਲਗਾਉਣ ਦਾ ਕਾਰਨ ਦੱਸਦਿਆਂ ਕਿਹਾ ਸੀ ਕਿ ਇਹ ਫ਼ੈਸਲਾ ਸਾਡੇ ਦੇਸ਼ 'ਚ ਨਫ਼ਰਤ ਤੇ ਹਿੰਸਾ ਫੈਲਾਉਣ ਦਾ ਕੰਮ ਕਰ ਰਹੀਆਂ ਤਾਕਤਾਂ ਨੂੰ ਜੜ੍ਹ ਤੋਂ ਪੁੱਟਣ ਅਤੇ ਦੇਸ਼ ਦੀ ਆਜ਼ਾਦੀ ਨੂੰ ਖ਼ਤਰੇ 'ਚ ਪਾਉਣ ਤੇ ਉਸ ਦੇ ਚੰਗੇ ਨਾਮ ਨੂੰ ਬਦਨਾਮ ਕਰਨ ਵਾਲਿਆਂ ਨੂੰ ਰੋਕਣ ਲਈ ਲਿਆ ਗਿਆ ਹੈ। ਜਦਕਿ 1966 'ਚ ਕੇਂਦਰ ਨੇ ਸਰਕਾਰੀ ਕਰਮਚਾਰੀਆਂ ਨੂੰ ਆਰ.ਐਸ.ਐਸ. ਤੇ ਜਮਾਤ-ਏ-ਇਸਲਾਮੀ ਦੀਆਂ ਸਰਗਰਮੀਆਂ 'ਚ ਹਿੱਸਾ ਲੈਣ ਤੋਂ ਰੋਕ ਦਿੱਤਾ ਸੀ। ਕੇਂਦਰੀ ਗ੍ਰਹਿ ਮੰਤਰਾਲੇ ਦੁਆਰਾ ਜਾਰੀ ਸਰਕੂਲਰ 'ਚ ਕਿਹਾ ਗਿਆ ਹੈ ਕਿ ਸਰਕਾਰ ਨੇ ਹਮੇਸ਼ਾ ਇਨ੍ਹਾਂ ਦੋਹਾਂ ਸੰਗਠਨਾਂ ਦੀਆਂ ਸਰਗਰਮੀਆਂ ਨੂੰ ਇਸ ਪ੍ਰਕਾਰ ਦੀਆਂ ਮੰਨਿਆ ਹੈ ਤੇ ਸਰਕਾਰੀ ਕਰਮਚਾਰੀਆਂ ਦੁਆਰਾ ਇਨ੍ਹਾਂ 'ਚ ਹਿੱਸਾ ਲੈਣ 'ਤੇ ਕੇਂਦਰੀ ਸਿਵਲ ਸੇਵਾ (ਆਚਰਣ) ਨਿਯਮ, 1964 ਦੇ ਨਿਯਮ 5 ਦੇ ਉਪ-ਨਿਯਮ (1) ਦੇ ਉਪਬੰਧ ਲਾਗੂ ਹੋਣਗੇ। ਇਸ ਤੋਂ ਇਲਾਵਾ ਅੱਗੇ ਕਿਹਾ ਗਿਆ ਹੈ ਕਿ ਕੋਈ ਵੀ ਸਰਕਾਰੀ ਕਰਮਚਾਰੀ, ਜੋ ਉਪਰੋਕਤ ਸੰਗਠਨਾਂ ਦਾ ਮੈਂਬਰ ਹੈ ਜਾਂ ਇਨ੍ਹਾਂ ਦੀਆਂ ਸਰਗਰਮੀਆਂ ਨਾਲ ਜੁੜਿਆ ਹੋਇਆ ਹੈ, ਉਹ ਅਨੁਸ਼ਾਸਨੀ ਕਾਰਵਾਈ ਲਈ ਜਵਾਬਦੇਹ ਹੋਵੇਗਾ।

(ਬਾਕੀ ਸਫ਼ਾ 31 'ਤੇ)



# ਜਦ ਪੈਣ ਕਪਾਹੀਂ ਫੁੱਲ ਵੇ...

# ਪਾਲਾ ਜੰਮਣ ਦੀ ਰੁੱਤ ਅੱਸੂ

## ਮੰਗਣੇ ਅਤੇ ਵਿਆਹ ਸ਼ਾਦੀਆਂ ਦਾ ਵੀ ਮਹੀਨਾ ਮੰਨਿਆ ਜਾਂਦੈ ਅੱਸੂ




ਪੰਜਾਬ ਦੁਨੀਆਂ ਦਾ ਸਿਰਫ਼ ਅਜਿਹਾ ਇੱਕਲੌਤਾ ਇਲਾਕਾ ਮੰਨਿਆ ਜਾਂਦਾ ਹੈ, ਜਿਥੇ ਇੱਕ ਸਾਲ ਵਿੱਚ ਛੇ ਰੁੱਤਾਂ ਆਉਂਦੀਆਂ ਹਨ। ਕਈ ਵਿਦਵਾਨ ਇਹ ਦਾਅਵਾ ਕਰਦੇ ਹਨ ਕਿ ਪੰਜਾਬ ਤੋਂ ਬਿਨਾਂ ਦੁਨੀਆਂ ਦੇ ਕਿਸੇ ਵੀ ਇਲਾਕੇ ਵਿੱਚ ਇੱਕ ਸਾਲ ਵਿੱਚ 6 ਰੁੱਤਾਂ ਨਹੀਂ ਆਉਂਦੀਆਂ।

ਭਾਵੇਂ ਗਲੋਬਲ ਵਾਰਮਿੰਗ ਕਾਰਨ ਹੁਣ ਰੁੱਤਾਂ ਆਪਣਾ ਸਮਾਂ ਬਦਲ ਰਹੀਆਂ ਪ੍ਰਤੀਕ ਹੋ ਰਹੀਆਂ ਹਨ, ਪਰ ਫਿਰ ਵੀ ਹਰ ਰੁੱਤ ਆਪਣੇ ਨਿਸ਼ਚਿਤ ਸਮੇਂ 'ਤੇ ਪੰਜਾਬ ਫੇਰਾ ਪਾਉਂਦੀ ਹੈ, ਗਾਉਂਦੀ ਹੈ ਅਤੇ ਪੈਲਾਂ ਪਾਉਂਦੀ ਆਪਣਾ ਅਸਰ ਦਿਖਾਉਂਦੀ ਹੈ। ਹਰ ਰੁੱਤ ਆਪੋ ਆਪਣੇ ਸਮੇਂ ਅਨੁਸਾਰ ਕੁਦਰਤ ਦੇ ਅਸੂਲਾਂ ਅਨੁਸਾਰ ਚੱਲਦੀ ਹੋਈ ਹਰ ਪਾਸੇ ਮਹਿਕਾਂ ਵੰਡਦੀ ਹੋਈ, ਲੋਕਾਈ ਨੂੰ ਸ਼ਰੋਸ਼ਾਰ ਕਰ ਜਾਂਦੀ ਹੈ। ਹਰ ਰੁੱਤ ਦਾ ਆਪੋ ਆਪਣਾ ਮਹੱਤਵ ਅਤੇ ਮਾਨਤਾ ਹੁੰਦੀ ਹੈ।

ਦੇਸ ਮਹੀਨੇ ਅੱਸੂ ਨੂੰ ਪਾਲਾ ਜੰਮਣ ਦੀ ਰੁੱਤ ਕਿਹਾ ਜਾਂਦਾ ਹੈ, ਇਸੇ ਲਈ ਲੋਕ ਗੀਤਾਂ ਵਿੱਚ ਅੱਸੂ ਨੂੰ ਸਿਆਲ ਦਾ ਪੁੱਤ ਕਿਹਾ ਜਾਂਦਾ ਹੈ। ਅੱਸੂ ਮਹੀਨੇ ਰਾਤਾਂ ਲੰਬੀਆਂ ਅਤੇ ਕਾਲੀਆਂ ਹੋਣ ਲੱਗਦੀਆਂ ਹਨ ਅਤੇ ਦਿਨ ਛੋਟੇ ਹੋਣ ਲੱਗਦੇ ਹਨ। ਦਿਨ ਵਿੱਚ ਭਾਵੇਂ ਗਰਮੀ ਹੁੰਦੀ ਹੈ, ਪਰ ਸਵੇਰੇ ਅੰਮ੍ਰਿਤ ਵੇਲੇ ਅਤੇ ਸ਼ਾਮ ਵੇਲੇ ਠੰਡੀ ਸ਼ੀਤਲ ਹਵਾ ਰੁਮਕਦੀ ਹੈ, ਜਿਵੇਂ ਇਹ ਹਵਾ ਦੂਰ ਨੇੜੇ ਦੇ ਪਹਾੜਾਂ ਨਾਲ ਖਹਿ ਕੇ ਆਈ ਹੋਵੇ। ਇਸ ਮਹੀਨੇ ਰਾਤੀਂ ਤਰੇਲ ਪੈਂਦੀ ਹੈ, ਜੋ ਕਿ ਫੁੱਲਾਂ ਉਪਰ ਪਈ ਕਿਸੇ ਸ਼ਬਨਮ ਦੇ ਹੰਝੂ ਵਰਗੀ ਲਗਦੀ ਹੈ।

ਅੱਸੂ ਮਹੀਨੇ ਅਕਸਰ ਲੋਕ ਪੂਰੀ ਬਾਂਹ ਦੇ ਕਪੜੇ ਪਾਉਣ ਨੂੰ ਤਰਜੀਹ ਦੇਣ ਲੱਗਦੇ ਹਨ, ਇਸ ਮਹੀਨੇ ਭਾਵੇਂ ਠੰਡ ਤਾਂ ਨਹੀਂ ਲੱਗਦੀ ਹੁੰਦੀ, ਪਰ ਜੇਠ, ਹਾੜ, ਸਾਉਣ, ਭਾਦੋਂ ਦੇ ਮਹੀਨਿਆਂ ਦੌਰਾਨ ਅੱਧੀ ਬਾਂਹ ਦੀਆਂ ਸ਼ਰਟਾਂ ਅਤੇ ਟੀ ਸ਼ਰਟਾਂ ਪਾ ਪਾ ਕੇ ਅੱਕੇ ਲੋਕ ਅੱਸੂ ਮਹੀਨੇ ਮੌਸਮ ਵਿੱਚ ਹਲਕੀ ਜਿਹੀ ਠੰਡਕ ਮਹਿਸੂਸ ਕਰਦਿਆਂ ਹੀ ਪੂਰੀ ਬਾਂਹ ਦੀਆਂ ਸ਼ਰਟਾਂ ਪਾਉਣ ਨੂੰ ਤਰਜੀਹ ਦਿੰਦੇ ਹਨ। ਇਸ ਮਹੀਨੇ ਮੁਟਿਆਰਾਂ ਵੀ ਰੇਸ਼ਮ ਦੇ ਸੂਟ ਪਾ ਕੇ ਪੈਲਾਂ ਪਾਉਂਦੀਆਂ ਨਜ਼ਰ ਆ ਜਾਂਦੀਆਂ ਹਨ।

ਅੱਸੂ ਵਿੱਚ ਮੌਸਮ ਬਹੁਤ ਸੋਹਾਵਣਾ ਹੁੰਦਾ ਹੈ । ਅੱਸੂ ਮਹੀਨੇ ਕਪਾਹ ਨੂੰ ਫੁੱਲ ਪੈ ਜਾਂਦੇ ਹਨ। ਇਸੇ ਕਾਰਨ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਨੇ ਇਹ ਲਿਖਿਆ ਕਿ



" ਜਦ ਪੈਣ ਕਪਾਹੀਂ ਫੁੱਲ ਵੇ,
ਸਾਨੂੰ ਉਹ ਰੁੱਤ ਲੈ ਦਈਂ ਮੁੱਲ ਵੇ
ਧਰਮੀ ਬਾਬਲਾ "

ਅੱਸੂ ਮਹੀਨੇ ਵਿੱਚ ਸਾਰਾ ਆਲਮ ਹੀ ਕੁਦਰਤ ਦੇ ਰੰਗ ਵਿੱਚ ਨਸ਼ਿਆਇਆ ਹੋਇਆ ਝੂਮਦਾ ਲੱਗ ਰਿਹਾ ਹੈ। ਅੱਸੂ ਮਹੀਨੇ ਵਿੱਚ ਇੱਕ ਪਾਸੇ ਖੇਤਾਂ ਵਿੱਚ ਕਪਾਹ ਤੇ ਹੋਰ ਫਸਲਾਂ ਨੂੰ ਫੁੱਲ ਪੈ ਚੁੱਕੇ ਹੁੰਦੇ ਹਨ ਅਤੇ ਕਈ ਫਸਲਾਂ ਪੱਕ ਚੁਕੀਆਂ ਹਨ। ਇਸ ਮਹੀਨੇ ਮੱਕੀ ਦੀ ਫਸਲ ਪੱਕਣ ਤੋਂ ਬਾਅਦ ਕਿਸਾਨਾਂ ਦੇ ਘਰਾਂ ਦੀਆਂ ਛੱਤਾਂ ਉਪਰ ਛੱਲੀਆਂ ਸੁੱਕਣੀਆਂ ਪਾਈਆਂ ਹੋਈਆਂ ਹਨ। ਇਸ ਦੇ ਨਾਲ ਖੇਤਾਂ ਵਿੱਚ ਖੜਾ ਹਰਾ ਕਚੂਰ ਝੋਨਾ ਵੀ ਹਲਕੀ ਜਿਹੀ ਸੁਨਿਹਰੀ ਭਾਅ ਮਾਰਨ ਲੱਗ ਪਿਆ ਹੈ।

ਅੱਸੂ ਮਹੀਨੇ ਨੂੰ ਪਾਠ ਪੂਜਾ ਦਾ ਪਵਿੱਤਰ ਮਹੀਨਾ ਵੀ ਕਿਹਾ ਜਾਂਦਾ ਹੈ। ਅੱਸੂ ਮਹੀਨੇ ਕੀਤੀ ਜਾਂਦੀ ਪਾਠ ਪੂਜਾ ਦਾ ਬਹੁਤ ਮਹਾਤਮ ਸਮਝਿਆ ਜਾਂਦਾ ਹੈ।

ਅੱਸੂ ਮਹੀਨੇ ਬਹੁਤ ਵਿਆਹ-ਸ਼ਾਦੀਆਂ ਹੁੰਦੇ ਹਨ, ਜਿਸ ਕਰਕੇ ਅੱਸੂ ਮਹੀਨੇ ਨੂੰ ਕਾਰਜਾਂ ਦਾ ਮਹੀਨਾ ਅਤੇ ਵਿਆਹਾਂ ਦਾ ਮਹੀਨਾਂ ਵੀ ਕਿਹਾ ਜਾਂਦਾ ਹੈ।

ਅੱਸੂ ਮਹੀਨੇ ਨੂੰ ਇਹ ਮਾਣ ਜਾਂਦਾ ਹੈ, ਕਿ ਇਸ ਮਹੀਨੇ ਹਰ ਭਰ ਜਵਾਨ ਮੁਟਿਆਰ ਗੁਲਾਬੀ ਰੰਗੇ ਸੁਪਨੇ ਲੈਣ ਲੱਗਦੀ ਹੈ। ਹਰ ਮੁਟਿਆਰ ਚਾਹੁੰਦੀ ਹੈ ਕਿ ਉਸਦਾ ਵਿਆਹ ਅੱਸੂ ਮਹੀਨੇ ਵਿੱਚ ਹੀ ਹੋਵੇ। ਅੱਸੂ ਮਹੀਨੇ ਦੇ ਸ਼ੁਰੂ ਹੋਣ ਨਾਲ ਹੀ ਜੋਬਨ ਮੱਤੀਆਂ ਮੁਟਿਆਰਾਂ ਦੇ ਦਿਲਾਂ ਵਿੱਚ ਕਈ ਤਰਾਂ ਦੇ ਵਲਵਲੇ ਉਠਣ ਲੱਗਦੇ ਹਨ,



ਉਹਨਾਂ ਨੂੰ ਹਰ ਚੀਜ਼ ਹੀ ਨਸ਼ਿਆਈ ਲੱਗਦੀ ਹੈ। ਉਹਨਾਂ ਦੀਆਂ ਅੱਖਾਂ ਚਿੱਟੇ ਦਿਨ ਹੀ ਅਧਮੀਟੀਆਂ ਜਿਹੀਆਂ ਹੋ ਕੇ ਰੰਗੀਨ ਸੁਪਨੇ ਵੇਖਣ ਲੱਗ ਜਾਂਦੀਆਂ ਹਨ। ਅੱਸੂ ਮਹੀਨੇ ਦੀ ਮੁੱਖ ਵਿਸ਼ੇਸ਼ਤਾ ਇਹ ਵੀ ਹੈ ਇਹਨਾਂ ਦਿਨਾਂ ਵਿਚ ਭੋਜਨ, ਦਹੀਂ, ਦਾਲਾਂ, ਸਬਜੀਆਂ ਅਤੇ ਹੋਰ ਸਮਾਨ ਦੇ ਖਰਾਬ ਹੋਣ ਦਾ ਡਰ ਵੀ ਨਹੀਂ ਹੁੰਦਾ, ਇਸ ਕਾਰਨ ਹੀ ਜੋਬਨਮੱਤੀ ਪੰਜਾਬਣ ਮੁਟਿਆਰ ਆਪਣੇ ਬਾਬਲ ਨੂੰ ਅੱਸੂ ਮਹੀਨੇ ਵਿਚ ਹੀ ਉਸਦਾ ਮੰਗਣਾ ਅਤੇ ਵਿਆਹ ਕਰਨ ਲਈ ਕਹਿੰਦੀ ਹੈ। ਅੱਸੂ ਮਹੀਨੇ ਆਮ ਤੌਰ 'ਤੇ ਹੋਰਨਾਂ ਮਹੀਨਿਆਂ ਨਾਲੋਂ ਸਬਜ਼ੀਆਂ ਅਤੇ ਹੋਰ ਫਲ ਫਰੂਟ ਆਦਿ ਕੁਝ ਸਸਤੇ ਹੋ ਜਾਂਦੇ ਹਨ। ਅੱਸੂ ਮਹੀਨੇ ਨੂੰ ਪਾਠ- ਪੂਜਾ ਕਰਨ ਲਈ ਵੀ ਸ਼ੁੱਭ ਮੰਨਿਆਂ ਜਾਂਦਾ ਹੈ।

ਅੱਸੂ ਮਹੀਨੇ ਦਾ ਪਰਵਾਸ ਨਾਲ ਵੀ ਚੰਗਾ ਸਬੰਧ ਹੁੰਦਾ ਹੈ। ਦਿਵਾਲੀ ਮੌਕੇ ਪੰਜਾਬ ਆਉਣ ਲਈ ਪਰਵਾਸੀ ਪੰਜਾਬੀ ਅੱਸੂ ਮਹੀਨੇ ਹੀ ਵਿਦੇਸ਼ ਵਿੱਚ ਆਪਣੀਆਂ ਤਿਆਰੀਆਂ ਸ਼ੁਰੂ ਕਰ ਦਿੰਦੇ ਹਨ। ਇਸ ਤੋਂ ਇਲਾਵਾ ਪੰਜਾਬੀਆਂ ਦੇ ਊੱਡਣ ਮਹਿਮਾਣ ਪਰਵਾਸੀ ਪੰਛੀ ਅਤੇ ਕੂੰਜਾਂ ਵੀ ਅੱਸੂ ਮਹੀਨੇ ਦੇ ਅੰਤਲੇ ਦਿਨਾਂ ਦੌਰਾਨ ਦੁਨੀਆਂ ਦੇ ਸਭ ਤੋਂ ਠੰਡੇ ਮੰਨੇ ਜਾਂਦੇ ਇਲਾਕੇ ਸਾਈਬੇਰੀਆ ਅਤੇ ਹੋਰ ਠੰਡੇ ਮੁਲਕਾਂ ਤੋਂ ਪੰਜਾਬ ਸਮੇਤ ਭਾਰਤ ਦੇ ਵੱਖ-ਵੱਖ ਇਲਾਕਿਆਂ ਵਿੱਚ ਪਰਵਾਸ ਕਰਨ ਲਈ ਆਪਣੇ ਪਰ ਤੋਲਣੇ ਸ਼ੁਰੂ ਕਰ ਦਿੰਦੇ ਹਨ ਅਤੇ ਆਪਣੇ ਆਲਣਿਆਂ ਨੂੰ ਚੰਗੀ ਤਰਾਂ ਮਜਬੂਤ ਬਣਾ ਲੈਂਦੇ ਹਨ , ਇਸਦੇ ਨਾਲ ਹੀ ਸਾਈਬੇਰੀਆ ਅਤੇ ਹੋਰ ਮੁਲਕਾਂ ਵਿੱਚ ਕੂੰਜਾਂ ਆਪਣੇ ਆਲਣਿਆਂ ਵਿੱਚ ਆਪਣੇ ਬੱਚਿਆਂ ਲਈ ਚੋਗ ਇਕਠਾ ਕਰਨਾ ਸ਼ੁਰੂ ਕਰ ਦਿੰਦੀਆਂ ਹਨ। ਇਸਦੇ ਨਾਲ ਹੀ ਕੂੰਜਾਂ ਅਤੇ ਹੋਰ ਪਰਵਾਸੀ ਪੰਛੀ ਸਾਈਬੇਰੀਆ, ਮੰਗੋਲੀਆਂ , ਚੀਨ ਦੇ ਉਚੇ ਪਹਾੜਾਂ ਅਤੇ ਕਾਲੇ ਸਾਗਰ ਸਮੇਤ ਹੋਰ ਇਲਾਕਿਆਂ ਤੋਂ ਪੰਜਾਬ ਅਤੇ ਭਾਰਤ ਦੇ ਹੋਰ ਇਲਾਕਿਆਂ ਵਿੱਚ ਆਉਣ ਲਈ ਕੱਤਕ ਮਹੀਨੇ ਮਾਰਨ ਵਾਲੀ ਆਪਣੀ ਪਰਵਾਸ ਦੀ ਲੰਮੀਂ ਉਡਾਰੀ ਦੀ ਤਿਆਰੀ ਸ਼ੁਰੂ ਕਰ ਦਿੰਦੇ ਹਨ।

ਅੱਸੂ ਮਹੀਨੇ ਖੇਤਾਂ ਵਿੱਚ ਪੱਕ ਰਹੀ ਫਸਲ ਵੇਖ ਕੇ ਜਿਥੇ ਕਿਸਾਨ ਖੁਸ਼ ਹੁੰਦੇ ਹਨ ਅਤੇ ਉਹਨਾਂ ਨੂੰ ਚੰਗੀ ਫਸਲ ਹੋਣ ਅਤੇ ਚੰਗੀ ਕਮਾਈ ਹੋਣ ਦੀ ਆਸ ਅੱਸੂ ਮਹੀਨੇ ਵਿੱਚ ਹੀ ਹੋ ਜਾਂਦੀ ਹੈ, ਉਥੇ ਆਉਣ ਵਾਲੇ ਦਿਨਾਂ /ਮਹੀਨਿਆਂ ਦੌਰਾਨ ਪੰਜਾਬ ਦੀ ਆਰਥਿਕਤਾ ਵੀ ਮਜਬੂਤ ਹੋਣ ਦੀ ਆਸ ਬਣ ਜਾਂਦੀ ਹੈ। ਇਸੇ ਲਈ ਤਾਂ ਅੱਸੂ ਨੂੰ ਆਸਾਂ ਦਾ ਮਹੀਨਾਂ ਕਿਹਾ ਜਾਂਦਾ ਹੈ।





# ਕੀ ਸਿੱਖ ਤੇ ਗੁਰਦੁਆਰੇ ਭਾਰਤ ਵਿੱਚ ਅਸੁਰੱਖਿਅਤ ਹਨ ?

## ਰਾਹੁਲ ਗਾਂਧੀ ਦਾ ਬਿਆਨ, ਰਾਸ਼ਟਰੀ ਮੀਡੀਏ ਦੀ ਭੂਮਿਕਾ ਅਤੇ ਸਿੱਖਾਂ ਦਾ ਪ੍ਰਤੀਕਰਮ



ਬਘੇਲ ਸਿੰਘ ਧਾਲੀਵਾਲ
99142-58142

ਜਿੰਨਾਂ ਲੋਕਾਂ ਕੋਲ ਆਪਣੇ ਘਰ ਨਹੀਂ ਹੁੰਦੇ ਉਹਨਾਂ ਨੂੰ ਰੈਣ ਬਸੇਰੇ ਲਈ ਦੂਜਿਆਂ ’ਤੇ ਨਿਰਭਰ ਕਰਨਾ ਪੈਂਦਾ ਹੈ। ਇੱਕ ਕਹਾਵਤ ਹੈ ਕਿ ਜੀਹਦਾ ਖਾਈਏ ਉਹਦੇ ਗੁਣ ਗਾਈਏ , ਸੋ ਦਿਨ ਕਟੀ ਕਰਨ ਵਾਲੇ ਵਾਸਤੇ ਆਪਣੇ ਮਾਲਕ ਦੇ ਹਰ ਚੰਗੇ ਮੰਦੇ ਫੈਸਲੇ ’ਤੇ ਸਹੀ ਪਾਉਣ ਤੋਂ ਵਗੈਰ ਕੋਈ ਚਾਰਾ ਨਹੀਂ ਹੁੰਦਾ। ਕਈ ਵਾਰ ਦੇਖਣ ਵਿੱਚ ਆਉਂਦਾ ਹੈ ਕਿ ਮਾਲਕ ਦੀ ਪ੍ਰਤੀਕ੍ਰਿਆ ਹੁੰਦੀ ਹੀ ਨਹੀਂ, ਪ੍ਰੰਤੂ ਅਜਿਹੇ ਦਿਨ ਕਟੀ ਕਰਨ ਵਾਲੇ ਵਿਅਕਤੀ ਬਿਨਾ ਵਜਾ ਹੀ ਮਾਲਕ ਦੇ ਵਿਰੋਧੀਆਂ ਨਾਲ ਸਿੰਗ ਫਸਾਈ ਰੱਖਦੇ ਹਨ। ਇਹਦਾ ਮਤਲਬ ਸਪੱਸ਼ਟ ਹੈ ਕਿ ਅਜਿਹੇ ਲੋਕਾਂ ਨੇ ਆਪਣੀ ਵਫ਼ਾਦਾਰੀ ਸਿੱਧ ਕਰਕੇ ਆਪਣੇ ਰੈਣ ਬਸੇਰੇ ਨੂੰ ਕੁੱਝ ਹੱਦ ਤੱਕ ਆਰਾਮਦਾਇਕ ਅਤੇ ਪੱਕਾ ਕਰਨ ਦੀ ਕੋਸ਼ਿਸ਼ ਵਿੱਚ ਹੀ ਅਜਿਹਾ ਕੀਤਾ ਹੁੰਦਾ ਹੈ, ਜਦੋਂ ਕਿ ਉਨ੍ਹਾਂ ਦੀ ਆਪਣੀ ਮਾਲਕੀ ਵਾਲੇ ਘਰ ਦੀ ਚਾਹਤ, ਤਾਂਘ ਜਾਂ ਸੋਚ ਅਸਲੋਂ ਹੀ ਮਰ ਚੁੱਕੀ ਹੁੰਦੀ ਹੈ। ਉਨ੍ਹਾਂ ਨੂੰ ਅਜਿਹਾ ਅਹਿਸਾਸ ਹੀ ਨਹੀਂ ਹੁੰਦਾ ਕਿ ਉਹਨਾਂ ਦਾ ਆਪਣਾ ਘਰ ਵੀ ਹੋਣਾ ਚਾਹੀਦਾ ਹੈ, ਜਿੱਥੇ ਰਹਿੰਦਿਆਂ ਉਨ੍ਹਾਂ ਨੂੰ ਅਜਿਹਾ ਕੁੱਝ ਨਾ ਕਰਨਾ ਪਵੇ, ਜਿਹੜਾ ਉਨ੍ਹਾਂ ਦੀ ਆਤਮਾ ਉੱਪਰ ਬੋਝ ਵਾਂਗੂ ਹੋਵੇ,ਜਿਹੜਾ ਉਨ੍ਹਾਂ ਦੇ ਆਤਮ ਸਨਮਾਨ ਨੂੰ ਠੇਸ ਪਹੁੰਚਾਉਣ ਵਾਲਾ ਹੋਵੇ,ਆਪਣੇ ਸਵੈਮਾਨ ਨੂੰ ਜ਼ਖਮੀ ਕਰਦਾ ਹੋਵੇ,ਪ੍ਰੰਤੂ ਕਿਉਂਕਿ ਆਤਮਾ ਤਾਂ ਉਸ ਮੌਕੇ ਹੀ ਦਮ ਤੋੜ ਚੁੱਕੀ ਹੁੰਦੀ ਹੈ,ਜਦੋਂ ਉਨ੍ਹਾਂ ਆਪਣੇ ਘਰ ਦੀ ਤਾਂਘ ਨੂੰ ਭੁੱਲ ਕੇ ਬੇਗਾਨੇ ਘਰ ਨੂੰ ਆਪਣਾ ਆਸ਼ਿਆਨਾ ਸਮਝ ਲਿਆ ਹੁੰਦਾ ਹੈ। ਇਹ ਵਰਤਾਰਾ ਬੇਹੱਦ ਖਤਰਨਾਕ ਹੋ ਜਾਂਦਾ ਹੈ, ਜਦੋਂ ਅਜਿਹਾ ਵਰਤਾਰਾ ਕਿਸੇ ਕੌਮ ਦੀ ਹੋਣੀ ਨਾਲ ਜੁੜਿਆ ਹੋਵੇ ਅਤੇ ਇਸ ਨੂੰ ਕੌਮੀ ਪੱਧਰ ’ਤੇ ਵਾਪਰਦੇ ਦੇਖਿਆ ਜਾ ਰਿਹਾ ਹੋਵੇ, ਉਦੋਂ ਇਹ ਅਹਿਸਾਸ ਹੁੰਦਾ ਹੈ ਕਿ ਜੰਗਲ ਨੂੰ ਕੱਟਣ ਦਾ ਕਾਰਜ ਇਕੱਲਾ ਕੁਹਾੜਾ ਨਹੀਂ ਸੀ ਕਰ ਸਕਦਾ, ਜੇਕਰ ਕੁਹਾੜੇ ਵਿੱਚ ਲੱਕੜ ਦਾ ਦਸਤਾ ਨਾ ਹੁੰਦਾ। ਅਜਿਹਾ ਹੀ ਮਾਮਲਾ ਉਦੋਂ ਸਾਹਮਣੇ ਆਇਆ ਹੈ,ਜਦੋਂ ਪਿਛਲੇ ਦਿਨੀਂ ਆਪਣੀ ਅਮਰੀਕਾ ਫੇਰੀ ਦੌਰਾਨ ਕਾਂਗਰਸੀ ਪੰਜਾਬੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਰਾਹੁਲ ਗਾਂਧੀ ਨੇ ਸਿੱਖਾਂ ਸਮੇਤ ਘੱਟ ਗਿਣਤੀਆਂ ਦੇ ਸਬੰਧ ਵਿੱਚ ਭਾਰਤ ਦੇ ਮੌਜੂਦਾ ਰਾਜਨੀਤਕ ਪ੍ਰਬੰਧ ਉਪਰ ਟਿੱਪਣੀ ਕਰ ਦਿੱਤੀ ਕਿ ਸਿੱਖ, ਗੁਰਦੁਆਰੇ, ਕਕਾਰ ਭਾਰਤ ਵਿੱਚ ਸੁੱਰਖਿਅਤ ਨਹੀਂ ਹਨ।



**ਰਾਹੁਲ ਗਾਂਧੀ ਦੀ ਟਿੱਪਣੀ ਸਿੱਖਾਂ ਬਾਰੇ ਕੌੜਾ ਸੱਚ**

ਰਾਹੁਲ ਦੀ ਟਿੱਪਣੀ ’ਤੇ ਭਾਰਤ ਅੰਦਰ ਵੱਡੇ ਪੱਧਰ ਉੱਪਰ ਰਾਜਨੀਤੀ ਹੋ ਰਹੀ ਹੈ,ਜਦੋਂ ਕਿ ਰਾਹੁਲ ਗਾਂਧੀ ਦੇ ਸਿਆਸੀ ਭਾਸ਼ਨ ਦਾ ਉਹ ਇੱਕ ਇੱਕ ਸ਼ਬਦ ਕੌੜਾ ਸੱਚ ਸੀ,ਪਰ ਰਾਹੁਲ ਵੱਲੋਂ ਬੋਲੇ ਗਏ ਇਸ ਕੌੜੇ ਸੱਚ ਨੂੰ ਝੁਠਲਾਉਣ ਦੇ ਯਤਨ ਵੱਡੇ ਪੱਧਰ ਉਪਰ ਹੋ ਰਹੇ ਹਨ। ਕਿੰਨੀ ਹੈਰਾਨੀ ਹੁੰਦੀ ਹੈ ਜਦੋਂ ਇਸ ਸੱਚ ਤੋਂ ਖੁਦ ਉਹ ਕੁਝ ਲੋਕ ਮੁਨਕਰ ਹੁੰਦੇ ਦੇਖੇ ਜਾ ਰਹੇ ਹਨ,ਜਿੰਨਾਂ ਪ੍ਰਤੀ ਇਹ ਸੱਚ ਬੋਲਿਆ ਗਿਆ ਸੀ,ਬਲਕਿ ਉਨ੍ਹਾਂ ਲੋਕਾਂ ਵੱਲੋਂ ਸਰਕਾਰੀ ਇਸ਼ਾਰੇ ਉੱਪਰ ਰਾਹੁਲ ’ਤੇ ਸ਼ਬਦਾਂ ਦੇ ਬਾਣ ਦਾਗੇ ਜਾ ਰਹੇ ਹਨ।

ਇੱਥੇ ਜਿਕਰਯੋਗ ਤੱਥ ਇਹ ਵੀ ਹਨ ਕਿ ਭਾਵੇਂ ਰਾਹੁਲ ਗਾਂਧੀ ਦੇ ਬਿਆਨ ’ਤੇ ਦੇਸ਼ ਭਰ ਅੰਦਰ ਹੀ ਹੜਕੰਪ ਮੱਚਿਆ ਹੋਇਆ ਹੈ,ਪਰੰਤੂ ਇਸ ਬਿਆਨ ’ਤੇ ਸਿੱਖਾਂ ਦੇ ਪ੍ਰਤੀਕਰਮ ਨੂੰ ਅਹਿਮ ਮੰਨਿਆ ਜਾਵੇਗਾ। ਸਿੱਖਾਂ ਵੱਲੋਂ ਵੀ ਵੱਖੋ ਵੱਖਰਾ ਪ੍ਰਤੀਕਰਮ ਸਾਹਮਣੇ ਆ ਰਿਹਾ ਹੈ। ਵਿਦੇਸ਼ਾਂ ਵਿੱਚ ਵਸਦੇ ਸਿੱਖ ਅਤੇ ਪੰਜਾਬ ਦੇ ਪੰਥਕ ਆਗੂਆਂ ਸਮੇਤ ਬਹੁ ਗਿਣਤੀ ਵਿੱਚ ਸਿੱਖ ਬੁੱਧੀਜੀਵੀ ਅਤੇ ਪੱਤਰਕਾਰ ਰਾਹੁਲ ਗਾਂਧੀ ਦੇ ਇਸ ਬਿਆਨ ਨੂੰ ਸਮੇਂ ਸਿਰ ਬੋਲਿਆ ਸੱਚ ਕਹਿ ਕੇ ਰਾਹੁਲ ਦੀ ਸ਼ਲਾਘਾ ਕਰ ਰਹੇ ਹਨ, ਜਦੋਂ ਕਿ ਭਾਰਤੀ ਜਨਤਾ ਪਾਰਟੀ ਨਾਲ ਜੁੜੇ ਸਿੱਖ ਸੰਘ ਪਰਿਵਾਰ ਦੇ ਨਜ਼ਰੀਏ ਤੋਂ ਆਪਣੀ ਭੂਮਿਕਾ ਅਦਾ ਕਰ ਰਹੇ ਹਨ ਨਾ ਕਿ ਕੌਮੀ ਭਾਵਨਾ ਤੋਂ। ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ, ਰਵਨੀਤ ਸਿੰਘ ਬਿੱਟੂ ਅਤੇ ਮਨਜਿੰਦਰ ਸਿੰਘ ਸਿਰਸਾ ਆਦਿ ਸਮੇਤ ਬਹੁਤ ਸਾਰੇ ਭਾਰਤੀ ਜਨਤਾ ਪਾਰਟੀ ਅਤੇ ਆਰ. ਐਸ. ਐਸ. ਨੇ ਨਾਲ ਜੁੜੇ ਨਾਮਵਰ ਸਿੱਖ ਆਗੂਆਂ ਨੇ ਭਾਜਪਾ ਪ੍ਰਤੀ ਆਪਣੀ ਵਫ਼ਾਦਾਰੀ ਦਿਖਾਉਣ ਵਿੱਚ ਇਸ ਸਮੇਂ ਨੂੰ ਸੁਨਹਿਰੀ ਸਮੇਂ ਵਜੋਂ ਵਰਤਿਆ ਹੈ।

(ਬਾਕੀ ਸਫ਼ਾ 30 ’ਤੇ)

## ਡੱਲੇਵਾਲ ਨੇ ਭਾਜਪਾ ਸਰਕਾਰ ’ਤੇ ਗੁਰਦੁਆਰਿਆਂ ਉੱਪਰ ਪਾਬੰਦੀਆਂ ਦੇ ਲਗਾਏ ਦੋਸ਼

### ਭਾਜਪਾ ਨੇ ਵੀ ਸਿੱਖਾਂ ਨੂੰ ਜ਼ਖਮ ਦਿੱਤੇ

ਸੋ ਸਿੱਖਾਂ ਨੂੰ ਰਾਹੁਲ ਦੇ ਬਿਆਨ ’ਤੇ ਘੱਟੋ ਘੱਟ ਐਨੀ ਕੁ ਤਸੱਲੀ ਤਾਂ ਜਰੂਰ ਹੋਣੀ ਚਾਹੀਦੀ ਹੈ ਕਿ ਕਿਸੇ ਨਾ ਕਿਸੇ ਭਾਰਤੀ ਆਗੂ ਨੇ ਇਹ ਕੌੜੇ ਸੱਚ ਨੂੰ ਪ੍ਰਵਾਨ ਤਾਂ ਕੀਤਾ ਹੈ ਕਿ ਭਾਰਤ ਵਿੱਚ ਘੱਟ ਗਿਣਤੀਆਂ ਲਈ ਸਭ ਅੱਛਾ ਨਹੀਂ ਹੈ। ਰਹੀ ਗੱਲ ਕਾਂਗਰਸ ਪਾਰਟੀ ਦੀ ਪੰਜਾਬ ਪ੍ਰਤੀ ਪਹੁੰਚ ਦੀ, ਇਹਦੇ ਵਿੱਚ ਕੋਈ ਝੂਠ ਨਹੀਂ ਕਿ ਤਤਕਾਲੀ ਕਾਂਗਰਸ ਸਰਕਾਰ (ਸੂਬਾ ਅਤੇ ਕੇਂਦਰ) ਨੇ ਜੋ ਜ਼ਖਮ ਸਿੱਖਾਂ ਨੂੰ ਦਿੱਤੇ ਹਨ,ਉਹ ਭੁਲਾਏ ਨਹੀਂ ਜਾ ਸਕਦੇ,ਪਰੰਤੂ ਉਹਦੇ ਨਾਲ ਇਹ ਵੀ ਯਾਦ ਰੱਖਣਾ ਹੋਵੇਗਾ ਕਿ ਜੂਨ 84 ਦੇ ਫ਼ੌਜੀ ਹਮਲੇ ਵਿੱਚ ਭਾਜਪਾ ਵੀ ਬਰਾਬਰ ਦੀ ਦੋਸ਼ੀ ਹੈ, ਜਿਸ ਦੇ ਉਸ ਮੌਕੇ ਦੇ ਵੱਡੇ ਆਗੂ ਲਾਲ ਕ੍ਰਿਸ਼ਨ ਅਡਵਾਨੀ ਆਪਣੀ ਪੁਸਤਕ ਵਿੱਚ ਖੁਦ ਇਹ ਸਵੀਕਾਰ ਕਰ ਚੁੱਕੇ ਹਨ ਕਿ ਦਰਬਾਰ ਸਾਹਿਬ ਉੱਪਰ ਹਮਲਾ ਕਰਵਾਉਣ ਲਈ ਭਾਜਪਾ ਨੇ ਇੰਦਰਾ ਉਪਰ ਦਬਾਅ ਬਣਾਇਆ। ਅਗਲੀ ਗੱਲ ਇਹ ਹੈ ਜੇਕਰ ਕੋਈ ਮੌਜੂਦਾ ਨਵੇਂ ਦੌਰ ਦਾ ਵੱਡਾ ਕਾਂਗਰਸੀ ਆਗੂ ਆਪਣੀ ਪਹੁੰਚ ਸਪੱਸ਼ਟ ਕਰਦਾ ਹੈ ਅਤੇ ਸੱਚਮੁੱਚ ਉਹ ਘੱਟ ਗਿਣਤੀਆਂ ਪ੍ਰਤੀ ਚਿੰਤਤ ਦਿਖਾਈ ਦਿੰਦਾ ਹੈ,ਤਾਂ ਕੀ ਉਹਦੀ ਪਹੁੰਚ ਨੂੰ ਉਹਦੇ ਪੁਰਖਿਆਂ ਦੀਆਂ ਗਲਤੀਆਂ ਤੇ ਦੋਸ਼ਾਂ ਕਾਰਨ ਰੱਦ ਕਰ ਦੇਣਾ ਵਾਜਬ ਹੈ ? ਨਹੀਂ, ਅਜਿਹਾ ਨਹੀਂ ਹੋਣਾ ਚਾਹੀਦਾ,ਬਲਕਿ ਅਜਿਹੀ ਸੋਚ ਦਾ ਸਵਾਗਤ ਦਿਲ ਖੋਲ ਕੇ ਕੀਤਾ ਜਾਣਾ ਬਣਦਾ ਹੈ,ਤਾਂ ਕਿ ਭਵਿੱਖ ਵਿੱਚ ਅਜਿਹੀ ਸੋਚ ਹੋਰ ਵੀ ਪ੍ਰਫੁੱਲਤ ਹੋ ਸਕੇ।

### ਕਿਸਾਨ ਆਗੂ ਡੱਲੇਵਾਲ ਨੇ ਵੀ ਕਿਹਾ ਗੁਰਦੁਆਰੇ ਅਜ਼ਾਦ ਨਹੀਂ



ਕਿਸਾਨ ਲੀਡਰ ਜਗਜੀਤ ਸਿੰਘ ਡੱਲੇਵਾਲ ਨੇ ਭਾਜਪਾ ਸਰਕਾਰ ਉੱਪਰ ਦੋਸ਼ ਲਗਾਏ ਕਿ ਉਸਨੇ ਗੁਰਦੁਆਰਿਆਂ ਉੱਪਰ ਪਾਬੰਦੀਆਂ ਲਗਾਈਆਂ ਹੋਈਆਂ ਹਨ। ਅਜਿਹਾ ਆਖਕੇ ਉਸਨੇ ਰਾਹੁਲ ਦੇ ਬਿਆਨਾਂ ਉੱਪਰ ਮੋਹਰ ਲਗਾ ਦਿੱਤੀ ਕਿ ਉਸਨੇ ਸਿੱਖ ਖ਼ਤਰਿਆਂ ’ਤੇ ਭਾਜਪਾ ਸਰਕਾਰ ਦੀ ਸਿੱਖ ਵਿਰੋਧੀ ਨੀਤੀ ਬਾਰੇ ਸੱਚ ਬੋਲਿਆ ਹੈ। ਡੱਲੇਵਾਲ ਦਾ ਕਹਿਣਾ ਹੈ ਕਿ ਭਾਜਪਾ ਨੇ ਕਿਸਾਨਾਂ ਲਈ ਅਣਐਲਾਨੀ ਐਮਰਜੈਂਸੀ ਲਗਾਈ ਹੋਈ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਵੱਲੋਂ ਬੀਤੀ ਦਿਨੀਂ ਉਚਾਨਾ ਵਿੱਚ ਮਹਾਂਪੰਚਾਇਤ ਕੀਤੀ ਗਈ ਪਰ ਹਰਿਆਣਾ ਸਰਕਾਰ ਕਿਸਾਨਾਂ ਦੇ ਨਾਲ-ਨਾਲ ਗੁਰੂ ਘਰਾਂ ’ਤੇ ਵੀ ਸਖ਼ਤੀ ਕੀਤੀ। ਸਰਕਾਰ ਵੱਲੋਂ ਗੁਰਦੁਆਰਾ ਧਮਤਾਨ ਸਾਹਿਬ ਨੂੰ ਕਿਸਾਨਾਂ ਨੂੰ ਲੰਗਰ ਨਾ ਦੇਣ ਲਈ ਧਮਕਾਇਆ ਗਿਆ। ਜੇਕਰ ਗੁਰਦੁਆਰੇ ਨੇ ਲੰਗਰ ਦਿੱਤਾ ਤਾਂ ਗੁਰਦੁਆਰੇ ’ਤੇ ਵੀ ਕਾਰਵਾਈ ਕਰਨ ਦੀ ਗੱਲ ਕਹੀ ਗਈ । ਡੱਲੇਵਾਲ ਨੇ ਕਿਹਾ ਕਿ ਗੁਰੂ ਘਰ ਦੇ ਸਿਧਾਂਤ ਹੈ ਕਿ ਕੋਈ ਵੀ ਆ ਕੇ ਲੰਗਰ ਛਕ ਸਕਦਾ ਹੈ ਪਰ ਹਰਿਆਣਾ ਸਰਕਾਰ ਹੁਣ ਗੁਰੂ ਘਰਾਂ ’ਤੇ ਵੀ ਕਬਜ਼ੇ ਕਰ ਰਹੀ ਹੈ। ਡੱਲੇਵਾਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕਰਾਰੇ ਹੱਥੀਂ ਲੈਂਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਇੱਕ ਪਾਸੇ ਗੁਰੂ ਘਰਾਂ ਵਿੱਚ ਜਾ ਕੇ ਲੰਗਰ ਬਣਾਉਣੇ ਹਨ ਪਰ ਉਨ੍ਹਾਂ ਦੀ ਹਰਿਆਣਾ ਸਰਕਾਰ ਹਰਿਆਣਾ ਵਿੱਚ ਲੰਗਰ ਵਰਤਾਉਣ ਤੋਂ ਰੋਕ ਕੇ ਗੁਰੂ ਘਰਾਂ ’ਤੇ ਕਬਜ਼ਾ ਕਰ ਰਹੀ ਹੈ। ਇਸ ਤੋਂ ਸਪਸ਼ਟ ਹੈ ਕਿ ਰਾਹੁਲ ਨੇ ਸਿੱਖਾਂ ਦੀ ਭਾਰਤ ਵਿੱਚ ਮਾੜੀ ਹਾਲਤ , ਗੁਰਦੁਆਰਿਆਂ ਤੇ ਕਕਾਰਾਂ ਉੱਪਰ ਪਾਬੰਦੀਆਂ ਬਾਰੇ ਸੱਚ ਬੋਲਿਆ ਹੈ।

## ਅੰਮ੍ਰਿਤਪਾਲ ਦੇ ਸਾਥੀ ਰਾਊਕੇ ਨੇ ਐਨ.ਆਈ.ਏ. ਨੂੰ ਹਾਈਕੋਰਟ ’ਚ ਦਿੱਤੀ ਚੁਣੌਤੀ

### ਕੇਂਦਰ ਸਰਕਾਰ ਤੇ ਡਿਬਰੂਗੜ੍ਹ ਜੇਲ੍ਹ ਨੂੰ ਨੋਟਿਸ



ਚੰਡੀਗੜ੍ਹ/ਏ.ਟੀ.ਨਿਊਜ਼: ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਸਾਥੀ ਕੁਲਵੰਤ ਸਿੰਘ ਰਾਊਕੇ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਹੈ। ਉਸ ਨੇ ਦੂਜੀ ਵਾਰ ਆਪਣੇ ’ਤੇ ਲਗਾਏ ਗਏ ਰਾਸ਼ਟਰੀ ਸੁਰੱਖਿਆ ਕਾਨੂੰਨ (ਐੱਨ. ਐੱਸ. ਏ.) ਨੂੰ ਵੀ ਚੁਣੌਤੀ ਦਿੱਤੀ ਹੈ। ਉਨ੍ਹਾਂ ਨੇ ਆਪਣੇ ’ਤੇ ਲਗਾਏ ਗਏ ਐਨ.ਐਸ.ਏ. ਨੂੰ ਗਲਤ ਕਰਾਰ ਦਿੱਤਾ ਹੈ। ਇਸ ਤੋਂ ਬਾਅਦ ਮਾਮਲੇ ਦੀ ਸੁਣਵਾਈ ਕਰਦਿਆਂ ਅਦਾਲਤ ਨੇ ਡਿਬਰੂਗੜ੍ਹ ਜੇਲ੍ਹ ਦੇ ਸੁਪਰਡੈਂਟ, ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਉਸ ਨੂੰ ਅਗਲੀ ਸੁਣਵਾਈ ’ਤੇ ਆਪਣਾ ਜਵਾਬ ਦਾਇਰ ਕਰਨਾ ਹੋਵੇਗਾ। ਇਸ ਤੋਂ ਪਹਿਲਾਂ ਦਲਜੀਤ ਸਿੰਘ ਕਲਸੀ ਸਮੇਤ ਕੁਝ ਲੋਕਾਂ ਨੇ ਉਨ੍ਹਾਂ ਨੂੰ ਚੁਣੌਤੀ ਦਿੱਤੀ ਸੀ। ਇਸ ਮਾਮਲੇ ਵਿੱਚ ਗ੍ਰਿਫ਼ਤਾਰ ਹੋਣ ਤੋਂ ਪਹਿਲਾਂ ਕੁਲਵੰਤ ਸਿੰਘ ਪੰਜਾਬ ਰਾਜ ਨਿਗਮ ਵਿੱਚ ਕਲਰਕ ਵਜੋਂ ਤਾਇਨਾਤ ਸੀ। ਉਹ ਅੰਮ੍ਰਿਤਪਾਲ ਸਿੰਘ ਦਾ ਕਰੀਬੀ ਹੈ। ਜਦੋਂ 23 ਫਰਵਰੀ 2023 ਨੂੰ ਅੰਮ੍ਰਿਤਪਾਲ ਅਤੇ ਉਸਦੇ ਸਮਰਥਕਾਂ ਵੱਲੋਂ ਅਜਨਾਲਾ ਥਾਣੇ ਦੀ ਹਦੂਦ ਅੰਦਰ ਹਮਲਾ ਕਰਨ ਦਾ ਮਾਮਲਾ ਦਰਜ ਕੀਤਾ ਗਿਆ ਸੀ। ਇਸ ਤੋਂ ਬਾਅਦ ਉਸ ਨੂੰ ਮਾਰਚ ਮਹੀਨੇ ਗ੍ਰਿਫਤਾਰ ਕਰ ਲਿਆ ਗਿਆ। ਇਸ ਤੋਂ ਬਾਅਦ ਉਸ ਨੂੰ ਡਿਬਰੂਗੜ੍ਹ ਜੇਲ੍ਹ ਭੇਜ ਦਿੱਤਾ ਗਿਆ। ਅੰਮ੍ਰਿਤਪਾਲ ਸਿੰਘ ਦੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਬਣਨ ਤੋਂ ਬਾਅਦ ਉਨ੍ਹਾਂ ਦੇ

(ਬਾਕੀ ਸਫ਼ਾ 30 ’ਤੇ)

## ਸੰਤ ਭਿੰਡਰਾਂਵਾਲਿਆਂ ਨੂੰ ਕੰਗਨਾ ਤੋਂ ਸਰਟੀਫ਼ਿਕੇਟ ਲੈਣ ਦੀ ਲੋੜ ਨਹੀਂ: ਦਾਦੂਵਾਲ



ਚੰਡੀਗੜ੍ਹ/ਏ.ਟੀ.ਨਿਊਜ਼ : ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਲੈ ਕੇ ਕੰਗਨਾ ਰਣੌਤ ਵੱਲੋਂ ਦਿੱਤੇ ਵਿਵਾਦਿਤ ਬਿਆਨ ਨੂੰ ਬਲਜੀਤ ਸਿੰਘ ਦਾਦੂਵਾਲ ਨੇ ਮੰਦਭਾਗਾ ਦੱਸਿਆ ਹੈ। ਦਾਦੂਵਾਲ ਨੇ ਕਿਹਾ ਕਿ ਕੰਗਨਾ ਰਣੌਤ ਇੱਕ ਮਿਸ਼ਨ ’ਤੇ ਕੰਮ ਕਰ ਰਹੀ ਹੈ। ਉਹ ਕਦੇ ਕਿਸਾਨਾਂ ਖ਼ਿਲਾਫ਼ , ਕਦੇ ਪੰਥ, ਕਦੇ ਪੰਜਾਬ ਦੇ ਖਿਲਾਫ਼ ਅਤੇ ਹੁਣ ਸੰਤਾਂ ਦੇ ਖ਼ਿਲਾਫ਼ ਇਸ ਤਰ੍ਹਾਂ ਦੀ ਬਿਆਨਬਾਜ਼ੀ ਕਰ ਰਹੀ ਹੈ। ਉਸ ਦਾ ਭਾਵੇਂ ਐਨਾ ਵਿਰੋਧ ਹੋ ਰਿਹਾ ਪਰ ਉਹ ਫਿਰ ਵੀ ਮਿਸ਼ਨ ’ਤੇ ਚੱਲ ਰਹੀ ਹੈ। ਸਾਰੇ ਇਨਸਾਫ਼ਪਸੰਦ ਲੋਕਾਂ ਨੂੰ ਪਤਾ ਓਹਦਾ ਮਿਸ਼ਨ ਕੀ ਹੈ , ਉਹ ਕੀ ਚਾਹੁੰਦੀ ਹੈ। ਉਹ ਹਰ ਪੱਖ ਤੋਂ ਫੇਲ ਹੋ ਚੁੱਕੀ ਹੈ ਤੇ ਆਪਣਾ ਤੋਰੀ ਫੁਲਕਾ ਚਲਾਉਣ ਲਈ ਆਪਣੀ ਸਿਆਸਤ ਚਮਕਾਉਣਾ ਚਾਹੁੰਦੀ ਹੈ, ਜੋ ਬੜੀ ਮੰਦਭਾਗੀ ਗੱਲ ਹੈ।

ਉਨ੍ਹਾਂ ਕਿਹਾ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਸਾਰੀ ਕੌਮ ਦੁਨੀਆਂ ਭਰ ’ਚ ਸੰਤ ਮੰਨਦੀ ਹੈ। ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 20ਵੀਂ ਸਦੀ ਦੇ ਮਹਾਨ ਜਰਨੈਲ ਦਾ ਖਿਤਾਬ ਦਿੱਤਾ ਗਿਆ। ਕੰਗਨਾ ਨੂੰ ਕੋਈ ਨੀ ਕਹਿੰਦਾ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਸੰਤ ਜਾਂ ਸ਼ਹੀਦ ਮੰਨੇ, ਉਸ ਦੀ ਆਪਣੀ ਵਿਚਾਰਧਾਰਾ ਹੈ। ਸੰਤ ਜਰਨੈਲ ਸਿੰਘ ਸਾਡੀ ਸਿੱਖ ਕੌਮ ਦੇ ਸ਼ਹੀਦ ਆ। ਉਨ੍ਹਾਂ ਨੇ ਸਿੱਖੀ ਸਿਧਾਂਤਾਂ ਲਈ ਸ਼ਹਾਦਤ ਦਾ ਜਾਮ ਪੀਤਾ। ਅਸੀਂ ਉਨ੍ਹਾਂ ਨੂੰ ਸੰਤ ਮੰਨਦੇ ਹਾਂ ,ਹੋਰ ਕੋਈ ਮੰਨੇ ਨਾ ਮੰਨੇ।

ਦਾਦੂਵਾਲ ਨੇ ਕਿਹਾ ਕਿ ਜੇ ਲੋਕਾਂ ਨੇ ਕੰਗਨਾ ਨੂੰ ਵੋਟਾਂ ਪਾ ਕੇ ਸੰਸਦ ਮੈਂਬਰ ਚੁਣਿਆ ਤਾਂ ਉਹ ਆਪਣੇ ਹਿਮਾਚਲ ਦੇ ਲੋਕਾਂ ਦੇ ਵਿਕਾਸ ਦੀ ਗੱਲ ਕਰੇ। ਉਸਨੂੰ ਪੰਥ ਬਾਰੇ, ਸ਼ਹੀਦਾਂ ਬੜੇ ਜਾਂ ਕਿਸਾਨਾਂ ਬਾਰੇ ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ਇਸ ਦੀ ਮੈਂ ਸਖ਼ਤ ਸ਼ਬਦਾਂ ’ਚ ਨਿਖੇਧੀ ਕਰਦਾ ਹਾਂ। ਕੰਗਨਾ ਨੂੰ ਸਾਡੀ ਸਿੱਖ ਵਿਰਾਸਤ ਜਾਂ ਸਿੱਖ ਇਤਿਹਾਸ ਦਾ ਪਤਾ ਹੀ ਨਹੀਂ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਕੰਗਨਾ ਤੋਂ ਸਰਟੀਫ਼ਿਕੇਟ ਲੈਣ ਦੀ ਲੋੜ ਨਹੀਂ ਕਿ ਉਹ ਸੰਤ ਸੀ ਜਾਂ ਅੱਤਵਾਦੀ ਸੀ।

ਦੱਸ ਦੇਈਏ ਕਿ ਬਾਲੀਵੁੱਡ ਅਦਾਕਾਰਾ ਅਤੇ ਹਿਮਾਚਲ ਪ੍ਰਦੇਸ਼ ਦੇ ਮੰਡੀ ਤੋਂ ਸੰਸਦ ਮੈਂਬਰ ਕੰਗਨਾ ਰਣੌਤ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵਿਰੁੱਧ ਵਿਵਾਦਤ ਬਿਆਨ ਦਿਤਾ ਹੈ। ਇੱਕ ਹਿੰਦੀ ਟੀ.ਵੀ. ਚੈਨਲ ’ਤੇ ਇੰਟਰਵਿਊ ’ਚ ਉਨ੍ਹਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ‘ਅਤਿਵਾਦੀ’ ਦਸਿਆ ਅਤੇ ਕਿਹਾ ਕਿ ਉਨ੍ਹਾਂ ਦੀ ਫ਼ਿਲਮ ‘ਐਮਰਜੈਂਸੀ’ ’ਤੇ ਸਿਰਫ਼ ਕੁੱਝ ਲੋਕ ਇਤਰਾਜ਼ ਉਠਾ ਰਹੇ ਹਨ ਅਤੇ ਡਰਾ-ਧਮਕਾ ਰਹੇ ਹਨ।

ਉਨ੍ਹਾਂ ਕਿਹਾ, “ਮੰਦਰ ’ਚ ਏ.ਕੇ. 47 ਨਾਲ ਲੁਕ ਕੇ ਬੈਠਣ ਵਾਲਾ ਸੰਤ ਨਹੀਂ ਹੋ ਸਕਦਾ। ਉਸ ਕੋਲ ਅਜਿਹੇ ਹਥਿਆਰ ਸਨ, ਜਿਹੜੇ ਅਮਰੀਕਨ ਆਰਮੀ ਕੋਲ ਹੀ ਹੁੰਦੇ ਸਨ।

(ਬਾਕੀ ਸਫ਼ਾ 30 ’ਤੇ)

# ਕੱਟੜਪੰਥੀਆਂ ਦੇ ਸ਼ਿਕੰਜੇ ’ਚ ਬੰਗਲਾਦੇਸ਼



ਤਸਲੀਮਾ ਨਸਰੀਨ
ਬੰਗਲਾਦੇਸ਼ ਤੋਂ ਜਲਾਵਤਨ ਲੇਖਿਕਾ ਮੰਨੀ-ਪ੍ਰਮੰਨੀ ਸਾਹਿਤਕਾਰ ਹੈ



ਬੰਗਲਾਦੇਸ਼ ਵਿੱਚ ਰਾਖਵਾਂਕਰਨ ਵਿਰੋਧੀ ਅੰਦੋਲਨ ਨੂੰ ਲੈ ਕੇ ਮੈਨੂੰ ਸ਼ੁਰੂ ਵਿੱਚ ਲੱਗਾ ਕਿ ਉਹ ਵਿਦਿਆਰਥੀਆਂ ਦੁਆਰਾ ਜਾਇਜ਼ ਮੰਗਾਂ ਦੇ ਹੱਕ ਵਿੱਚ ਸ਼ੁਰੂ ਕੀਤੀ ਗਈ ਇੱਕ ਮੁਹਿੰਮ ਹੈ। ਹਾਲਾਂਕਿ ਉਨ੍ਹਾਂ ਵਿਦਿਆਰਥੀਆਂ ਨੇ ਕਿਸੇ ਨੂੰ ਇਹ ਭਾਂਪਣ ਤੱਕ ਨਹੀਂ ਦਿੱਤਾ ਕਿ ਇਸ ਅੰਦੋਲਨ ਦਾ ਨਕਸ਼ਾ ਇਸਲਾਮੀ ਕੱਟੜਪੰਥੀਆਂ ਅਤੇ ਵੱਖਵਾਦੀਆਂ ਨੇ ਤਿਆਰ ਕੀਤਾ ਹੈ।

ਹੁਣ ਇਨ੍ਹਾਂ ਵਿਦਿਆਰਥੀਆਂ ਨੇ ਪੂਰੇ ਦੇਸ਼ ਵਿੱਚ ਦਹਿਸ਼ਤ ਦਾ ਮਾਹੌਲ ਬਣਾ ਦਿੱਤਾ ਹੈ। ਬੀਤੇ ਕੁਝ ਦਿਨਾਂ ਵਿੱਚ ਹੀ ਇਨ੍ਹਾਂ ਕਥਿਤ ਵਿਦਿਆਰਥੀਆਂ ਨੇ ਲਗਪਗ 1169 ਅਧਿਆਪਕਾਂ ਨੂੰ ਅਪਮਾਨਤ ਕਰ ਕੇ ਉਨ੍ਹਾਂ ਨੂੰ ਨੌਕਰੀ ਛੱਡਣ ਲਈ ਮਜਬੂਰ ਕਰ ਦਿੱਤਾ। ਉੱਚ ਅਤੇ ਵੱਕਾਰੀ ਅਹੁਦਿਆਂ ’ਤੇ ਨਿਯੁਕਤ ਰਹੇ ਸਮੁੱਚੇ ਘੱਟ ਗਿਣਤੀ ਭਾਈਚਾਰੇ ਨੂੰ ਲਗਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ?

ਜਹਾਦੀ ਜੰਗਜੂ ਅਤੇ ਸਜ਼ਾਯਾਫਤਾ ਅਪਰਾਧੀ ਜੇਲ੍ਹਾਂ ਤੋਂ ਰਿਹਾਅ ਕੀਤੇ ਜਾ ਰਹੇ ਹਨ। ਜਮਾਤ-ਏ-ਇਸਲਾਮੀ ਅਤੇ ਜਹਾਦੀ ਸਮੂਹ ਹਿਜ਼ਬੁਲ ਤਹਿਰੀਰ ਤੋਂ ਪਾਬੰਦੀ ਹਟਾ ਲਈ ਗਈ ਹੈ। ਆਈ.ਐੱਸ. ਦਾ ਝੰਡਾ ਲੈ ਕੇ ਹਿਜ਼ਬੁਲ ਤਹਿਰੀਰ ਦੇ ਜੰਗਜੂਆਂ ਨੇ ਢਾਕਾ ਵਿੱਚ ਰੈਲੀ ਕੀਤੀ। ਅਲਕਾਇਦਾ ਦੇ ਦਿਸ਼ਾ-ਨਿਰਦੇਸ਼ਾਂ ’ਤੇ ਗਠਿਤ ਅਹਿਸਾਨਉੱਲਾ ਬੰਗਲਾ ਟੀਮ ਦੇ ਜਹਾਦੀ ਨੇਤਾ ਮੁਹੰਮਦ ਜਸ਼ੀਮੁਦੀਨ ਰਹਿਮਾਨੀ ਨੂੰ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ ਹੈ। ਇਸ ਸਮੇਂ ਬੰਗਲਾਦੇਸ਼ ਦੀਆਂ ਸੜਕਾਂ ’ਤੇ ਰਾਜਨੀਤਕ ਪਾਰਟੀਆਂ ਨਾਲੋਂ ਜ਼ਿਆਦਾ ਜਹਾਦੀ ਇਸਲਾਮਿਕ ਸਮੂਹ ਹਨ। ਇਹ ਲੋਕ ਖ਼ਿਲਾਫ਼ਤ ਦੀ ਸਥਾਪਨਾ ਕਰਨਾ ਚਾਹੁੰਦੇ ਹਨ। ਇਸ ਤੋਂ ਪਹਿਲਾਂ ਕਿ ਬੰਗਲਾਦੇਸ਼ ਪੂਰੀ ਤਰ੍ਹਾਂ ਜਹਾਦੀਆਂ ਦੇ ਚੁੰਗਲ ਵਿੱਚ ਫਸ ਜਾਵੇ, ਕੁਝ ਉਪਾਅ ਕਰਨੇ ਹੋਣਗੇ।

ਇਸ ਵਿਚ ਸਭ ਤੋਂ ਪਹਿਲਾਂ ਤਾਂ ਜਲਦ ਤੋਂ ਜਲਦ ਨਿਰਪੱਖ ਤੇ ਪਾਰਦਰਸ਼ੀ ਚੋਣਾਂ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ। ਚੋਣਾਂ ਵਿੱਚ ਅਵਾਮੀ ਲੀਗ ਸਹਿਤ ਸਾਰੀਆਂ ਸਿਆਸੀ ਪਾਰਟੀਆਂ ਦੀ ਭਾਗੀਦਾਰੀ ਹੋਣੀ ਚਾਹੀਦੀ ਹੈ। ਚੁਣੀ ਹੋਈ ਸਰਕਾਰ ਮਜ਼ਹਬ ਦੇ ਆਧਾਰ ’ਤੇ ਕੀਤੀ ਜਾਣ ਵਾਲੀ ਰਾਜਨੀਤੀ ਖ਼ਤਮ ਕਰੇ।

ਇਸ ਪ੍ਰਕਿਰਿਆ ਵਿੱਚ ਜਮਾਤ-ਏ-ਇਸਲਾਮੀ ਨੂੰ ਰਾਜਨੀਤਕ ਪਾਰਟੀ ਦੇ ਰੂਪ ਵਿੱਚ ਮਾਨਤਾ ਨਾ ਦਿੱਤੀ ਜਾਵੇ ਕਿਉਂਕਿ ਉਹ ਮੂਲ ਰੂਪ ਨਾਲ ਮਜ਼ਹਬੀ ਸੰਗਠਨ ਹੈ। ਇਸੇ ਤਰ੍ਹਾਂ ਹਿਜ਼ਬੁਲ ਤਹਿਰੀਰ, ਆਈ.ਐੱਸ. ਅਤੇ ਦੂਜੇ ਅੱਤਵਾਦੀ ਸਮੂਹਾਂ ’ਤੇ ਪਾਬੰਦੀ ਲਗਾਉਣੀ ਚਾਹੀਦੀ ਹੈ। ਹਿੰਸਕ ਭੀੜ ਦੁਆਰਾ ਕੀਤੇ ਜਾ ਰਹੇ ਕਥਿਤ ਨਿਆਂ ਦੇ ਸਿਲਸਿਲੇ ’ਤੇ ਵਿਰਾਮ ਲੱਗੇ। ਪ੍ਰੈੱਸ ਦੀ ਆਜ਼ਾਦੀ ਅਤੇ ਪ੍ਰਗਟਾਵੇ ਦੀ ਆਜ਼ਾਦੀ ਬਰਕਰਾਰ ਰੱਖਣੀ ਹੋਵੇਗੀ। ਸੰਵਿਧਾਨ ਦੇ ਮਜ਼ਹਬੀ ਆਧਾਰ ਨੂੰ ਹਟਾ ਕੇ ਧਰਮ-ਨਿਰਪੱਖਤਾ ਨੂੰ ਲਾਗੂ ਕਰਨਾ ਹੋਵੇਗਾ।

ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਸ਼੍ਰੇਣੀਆਂ ਅਤੇ ਫ਼ੌਜੀਆਂ ਨੂੰ ਬੈਰਕਾਂ ਵਿੱਚ ਪਰਤ ਜਾਣਾ ਹੋਵੇਗਾ। ਮਜ਼ਹਬੀ ਆਧਾਰ ’ਤੇ ਬਣੇ ਨਾਗਰਿਕ ਕਾਨੂੰਨ ਖ਼ਤਮ ਕਰਨੇ ਹੋਣਗੇ ਅਤੇ ਸਮਾਨਤਾ ਦੀ ਬੁਨਿਆਦ ਵਾਲੇ ਦੀਵਾਨੀ ਕਾਨੂੰਨ ਲਾਗੂ ਕਰਨੇ ਹੋਣਗੇ। ਆਜ਼ਾਦੀ ਦੇ ਮਿਊਜ਼ੀਅਮ, ਰਾਸ਼ਟਰਪਿਤਾ ਦੇ ਮਿਊਜ਼ੀਅਮ ਅਤੇ ਮੁਕਤੀ ਯੋਧਿਆਂ ਦੇ ਜਿਨ੍ਹਾਂ ਮਿਊਜ਼ੀਅਮਾਂ ਨੂੰ ਤੋੜ ਦਿੱਤਾ ਗਿਆ ਹੈ, ਉਨ੍ਹਾਂ ਦਾ ਪੁਨਰ-ਨਿਰਮਾਣ ਕਰਨਾ ਹੋਵੇਗਾ।

ਮਦਰੱਸਿਆਂ ਨੂੰ ਸਕੂਲਾਂ ਵਿੱਚ ਤਬਦੀਲ ਕਰਨਾ ਹੋਵੇਗਾ। ਪਾਠਕ੍ਰਮ ਵਿੱਚ ਧਰਮ-ਨਿਰਪੱਖ ਕਦਰਾਂ-ਕੀਮਤਾਂ ਅਤੇ ਆਧੁਨਿਕ ਸਿੱਖਿਆ ਅਪਣਾਉਣੀ ਹੋਵੇਗੀ। ਸਰਕਾਰ ਨੂੰ ਆਪਣੇ ਖ਼ਰਚੇ ਜਨਤਕ ਕਰਨੇ ਹੋਣਗੇ। ਸੂਚਨਾ ਦਾ ਅਧਿਕਾਰ ਕਾਨੂੰਨ ਪਾਸ ਕਰ ਕੇ ਪਾਰਦਰਸ਼ਿਤਾ ਵਧਾਉਣੀ ਹੋਵੇਗੀ। ਹਾਲਾਂਕਿ, ਮੇਰੇ ਇਨ੍ਹਾਂ ਸੁਝਾਵਾਂ ’ਤੇ ਸ਼ਾਇਦ ਹੀ ਅਮਲ ਹੋਵੇ। ਸ਼ੇਖ਼ ਹਸੀਨਾ ਸਰਕਾਰ ਦੇ ਲੋਕਤੰਤਰੀ ਸਰੂਪ ਨੂੰ ਲੈ ਕੇ ਤਮਾਮ ਸਵਾਲ ਚੁੱਕੇ ਜਾ ਸਕਦੇ ਹਨ ਪਰ ਹਾਲ-ਫ਼ਿਲਹਾਲ ਜੋ ਹੋ ਰਿਹਾ ਹੈ, ਉਹ ਵੀ ਹਰਗਿਜ਼ ਸਹੀ ਨਹੀਂ ਹੈ। ਸ਼ੇਖ਼ ਹਸੀਨਾ ਤੋਂ ਸੱਤਾ ਖੋਹਣ ਵਾਲਿਆਂ ਦਾ ਵੀ ਲੋਕਤੰਤਰ ’ਤੇ ਕੋਈ ਭਰੋਸਾ ਨਹੀਂ। ਚਾਰੇ ਪਾਸੇ ਦਰਿੰਦਗੀ ਦਾ ਨੰਗਾ ਨਾਚ ਚੱਲ ਰਿਹਾ ਹੈ। ਮੁਹੰਮਦ ਯੂਨੁਸ ਜਾਂ ਦੂਜੇ ਜ਼ਿੰਮੇਵਾਰ ਲੋਕ ਵੀ ਸਾਰਥਕ ਦਖ਼ਲਅੰਦਾਜ਼ੀ ਕਰਦੇ ਨਹੀਂ ਦਿਸਦੇ।

ਉਲਟੇ ਉੱਗਰ ਨੌਜਵਾਨਾਂ ਦੇ ਤਬਾਹਕੁੰਨ ਅਤੇ ਅਣ-ਮਨੁੱਖੀ ਕਾਰਨਾਮਿਆਂ ਨੂੰ ਵੱਖ-ਵੱਖ ਤਰੀਕਿਆਂ ਨਾਲ ਸਹੀ ਠਹਿਰਾਇਆ ਜਾ ਰਿਹਾ ਹੈ। ਚੋਣਾਂ ਨੂੰ ਲੈ ਕੇ ਵੀ ਕੋਈ ਕਨਸੋਅ ਨਹੀਂ ਆ ਰਹੀ। ਸਾਬਕਾ ਪ੍ਰਧਾਨ ਮੰਤਰੀ ਖ਼ਾਲਿਦਾ ਜ਼ਿਆ ਦੇ ਬੇਟੇ ਅਤੇ ਬੀ.ਐੱਨ.ਪੀ. ਨੇਤਾ ਤਾਰਿਕ ਜ਼ਿਆ ਨੂੰ ਬੰਗਲਾਦੇਸ਼ ਪਰਤਣ ਦੀ ਆਗਿਆ ਨਹੀਂ ਦਿੱਤੀ ਜਾ ਰਹੀ ਹੈ।

ਸੱਤਾ ’ਤੇ ਕੰਟਰੋਲ ਫ਼ਿਲਹਾਲ ਜਮਾਤ-ਏ-ਇਸਲਾਮੀ ਦੇ ਕੋਲ ਹੈ ਅਤੇ ਉਹ ਨਹੀਂ ਚਾਹੁੰਦੀ ਕਿ ਬੀ.ਐੱਨ.ਪੀ. ਦੇ ਨੇਤਾ ਪਰਤਣ। ਤਾਰਿਕ ਜ਼ਿਆ ਦੇ ਬੰਗਲਦਾਦੇਸ਼ ਪਰਤਣ ’ਤੇ ਜਮਾਤ ਦਾ ਮਹੱਤਵ ਘਟ ਜਾਵੇਗਾ। ਇਸ ਲਈ ਜਮਾਤ ਚਾਹੁੰਦੀ ਹੈ ਕਿ ਬਿਨਾਂ ਚੋਣਾਂ ਦੇ ਇਸਲਾਮੀ ਕੱਟੜਪੰਥੀਆਂ ਦੇ ਨਾਲ ਦੇਸ਼ ਦੀ ਸੱਤਾ ਜਿੰਨੇ ਸਮੇਂ ਤੱਕ ਉਸ ਕੋਲ ਰਹਿੰਦੀ ਹੈ, ਉਹ ਓਨਾ ਹੀ ਚੰਗਾ ਹੋਵੇਗਾ। ਇਸੇ ਸਦਕਾ ਉਹ ਲੋਕ ਬੰਗਲਾਦੇਸ਼ ਵਿੱਚ ਪੂਰੀ ਤਰ੍ਹਾਂ ਇਸਲਾਮ ਦਾ ਸ਼ਾਸਨ ਲਾਗੂ ਕਰ ਸਕਣਗੇ। ਦੂਜੇ ਪਾਸੇ, ਸ਼ਾਸਨ ਦੀ ਕਮਾਨ ਸੰਭਾਲ ਰਹੇ ਮੁਹੰਮਦ ਯੂਨੁਸ ਰਹੱਸਮਈ ਵਿਅਕਤੀ ਹਨ। ਯੂਨੁਸ ਮੂਲ ਰੂਪ ਵਿੱਚ ਐੱਨਜੀਓ ਵਾਲੇ ਹਨ। ਸਵਾਲ ਉੱਠਦਾ ਹੈ ਕਿ ਕੀ ਅਜਿਹੇ ਵਿਅਕਤੀ ਤੋਂ ਹਕੂਮਤ ਸੰਭਲੇਗੀ? ਇਹ ਤਾਂ ਸਮਾਂ ਹੀ ਦੱਸੇਗਾ ਕਿ ਉਹ ਕਠਪੁਤਲੀ ਹਨ ਜਾਂ ਫ਼ੈਸਲਾ ਲੈਣ ਲਈ ਪੂਰੀ ਤਰ੍ਹਾਂ ਆਜ਼ਾਦ? ਉਨ੍ਹਾਂ ਦਾ ਹਾਲੇ ਤੱਕ ਦਾ ਵਤੀਰਾ ਚੰਗੇ ਸੰਕੇਤ ਨਹੀਂ ਦਿੰਦਾ ਉਨ੍ਹਾਂ ਨੇ 1971 ਦੇ ਮੁਕਤੀਯੁੱਧ ਨੂੰ ਖ਼ਾਰਜ ਕਰ ਕੇ 2024 ਦੇ ਵਿਦਿਆਰਥੀ ਅੰਦੋਲਨ ਨੂੰ ਮੁਕਤੀਯੁੱਧ ਦਾ ਨਾਂ ਦਿੱਤਾ ਹੈ। ਮੁਕਤੀਯੁੱਧ ਦੇ ਯਾਦਗਾਰੀ ਨਿਸ਼ਾਨਾਂ ਨੂੰ ਤਹਿਸ-ਨਹਿਸ ਕਰ ਦੇਣ ’ਤੇ ਸਰਕਾਰ ਵੱਲੋਂ ਵਿਰੋਧ ਦੀ ਆਵਾਜ਼ ਤੱਕ ਨਹੀਂ ਨਿਕਲੀ। ਜਦ ਅੰਦੋਲਨਕਾਰੀ ਸਮਾਰਕਾਂ ’ਤੇ ਹਥੌੜੇ ਵਰ੍ਹਾ ਰਹੇ ਸਨ, ਉਦੋਂ ਯੂਨੁਸ ਨੇ ਕਿਹਾ ਸੀ ਕਿ ਮੁਕਤੀ ਯੋਧਾ ਜਿੱਤ ਦੀ ਖ਼ੁਸ਼ੀ ਵਿੱਚ ਡੁੱਬੇ ਹੋਏ ਹਨ ਉਨ੍ਹਾਂ ਦੀ ਕਾਰਜਪ੍ਰਣਾਲੀ ਤੋਂ ਤਾਂ ਇੰਝ ਭਾਸਦਾ ਹੈ ਕਿ ਉਹ ਕਿਸੇ ਹੋਰ ਦੇ ਇਸ਼ਾਰੇ ’ਤੇ ਨੱਚ ਰਹੇ ਹਨ। ਤ੍ਰਾਸਦੀ ਇਹ ਹੈ ਕਿ ਯੂਨੁਸ ਦੀ ਅਗਵਾਈ ਵਿੱਚ ਬੰਗਲਾਦੇਸ਼ ਅਸਥਿਰਤਾ ਦੀ ਅਜਿਹੀ ਦਲਦਲ ਵਿੱਚ ਫਸ ਗਿਆ ਹੈ ਜਿਸ ’ਚੋਂ ਨਿਕਲਣਾ ਉਸ ਲਈ ਬੇਹੱਦ ਮੁਸ਼ਕਲ ਹੋਵੇਗਾ ਅਤੇ ਇਹ ਸਥਿਤੀ ਮੁਲਕ ਦੀ ਤਰੱਕੀ ਵਿੱਚ ਵੱਡਾ ਰੋੜਾ ਬਣੇਗੀ। ਤਬਾਹਕੁੰਨ ਕਾਰਵਾਈਆਂ ਦਾ ਇਸ ਨਿਰਲੱਜ ਤਰੀਕੇ ਨਾਲ ਬਚਾਅ ਕਰਦੇ ਹੋਏ ਮੈਂ ਕਦੇ ਨਹੀਂ ਦੇਖਿਆ। ਬੰਗਲਾਦੇਸ਼ ਵਿੱਚ ਜਿੰਨੇ ਵੀ ਵੱਖਵਾਦੀ ਅਤੇ ਕੱਟੜ ਮੁਸਲਿਮ ਹਨ, ਉਹ ਵਹਾਬੀ ਇਸਲਾਮ ਵਿੱਚ ਯਕੀਨ ਰੱਖਦੇ ਹਨ।

ਵਹਾਬੀ ਇਸਲਾਮ ਸੂਫ਼ੀਵਾਦ ਦਾ ਵਿਰੋਧੀ ਹੈ। ਇਸ ਲਈ ਕੱਟੜਪੰਥੀ ਹੁਣ ਸੂਫ਼ੀਆਂ ਦੀਆਂ ਕਬਰਾਂ ਜਾਂ ਮਜ਼ਾਰਾਂ ਨੂੰ ਨਿਸ਼ਾਨਾ ਬਣਾ ਰਹੇ ਹਨ। ਮੁਹੰਮਦ ਯੂਨੁਸ ਦੀ ਅਗਵਾਈ ਵਾਲੀ ਅੰਤਰਿਮ ਸਰਕਾਰ ਦਾ ਵਤੀਰਾ ਪ੍ਰਚੰਡ ਭਾਰਤ ਵਿਰੋਧੀ ਹੈ। ਉੱਥੇ ਭਾਰਤ ਵਿਰੋਧੀ ਕਈ ਰੈਲੀਆਂ ਹੋ ਚੁੱਕੀਆਂ ਹਨ ਸ਼ੇਖ਼ ਹਸੀਨਾ ਨੂੰ ਪਨਾਹ ਦੇਣ ਤੋਂ ਲੈ ਕੇ ਬੰਗਲਾਦੇਸ਼ ਵਿੱਚ ਆਏ ਹੜ੍ਹ ਦਾ ਠੀਕਰਾ ਭਾਰਤ ’ਤੇ ਭੰਨਿਆ ਜਾ ਰਿਹਾ ਹੈ। ਲੱਗਦਾ ਨਹੀਂ ਕਿ ਇਹ ਸਰਕਾਰ ਭਾਰਤ ਨਾਲ ਬਿਹਤਰ ਰਿਸ਼ਤਿਆਂ ਦੀ ਚਾਹਵਾਨ ਹੈ। ਬੰਗਲਾਦੇਸ਼ ਵਿੱਚ ਹਿੰਦੂਆਂ ਦੀ ਆਬਾਦੀ ਮਹਿਜ਼ ਅੱਠ ਫ਼ੀਸਦੀ ਹੈ। ਹਿੰਦੂਆਂ ਦਾ ਸਫ਼ਾਇਆ ਕੀਤੇ ਬਿਨਾਂ ਇਹ ਕੱਟੜਪੰਥੀ

ਮੰਨਣਗੇ ਨਹੀਂ। ਇਹ ਸਥਿਤੀ ਭਾਰਤ ਲਈ ਵੀ ਬਹੁਤ ਸਿਰਦਰਦੀ ਵਧਾਉਣ ਵਾਲੀ ਹੋਵੇਗੀ। ਫਿਰ ਸ਼ਿਆ ਅਤੇ ਅਹਿਮਦੀਆ ਮੁਸਲਮਾਨਾਂ ਨੂੰ ਵੀ ਖ਼ਤਮ ਕਰ ਦੇਣਗੇ। ਨਾਸਤਕਾਂ, ਤਰਕਵਾਦੀਆਂ ਅਤੇ ਉਦਾਰਵਾਦੀਆਂ ਲਈ ਵੀ ਬੰਗਲਾਦੇਸ਼ ਵਿੱਚ ਕੋਈ ਜਗ੍ਹਾ ਨਹੀਂ ਹੋਵੇਗੀ। ਫਿਰ ਇਹ ਲੋਕ ਆਪਸ ਵਿੱਚ ਹੀ ਲੜ ਕੇ ਮਰਨਗੇ। ਉਸ ਤੋਂ ਬਾਅਦ ਵੀ ਇਨ੍ਹਾਂ ਨੂੰ ਸਦਬੁੱਧੀ ਨਹੀਂ ਆਵੇਗੀ।

ਅਜਿਹਾ ਲੱਗ ਰਿਹਾ ਹੈ ਕਿ ਬੰਗਲਾਦੇਸ਼ ਮੱਧ ਯੁੱਗ ਵਿੱਚ ਚਲਾ ਗਿਆ ਹੈ ਜਿੱਥੇ ਗ਼ੈਰ-ਇਸਲਾਮਕ ਲੋਕਾਂ ਅਤੇ ਆਧੁਨਿਕਤਾ ਲਈ ਕੋਈ ਜਗ੍ਹਾ ਨਹੀਂ। ਕੁਝ ਸਮਾਂ ਪਹਿਲਾਂ ਬੰਗਲਾਦੇਸ਼ ਦੀ ਤਰੱਕੀ ਦੀ ਚਰਚਾ ਹੋ ਰਹੀ ਸੀ ਅਤੇ ਬੰਗਲਾਦੇਸ਼ ਨੂੰ ਉਸ ਸਥਿਤੀ ਤੱਕ ਪਹੁੰਚਾਉਣ ਵਿੱਚ ਸ਼ੇਖ਼ ਹਸੀਨਾ ਦਾ ਯੋਗਦਾਨ ਕੋਈ ਘੱਟ ਨਹੀਂ ਸੀ। ਜਹਾਦੀਆਂ ਨੂੰ ਬੇਸ਼ੱਕ ਉਨ੍ਹਾਂ ਨੇ ਜੇਲ੍ਹ ਵਿੱਚ ਸੁੱਟਿਆ ਪਰ ਮਜ਼ਹਬੀ ਤੁਸ਼ਟੀਕਰਨ ਲਈ ਵੀ ਕਈ ਕੰਮ ਕੀਤੇ। ਜਿਵੇਂ ਮਦਰੱਸਿਆਂ ਦੀ ਡਿਗਰੀ ਨੂੰ ਮਾਨਤਾ ਦੇਣ ਅਤੇ ਇਸਲਾਮਿਕ ਸੱਭਿਆਚਾਰ ਦਾ ਵਿਸਥਾਰ। ਉਨ੍ਹਾਂ ਨੇ ਜਿਨ੍ਹਾਂ ਨੂੰ ਸ਼ਹਿ ਦਿੱਤੀ, ਉਹੀ ਉਨ੍ਹਾਂ ਨੂੰ ਮਾਤ ਦੇਣ ਵਾਲੇ ਸਾਬਿਤ ਹੋਏ।

# ਭਾਰਤ ’ਚ ਵਿਦਿਆਰਥੀਆਂ ਦੀਆਂ ਖ਼ੁਦਕੁਸ਼ੀਆਂ

ਕੁੱਕੀ ਗਿੱਲ



ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐੱਨ.ਸੀ.ਆਰ.ਬੀ.) ਦੀ ਇੱਕ ਰਿਪੋਰਟ ਦੇ ਅਨੁਸਾਰ, ਭਾਰਤ ਵਿੱਚ ਵਿਦਿਆਰਥੀਆਂ ਦੀਆਂ ਖ਼ੁਦਕੁਸ਼ੀਆਂ ਇੱਕ ਸਬੰਧਿਤ ਦਰ ਨਾਲ ਵੱਧ ਰਹੀਆਂ ਹਨ ਜੋ ਆਬਾਦੀ ਵਾਧੇ ਦੀ ਦਰ ਅਤੇ ਸਮੁੱਚੇ ਖ਼ੁਦਕੁਸ਼ੀ ਰੁਝਾਨਾਂ ਦੋਵਾਂ ਤੋਂ ਵੱਧ ਹਨ। ‘ਸਟੂਡੈਂਟ ਸੁਸਾਈਡਜ਼: ਐਨ ਏਪੀਡੈਮਿਕ ਸਵੀਪਿੰਗ ਇੰਡੀਆ’ ਰਿਪੋਰਟ, ਜੋ ਬੁੱਧਵਾਰ ਨੂੰ ਸਾਲਾਨਾ ਆਈ. ਸੀ. 3 ਕਾਨਫ਼ਰੰਸ ਅਤੇ ਐਕਸਪੋ 2024 ਦੌਰਾਨ ਪੇਸ਼ ਕੀਤੀ ਗਈ ਸੀ, ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਅੰਕੜਿਆਂ ’ਤੇ ਆਧਾਰਿਤ ਹੈ। ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਜਿੱਥੇ ਸਮੁੱਚੀ ਖ਼ੁਦਕੁਸ਼ੀ ਦਰ ਸਾਲਾਨਾ 2 ਫ਼ੀਸਦੀ ਵਧੀ ਹੈ, ਉੱਥੇ ਵਿਦਿਆਰਥੀ ਖ਼ੁਦਕੁਸ਼ੀ ਦੇ ਮਾਮਲਿਆਂ ਵਿੱਚ 4 ਫ਼ੀਸਦੀ ਦਾ ਵਾਧਾ ਹੋਇਆ ਹੈ। ਵਿਦਿਆਰਥੀ ਖ਼ੁਦਕੁਸ਼ੀਆਂ ਦੇ ਅੰਕੜਿਆਂ ਵਿੱਚ ‘ਅੰਡਰ ਰਿਪੋਰਟਿੰਗ’ ਦੀ ਸੰਭਾਵਨਾ ਦੇ ਬਾਵਜੂਦ ਇਹ ਵਾਧਾ ਧਿਆਨਯੋਗ ਹੈ। ਪਿਛਲੇ ਦੋ ਦਹਾਕਿਆਂ ਦੌਰਾਨ, ਵਿਦਿਆਰਥੀ ਖ਼ੁਦਕੁਸ਼ੀਆਂ ਵਿੱਚ 4 ਫ਼ੀਸਦੀ ਦੀ ਚਿੰਤਾਜਨਕ ਸਾਲਾਨਾ ਦਰ ਨਾਲ ਵਾਧਾ ਹੋਇਆ ਹੈ, ਜੋ ਰਾਸ਼ਟਰੀ ਔਸਤ ਨਾਲੋਂ ਦੁੱਗਣਾ ਹੈ। 2022 ਵਿੱਚ,



ਕੁੱਲ ਵਿਦਿਆਰਥੀ ਖ਼ੁਦਕੁਸ਼ੀਆਂ ਵਿੱਚ ਪੁਰਸ਼ ਵਿਦਿਆਰਥੀ 53 ਪ੍ਰਤੀਸ਼ਤ ਸਨ। 2021 ਅਤੇ 2022 ਦੇ ਵਿਚਕਾਰ, ਪੁਰਸ਼ ਵਿਦਿਆਰਥੀ ਖ਼ੁਦਕੁਸ਼ੀਆਂ ਵਿੱਚ 6 ਪ੍ਰਤੀਸ਼ਤ ਦੀ ਕਮੀ ਆਈ ਹੈ ਜਦੋਂ ਕਿ ਵਿਦਿਆਰਥਣਾਂ ਦੀਆਂ ਖ਼ੁਦਕੁਸ਼ੀਆਂ ਵਿੱਚ 7 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਆਈ.ਸੀ.3 ਇੰਸਟੀਚਿਊਟ ਦੁਆਰਾ ਤਿਆਰ ਕੀਤੀ ਗਈ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਵਿਦਿਆਰਥੀ ਖ਼ੁਦਕੁਸ਼ੀਆਂ ਦੀਆਂ ਘਟਨਾਵਾਂ ਜਨਸੰਖਿਆ ਵਾਧਾ ਦਰ ਅਤੇ ਸਮੁੱਚੀ ਖ਼ੁਦਕੁਸ਼ੀ ਦੇ ਰੁਝਾਨਾਂ ਦੋਵਾਂ ਨੂੰ ਪਾਰ ਕਰਦੀਆਂ ਜਾ ਰਹੀਆਂ ਹਨ।

ਪਿਛਲੇ ਦਹਾਕੇ ਦੌਰਾਨ, ਜਦੋਂ ਕਿ 0-24 ਸਾਲ ਦੇ ਬੱਚਿਆਂ ਦੀ ਆਬਾਦੀ 582 ਮਿਲੀਅਨ ਤੋਂ ਘਟ ਕੇ 581 ਮਿਲੀਅਨ ਰਹਿ ਗਈ ਹੈ, ਵਿਦਿਆਰਥੀ ਖ਼ੁਦਕੁਸ਼ੀਆਂ ਦੀ ਗਿਣਤੀ 6,654 ਤੋਂ ਵੱਧ ਕੇ 13,044 ਹੋ ਗਈ ਹੈ।

ਰਿਪੋਰਟ ਦੇ ਅਨੁਸਾਰ ਮਹਾਰਾਸ਼ਟਰ, ਤਾਮਿਲਨਾਡੂ ਅਤੇ ਮੱਧ ਪ੍ਰਦੇਸ਼ ਵਿੱਚ ਵਿਦਿਆਰਥੀ ਖ਼ੁਦਕੁਸ਼ੀਆਂ ਦੀ ਦਰ ਸਭ ਤੋਂ ਵੱਧ ਹੈ, ਜੋ ਦੇਸ਼ ਭਰ ਵਿੱਚ ਕੁੱਲ ਘਟਨਾਵਾਂ ਦਾ ਇੱਕ ਤਿਹਾਈ ਹਿੱਸਾ ਹੈ। ਦੱਖਣੀ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਇਹਨਾਂ ਵਿੱਚੋਂ 29 ਪ੍ਰਤੀਸ਼ਤ ਕੇਸ ਹਨ, ਰਾਜਸਥਾਨ, ਜੋ ਕਿ ਆਪਣੇ ਉੱਚ ਮੁਕਾਬਲੇ ਵਾਲੇ ਅਕਾਦਮਿਕ ਮਾਹੌਲ ਲਈ ਜਾਣਿਆ ਜਾਂਦਾ ਹੈ, 10ਵੇਂ ਸਥਾਨ ’ਤੇ ਹੈ। ਇਹ ਕੋਟਾ ਵਰਗੇ ਕੋਚਿੰਗ ਕੇਂਦਰਾਂ ਵਿੱਚ ਮਹੱਤਵਪੂਰਨ ਦਬਾਅ ਨੂੰ ਉਜਾਗਰ ਕਰਦਾ ਹੈ। ਮਾਨਸਿਕ ਬਿਮਾਰੀ ਵਾਲੇ ਲੋਕਾਂ ਲਈ 2017 ਮਾਨਸਿਕ ਸਿਹਤ ਸੰਭਾਲ ਐਕਟ ਦੇ ਆਤਮ ਹੱਤਿਆ ਦੀਆਂ ਕੋਸ਼ਿਸ਼ਾਂ ਦੇ ਅਪਰਾਧੀਕਰਨ ਨੇ ਵੀ ਰਿਪੋਰਟਿੰਗ ਅਭਿਆਸਾਂ ’ਤੇ ਅਪਰਾਧੀਕਰਨ ਦੇ ਲੰਬੇ ਪ੍ਰਭਾਵ ਨੂੰ ਪੂਰੀ ਤਰ੍ਹਾਂ ਨਹੀਂ ਮਿਟਾਇਆ ਹੈ। ਇਸ ਤੋਂ ਇਲਾਵਾ, ਮਹੱਤਵਪੂਰਨ ਡੇਟਾ ਅਸੰਗਤਤਾਵਾਂ ਨਾਕਾਫ਼ੀ ਡਾਟਾ ਇਕੱਤਰ ਕਰਨ ਦੀਆਂ ਪ੍ਰਣਾਲੀਆਂ ਤੋਂ ਪੈਦਾ ਹੁੰਦੀਆਂ ਹਨ, ਖਾਸ ਕਰਕੇ ਪੇਂਡੂ ਖੇਤਰਾਂ ਵਿੱਚ ਜਿੱਥੇ ਸ਼ਹਿਰੀ ਸੈਟਿੰਗਾਂ ਦੇ ਮੁਕਾਬਲੇ ਰਿਪੋਰਟਿੰਗ ਘੱਟ ਭਰੋਸੇਯੋਗ ਹੈ।

ਆਈ.ਸੀ.3 ਮੂਵਮੈਂਟ ਦੇ ਸੰਸਥਾਪਕ ਗਣੇਸ਼ ਕੋਹਲੀ ਨੇ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਰਿਪੋਰਟ ਵਿਦਿਅਕ ਸੈਟਿੰਗਾਂ ਵਿੱਚ ਮਾਨਸਿਕ ਸਿਹਤ ਦੇ ਮੁੱਦਿਆਂ ਨਾਲ ਨਜਿੱਠਣ ਦੀ ਜ਼ਰੂਰੀ ਲੋੜ ਨੂੰ ਉਜਾਗਰ ਕਰਦੀ ਹੈ। ਸਾਡਾ ਵਿਦਿਅਕ ਫ਼ੋਕਸ ਸਾਡੇ ਸਿੱਖਿਆਰਥੀਆਂ ਦੀਆਂ ਯੋਗਤਾਵਾਂ ਨੂੰ ਉਤਸ਼ਾਹਿਤ ਕਰਨ ਵੱਲ ਬਦਲਣਾ ਚਾਹੀਦਾ ਹੈ ਜੋ ਕਿ ਉਹਨਾਂ ਦੀ ਸਮੁੱਚੀ ਭਲਾਈ ਦਾ ਸਮਰਥਨ ਕਰਦਾ ਹੈ ਨਾ ਕਿ ਉਹਨਾਂ ਨੂੰ ਇੱਕ



ਦੂਜੇ ਵਿੱਚ ਮੁਕਾਬਲਾ ਕਰਨ ਲਈ ਪ੍ਰੇਰਿਤ ਕਰੇ। ਇਹ ਲਾਜ਼ਮੀ ਹੈ ਕਿ ਅਸੀਂ ਹਰੇਕ ਸੰਸਥਾ ਦੇ ਅੰਦਰ ਇੱਕ ਵਿਵਸਥਿਤ, ਵਿਆਪਕ, ਅਤੇ ਮਜ਼ਬੂਤ ਕੈਰੀਅਰ ਅਤੇ ਕਾਲਜ ਕਾਉਂਸਲਿੰਗ ਪ੍ਰਣਾਲੀ ਦਾ ਨਿਰਮਾਣ ਕਰੀਏ, ਜੋਕਿ ਸਿੱਖਣ ਦੇ ਪਾਠਕ੍ਰਮ ਵਿੱਚ ਸਹਿਜੇ ਹੀ ਜੋੜੀ ਹੋਈ ਹੋਵੇ। ਰਿਪੋਰਟ ਵਿੱਚ ਵਿਦਿਆਰਥੀਆਂ ਦੀਆਂ ਖ਼ੁਦਕੁਸ਼ੀਆਂ ਵਿੱਚ ਮਹੱਤਵਪੂਰਨ ਵਾਧੇ ਨੂੰ ਵੀ ਉਜਾਗਰ ਕੀਤਾ ਗਿਆ ਹੈ, ਜਿਸ ਵਿੱਚ ਪਿਛਲੇ ਦਸ ਸਾਲਾਂ ਵਿੱਚ ਪੁਰਸ਼ਾਂ ਦੀਆਂ ਖ਼ੁਦਕੁਸ਼ੀਆਂ ਵਿੱਚ 50 ਫ਼ੀਸਦੀ ਅਤੇ ਔਰਤਾਂ ਦੀਆਂ ਖ਼ੁਦਕੁਸ਼ੀਆਂ ਵਿੱਚ 61 ਫ਼ੀਸਦੀ ਵਾਧਾ ਦਰਸਾਉਂਦਾ ਹੈ।

# ਜੀਵਨ ਵਿੱਚ ਸਾਹਿਤ ਤੇ ਪੁਸਤਕਾਂ ਦਾ ਮਹੱਤਵ



ਰਜਿੰਦਰ ਕੌਰ ਜੀਤ
9914711191

ਰੁਝੇਵਿਆਂ ਭਰੀ ਹਰ ਇੱਕ ਇਨਸਾਨ ਦੀ ਜ਼ਿੰਦਗੀ ਵਿੱਚ ਅਜਿਹੇ ਸਾਥੀ ਦੀ ਲੋੜ ਪੈਂਦੀ ਹੈ, ਜੋ ਉਸ ਨੂੰ ਮੁਸ਼ਕਿਲਾਂ ਵਿੱਚ ਸਹੀ ਰਾਸਤਾ ਦਿਖਾ ਸਕੇ, ਉਸ ਦਾ ਮਾਰਗਦਰਸ਼ਨ ਕਰ ਸਕੇ। ਮੈਨੂੰ ਲੱਗਦਾ ਹੈ ਪੁਸਤਕਾਂ ਤੋਂ ਵੱਧ ਕੋਈ ਵੀ ਅਜਿਹਾ ਸੰਗੀ ਸਾਥੀ ਨਹੀਂ ਹੋ ਸਕਦਾ। ਪੁਸਤਕਾਂ ਇੱਕ ਅਜਿਹਾ ਜੀਵਨ ਸਾਥੀ ਹੁੰਦੀਆਂ ਹਨ ਜੋ ਮਨੁੱਖੀ ਸੋਚ ਦਾ ਦਾਇਰਾ ਵਧਾ ਦਿੰਦੀਆਂ ਹਨ। ਮੈਨੂੰ ਕਿਸੇ ਲੇਖਕ ਦੀਆਂ ਲਿਖੀਆਂ ਕੁਝ ਸਤਰਾਂ ਯਾਦ ਆ ਰਹੀਆਂ ਹਨ ਜਿਸ ਵਿੱਚ ਲਿਖਿਆ ਹੈ, ਜੇ ਪੂਰਾ ਕਰਨਾ ਖੁਆਬਾਂ ਨੂੰ ਤਾਂ, ਰੱਖਿਓ ਨਾਲ ਕਿਤਾਬਾਂ ਨੂੰ। ਕਿਤਾਬਾਂ ਸਾਡਾ ਮਾਰਗਦਰਸ਼ਨ ਹੀ ਨਹੀਂ ਸਗੋਂ ਸਾਨੂੰ ਆਪਣੇ ਜੀਵਨ ਉਦੇਸ਼ ਨੂੰ ਪੂਰਾ ਕਰਨ ਵਿੱਚ ਵੀ ਸਹਾਈ ਹੁੰਦੀਆਂ ਹਨ। ਅਸੀਂ ਇਹ ਸੁਣਿਆ ਹੈ, ਕਿ ਦੱਖਣ ਭਾਰਤ ਦੇ ਵਿਦਿਆਰਥੀ ਬਹੁਤ ਸਮਾਂ ਕਿਤਾਬਾਂ ਪੜ੍ਹਨ ਨੂੰ ਦਿੰਦੇ ਹਨ। ਜੇਕਰ ਅਸੀਂ ਸਾਖ਼ਰਤਾ ਦਰ ਦੀ ਗੱਲ ਕਰੀਏ ਤਾਂ ਪੂਰੇ ਭਾਰਤ ਵਿੱਚ ਦੱਖਣੀ ਭਾਰਤ ਦਾ ਰਾਜ ਕੇਰਲਾ ਸਭ ਤੋਂ ਅੱਗੇ ਹੈ। ਇਸ ਦੇ ਦੋ ਕਾਰਨ ਹਨ ਇਕ ਉਹ ਲੋਕ ਆਪਣੀ ਮਾਂ ਬੋਲੀ ਨੂੰ ਬਹੁਤ ਮਹੱਤਵ ਦਿੰਦੇ ਹਨ ਦੂਜਾ ਉਹਨਾਂ ਦੀ ਮੁੱਢਲੀ ਪੜ੍ਹਾਈ ਤੋਂ ਲੈ ਕੇ ਉਚੇਰੀ ਵਿਦਿਆ ਤੱਕ ਦੀ ਪੜ੍ਹਾਈ ਆਪਣੀ ਮਾਂ ਬੋਲੀ ਵਿੱਚ ਹੀ ਸਿੱਖਿਆ ਪ੍ਰਾਪਤ ਕਰਦੇ ਹਨ। ਜਿਸ ਕਾਰਨ ਉਹਨਾਂ ਦੀ ਸਮਝ ਦਾ ਦਾਇਰਾ ਵਿਸ਼ਾਲ ਹੋ ਜਾਂਦਾ ਹੈ। ਉਹ ਕਿਤਾਬਾਂ ਪੜ੍ਹਨ ਦੇ ਬਹੁਤ ਸ਼ੌਕੀਨ ਹਨ। ਲਗਭਗ ਹਰ ਇੱਕ ਘਰ ਵਿੱਚ, ਹਰ ਇੱਕ ਮੈਂਬਰ ਦੀ ਆਪਣੀ ਨਿੱਜੀ ਲਾਇਬ੍ਰੇਰੀ ਹੈ। ਜੇਕਰ ਲਾਇਬ੍ਰੇਰੀ ਨਹੀਂ ਵੀ ਹੈ ਤਾਂ ਉਹਨਾਂ ਨੇ ਆਪਣੇ ਜੀਵਨ ਵਿੱਚ ਕੁਝ ਕੁ ਕਿਤਾਬਾਂ ਦੀ ਪੂੰਜੀ ਜ਼ਰੂਰ ਬਣਾਈ ਹੁੰਦੀ ਹੈ।

ਕਿਤਾਬਾਂ ਵਿਅਕਤੀ ਦੇ ਵਿਚਾਰ ਬਦਲ ਦਿੰਦੀਆਂ ਹਨ। ਚੰਗੀਆਂ ਕਿਤਾਬਾਂ ਪੜ੍ਹਨ ਨਾਲ ਵਿਅਕਤੀ ਦੇ ਵਿਚਾਰ ਚੰਗੇ ਹੋ ਜਾਂਦੇ ਹਨ, ਚੰਗੀ ਕਿਤਾਬ ਪੜ੍ਹਨ ਨਾਲ ਸਾਨੂੰ ਜੀਵਨ ਜਿਉਣ ਦੀ ਸੇਧ ਮਿਲਦੀ ਹੈ। ਕਿਸੇ ਚੰਗੀ ਕਿਤਾਬ ਦੀ ਕੀਤੀ ਹੋਈ ਚੋਣ ਇੱਕ ਚੰਗੇ ਅਧਿਆਪਕ ਦੀ ਤਰ੍ਹਾਂ ਹੁੰਦੀ ਹੈ, ਜੋ ਸਾਨੂੰ ਬਹੁਤ ਕੁਝ ਸਿਖਾਉਂਦੀਹੈ। ਕਿਤਾਬਾਂ ਪੜ੍ਹਨ ਵਾਲਾ ਵਿਅਕਤੀ ਕਦੇ ਵੀ ਆਪਣੇ ਆਪ ਨੂੰ ਇਕੱਲਾ ਮਹਿਸੂਸ ਨਹੀਂ ਕਰਦਾ। ਪ੍ਰਸਿੱਧ ਕਵੀ ਤੇ ਲੇਖਕ ਰਸੂਲ ਹਮਜ਼ਾਤੋਵ ਨੇ ਪੁਸਤਕਾਂ ਸਬੰਧੀ ਕਿਹਾ ਸੀ ਕਿ ਖੁਦ ਨੂੰ ਸਮਝਣ ਵਾਸਤੇ ਕਿਤਾਬਾਂ ਦੀ ਲੋੜ ਹੁੰਦੀ ਹੈ, ਦੂਜਿਆਂ ਨੂੰ ਸਮਝਣ ਵਾਸਤੇ ਵੀ ਕਿਤਾਬਾਂ ਦੀ ਲੋੜ ਹੁੰਦੀ ਹੈ। ਕਿਤਾਬਾਂ ਦਾ ਅਧਿਐਨ ਆਤਮਿਕ ਗੁਣਾਂ ਨੂੰ ਉੱਚਾ ਚੁੱਕ ਕੇ ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਰਾਜਨੀਤਕ, ਆਰਥਿਕ ਅਤੇ ਸਮਾਜਿਕ ਰਹੁ ਰੀਤਾਂ ਵਿੱਚ ਆਈ ਗਿਰਾਵਟ ਨੂੰ ਦੂਰ ਕਰਨ ਵਿੱਚ ਸਭ ਤੋਂ ਵੱਧ ਸਹਾਇਤਾ ਕਰਦਾ ਹੈ। ਜਦੋਂ ਜ਼ਿੰਦਗੀ ਫਿੱਕੀ ਤੇ ਨੀਰਸ ਲੱਗਦੀ ਹੋਵੇ ਚਾਰੇ ਪਾਸੇ ਹਨੇਰਾ ਹੀ ਹਨੇਰਾ ਛਾਇਆ ਪ੍ਰਤੀਤ ਹੁੰਦਾ ਹੋਵੇ, ਚਾਰੇ ਪਾਸੇ ਮੁਸੀਬਤਾਂ ਦੇ ਬੱਦਲ ਮੰਡਰਾ ਰਹੇ ਹੋਣ, ਤਣਾਅ ਵਧਦਾ ਜਾ ਰਿਹਾ ਹੋਵੇ, ਤਾਂ ਅਜਿਹੇ ਸਮੇਂ ਪੁਸਤਕਾਂ ਅਹਿਮ ਰੋਲ ਅਦਾ ਕਰਦੀਆਂ ਹਨ। ਮਾਨਸਿਕ ਤਣਾਅ ਦੂਰ ਕਰ ਸਕਦੀਆਂ ਹਨ।

ਅੱਜ ਕੱਲ ਲੋਕਾਂ ਨੇ ਮੋਬਾਈਲ ਫ਼ੋਨ ਨੂੰ ਹੀ ਆਪਣੀ ਜ਼ਿੰਦਗੀ ਦਾ ਆਧਾਰ ਬਣਾ ਲਿਆ ਹੈ, ਜੇਕਰ ਕੁਝ ਲੱਭਣਾ ਵੀ ਹੁੰਦਾ ਹੈ ਚਾਹੇ ਉਹ ਸਿਹਤ ਨਾਲ ਸੰਬੰਧਿਤ ਹੋਵੇ,ਜੀਵਨ ਨਾਲ ਸੰਬੰਧਿਤ ਹੋਵੇ, ਸਮਾਜ ਨਾਲ ਸੰਬੰਧਿਤ ਹੋਵੇ, ਪੜ੍ਹਾਈ ਨਾਲ ਸੰਬੰਧਿਤ ਹੋਵੇ ਜਾਂ ਰਿਸ਼ਤਿਆਂ ਬਾਰੇ ਕੋਈ ਵੀ ਵਿਸ਼ਾ ਹੋਵੇ ਅਸੀਂ ਗੂਗਲ ਦੀ ਵਰਤੋਂ ਕਰਦੇ ਹਾਂ। ਇਹ ਇੱਕ ਸਹੂਲਤ ਦਾ ਜ਼ਰੀਆ ਹੈ। ਪਰ ਅਸੀਂ ਆਧੁਨਿਕ ਸਮੇਂ ਵਿੱਚ ਪੂਰੀ ਤਰ੍ਹਾਂ ਇਸ ਉੱਪਰ ਨਿਰਭਰ ਹੋ ਗਏ ਹਾਂ। ਬਹੁਤ ਸਾਰੀਆਂ ਅਜਿਹੀਆਂ ਗੱਲਾਂ ਹਨ ਜਿਨਾਂ ਦਾ ਗੂਗਲ ਨੂੰ ਕੋਈ ਤਜਰਬਾ ਨਹੀਂ ਹੁੰਦਾ। ਅਸੀਂ ਕਿਸੇ ਮਹਾਨ ਲੇਖਕ ਦੇ ਜੀਵਨ ਤਜਰਬਿਆਂ ਵਿੱਚੋਂ, ਜੋ ਉਸਨੇ ਆਪਣੀਆਂ ਰਚਨਾਵਾਂ ਵਿੱਚ ਸਿਰਜਿਆ ਹੁੰਦਾ ਹੈ, ਉਹਨਾਂ ਤੋਂ ਬਹੁਤ ਕੁਝ ਸਿੱਖ ਸਕਦੇ ਹਾਂ। ਕਿਤਾਬਾਂ ਕਿਸੇ ਕੌਮ ਦਾ ਸਰਮਾਇਆ ਹੁੰਦੀਆਂ ਹਨ।

ਨਵੀਂ ਪੀੜ੍ਹੀ ਦੀ ਗੱਲ ਕਰੀਏ ਤਾਂ ਅਜਿਹੀ ਸਥਿਤੀ ਬਣ ਗਈ ਹੈ, ਕਿ ਵਿਦਿਆਰਥੀ ਆਪਣੇ ਜੀਵਨ ਵਿੱਚ ਵੀ



ਕਿਤਾਬਾਂ ਨਾਲ ਮੋਹ ਨਹੀਂ ਕਰ ਰਹੇ। ਕਰੋਨਾ ਮਹਾਂਮਾਰੀ ਕਾਲ ਨੇ ਸਭ ਕੁਝ ਬਦਲ ਕੇ ਰੱਖ ਦਿੱਤਾ ਹੈ। ਹਰ ਇੱਕ ਸਕੂਲ ਜਾਂ ਸਿੱਖਿਅਕ ਸੰਸਥਾਵਾਂ ਦਾ ਕਾਰਜ ਆਨਲਾਈਨ ਹੋਣ ਲੱਗ ਪਿਆ ਹੈ। ਹੈਰਾਨਗੀ ਦੀ ਗੱਲ ਇਹ ਹੈ ਕਿ ਬੱਚੇ ਅੱਜ ਕੱਲ ਕਿਤਾਬਾਂ ਤੋਂ ਦੂਰ ਹੋ ਕੇ ਫ਼ੋਨ ਨਾਲ ਪੜ੍ਹਾਈ ਕਰ ਰਹੇ ਹਨ। ਮੈਂ ਕਿਸੇ ਪਰਿਵਾਰ ਵਿੱਚ ਕਿਸੇ ਬੱਚੇ ਨੂੰ ਫ਼ੋਨ ਚਲਾਉਂਦੇ ਹੋਏ ਦੇਖਿਆ ਜਦੋਂ ਕਿ ਉਸਦੀ ਮਾਂ ਉਸ ਨੂੰ ਫ਼ੋਨ ਨਾ ਚਲਾਉਣ ਬਾਰੇ ਕਹਿ ਰਹੀ ਸੀ, ਬੱਚੇ ਦਾ ਉੱਤਰ ਸੀ ਕਿ ਉਹ ਫੋਨ ਉੱਤੇ ਆਪਣੇ ਕਿਸੇ ਵਿਸ਼ੇ ਦਾ ਵਿਸਥਾਰ ਪੜ੍ਹ ਰਿਹਾ ਹੈ, ਜੋ ਕਿ ਸਕੂਲ ਅਧਿਆਪਕਾ ਦੁਆਰਾ ਭੇਜਿਆ ਗਿਆ ਹੈ। ਜਦੋਂ ਕਿ ਇਹ ਸਾਰਾ ਕੰਮ ਸਾਡੀਆਂ ਪਾਠ ਪੁਸਤਕਾਂ ਦਾ ਹੈ ਜੋ ਅਸੀਂ ਬੱਚਿਆਂ ਨੂੰ ਫ਼ੋਨ ਹੱਥਾਂ ਵਿੱਚ ਫੜਾ ਕੇ ਕਰਵਾ ਰਹੇ ਹਾਂ। ਇਸ ਸਭ ਦਾ ਨਤੀਜਾ ਇਹ ਹੈ ਕਿ ਇਨਾਂ ਬੱਚਿਆਂ ਦਾ ਕਿਤਾਬਾਂ ਨਾਲ ਮੋਹ ਘਟ ਗਿਆ ਹੈ, ਬੱਚੇ ਕਿਤਾਬਾਂ ਤੋਂ ਦੂਰ ਹੋ ਗਏ ਹਨ, ਇਹ ਸਭ ਕੁਝ ਆਨਲਾਈਨ ਪੜ੍ਹਾਈ ਦਾ ਨਤੀਜਾ ਹੈ। ਜਦੋਂ ਵਿਦਿਆਰਥੀ ਕਿਤਾਬਾਂ ਪੜੇਗਾ ਤਾਂ ਉਸ ਨੂੰ ਉਸ ਵਿਸ਼ੇ ਬਾਰੇ ਕੁਝ ਹੋਰ ਬਹੁਤ ਕੁਝ ਸਿੱਖਣ ਨੂੰ ਮਿਲੇਗਾ। ਕਿਤਾਬਾਂ ਪੜ੍ਹਨ ਨਾਲ ਅਸੀਂ ਦੇਸ਼ ਵਿਦੇਸ਼ ਦੀ ਜਾਣਕਾਰੀ, ਸੱਭਿਆਚਾਰ, ਇਤਿਹਾਸ, ਸਾਹਿਤ ਆਦਿ ਤੋਂ ਜਾਣੂ ਹੁੰਦੇ ਹਾਂ। ਕਿਤਾਬਾਂ ਪੜ੍ਹਨ ਵਾਲਾ ਪਾਠਕ ਇੱਕ ਚੰਗਾ ਲੇਖਕ ਬਣ ਸਕਦਾ ਹੈ, ਕਿਉਂਕਿ ਉਸ ਦੀ ਭਾਸ਼ਾ ਦਾ ਮਿਆਰ ਅਤੇ ਉਸ ਦੇ ਸੋਚਣ ਦਾ ਦਾਇਰਾ ਬਹੁਤ ਵੱਧ ਜਾਂਦਾ ਹੈ। ਜੋ ਕਿ ਉਸ ਦੀ ਸਿਰਜਣ ਸ਼ਕਤੀ ਲਈ ਇੱਕ ਮੀਲ ਪੱਥਰ ਹੁੰਦਾ ਹੈ। ਕਿਤਾਬਾਂ ਪੜ੍ਹਨ ਦੀ ਰੁਚੀ ਅੱਜ ਕੱਲ ਬਿਲਕੁਲ ਖਤਮ ਹੋ ਚੁੱਕੀ ਹੈ। ਵਿਹਲ ਦਾ ਸਮਾਂ ਜ਼ਿਆਦਾਤਰ ਸੋਸ਼ਲ ਮੀਡੀਆ ਤੇ ਬਤੀਤ ਕੀਤਾ ਜਾ ਰਿਹਾ ਹੈ। ਸੋਚਾਂ ਵਿਚਾਰਾਂ ਵਿਚਲੀ ਨਵੀਨਤਾ, ਗਹਿਰਾਈ, ਸੰਜਮਤਾ, ਸਭ ਖ਼ਤਮ ਹੋ ਚੁੱਕੀ ਹੈ। ਵਿਚਾਰਾਂ ਵਿੱਚ ਚੰਚਲਤਾ, ਉਦਾਸੀਨਤਾ, ਲੱਚਰ ਦਾ, ਗਿਰਾਵਟ, ਮਾਨਸਿਕ ਤਨਾਵ ਵਿੱਚ ਵਾਧਾ ਹੋ ਰਿਹਾ।

ਅੱਜ ਕੱਲ ਇੰਨੇ ਸਾਧਨ ਹੋਣ ਦੇ ਬਾਵਜ਼ੂਦ ਵੀ ਅੱਜ ਕੱਲ ਦੇ ਵਿਦਿਆਰਥੀ ਕਿਤਾਬੀ ਗਿਆਨ ਤੋਂ ਸੱਖਣੇ ਹਨ। ਹਰੇਕ ਸਕੂਲ, ਹਰ ਕਾਲਜ ਵਿੱਚ ਲਾਇਬ੍ਰੇਰੀਆਂ ਹੋਣ ਦੇ ਬਾਵਜ਼ੂਦ ਉਹ ਖਾਲੀ ਪਈਆਂ ਹਨ,ਕੋਈ ਵੀ ਵਿਦਿਆਰਥੀ ਇਹਨਾਂ ਵਿੱਚ ਨਜ਼ਰ ਨਹੀਂ ਆਉਂਦਾ। ਕਿਤਾਬੀ ਗਿਆਨ ਅਜਿਹਾ ਗਿਆਨ ਹੈ ਜਿਸ ਨੂੰ ਕੋਈ ਚੋਰੀ ਨਹੀਂ ਕਰ ਸਕਦਾ, ਜੋ ਹਮੇਸ਼ਾ ਤੁਹਾਡੇ ਵਿਚਾਰਾਂ ਵਿੱਚੋਂ ਝਲਕਦਾ ਰਹਿੰਦਾ ਹੈ। ਜਿਸ ਨਾਲ ਸ਼ਖਸ਼ੀਅਤ ਵਿੱਚ ਨਿਖਾਰ ਆਉਂਦਾ ਹੈ। ਜੇਕਰ ਅਸੀਂ ਆਪਣੀ ਅਗਲੀ ਪੀੜ੍ਹੀ ਨੂੰ ਕਿਤਾਬਾਂ ਨਾਲ ਜੋੜਨਾ ਚਾਹੁੰਦੇ ਹਾਂ ਤਾਂ ਘਰਾਂ ਵਿੱਚ ਸਭ ਤੋਂ ਪਹਿਲਾਂ ਮਾਂ ਬਾਪ ਨੂੰ ਅਜਿਹੀਆਂ ਆਦਤਾਂ



ਪਾਉਣੀਆਂ ਚਾਹੀਦੀਆਂ ਹਨ। ਜੇਕਰ ਬੱਚੇ ਆਪਣੇ ਮਾਤਾ ਪਿਤਾ ਦੇ ਹੱਥਾਂ ਵਿੱਚ ਕਿਤਾਬਾਂ ਦੇਖਣਗੇ ਤਾਂ ਹੀ ਉਹਨਾਂ ਦਾ ਰੁਝਾਨ ਕਿਤਾਬਾਂ ਵੱਲ ਹੋਵੇਗਾ। ਮਾਂ ਬਾਪ ਨੂੰ ਚਾਹੀਦਾ ਹੈ ਕਿ ਜਿੱਥੇ ਕਿਤੇ ਵੀ ਪੁਸਤਕ ਮੇਲਾ ਹੋਵੇ, ਉਥੇ ਉਹ ਆਪਣੇ ਬੱਚਿਆਂ ਨੂੰ ਜਰੂਰ ਨਾਲ ਲੈ ਕੇ ਜਾਣ ਅਤੇ ਉਨਾਂ ਦੇ ਜਨਮ ਦਿਨ ਜਾਂ ਹੋਰ ਮੌਕਿਆਂ ਉੱਤੇ ਉਹਨਾਂ ਨੂੰ ਕਿਤਾਬਾਂ ਤੋਹਫ਼ਿਆਂ ਦੇ ਰੂਪ ਵਿੱਚ ਦੇਣ। ਘਰਾਂ ਵਿੱਚ ਜਰੂਰ ਕਿਤਾਬਾਂ ਖਰੀਦ ਕੇ ਰੱਖੋ। ਜਦੋਂ ਘਰ ਵਿੱਚ ਕਿਤਾਬਾਂ ਸੈਲਫਾਂ ਤੇ ਸਜੀਆਂ ਹੋਣਗੀਆਂ,ਕਦੇ ਨਾ ਕਦੇ ਉਹਨਾਂ ਨੂੰ ਚੁੱਕ ਕੇ ਵੀ ਪੜ੍ਹਿਆ ਜਾਵੇਗਾ। ਹਰ ਕਿਤਾਬ ਦੀ ਆਪਣੀ ਤਾਕਤ ਹੁੰਦੀ ਹੈ, ਇਸ ਦਾ ਪਤਾ ਸਿਰਫ਼ ਉਸਨੂੰ ਹੀ ਹੋ ਸਕਦਾ ਹੈ, ਜੋ ਇਸ ਵਿੱਚੋਂ ਦੀ ਲੰਘਿਆ ਹੋਵੇ।

ਅਲੈਗਜਾਂਡਰ ਐਸ ਨੇ ਕਿਹਾ ਹੈ, ਪੁਸਤਕਾਂ ਕਿਸੇ ਕੌਮ ਦੀਆਂ ਅਮਰ ਯਾਦਾਂ ਹਨ।

ਲਾਰਡ ਮੈਕਾਲੇ ਨੇ ਕਿਹਾ ਹੈ, ਮੈਂ ਇੱਕ ਗਰੀਬ ਆਦਮੀ ਵਾਂਗ ਕਿਸੇ ਛੋਟੀ ਜਿਹੀ ਕੋਠੜੀ ਵਿੱਚ ਰਹਿ ਲਵਾਂਗਾ, ਜਿੱਥੇ ਕਿਤਾਬਾਂ ਹੋਣ, ਬਜਾਏ ਐਸਾ ਬਾਦਸ਼ਾਹ ਬਣਨ ਦੇ, ਜਿਸ ਨੂੰ ਕਿਤਾਬਾਂ ਨਾਲ ਉੱਕਾ ਪਿਆਰ ਨਾ ਹੋਵੇ।

ਅੰਤ ਵਿੱਚ ਇਹ ਹੀ ਕਿਹਾ ਜਾ ਸਕਦਾ ਹੈ ਕਿ ਉੱਤਮ ਪੁਸਤਕਾਂ ਉਹ ਦਰਸ਼ਨ ਹਨ, ਜਿਨਾਂ ਵਿੱਚ ਸੰਤਾਂ, ਮਹਾਂਪੁਰਖਾਂ, ਮਹਾਨ ਵਿਦਵਾਨਾਂ ਦੇ ਪ੍ਰਤੀਬਿੰਬ ਦੇ ਦਰਸ਼ਨ ਹੋਣ। ਕਿਤਾਬਾਂ ਜਾਣਕਾਰੀ ਤੇ ਗਿਆਨ ਦਾ ਸਮੁੰਦਰ ਹਨ, ਜਿਸ ਵਿੱਚ ਚੁੱਭੀ ਲਾਉਣ ਨਾਲ ਜਿੰਦਗੀ ਜਿਉਣ ਦੀ ਜਾਂਚ ਆਉਂਦੀ ਹੈ।



# ਫ਼ਸਲੀ ਵੰਨ ਸੁਵੰਨਤਾ ਸਮੇਂ ਦੀ ਲੋੜ

## ਖਾਦਾਂ, ਸਪਰੇਆਂ ਤੇ ਦਵਾਈਆਂ ਦੀ ਅੰਨ੍ਹੇ ਵਾਹ ਵਰਤੋਂ ਨੇ ਪੌਣ ਤੇ ਧਰਤੀ ਹੇਠਲੇ ਪਾਣੀ ਜ਼ਹਿਰੀਲੇ ਬਣਾਏ

ਜਗਦੇਵ ਸ਼ਰਮਾ ਬੁਗਰਾ

ਅਨਾਜ ਦੀ ਪੈਦਾਵਾਰ ਵਧਾਉਣ ਲਈ ਤੇ ਖੇਤੀ ਉੱਨਤੀ ਲਈ ਲੁਧਿਆਣਾ ਵਿਖੇ 1962 ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਗਈ। ਹਰੀ ਕ੍ਰਾਂਤੀ ਦੇ ਨਾਂ ਹੇਠ ਵੱਧ ਝਾੜ ਦੇਣ ਵਾਲੇ ਬੀਜ ਬਾਹਰੋਂ ਦਰਾਮਦ ਕੀਤੇ ਗਏ। ਖੇਤੀ ਦਾ ਮਸ਼ੀਨੀਕਰਨ ਕੀਤਾ ਗਿਆ। ਨਤੀਜਾ, ਦੇਸ਼ ਵਿੱਚ ਅਨਾਜ ਦੀ ਪੈਦਾਵਾਰ ਵਧਣ ਲੱਗੀ ਤੇ ਦੇਸ਼ ਅੰਨ ਦੇ ਮਾਮਲੇ ਵਿੱਚ ਆਤਮ ਨਿਰਭਰਤਾ ਵੱਲ ਵਧਣ ਲੱਗਿਆ। 1950-51 ਵਿੱਚ ਅਨਾਜ ਦੀ ਜਿਹੜੀ ਪੈਦਾਵਾਰ 51 ਮਿਲੀਅਨ ਟਨ ਸੀ, 2020-21 ਦੌਰਾਨ 303 ਮਿਲੀਅਨ ਟਨ 'ਤੇ ਜਾ ਪਹੁੰਚੀ ਹੈ।

ਹਰੀ ਕ੍ਰਾਂਤੀ ਤੋਂ ਪਹਿਲਾਂ ਪ੍ਰੰਪਰਾਵਾਦੀ ਖੇਤੀਬਾੜੀ ਹੁੰਦੀ ਸੀ। ਓਦੋਂ ਹਰ ਕਿਸਾਨ ਪਰਿਵਾਰ ਆਪਣੇ ਪਰਿਵਾਰ ਦੇ ਗੁਜ਼ਾਰੇ ਜੋਗਾ ਅਨਾਜ ਯਾਨੀ ਕਣਕ, ਮੱਕੀ, ਚਾਵਲ ਉਗਾਉਂਦਾ ਸੀ। ਗੁੜ ਲਈ ਗੰਨਾ ਤੇ ਖੱਦਰ ਦੇ ਕੱਪੜਿਆਂ ਜੋਗੀ ਕਪਾਹ (ਨਰਮਾ ਨਹੀਂ), ਬੀਜੇ ਜਾਂਦੇ ਸਨ। ਮੂੰਗੀ, ਅਰਹਰ ਜਿਹੀਆਂ ਦਾਲਾਂ ਬੀਜੀਆਂ ਜਾਂਦੀਆਂ ਸਨ। ਤੇਲ ਦੀ ਲੋੜ ਪੂਰੀ ਕਰਨ ਲਈ, ਸਰ੍ਹੋਂ, ਤੋਰੀਆ, ਮੂੰਗਫਲੀ, ਅਲਸੀ ਜਿਹੀਆਂ ਫ਼ਸਲਾਂ ਦੀ ਕਾਸ਼ਤ ਕੀਤੀ ਜਾਂਦੀ ਸੀ। ਮੈਂ ਸਾਡੇ ਖੇਤਾਂ ਵਿੱਚ ਘਰੇਲੂ ਸਾਬਣ ਤਿਆਰ ਕਰਨ ਲਈ ਅਰਿੰਡ ਬੀਜੇ ਦੇਖੇ ਹਨ। ਸੌਂਫ ਵੀ ਲੋਕ ਘਰ ਦੀ ਬੀਜ ਲੈਂਦੇ ਸਨ। ਸਬਜ਼ੀਆਂ ਲਈ ਕੱਦੂ, ਬੈਂਗਣ, ਤੋਰੀਆਂ, ਕਰੇਲੇ, ਟਿੰਡੀਆਂ ਤੇ ਮਿਰਚਾਂ ਬੀਜੀਆਂ ਹੁੰਦੀਆਂ ਸਨ। ਸਿਆਲ ਦੀ ਰੁੱਤੇ ਸਰ੍ਹੋਂ ਦਾ ਸਾਗ ਮਨ ਭਾਉਂਦੀ ਸਬਜ਼ੀ ਸੀ। ਹਰ ਕਿਸਾਨ ਦੇ ਖੇਤ ਪਿਆਜ਼,



ਲਹਸਨ ਵੀ ਬੀਜੇ ਹੁੰਦੇ। ਪਸ਼ੂਆਂ ਨੂੰ ਬੰਨ੍ਹਣ ਲਈ ਰੱਸੇ ਪੈੜੇ ਜਿਨ੍ਹਾਂ ਕੁ ਸਣ ਸਨੁਕੜਾ ਵੀ ਘਰ ਦਾ ਹੀ ਹੁੰਦਾ ਸੀ। ਖ਼ਰਬੂਜ਼ੇ, ਖੱਖੜੀਆਂ, ਜਾਮਣ, ਅੰਬ, ਅਮਰੂਦ, ਬੇਰ ਖੇਤਾਂ 'ਚ ਆਮ ਹੀ ਮਿਲ ਜਾਂਦੇ ਸਨ।

ਹਰੀ ਕ੍ਰਾਂਤੀ ਨਾਲ ਉਪਰੋਕਤ ਸਾਰੀਆਂ ਫ਼ਸਲਾਂ ਦੀ ਕਾਸ਼ਤ ਛੱਡ ਕੇ ਪੰਜਾਬ, ਹਰਿਆਣਾ ਤੇ ਉੱਤਰ ਪ੍ਰਦੇਸ਼ ਦੇ ਉੱਤਰ ਪੱਛਮੀ ਤਰਾਈ ਵਾਲੇ ਇਲਾਕੇ ਦਾ ਕਿਸਾਨ ਸਿਰਫ਼ ਕਣਕ ਤੇ ਝੋਨੇ ਦੇ ਕੁਚੱਕਰ ਵਿੱਚ ਫਸ ਕੇ ਰਹਿ ਗਿਆ ਹੈ। ਇਹ ਦੋਵੇਂ ਫ਼ਸਲਾਂ ਕਿਸਾਨ ਲਈ ਵਪਾਰਕ ਫ਼ਸਲਾਂ ਬਣ ਗਈਆਂ ਹਨ। ਪਰਿਵਾਰ, ਪਸ਼ੂਆਂ ਤੇ ਅਗਲੇ ਸਾਲ ਵਾਸਤੇ ਬੀਜ ਦੇ ਲਈ ਕਣਕ ਘਰ ਰੱਖ ਕੇ, ਬਾਕੀ ਮੰਡੀ ਵਿੱਚ ਵੇਚ ਦਿੱਤੀ ਜਾਂਦੀ ਹੈ। ਪੰਜਾਬੀਆਂ ਦਾ ਕੁੱਲ ਝੋਨਾ ਮੰਡੀ ਵਿੱਚ ਹੀ ਵਿਕਦਾ ਹੈ। ਪੰਜਾਬ ਦਾ ਬਹੁਤ ਥੋੜ੍ਹਾ ਇਲਾਕਾ (ਸਿਰਫ਼ ਹੁਸ਼ਿਆਰਪੁਰ) ਮੱਕੀ ਪੈਦਾ ਕਰਦਾ ਹੈ ਤੇ ਪੱਛਮੀ ਬਠਿੰਡਾ ਤੇ ਫਿਰੋਜ਼ਪੁਰ ਜ਼ਿਲ੍ਹੇ ਦਾ ਥੋੜ੍ਹਾ ਹਿੱਸਾ ਨਰਮਾ।

ਪੰਜਾਬ ਸਰਕਾਰ ਦੁਆਰਾ ਖੇਤੀ ਸੈਕਟਰ ਲਈ ਬਿਜਲੀ ਮੁਫ਼ਤ ਕੀਤੇ ਜਾਣ ਕਾਰਨ ਕਿਸਾਨਾਂ ਨੇ ਨਹਿਰੀ ਪਾਣੀ ਉੱਪਰ ਨਿਰਭਰਤਾ ਘਟਾ ਕੇ ਧਰਤੀ ਹੇਠੋਂ ਟਿਊਬਵੈਲਾਂ ਰਾਹੀਂ ਪਾਣੀ ਖਿੱਚਣ ਨੂੰ ਤਰਜੀਹ ਦਿੱਤੀ ਹੈ। ਜ਼ਿਆਦਾਤਰ ਨਹਿਰੀ ਖ਼ਾਲ ਕਿਸਾਨਾਂ ਨੇ ਵਾਹ ਕੇ ਖੇਤਾਂ ਵਿੱਚ ਰਲਾ ਲਏ ਹਨ। ਪੰਜਾਬ ਦੇ ਕੁੱਲ 149 ਬਲਾਕਾਂ ਵਿੱਚੋਂ 116 ਬਲਾਕ ਡਾਰਕ ਜ਼ੋਨ ਵਿਚ ਹਨ। ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਵਿੱਚ ਪਾਣੀ ਦੀ ਰਾਸ਼ਨਿੰਗ ਸ਼ੁਰੂ ਹੋ ਜਾਏਗੀ।

ਦੂਜੀ ਵੱਡੀ ਸਮੱਸਿਆ ਹੈ ਪ੍ਰਦੂਸ਼ਣ। ਅਕਤੂਬਰ ਨਵੰਬਰ ਦੇ ਮਹੀਨੇ ਝੋਨੇ ਦੀ ਪਰਾਲੀ ਖੇਤਾਂ ਵਿੱਚ ਹੀ ਜਲਾ ਦਿੱਤੀ ਜਾਂਦੀ ਹੈ। ਅਪ੍ਰੈਲ ਮਈ ਵਿੱਚ ਕਣਕ ਦੇ ਜ਼ਿਆਦਾਤਰ ਨਾੜ ਦੀ ਤੂੜੀ ਬਣਾ ਲੈਣ ਤੋਂ ਬਾਅਦ ਵੀ ਰਹਿੰਦ-ਖੂੰਹਦ ਜਲਾਉਣ ਤੋਂ ਪਰਹੇਜ਼ ਨਹੀਂ ਕੀਤਾ ਜਾਂਦਾ। ਬੱਚੇ ਬੁੱਢੇ ਬਿਮਾਰਾਂ ਲਈ ਅਜਿਹਾ ਮੌਸਮ ਜਾਨਲੇਵਾ ਵੀ ਸਾਬਤ ਹੁੰਦਾ ਹੈ। ਸੜਕਾਂ ਦੇ ਨੇੜਲੇ ਖੇਤਾਂ ਦਾ ਧੂੰਆਂ ਐਕਸੀਡੈਂਟਾਂ ਦਾ ਕਾਰਨ ਵੀ ਬਣਦਾ ਹੈ। ਜ਼ਿੰਦਗੀ ਬਖ਼ਸ਼ਣ ਵਾਲੇ ਰੁੱਖ ਵੀ ਸਾੜ ਦਿੱਤੇ ਜਾਂਦੇ ਹਨ। ਵਾਤਾਵਰਨ ਦੇ ਵਿਗਾੜ ਨੇ ਪਿਛਲੇ ਸਾਲ ਹੜ੍ਹਾਂ ਨਾਲ ਅਤੇ ਇਸ ਸਾਲ ਗਰਮੀ ਨਾਲ ਲੋਕਾਂ ਦੇ ਨੱਕ ਵਿਚ ਦਮ ਕਰੀ ਰੱਖਿਆ ਹੈ। ਕਿਸਾਨਾਂ ਦੇ ਮਿੱਤਰ ਕੀੜੇ ਪੰਛੀ ਵੀ ਨਾੜ ਨਾਲ ਸੜ ਮਰਦੇ ਹਨ। ਦਿਖਾਵੇ ਖ਼ਾਤਰ ਅਫ਼ਸਰਸ਼ਾਹੀ ਕੁੱਝ ਕੁ ਕਿਸਾਨਾਂ ਤੇ ਕੇਸ ਦਰਜ ਕਰ ਲੈਂਦੀ ਹੈ ਤੇ ਜਰਮਾਨੇ ਕੀਤੇ ਜਾਂਦੇ ਹਨ। ਕਿਸਾਨ ਯੂਨੀਅਨਾਂ ਦਾ ਤਰਕ ਹੈ ਕਿ ਸੜਕਾਂ 'ਤੇ ਭੱਜੇ ਫਿਰਦੇ ਵਾਹਨ ਅਤੇ ਫੈਕਟਰੀਆਂ ਦਾ ਧੂੰਆਂ ਜ਼ਿਆਦਾ ਪ੍ਰਦੂਸ਼ਣ ਫੈਲਾਉਂਦਾ ਹੈ। ਪ੍ਰੰਤੂ ਇਹ ਤਰਕ ਆਮ ਲੋਕਾਂ ਦੀ ਜ਼ਿੰਦਗੀ ਨਾਲ ਖਿਲਵਾੜ ਕਰਨ ਦਾ ਅਧਿਕਾਰ ਕਦਾਚਿਤ ਨਹੀਂ ਦਿੰਦਾ।

ਤੀਜੀ ਸਮੱਸਿਆ ਖਾਦਾਂ, ਸਪਰੇਆਂ ਤੇ ਦਵਾਈਆਂ ਦੀ ਅੰਨ੍ਹੇ ਵਾਹ ਵਰਤੋਂ ਨੇ ਪੌਣ ਤੇ ਧਰਤੀ ਹੇਠਲੇ ਪਾਣੀ ਜ਼ਹਿਰੀਲੇ ਬਣਾ ਦਿੱਤੇ ਹਨ। ਬਹੁਤੀ ਜਨਤਾ ਸਾਹ ਲੈਣ ਦੀ ਬਿਮਾਰੀ ਤੋਂ ਗ੍ਰਸਤ ਹੈ। ਬਠਿੰਡਾ ਇਲਾਕੇ ਦੇ ਬਹੁਤੇ ਪਿੰਡਾਂ ਵਿੱਚ ਕੈਂਸਰ ਵਰਗੀ ਮਾਰੂ ਬਿਮਾਰੀ ਨੇ ਪੈਰ ਪਸਾਰ ਲਏ ਹਨ। ਇਸ ਬਿਮਾਰੀ ਤੋਂ ਪੀੜਤ ਲੋਕ ਰਾਜਸਥਾਨ ਵਿੱਚ ਬੀਕਾਨੇਰ ਤੋਂ ਇਲਾਜ ਕਰਵਾਉਣ ਜਾਂਦੇ ਹਨ। ਬੀਕਾਨੇਰ ਜਾਣ ਵਾਲੀ ਟ੍ਰੇਨ ਦਾ ਨਾਂ ਲੋਕਾਂ ਨੇ ਕੈਂਸਰ ਟ੍ਰੇਨ ਹੀ ਰੱਖ ਲਿਆ ਹੈ। ਇਸ ਵਰਤਾਰੇ ਨੇ ਰੰਗਲੇ ਪੰਜਾਬ ਦੀ ਧਰਤੀ ਦੀ ਜਰਖੇਜ਼ ਸ਼ਕਤੀ ਵੀ ਘੱਟ ਕਰ ਦਿੱਤੀ ਹੈ।



ਉਪਰੋਕਤ ਸਾਰੀਆਂ ਸਮੱਸਿਆਵਾਂ ਦਾ ਇੱਕੋ ਇੱਕ ਇਲਾਜ ਹੈ ਖੇਤੀ ਵਿਭਿੰਨਤਾ। ਕਿਸਾਨ ਨੂੰ ਝੋਨਾ ਕਣਕ ਦੇ ਕੁਚੱਕਰ ਵਿੱਚੋਂ ਕੱਢ ਕੇ ਹੋਰ ਫ਼ਸਲਾਂ ਬੀਜਣ ਲਈ ਉਤਸ਼ਾਹਿਤ ਕਰਨਾ। ਸਾਰੇ ਬੁੱਧੀਜੀਵੀ, ਰਾਜਨੀਤਿਕ ਲੋਕ ਅਤੇ ਖੇਤੀ ਵਿਗਿਆਨੀ ਵੀ ਇਸੇ ਗੱਲ 'ਤੇ ਜ਼ੋਰ ਦਿੰਦੇ ਹਨ। ਕਣਕ ਤੇ ਝੋਨਾ, ਕਿਉਂਕਿ ਕਿਸਾਨਾਂ ਲਈ ਵਪਾਰਕ ਫ਼ਸਲਾਂ ਬਣ ਗਈਆਂ ਹਨ, ਇਸ ਲਈ ਖੇਤੀ ਵਿਭਿੰਨਤਾ ਅਪਨਾਉਣ ਤੋਂ ਪਹਿਲਾਂ ਇਹ ਵੇਖਣਾ ਹੋਵੇਗਾ ਕਿ ਕੋਈ ਵੀ ਬਦਲ ਦਿੱਤਾ ਜਾਵੇ ਪਰ ਕਿਸਾਨ ਦੀ ਆਮਦਨ ਅਸਰ ਅੰਦਾਜ਼ ਨਹੀਂ ਹੋਣੀ ਚਾਹੀਦੀ। ਬੇਸ਼ੱਕ ਦੇਸ਼ ਵਿੱਚ ਘੱਟੋ-ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਮਾਨਤਾ ਨਹੀਂ ਹੈ ਪ੍ਰੰਤੂ ਅੱਜ ਦੇ ਦਿਨ ਜ਼ਿਆਦਾਤਰ ਕਿਸਾਨਾਂ ਨੂੰ ਇਨ੍ਹਾਂ ਦੋਵੇਂ ਫ਼ਸਲਾਂ ਦੀ ਮੰਡੀਕਰਨ ਦੀ ਕੋਈ ਸਮੱਸਿਆ ਨਹੀਂ ਆਉਂਦੀ ਅਤੇ ਐਮ.ਐਸ.ਪੀ. 'ਤੇ ਸਰਕਾਰੀ ਖ਼ਰੀਦ ਯਕੀਨੀ ਹੀ ਹੈ। ਇਸੇ ਲਈ ਕਿਸਾਨ ਇਹ ਫ਼ਸਲਾਂ ਬੀਜਣ ਨੂੰ ਤਰਜੀਹ ਦਿੰਦੇ ਹਨ। ਮੇਰੀ ਜਾਚੇ ਜੇਕਰ ਮੌਜੂਦਾ ਸਰਕਾਰਾਂ ਉਪਰੋਕਤ ਅਲਾਮਤਾਂ ਤੋਂ ਨਿਜ਼ਾਤ ਪਾਉਣਾ ਚਾਹੁੰਦੀਆਂ ਹਨ ਤਾਂ ਕਿਸਾਨ ਦੀ ਆਮਦਨ ਬਿਨਾਂ ਪ੍ਰਭਾਵਿਤ ਕੀਤਿਆਂ ਅਤੇ ਬਾਕੀ ਫ਼ਸਲਾਂ ਦੀ ਮੰਡੀਕਰਨ ਯਕੀਨੀ ਬਣਾਉਂਦਿਆਂ ਕਿਸਾਨਾਂ ਨਾਲ ਲਿਖਤ ਐਗਰੀਮੈਂਟ ਕਰਕੇ ਅਜਿਹਾ ਕਰ ਸਕਦੀਆਂ ਹਨ। ਜੇਕਰ ਕਿਸਾਨ ਨੂੰ ਕੋਈ ਨੁਕਸਾਨ ਹੁੰਦਾ ਦਿਖਾਈ ਨਾ ਦਿੰਦਾ ਹੋਵੇ,ਤਾਂ ਉਸ ਨੂੰ ਵੀ ਫ਼ਸਲੀ ਵੰਨ-ਸੁਵੰਨਤਾ ਅਪਣਾਉਣ ਵਿੱਚ ਕੋਈ ਇਤਰਾਜ਼ ਨਹੀਂ ਹੋਵੇਗਾ। ਨਕਲੀ ਬੀਜ ਖਾਦਾਂ ਦਵਾਈਆਂ ਅਤੇ ਦਫ਼ਤਰਾਂ ਵਿਚਲਾ ਭ੍ਰਿਸ਼ਟਾਚਾਰ ਵੀ ਖੇਤੀ ਵਿਭਿੰਨਤਾ ਦੇ ਰਾਹ ਦੀਆਂ ਰੁਕਾਵਟਾਂ ਹਨ। ਖੇਤੀ ਵਿਭਿੰਨਤਾ ਦੇ ਨਾਲ-ਨਾਲ ਫੂਡ ਪ੍ਰੋਸੈਸਿੰਗ ਇਕਾਈਆਂ ਦੀ ਸਥਾਪਨਾ, ਸਹਾਇਕ ਖੇਤੀ ਧੰਦੇ, ਬਾਗ਼ਵਾਨੀ ਆਦਿਕ ਨੂੰ ਉਤਸ਼ਾਹਿਤ ਕੀਤਾ ਜਾਵੇ।

ਖੇਤੀ ਦੀ ਵੰਨ-ਸੁਵੰਨਤਾ ਇਕੱਲੇ ਧਰਤੀ ਹੇਠਲੇ ਪਾਣੀ ਦੀ ਬੱਚਤ ਨਹੀਂ ਕਰੇਗੀ , ਸਗੋਂ ਪਰਾਲੀ ਸੜਨ ਕਾਰਨ ਪੈਦਾ ਹੋਣ ਵਾਲੇ ਪ੍ਰਦੂਸ਼ਣ ਤੋਂ ਵੀ ਨਿਜਾਤ ਦਿਵਾਏਗੀ। ਮੁਕਾਬਲਤਨ ਝੋਨੇ ਕਣਕ ਦੇ, ਬਾਕੀ ਫ਼ਸਲਾਂ ਲਈ ਖਾਦਾਂ ਦਵਾਈਆਂ ਦੀ ਵਰਤੋਂ ਦੀ ਘੱਟ ਲੋੜ ਪਵੇਗੀ ਜਿਸ ਨਾਲ ਖੇਤੀ ਖਰਚਾ ਘਟੇਗਾ ਅਤੇ ਜ਼ਿੰਦਗੀਆਂ ਨੂੰ ਸ਼ੁੱਧ ਪੌਣ-ਪਾਣੀ ਉਪਲੱਭਧ ਹੋਵੇਗਾ। ਰੁੱਖ ਪੰਛੀ, ਕੀੜੇ-ਮਕੌੜੇ ਉਜਾੜੇ ਤੋਂ ਬਚੇ ਰਹਿ ਜਾਣਗੇ। ਭਗਵੰਤ ਮਾਨ ਸਰਕਾਰ ਭਾਵੇਂ ਕੱਸੀਆਂ, ਖ਼ਾਲਾਂ ਦੀ ਸਫ਼ਾਈ ਕਰਵਾ ਕੇ ਟੇਲਾਂ ਤੱਕ ਨਹਿਰੀ ਪਾਣੀ ਪਹੁੰਚਾਉਣ ਦੇ ਉਪਰਾਲੇ ਕਰ ਰਹੀ ਹੈ ਪਰ ਨਹਿਰੀ ਪਾਣੀ ਦੀ ਬਾਰਾਂ ਮਹੀਨੇ ਤੀਹ ਦਿਨ ਆਮਦ ਨੂੰ ਯਕੀਨੀ ਬਣਾਉਣਾ ਵੀ ਬੜਾ ਜ਼ਰੂਰੀ ਹੈ।

ਅੰਤ ਵਿੱਚ ਸਿੱਟੇ ਵਜੋਂ ਕਹਿ ਸਕਦੇ ਹਾਂ ਕਿ ਸਰਕਾਰਾਂ ਅਤੇ ਕਿਸਾਨ ਯੂਨੀਅਨਾਂ ਮਿਲ ਕੇ ਬੈਠਣ, ਬੁੱਧੀਜੀਵੀਆਂ, ਵਾਤਾਵਰਨ ਪ੍ਰੇਮੀਆਂ ਅਤੇ ਖੇਤੀ ਵਿਗਿਆਨੀਆਂ ਦੇ ਸਹਿਯੋਗ ਨਾਲ ਸਮੱਸਿਆ ਦਾ ਹੱਲ ਲੱਭਣ ਕਿਉਂਕਿ ਅੱਜ ਦੇ ਵਿਗਿਆਨਕ ਯੁੱਗ ਵਿੱਚ ਅਸੰਭਵ ਕੁਝ ਵੀ ਨਹੀਂ ਹੈ।

DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਬੜੇ ਗੂੜ੍ਹੇ ਹੁੰਦੇ ਨੇ ਰਿਸ਼ਤਿਆਂ ਦੇ ਰੰਗ

ਨਿਰਮਲ ਸਿੰਘ ਦਿਓਲ



ਸ਼ੁਰੂ ਤੋਂ ਹੀ ਮਨੁੱਖ ਆਪਣਿਆਂ ਦੇ ਰਿਸ਼ਤਿਆਂ ਦਾ ਨਿੱਘ ਮਾਨਣ ਵਾਲੀ ਜ਼ਿੰਦਗੀ ਜਿਉਣ ਦਾ ਆਦੀ ਰਿਹਾ ਹੈ। ਸਮੇਂ ਦੇ ਨਾਲ-ਨਾਲ ਤਰੱਕੀਆਂ ਕਰਦਿਆਂ ਉਹ ਪਰਿਵਾਰ ਤੋਂ ਬਾਅਦ ਸਮਾਜ, ਪਿੰਡ, ਕੌਮ, ਦੇਸ਼ ਤੱਕ ਆਪਣੇ ਰਿਸ਼ਤਿਆਂ ਨੂੰ ਬਣਾਉਣ ਅਤੇ ਨਿਭਾਉਣ ਲਈ ਯਤਨਸ਼ੀਲ ਰਹਿੰਦਾ ਹੈ। ਸੋਚਣ, ਬੋਲਣ, ਸਮਝਣ, ਵਾਚਣ, ਮਾਨਣ ਜਿਹੇ ਸੂਖ਼ਮ ਗੁਣਾਂ ਕਾਰਨ ਉਹ ਆਪਣੇ ਪਰਿਵਾਰ ਅਤੇ ਆਸੇ ਪਾਸੇ ਵੱਸਦੇ ਹਰ ਮਨੁੱਖ ਪ੍ਰਤੀ ਉਹ ਭਾਵਨਾਵਾਂ, ਅਹਿਸਾਸਾਂ, ਜਜ਼ਬਾਤ ਦਾ ਆਪਣੀ ਉਸ ਨਾਲ ਨੇੜਤਾ ਮੁਤਾਬਿਕ ਸਮੇਂ, ਸਥਿਤੀ ਅਤੇ ਸਥਾਨ ਮੁਤਾਬਿਕ ਪ੍ਰਗਟਾਵਾ ਕਰਦਾ ਰਹਿੰਦਾ ਹੈ। ਜਨਮ ਲੈਣ ਤੋਂ ਬਾਅਦ ਸਭ ਤੋਂ ਪਹਿਲਾਂ ਇਨਸਾਨ ਆਪਣੇ ਘਰ ਦੇ ਖ਼ੂਨ ਦੇ ਰਿਸ਼ਤਿਆਂ ਦਾ ਨਿੱਘ ਮਾਣਦਾ ਹੈ। ਬਚਪਨ ਅਤੇ ਚੜ੍ਹਦੀ ਜਵਾਨੀ ਵਾਲੇ ਸਾਲਾਂ ਵਿੱਚ ਉਹ ਰਿਸ਼ਤਿਆਂ ਦੀ ਜ਼ਿੰਦਗੀ ਜਿਉਂਦਾ ਹੈ। ਉਸ ਨੂੰ ਆਪਣੇ ਮਾਤਾ-ਪਿਤਾ, ਦਾਦਾ-ਦਾਦੀ, ਭੈਣ-ਭਰਾਵਾਂ, ਚਾਚੇ-ਤਾਇਆਂ, ਮਾਸੀਆਂ-ਭੂਆ, ਮਾਮੇ-ਮਾਮੀਆਂ ਤੋਂ ਉਸ ਦੇ ਰਿਸ਼ਤੇ ਮੁਤਾਬਿਕ ਬੇਸ਼ੁਮਾਰ ਪਿਆਰ ਮਿਲਦਾ ਹੈ।

ਇਨ੍ਹਾਂ ਰਿਸ਼ਤਿਆਂ ਦੇ ਰੰਗ ਬੜੇ ਗੂੜ੍ਹੇ ਅਤੇ ਸਦੀਵੀ ਹੁੰਦੇ ਹਨ। ਸਵੈ ਸਿਰਜੇ ਜਾਂ ਸਮਾਜਿਕ ਤੌਰ 'ਤੇ ਸਿਰਜੇ ਰਿਸ਼ਤਿਆਂ ਵਿੱਚ ਪਤਨੀ ਅਤੇ ਸੱਚੇ ਦੋਸਤਾਂ ਮਿੱਤਰਾਂ ਦਾ ਰਿਸ਼ਤਾ ਵੀ ਬੜੀਆਂ ਰੂਹਾਨੀ ਰਹਿਮਤਾਂ ਵਰਗਾ ਹੁੰਦਾ ਹੈ। ਆਪਣੇ ਸਕੇ-ਸਬੰਧੀਆਂ, ਰਿਸ਼ਤੇਦਾਰਾਂ, ਪਰਿਵਾਰਾਂ, ਆਂਢ ਗੁਆਂਢ, ਪਿੰਡ ਵਾਲਿਆਂ, ਹਾਣੀਆਂ, ਸਕੂਲ ਕਾਲਜ ਸਮੇਂ ਨਾਲ ਪੜ੍ਹਦੇ ਸੰਗੀ ਸਾਥੀਆਂ ਲਈ ਬਾਅਦ ਵਿੱਚ ਉਹ ਚਾਹੇ ਕਿਸੇ ਵੀ ਵੱਡੇ ਸਥਾਨ 'ਤੇ ਪਹੁੰਚ ਜਾਵੇ, ਉਸ ਦੀ ਨੇੜਤਾ ਪਰਿਵਾਰਕ ਰਿਸ਼ਤਿਆਂ ਦੇ ਨਿੱਘ ਵਰਗੀ ਹੀ ਰਹਿੰਦੀ ਹੈ। ਰਿਸ਼ਤਿਆਂ ਦੀ ਜ਼ਿੰਦਗੀ ਜਿਉਂਦਿਆਂ ਇਨਸਾਨ ਜਿੰਨੀਆਂ ਵੀ ਘਰ ਵਿੱਚ ਜਾਂ ਸਕੇ ਸਬੰਧੀਆਂ ਨਾਲ ਵਿਚਰਦਿਆਂ ਵਿਆਹ ਸ਼ਾਦੀਆਂ, ਦਿਨ-ਦਿਹਾਰ, ਮੇਲੇ ਅਤੇ ਹੋਰ ਪਰਿਵਾਰਕ ਖ਼ੁਸ਼ੀਆਂ ਮੌਕੇ ਰੰਗ ਮਾਣਦਾ ਹੈ, ਰੌਣਕਾਂ ਵੇਖਦਾ ਹੈ, ਉਨ੍ਹਾਂ ਨੂੰ ਉਹ ਦਿਲ ਦੀਆਂ ਗਹਿਰਾਈਆਂ ਤੋਂ ਮਾਣਦਾ ਹੈ ਅਤੇ ਉਹ ਉਸ ਦੇ ਚੇਤਿਆਂ ਵਿੱਚ ਸਾਰੀ ਉਮਰ ਲਈ ਵੱਸ ਜਾਂਦੀਆਂ ਹਨ। ਆਪਣਿਆਂ ਨਾਲ ਹੋਈਆਂ ਅਣਹੋਣੀਆਂ, ਵਾਪਰੀਆਂ ਘਟਨਾਵਾਂ ਅਤੇ ਹੋਰ ਦੁੱਖਾਂ ਦਰਦਾਂ ਨੂੰ ਹੰਢਾਉਂਦਿਆਂਵੀ ਉਹ ਧੁਰ ਅੰਦਰ ਤੱਕ ਹਲੂਣਿਆ ਜਾਂਦਾ ਹੈ। ਖ਼ੁਸ਼ੀਆਂ ਦੇ ਮੌਕੇ 'ਤੇ ਉਹ ਖੁੱਲ੍ਹ ਕੇ ਖ਼ੁਸ਼ੀਆਂ ਮਨਾਉਂਦਾ,ਹੱਸਦਾ ਤੇ ਨੱਚਦਾ ਹੈ। ਗ਼ਮੀਆਂ, ਦੁੱਖਾਂ, ਵਿਛੋੜਿਆਂ ਸਮੇਂ ਉਹ ਰੱਜ ਕੇ ਰੋਂਦਾ ਹੈ।

ਅਜਿਹੀਆਂ ਖ਼ੁਸ਼ੀਆਂ ਅਤੇ ਦਰਦਾਂ ਦੀਆਂ ਯਾਦਾਂ ਉਸ ਦੇ ਮਨ ਦੇ ਵਰਕਿਆਂ 'ਤੇ ਕਦੇ ਨਾ ਭੁੱਲਣ ਵਾਲੀਆਂ ਕਹਾਣੀਆਂ ਬਣ ਕੇ ਲਿਖੀਆਂ ਜਾਂਦੀਆਂ ਹਨ। ਆਪਣਿਆਂ ਵਿਚ ਵਿਚਰਦਿਆਂ ਉਸ ਨੂੰ ਆਪਣੇ ਰਿਸ਼ਤੇ ਦੀ ਅਹਿਮੀਅਤ ਮੁਤਾਬਿਕ ਪਿਆਰ ਸਤਿਕਾਰ ਮਿਲਦਾ ਹੈ ਤੇ ਰਿਸ਼ਤਿਆਂ ਦੀ ਅਹਿਮੀਅਤ ਮੁਤਾਬਿਕ ਹੀ ਉਸ ਦਾ ਵੱਡਿਆਂ-ਛੋਟਿਆਂ ਅਤੇ ਦੂਸਰੇ ਰਿਸ਼ਤਿਆਂ ਦਾ ਮਾਣ ਸਤਿਕਾਰ ਕਰਨਾ ਫ਼ਰਜ਼ ਹੁੰਦਾ ਹੈ। ਇਸ ਤੋਂ ਬਾਅਦ ਆਦਮੀ ਜਦੋਂ ਆਪਣੀ ਜ਼ਿੰਦਗੀ ਨੂੰ ਦੁਨੀਆ ਵਿਚ ਵਿਚਰਦਿਆਂ ਜਿਉਂਣ ਲੱਗਦਾ ਹੈ, ਚਾਹੇ ਉਹ ਕੋਈ ਪਿਤਾ ਪੁਰਖੀ ਕੰਮ ਕਰਦਾ ਹੈ, ਚਾਹੇ ਕੋਈ ਨਵਾਂ ਵਪਾਰ ਜਾਂ ਕਾਰੋਬਾਰ ਸ਼ੁਰੂ ਕਰਦਾ ਹੈ, ਚਾਹੇ ਪੜ੍ਹ ਲਿਖ ਕੇ ਕਿਸੇ ਵੀ ਵੱਡੇ ਛੋਟੇ ਅਹੁਦੇ 'ਤੇ ਕੰਮ ਕਰਨਾ ਸ਼ੁਰੂ ਕਰਦਾ ਹੈ ਤਾਂ ਉਹ ਰੁਤਬਿਆਂ ਮੁਤਾਬਿਕ ਜ਼ਿੰਦਗੀ ਜਿਉਂਣ ਲੱਗਦਾ ਹੈ।



ਉਹ ਸਮਾਜ ਵਿੱਚ ਵਿਚਰਨ, ਬੋਲਣ-ਚੱਲਣ, ਤੁਰਨ-ਫਿਰਨ, ਉੱਠਣ-ਬੈਠਣ ਦੇ ਅਲੱਗ ਢੰਗ ਤਰੀਕੇ ਅਪਣਾਉਣ ਲੱਗਦਾ ਹੈ। ਉਸ ਦੇ ਦਿਲ ਦਿਮਾਗ ਵਿੱਚ ਸਾਂਝਾਂ, ਰਿਸ਼ਤਿਆਂ, ਮੁਹੱਬਤਾਂ, ਜਜ਼ਬਾਤ ਦੇ ਰੰਗ ਪਰਿਵਾਰਕ ਰਿਸ਼ਤਿਆਂ ਵਰਗੇ ਗੂੜ੍ਹੇ ਨਹੀਂ ਹੁੰਦੇ ਹਨ। ਉਸ ਨੂੰ ਅਕਸਰ ਹੀ ਰਸਮੀ ਜਿਹੀ ਜ਼ਿੰਦਗੀ ਜਿਉਣੀ ਪੈਂਦੀ ਹੈ। ਆਪ ਤੋਂ ਵੱਡੇ ਰੁਤਬੇ, ਦੌਲਤ, ਸ਼ੋਹਰਤ ਵਾਲੇ ਨੂੰ ਉਹ ਨੀਵਾਂ ਜਿਹਾ ਹੋ ਕੇ, ਮਿੱਠਤ ਭਰੇ ਲਹਿਜੇ ਵਿਚ ਸਲੀਕੇ ਜਿਹੇ ਨਾਲ ਬੋਲ ਕੇ ਮਿਲਦਾ ਹੈ। ਆਪ ਤੋਂ ਛੋਟੇ ਨੂੰ, ਮਾੜੇ ਨੂੰ, ਆਪਣੇ ਛੋਟੇ ਕਰਮਚਾਰੀ ਨਾਲ ਆਪਣੇ ਅਧੀਨ ਜਿਹੇ ਸਮਝਦਿਆਂ ਹੁਕਮਰਾਨ ਲਹਿਜ਼ੇ ਵਿੱਚ ਗੱਲਬਾਤ ਕਰਦਾ ਹੈ।

ਕਿਸੇ ਦੀ ਖ਼ੁਸ਼ੀ ਗ਼ਮੀ 'ਤੇ ਜਾਣਾ ਵੀ ਇੱਕ ਰਸਮ ਜਿਹੀ ਬਣ ਕੇ ਰਹਿ ਜਾਂਦਾ ਹੈ। ਨਾ ਕਿਸੇ ਦੀ ਖ਼ੁਸ਼ੀ ਦੇ ਰੰਗ ਆਪਣਿਆਂ ਵਾਂਗ ਹੀ ਗੂੜ੍ਹੇ ਹੋ ਕੇ ਦਿਲ ਨੂੰ ਬੜੇ ਚੰਗੇ ਲੱਗਦੇ ਹਨ ਅਤੇ ਨਾ ਹੀ ਕਿਸੇ ਦੀਆਂ ਗ਼ਮੀਆਂ, ਦੁੱਖ ਦਰਦ ਲੰਮਾ ਸਮਾਂ ਯਾਦਾਂ ਦਾ ਹਿੱਸਾ ਬਣਦੇ ਹਨ। ਇਸ ਤਰ੍ਹਾਂ ਦੁਨੀਆਂ ਵਿੱਚ ਵਿਚਰਦਿਆਂ ਇਨਸਾਨ ਰਿਸ਼ਤਿਆਂ ਅਤੇ ਰੁਤਬਿਆਂ ਦੀ ਜ਼ਿੰਦਗੀ ਵੱਖੋ-ਵੱਖਰੇ ਤਰੀਕੇ ਨਾਲ ਜਿਉਂਦਾ ਹੈ ਅਤੇ ਮਾਣਦਾ ਹੈ। ਰਿਸ਼ਤਿਆਂ ਦੀ ਜ਼ਿੰਦਗੀ ਦੀਆਂ ਯਾਦਾਂ ਦੇ ਰੰਗ ਸੋਹਣੇ, ਗੂੜ੍ਹੇ, ਚਿਰ ਸਥਾਈ ਅਤੇ ਅਨੰਦਦਾਇਕ ਹੁੰਦੇ ਹਨ ਜਦੋਂ ਕਿ ਰੁਤਬਿਆਂ ਦੀ ਜ਼ਿੰਦਗੀ ਦੇ ਰੰਗ ਰਸਮੀ, ਕਾਰੋਬਾਰੀ ਅਤੇ ਵਿਹਾਰਕ ਜਿਹੇ ਹੁੰਦੇ ਹਨ।

# ਮਾਪੇ ਆਪਣੀ ਔਲਾਦ ਨਾਲ ਰੱਖਣ ਦੋਸਤਾਨਾਂ ਸਬੰਧ

ਸੰਦੀਪ ਕੌਰ



ਜਦੋਂ ਬੱਚੇ ਦਾ ਜਨਮ ਹੁੰਦਾ ਹੈ ਤਾਂ ਉਹ ਆਪਣੀ ਮਾਂ ਦੇ ਸਭ ਤੋਂ ਕਰੀਬ ਹੁੰਦਾ ਹੈ। ਜਿਵੇਂ-ਜਿਵੇਂ ਉਹ ਵੱਡਾ ਹੁੰਦਾ ਜਾਂਦਾ ਹੈ ਉਵੇਂ-ਉਵੇਂ ਉਸ ਨੂੰ ਪਰਿਵਾਰ ਦੇ ਬਾਕੀ ਮੈਂਬਰਾਂ ਦੀ ਪਛਾਣ ਆਉਣੀ ਸ਼ੁਰੂ ਹੋ ਜਾਂਦੀ ਹੈ ਅਤੇ ਉਹ ਉਨ੍ਹਾਂ ਨੂੰ ਵੀ ਜਾਣਨ ਲੱਗ ਜਾਂਦਾ ਹੈ। ਥੋੜ੍ਹਾ ਵੱਡਾ ਹੋ ਕੇ ਸਕੂਲ ਜਾਂਦਾ ਹੈ ਤੇ ਆਪਣੇ ਦੋਸਤ ਬਣਾਉਣੇ ਸ਼ੁਰੂ ਕਰਦਾ ਹੈ। ਇੱਕ ਉਮਰ ਅਜਿਹੀ ਆਉਂਦੀ ਹੈ ਜਦੋਂ ਉਹ ਬਚਪਨ ਤੋਂ ਨਿਕਲ ਕੇ ਜਵਾਨੀ ਵੱਲ ਵੱਧਦਾ ਹੈ। ਜਿਸ ਨੂੰ ਕਿ ਕਿਸ਼ੋਰ ਉਮਰ ਜਾਂ ਅੱਲ੍ਹੜ ਉਮਰ ਆਖਿਆ ਜਾਂਦਾ ਹੈ। ਇਸ ਉਮਰ ਵਿੱਚ ਉਸ ਵਿੱਚ ਸਰੀਰਕ ਤੇ ਮਾਨਸਿਕ ਬਦਲਾਅ ਆਉਂਦੇ ਹਨ। ਜਿਸ ਕਾਰਨ ਉਸ ਦਾ ਸੁਭਾਅ ਵੀ ਬਦਲ ਜਾਂਦਾ ਹੈ। ਉਸ ਵਿੱਚ ਚਿੜਚਿੜਾਪਨ ਆਉਣਾ ਸ਼ੁਰੂ ਹੋ ਜਾਂਦਾ ਹੈ। ਉਹ ਇਕੱਲੇ ਰਹਿਣਾ ਪਸੰਦ ਕਰਦੇ ਹਨ ਤੇ ਆਪਣੀ ਗੱਲ ਮਾਪਿਆਂ ਨੂੰ ਦੱਸਣ ਦੀ ਬਜਾਏ ਆਪਣੇ ਦੋਸਤਾਂ ਨਾਲ ਕਰਨੀ ਜ਼ਿਆਦਾ ਪਸੰਦ ਕਰਦੇ ਹਨ। ਇਸ ਉਮਰ ਵਿਚ ਮਾਪਿਆਂ ਤੋਂ ਵੱਧਦੀ ਦੂਰੀ ਨੂੰ ਕਿੰਝ ਘੱਟ ਕੀਤਾ ਜਾ ਸਕਦੇ ਤੇ ਮਾਪਿਆਂ ਨੂੰ ਕੀ ਕਰਨਾ ਚਾਹੀਦਾ ਹੈ, ਆਓ ਇਸ ਬਾਰੇ ਜਾਣੀਏ-

### ਪਿਆਰ ਨਾਲ ਆਓ ਪੇਸ਼

ਸਾਨੂੰ ਸਭ ਨੂੰ ਇਹ ਪਤਾ ਹੈ ਕਿ ਅੱਲੜ੍ਹ ਉਮਰ ਦੇ ਬੱਚਿਆਂ ਵਿੱਚ ਗੁੱਸਾ ਬਹੁਤ ਭਰਿਆ ਹੁੰਦਾ ਹੈ। ਇਸ ਲਈ ਉਨ੍ਹਾਂ ਨੂੰ ਮਾਪਿਆਂ ਦੀ ਆਖੀ ਕੋਈ ਵੀ ਗੱਲ ਚੰਗੀ ਨਹੀਂ ਲੱਗਦੀ ਪਰ ਇਸ ਤੋਂ ਮਾਪਿਆਂ ਨੂੰ ਬੱਚਿਆਂ ਨਾਲ ਗੁੱਸਾ ਕਰਨ ਦੀ ਬਜਾਏ ਉਨ੍ਹਾਂ ਨਾਲ ਪਿਆਰ ਨਾਲ ਪੇਸ਼ ਆਉਣਾ ਚਾਹੀਦਾ ਹੈ। ਉਨ੍ਹਾਂ ਨੂੰ ਪਿਆਰ ਨਾਲ ਸਮਝਾਉਣਾ ਚਾਹੀਦਾ ਹੈ ਤਾਂ ਜੋ ਬੱਚਿਆਂ ਨੂੰ ਵੀ ਇਹ ਸਮਝ ਆ ਜਾਵੇ ਕਿ ਜੇ ਅਸੀਂ ਆਪਣੇ ਮਾਪਿਆਂ ਨਾਲ ਗੱਲ ਸਾਂਝੀ ਕਰਦੇ ਹਾਂ ਤਾਂ ਉਹ ਸਾਨੂੰ ਝਿੜਕਣ ਦੀ ਬਜਾਏ ਪਿਆਰ ਨਾਲ ਗੱਲ ਸਮਝਾ ਰਹੇ ਹਨ। ਮਾਪਿਆਂ ਨੂੰ ਬੱਚਿਆਂ ਨਾਲ ਜ਼ਬਰਦਸਤੀ ਨਹੀਂ ਕਰਨੀ ਚਾਹੀਦੀ। ਭਾਵ ਇਸ ਉਮਰ ਵਿੱਚ ਬਹੁਤੇ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਕਰੀਅਰ ਨੂੰ ਲੈ ਕੇ ਚਿੰਤਾ ਹੁੰਦੀ ਹੈ ਜਿਸ ਕਾਰਨ ਉਹ ਬੱਚਿਆਂ 'ਤੇ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਬੋਝ ਪਾਉਂਦੇ ਹਨ। ਉਹ ਕਰੀਅਰ ਨੂੰ ਲੈ ਕੇ ਬੱਚਿਆਂ ਨਾਲ ਜ਼ਬਰਦਸਤੀ ਕਰਦੇ ਹਨ। ਜਿਸ ਕਾਰਨ ਬੱਚੇ ਉਨ੍ਹਾਂ ਦੇ ਖ਼ਿਲਾਫ਼ ਹੋ ਜਾਂਦੇ ਹਨ ਤੇ ਮਾਪਿਆਂ ਤੋਂ ਦੂਰੀ ਬਣਾਉਣੀ ਸ਼ੁਰੂ ਕਰ ਦਿੰਦੇ ਹਨ।

### ਦਿਖਾਓ ਸਹੀ ਰਸਤਾ

ਮਾਪਿਆਂ ਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਜਦੋਂ ਵੀ ਬੱਚੇ ਨਾਲ ਕਿਸੇ ਸੰਜੀਦਾ ਵਿਸ਼ੇ 'ਤੇ ਗੱਲਬਾਤ ਕਰਨੀ ਹੋਵੇ ਤਾਂ ਉਸ ਨੂੰ ਉਸ ਨਾਲ ਰਲਦੀਆਂ ਮਿਲਦੀਆਂ ਉਦਾਹਰਨਾਂ ਜ਼ਰੂਰ ਦਿੱਤੀਆਂ ਜਾਣ। ਜਿਸ ਨਾਲ ਬੱਚਾ ਜਲਦੀ ਸਮਝ ਜਾਵੇਗਾ ਤੇ ਉਸ ਦੇ ਅੰਦਰ ਉਦਾਹਰਨਾਂ ਤੋਂ ਸਿੱਖਣ ਦੀ ਕਾਬਲੀਅਤ ਵੀ ਪੈਦਾ ਹੋ ਜਾਵੇਗੀ। ਇਸ ਦੇ ਨਾਲ ਹੀ ਉਹ ਸੰਜੀਦਾ ਵਿਸ਼ੇ ਨੂੰ ਵੀ ਆਸਾਨੀ ਨਾਲ ਸਮਝ ਸਕੇਗਾ। ਅੱਜ ਦਾ ਸਮਾਂ ਮੁਕਾਬਲੇ ਦਾ ਯੁੱਗ ਹੈ ਜਿਸ ਕਾਰਨ ਵਿਦਿਆਰਥੀਆਂ 'ਤੇ ਪੜ੍ਹਾਈ ਦਾ ਬਹੁਤ ਬੋਝ ਹੈ ਤੇ ਜਿਸ ਕਾਰਨ ਮਾਪਿਆਂ ਵਿਚ ਵੀ ਇਹ ਭਾਵਨਾ ਹੈ ਕਿ ਉਨ੍ਹਾਂ ਦਾ ਬੱਚਾ ਬਾਕੀ ਬੱਚਿਆਂ ਤੋਂ ਅੱਗੇ ਨਿਕਲ ਸਕੇ। ਇਸ ਲਈ ਮਾਪੇ ਹਰ ਸਮੇਂ ਬੱਚਿਆਂ 'ਤੇ ਦੂਜੇ ਬੱਚਿਆਂ ਵਾਂਗ ਬਣਨ ਦਾ ਬੋਝ ਪਾਉਂਦੇਰਹਿੰਦੇ ਹਨ ਜਾਂ ਦੂਜੇ ਬੱਚਿਆਂ ਨਾਲ ਆਪਣੇ ਬੱਚੇ ਦਾ ਮੁਕਾਬਲਾ ਕਰਦੇ ਹਨ। ਜਿਸ ਤੋਂ ਬੱਚੇ ਖਿੱਝ ਜਾਂਦੇ ਹਨ ਤੇ ਆਪਣੇ ਮਾਪਿਆਂ ਤੋਂ ਬਾਗ਼ੀ ਹੋ ਜਾਂਦੇ ਹਨ। ਇਸ ਲਈ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਇਸ ਆਦਤ ਨੂੰ ਛੱਡ ਦੇਣ ਕਿਉਂਕਿ ਹਰ ਬੱਚੇ ਵਿੱਚ ਕੁਝ ਨਾ ਕੁਝ ਖ਼ਾਸ ਹੁੰਦਾ ਹੈ ਤੇ ਬੱਚੇ ਨੂੰ ਆਪਣੇ ਤਰੀਕੇ ਨਾਲ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਦੇਣਾ ਚਾਹੀਦਾ ਹੈ।

ਉਪਰੋਕਤ ਯਤਨਾਂ ਨਾਲ ਮਾਪੇ ਬੱਚਿਆਂ ਦੀ ਅੱਲੜ੍ਹ ਉਮਰ ਵਿਚ ਉਨ੍ਹਾਂ ਦੀ ਭਾਵਨਾਵਾਂ ਸਮਝ ਕੇ ਪਿਆਰ ਤੇ ਅਪਣੱਤ ਦਾ ਰਿਸ਼ਤਾ ਕਾਇਮ ਕਰ ਸਕਦੇ ਹਨ। ਸੋ ਮਾਪਿਆਂ ਨੂੰ ਆਪਣੇ ਫ਼ਰਜ਼ ਇਸੇ ਢੰਗ ਨਾਲ ਨਿਭਾਉਣ ਦੀ ਲੋੜ ਹੈ।





# ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਦਾ ਸਥਾਨ ਤਖ਼ਤ ਸ੍ਰੀ ਦਮਦਮਾ ਸਾਹਿਬ

ਪ੍ਰੋ. ਨਵ ਸੰਗੀਤ ਸਿੰਘ



ਤਖ਼ਤ ਦਮਦਮਾ ਸਾਹਿਬ (ਤਲਵੰਡੀ ਸਾਬੋ) ਅਧਿਆਤਮਕ, ਧਾਰਮਿਕ, ਰਾਜਨੀਤਕ ਅਤੇ ਸਮਾਜਿਕ ਮਹੱਤਤਾ ਦਾ ਧਾਰਨੀ ਹੈ। ਇਸ ਨੂੰ 'ਗੁਰੂ ਕੀ ਕਾਸ਼ੀ' ਵਜੋਂ ਵੀ ਜਾਣਿਆ ਜਾਂਦਾ ਹੈ। ਸਿੱਖ ਪੰਥ ਦੇ ਚੌਥੇ ਤਖ਼ਤ ਵਜੋਂ ਮਾਨਤਾ ਪ੍ਰਾਪਤ ਇਸ ਧਰਤੀ 'ਤੇ ਗੁਰੂ ਨਾਨਕ ਦੇਵ, ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਨੇ ਚਰਨ ਪਾਏ।

ਗੁਰੂ ਨਾਨਕ ਦੇਵ ਜੀ ਪਹਿਲੀ ਉਦਾਸੀ ਸਮੇਂ 1515 ਈ. ਵਿੱਚ ਸਿਰਸੇ ਤੋਂ ਸੁਲਤਾਨਪੁਰ ਜਾਂਦੇ ਹੋਏ ਇਥੇ ਬਿਰਾਜੇ ਸਨ। 159 ਸਾਲ ਪਿੱਛੋਂ 1674 ਈ. ਵਿੱਚ ਗੁਰੂ ਤੇਗ ਬਹਾਦਰ ਨੇ ਇੱਥੇ ਗੁਰੂਸਰ ਸਰੋਵਰ ਦਾ ਟੱਕ ਲਾਇਆ ਅਤੇ ਪੰਜ ਦੁਸ਼ਾਲੇ ਮਿੱਟੀ ਦੇ ਭਰ ਕੇ ਕੱਢੇ। 31 ਸਾਲਾਂ ਬਾਅਦ ਗੁਰੂ ਗੋਬਿੰਦ ਸਿੰਘ ਨੇ 1705 ਈ. ਵਿੱਚ ਜੰਗਾਂ-ਯੁੱਧਾਂ ਪਿੱਛੋਂ ਇਸ ਸਥਾਨ 'ਤੇ ਇੱਕ ਉੱਚੀ ਥੇੜੀ 'ਤੇ ਆ ਕੇ ਦਮ ਲਿਆ ਅਤੇ ਕਮਰ ਕੱਸਾ ਖੋਲ੍ਹਿਆ। ਇਸ ਅਸਥਾਨ ਤੋਂ ਸਿੱਖ ਸੰਗਤ ਦੇ ਨਾਂ ਹੁਕਮਨਾਮੇ ਜਾਰੀ ਕੀਤੇ ਅਤੇ 1706 ਈ. ਦੀ ਵਿਸਾਖੀ 'ਤੇ ਕਰੀਬ ਸਵਾ ਲੱਖ ਵਿਅਕਤੀਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ਿਸ਼ ਕੀਤੀ।

ਇਸ ਇਲਾਕੇ ਦਾ ਚੌਧਰੀ ਉਨ੍ਹੀਂ ਦਿਨੀਂ ਭਾਈ ਡੱਲਾ ਹੁੰਦਾ ਸੀ, ਜੋ ਦਸਮੇਸ਼ ਪਿਤਾ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਪਿੱਛੋਂ ਡਲ ਸਿੰਘ ਵਜੋਂ ਜਾਣਿਆ ਗਿਆ। ਇਸ ਪਵਿੱਤਰ ਧਰਤੀ ਉੱਤੇ ਗੁਰੂ ਗੋਬਿੰਦ ਸਿੰਘ ਨੇ ਕਰੀਬ ਸਵਾ ਸਾਲ ਵਿਸ਼ਰਾਮ ਕੀਤਾ ਅਤੇ 1706 ਈ. ਵਿੱਚ ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣਿਕ ਤੇ ਸੰਪੂਰਨ ਬੀੜ ਤਿਆਰ ਕਰਵਾਈ। ਇਸ ਬੀੜ ਨੂੰ ਗੁਰੂ ਸਾਹਿਬ ਨੇ ਆਪਣੀ ਅਧਿਆਤਮਕ ਸ਼ਕਤੀ ਰਾਹੀਂ ਭਾਈ ਮਨੀ ਸਿੰਘ ਹੱਥੋਂ ਲਿਖਵਾਇਆ, ਜਿਸ ਵਿੱਚ ਗੁਰੂ ਤੇਗ ਬਹਾਦਰ ਦੀ ਬਾਣੀ ਅਤੇ ਰਾਗ ਜੈਜਾਵੰਤੀ ਸ਼ਾਮਲ ਕਰਕੇ ਇਸ ਨੂੰ ਸੰਪੂਰਨਤਾ ਪ੍ਰਦਾਨ ਕੀਤੀ। ਇਸੇ ਬੀੜ ਨੂੰ 'ਦਮਦਮੀ ਬੀੜ' ਵਜੋਂ ਜਾਣਿਆ ਜਾਂਦਾ ਹੈ। 'ਪੰਥ ਪ੍ਰਕਾਸ਼' ਦੇ ਕਰਤਾ ਗਿਆਨੀ ਗਿਆਨ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਬਾਰੇ ਇਸ ਤਰ੍ਹਾਂ ਅੰਕਿਤ ਕੀਤਾ ਹੈ:

ਅਬ ਦਰਬਾਰ ਦਮਦਮਾ ਜਹਾਂ।  
ਤੰਬੂ ਲਗਵਾ ਕੈ ਗੁਰ ਤਹਾਂ।  
ਮਨੀ ਸਿੰਘ ਕੋ ਲਿਖਨ ਬਠੈ ਕੈ।  
ਗੁਰੂ ਨਾਨਕ ਕਾ ਧਿਆਨ ਧਰੈ ਕੈ  
ਨਿਤਪ੍ਰਤਿ ਗੁਰੂ ਉਚਾਰੀ ਜੈਸੇ।  
ਬਾਣੀ ਲਿਖੀ ਮਨੀ ਸਿੰਘ ਤੈਸੇ।  
ਬੀੜ ਆਦਿ ਗੁਰ ਗ੍ਰੰਥੈ ਜੇਹੀ।  
ਕਰੀ ਦਸਮ ਗੁਰ ਤਿਆਰ ਉਜੇਹੀ।

ਗਿਆਨੀ ਬਲਵੰਤ ਸਿੰਘ ਕੋਠਾਗੁਰੂ ਮੁਤਾਬਕ ਇਹ ਬੀੜ ਵਿਸਾਖੀ ਵਾਲੇ ਦਿਨ (1763 ਬਿਕਰਮੀ ਵਿੱਚ) ਲਿਖਣੀ ਆਰੰਭ ਕੀਤੀ ਗਈ ਅਤੇ ਭਾਦਰੋਂ ਵਦੀ ਤੀਜ ਨੂੰ ਸੰਪੂਰਨ ਹੋਈ। ਦਮਦਮੀ ਬੀੜ ਦੀ ਲਿਖਾਈ ਬਾਰੇ ਉਨ੍ਹਾਂ ਨੇ 1736 ਈ. ਵਿੱਚ ਲਿਖੀ 'ਦੌਰਾ ਸਾਖੀ' 'ਚੋਂ ਵੀ ਮਹੱਤਵਪੂਰਣ ਹਵਾਲੇ ਦਿੱਤੇ ਹਨ।

ਗੁਰੂ ਗੋਬਿੰਦ ਸਿੰਘ ਦੇ ਹੁਕਮ ਨਾਲ ਬਾਬਾ ਦੀਪ ਸਿੰਘ ਨੇ ਇਸ ਬੀੜ ਦੇ ਚਾਰ ਉਤਾਰੇ ਕੀਤੇ, ਜੋ ਕ੍ਰਮਵਾਰ ਅਕਾਲ ਤਖ਼ਤ ਅੰਮ੍ਰਿਤਸਰ, ਪਟਨਾ ਸਾਹਿਬ, ਹਜ਼ੂਰ ਸਾਹਿਬ ਅਤੇ ਦਮਦਮਾ ਸਾਹਿਬ ਵਿੱਚ ਰੱਖੇ ਗਏ। ਪਿੱਛੋਂ ਬਾਬਾ ਦੀਪ ਸਿੰਘ ਨੇ ਹਿੰਦੀ, ਮਰਾਠੀ, ਉਰਦੂ, ਫ਼ਾਰਸੀ ਤੇ ਅਰਬੀ ਵਿੱਚ ਵੀ ਇਸ ਦਾ ਅਨੁਵਾਦ ਕੀਤਾ।

ਦਮਦਮਾ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦੇ ਲੇਖਨ ਬਾਰੇ ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਅੰਮ੍ਰਿਤ ਵੇਲੇ ਇਸ ਦੀ ਲਿਖਾਈ ਹੁੰਦੀ ਸੀ ਅਤੇ ਸ਼ਾਮ ਨੂੰ ਲਿਖੀ ਬਾਣੀ ਦੀ ਕਥਾ ਕੀਤੀ ਜਾਂਦੀ ਸੀ। ਦਸਵੇਂ ਗੁਰੂ ਜੀ ਖੁਦ ਕਥਾ ਕਰਿਆ ਕਰਦੇ ਸਨ। ਜਿਨ੍ਹਾਂ ਗੁਰਮੁਖਾਂ ਨੇ ਆਦਿ ਤੋਂ ਅੰਤ ਤੱਕ ਕਥਾ ਸਰਵਣ ਕੀਤੀ, ਉਨ੍ਹਾਂ ਨੂੰ ਬ੍ਰਹਮ- ਗਿਆਨੀ ਦੀ ਪਦਵੀ ਨਾਲ ਸਨਮਾਨਿਤ ਕੀਤਾ ਗਿਆ।

ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਪਿੱਛੋਂ ਗੁਰੂ ਜੀ ਨੇ ਬਚੀਆਂ ਹੋਈਆਂ ਕਲਮਾਂ ਅਤੇ ਸਿਆਹੀ ਆਦਿ ਹੋਰ ਸਮੱਗਰੀ ਲਿਖਣਸਰ ਦੇ ਟੋਭੇ ਵਿੱਚ ਪ੍ਰਵਾਹਿਤ ਕਰਕੇ ਇਸ ਧਰਤੀ ਨੂੰ 'ਗੁਰੂ ਕੀ ਕਾਸ਼ੀ' ਹੋਣ ਦਾ ਵਰਦਾਨ ਦਿੱਤਾ ਸੀ।

ਚੌਧਰੀ ਡੱਲੇ ਦਾ ਮਾਣ ਤੋੜਨ ਲਈ ਗੁਰੂ ਜੀ ਨੇ ਲਾਹੌਰ ਵਾਸੀ ਭਾਈ ਉਦੈ ਸਿੰਘ ਵੱਲੋਂ ਭੇਟ ਕੀਤੀ ਬੰਦੂਕ ਦੀ ਪਰਖ ਕਰਨ ਲਈ ਉਸ ਨੂੰ ਆਪਣੇ ਬਰਾੜ ਯੋਧੇ ਭੇਜਣ ਲਈ ਕਿਹਾ ਪਰ ਡੱਲੇ ਦੇ ਸੈਨਿਕ ਅਣਿਆਈ ਮੌਤ ਮਰਨ ਤੋਂ ਕੋਰਾ ਜਵਾਬ ਦੇ ਗਏ। ਗੁਰੂ ਜੀ ਦਾ ਹੁਕਮ ਮੰਨ ਕੇ ਪਿਓ-ਪੁੱਤਰ ਬਾਬਾ ਬੀਰ ਸਿੰਘ ਤੇ ਬਾਬਾ ਧੀਰ ਸਿੰਘ ਨੇ ਖੁਦ ਨੂੰ ਗੁਰੂ ਜੀ ਦੇ ਸਨਮੁਖ ਪੇਸ਼ ਕੀਤਾ। ਇਨ੍ਹਾਂ ਮਰਜੀਵੜਿਆਂ ਦੀ ਯਾਦ ਵਿੱਚ ਇੱਥੇ ਇੱਕ ਗੁਰਦੁਆਰਾ ਸੁਸ਼ੋਭਿਤ ਹੈ।

ਗੁਰੂ ਜੀ ਦੇ ਦਰਬਾਰ ਵਿੱਚ ਇੱਥੇ ਦਿੱਲੀ ਤੋਂ ਮਾਤਾਵਾਂ (ਮਾਤਾ ਸੁੰਦਰੀ ਤੇ ਮਾਤਾ ਸਾਹਿਬ ਕੌਰ) ਭਾਈ ਮਨੀ ਸਿੰਘ ਸਮੇਤ ਪਹੁੰਚੀਆਂ ਤਾਂ ਉਨ੍ਹਾਂ ਨੂੰ ਆਪਣੇ ਸਾਹਿਬਜ਼ਾਦੇ ਨਜ਼ਰ ਨਾ ਆਏ। ਗੁਰੂ ਜੀ ਤੋਂ ਪੁੱਛਣ 'ਤੇ ਦਸਮੇਸ਼ ਪਿਤਾ ਨੇ ਭਰੇ ਦਰਬਾਰ ਵੱਲ ਸੰਕੇਤ ਕਰਕੇ ਫ਼ਰਮਾਇਆ:

ਇਨ ਪੁਤਰਨ ਕੇ ਸੀਸ ਪਰ  
ਵਾਰ ਦੀਏ ਸੁਤ ਚਾਰ।  
ਚਾਰ ਮੂਏ ਤੋ ਕਿਆ ਹੂਆ,  
ਜੀਵਤ ਕਈ ਹਜ਼ਾਰ।

ਉਸ ਯਾਦਗਾਰ ਦਾ ਪ੍ਰਤੀਕ ਇੱਕ ਗੁਰਦੁਆਰਾ (ਜੋ ਮਾਤਾਵਾਂ ਦੇ ਨਾਂ 'ਤੇ ਹੈ) ਇੱਥੇ ਸੁਭਾਇਮਾਨ ਹੈ।

ਗੁਰਦੁਆਰਾ ਜੰਡਸਰ ਸਾਹਿਬ ਉਹ ਸਥਾਨ ਹੈ, ਜਿੱਥੇ ਗੁਰੂ ਜੀ ਨੇ ਜੰਡ ਨਾਲ ਘੋੜਾ ਬੰਨ੍ਹ ਕੇ ਆਪਣੇ ਸੈਨਿਕਾਂ ਨੂੰ ਗੁਪਤ ਖਜ਼ਾਨਾ ਕੱਢ ਕੇ ਤਨਖਾਹਾਂ ਵੰਡੀਆਂ ਸਨ। ਗੁਰਦੁਆਰਾ ਮਹੱਲਸਰ ਵਿਖੇ ਗੁਰੂ ਜੀ ਨੇ ਬੀਰ- ਰਸ ਦਾ ਪ੍ਰਤੀਕ ਮਹੱਲਾ ਖੇਡਿਆ ਸੀ।

ਤਖ਼ਤ ਸਾਹਿਬ ਦੇ ਪਹਿਲੇ ਜਥੇਦਾਰ ਬਾਬਾ ਦੀਪ ਸਿੰਘ ਨਾਲ ਸਬੰਧਤ ਤਿੰਨ ਸਥਾਨ ਇੱਥੇ ਮੌਜੂਦ ਹਨ, ਜਿਨ੍ਹਾਂ ਵਿੱਚ ਭੋਰਾ ਸਾਹਿਬ, ਬੁਰਜ ਅਤੇ ਖੂਹ ਸ਼ਾਮਲ ਹਨ। ਤਖ਼ਤ ਸਾਹਿਬ ਵਿਖੇ ਜੋ ਇਤਿਹਾਸਕ ਨਿਸ਼ਾਨੀਆਂ ਮੌਜੂਦ ਹਨ, ਉਨ੍ਹਾਂ ਵਿੱਚ ਇਤਿਹਾਸਕ ਬੰਦੂਕ, ਅਬਰੇ ਰਹਿਮਤ ਬਾਰ ਸ਼ੀਸ਼ਾ, ਤੇਗਾ ਬਾਬਾ ਦੀਪ ਸਿੰਘ, ਮੋਹਰ ਤਖ਼ਤ ਸਾਹਿਬ ਅਤੇ ਕਿਰਪਾਨ ਗੁਰੂ ਸਾਹਿਬ ਸ਼ਾਮਲ ਹਨ। ਇਸ ਤੋਂ ਬਿਨਾਂ ਭਾਈ ਡੱਲੇ ਦੇ ਖਾਨਦਾਨ ਕੋਲ ਵੀ ਕੁਝ ਦੁਰਲੱਭ ਤੇ ਪਵਿੱਤਰ ਵਸਤਾਂ ਪਈਆਂ ਹਨ, ਜਿਨ੍ਹਾਂ ਵਿੱਚ ਤੇਗਾ, ਸ੍ਰੀ ਸਾਹਿਬ, ਵੱਡੀ ਦਸਤਾਰ, ਛੋਟੀ ਦਸਤਾਰ, ਵੱਡਾ ਚੋਲਾ, ਛੋਟਾ ਚੋਲਾ, ਬਾਜ਼ ਦੀ ਡੋਰ, ਮਾਤਾ ਸਾਹਿਬ ਕੌਰ ਦੇ ਕੱਪੜੇ ਅਤੇ ਛੋਟੇ ਆਕਾਰ ਦੀ ਬੀੜ ਸ਼ਾਮਲ ਹੈ। ਇਨ੍ਹਾਂ ਚੀਜ਼ਾਂ ਦੇ ਦਰਸ਼ਨ ਭਾਈ ਡੱਲ ਸਿੰਘ ਦੇ ਗ੍ਰਹਿ ਵਿਖੇ ਸਵੇਰ ਤੋਂ ਸ਼ਾਮ ਤੱਕ ਸੰਗਤ ਨੂੰ ਕਰਵਾਏ ਜਾਂਦੇ ਹਨ। ਕਿਸੇ ਸਮੇਂ ਹਰ ਚਾਨਣੀ ਦਸਮੀ ਨੂੰ ਹੀ ਇਹ ਵਸਤਾਂ ਦਿਖਾਈਆਂ ਜਾਂਦੀਆਂ ਸਨ।

ਵੀਹ-ਪੱਚੀ ਸਾਲ ਪਹਿਲਾਂ ਤੱਕ ਤਖ਼ਤ ਸਾਹਿਬ ਵਿਖੇ ਸੰਗਤ ਦੀ ਆਮਦ ਬਹੁਤ ਘੱਟ ਸੀ ਪਰ ਹੁਣ ਵਿਸਾਖੀ ਤੋਂ ਇਲਾਵਾ ਆਮ ਦਿਨਾਂ ਵਿੱਚ ਵੀ ਸੰਗਤ ਦਾ ਇਕੱਠ ਬਹੁਤ ਹੁੰਦਾ ਹੈ। ਮੱਸਿਆ ਅਤੇ ਐਤਵਾਰ ਦੇ ਦਿਨਾਂ ਵਿੱਚ ਵਿਸ਼ੇਸ਼ ਦੀਵਾਨ ਲੱਗਦੇ ਹਨ ਜਿਸ ਵਿੱਚ ਢਾਡੀ ਤੇ ਕਵੀਸ਼ਰ ਗੁਰੂ-ਜੱਸ ਦਾ ਗਾਇਨ ਕਰ ਕੇ ਸੰਗਤ ਨੂੰ ਨਿਹਾਲ ਕਰਦੇ ਹਨ। ਇਨ੍ਹਾਂ ਦਿਨਾਂ ਵਿੱਚ ਇੱਥੇ ਅੰਮ੍ਰਿਤ ਸੰਚਾਰ ਵੀ ਹੁੰਦਾ ਹੈ।

ਅੱਜ ਤੋਂ ਕਰੀਬ ਤਿੰਨ ਸੌ ਸਾਲ ਪਹਿਲਾਂ ਦਸਮੇਸ਼ ਪਿਤਾ ਨੇ ਜੋ ਵਰਦਾਨ ਇਸ ਬੰਜਰ ਭੂਮੀ ਅਤੇ ਪਛੜੇ ਇਲਾਕੇ ਨੂੰ ਦਿੱਤੇ ਸਨ, ਉਹ ਸਾਰੇ ਹੀ ਸਹਿਜਤਾ ਅਤੇ ਨਿਰੰਤਰਤਾ ਨਾਲ ਫਲੀਭੂਤ ਹੁੰਦੇ ਨਜ਼ਰ ਆ ਰਹੇ ਹਨ। ਉੱਚ-ਵਿੱਦਿਆ ਦੀ ਸਭ ਤੋਂ ਪਹਿਲੀ ਸੰਸਥਾ ਗੁਰੂ ਕਾਸ਼ੀ ਕਾਲਜ (ਜੋ ਹੁਣ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦੇ ਨਾਂ ਨਾਲ ਜਾਣਿਆ ਜਾਂਦਾ ਹੈ) ਇੱਥੇ 1964 ਨੂੰ ਸਥਾਪਤ ਹੋਇਆ, 1988 ਵਿੱਚ ਪੰਜਾਬੀ ਯੂਨੀਵਰਸਿਟੀ ਨੇ ਆਪਣਾ ਕੈਂਪਸ ਸਥਾਪਤ ਕੀਤਾ, 1977 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਦੀ ਸਥਾਪਨਾ ਕੀਤੀ ਗਈ, ਦੋ ਯੂਨੀਵਰਸਿਟੀਆਂ- ਗੁਰੂ ਕਾਸ਼ੀ ਯੂਨੀਵਰਸਿਟੀ ਅਤੇ ਅਕਾਲ ਯੂਨੀਵਰਸਿਟੀ (ਕ੍ਰਮਵਾਰ 2011 ਅਤੇ 2015) ਤੋਂ ਇਲਾਵਾ ਇੱਥੇ ਸਕੂਲੀ ਪੜ੍ਹਾਈ ਲਈ ਕਈ ਸਰਕਾਰੀ ਤੇ ਪ੍ਰਾਈਵੇਟ ਵਿੱਦਿਅਕ ਅਦਾਰੇ 'ਗੁਰੂ ਕੀ ਕਾਸ਼ੀ' ਦੇ ਸੰਕਲਪ ਨੂੰ ਮੂਰਤੀਮਾਨ ਕਰ ਰਹੇ ਹਨ।

# ਸ੍ਰੀ ਗੁਰੂ ਅਮਰ ਬਿਲਾਸ ਇੱਕ ਨਵੀਂ ਲੱਭਤ

ਡਾ. ਧਰਮ ਸਿੰਘ

ਭਾਸ਼ਾ ਵਿਭਾਗ ਦੇ ਸਾਬਕਾ ਡਾਇਰੈਕਟਰ ਚੇਤਨ ਸਿੰਘ ਨੇ ਆਪਣੀ ਸੇਵਾਮੁਕਤੀ ਤੋਂ ਬਾਅਦ ਅਗਿਆਤ, ਅਲਪ-ਚਰਚਿਤ ਅਤੇ ਲੁਪਤ ਹੋਏ ਸਿੱਖ ਸਾਹਿਤ ਨੂੰ ਪਾਠਕਾਂ ਸਾਹਮਣੇ ਪ੍ਰਕਾਸ਼ਮਾਨ ਕਰਨ ਦਾ ਬੀੜਾ ਚੁੱਕਿਆ ਹੈ। ਇਸੇ ਤਰਦੱਦ ਵਿਚੋਂ ਹੀ ਉਸ ਦੀਆਂ ਦੋ ਸੰਪਾਦਿਤ ਪ੍ਰਮੁੱਖ ਪ੍ਰਕਾਸ਼ਨਾਵਾਂ ਸਾਡੇ ਸਾਹਮਣੇ ਆਈਆਂ ਹਨ। ਪਹਿਲੀ ਹੈ 'ਪੁਰਾਤਨ ਸਿੱਖ ਲਿਖਤਾਂ' ਅਤੇ ਦੂਜੀ ਹੈ 'ਪੁਰਾਤਨ ਸਿੱਖ ਸਾਹਿਤ ਸੰਗ੍ਰਹਿ'। ਪਹਿਲੀ ਪੁਸਤਕ ਵਿੱਚ ਸੰਨ 1947 ਈ. ਤੋਂ ਪਹਿਲਾਂ ਛਪੀਆਂ 68 ਦੁਰਲਭ ਰਚਨਾਵਾਂ ਪ੍ਰਕਾਸ਼ਿਤ ਹਨ ਅਤੇ ਦੂਜੀ ਵਿੱਚ 40 ਤੋਂ ਉੱਪਰ ਪੁਸਤਕਾਂ ਸੰਕਲਿਤ ਹਨ। ਸਾਡੀ ਅੱਜ ਦੀ ਚਰਚਾ ਦੂਜੀ ਪੁਸਤਕ ਵਿਚੋਂ ਲਈ ਗਈ ਰਚਨਾ 'ਸ੍ਰੀ ਗੁਰੂ ਅਮਰ ਬਿਲਾਸ' ਹੈ, ਜੋ ਭਾਈ ਜੋਧ ਸਿੰਘ ਗੁੱਜਰਖਾਨ (ਰਾਵਲਪਿੰਡੀ) ਵਾਲਿਆਂ ਦੀ ਲਿਖੀ ਹੋਈ ਹੈ।

ਪੰਜਾਬੀ ਸਾਹਿਤ ਦੇ ਆਧੁਨਿਕ ਇਤਹਾਸ ਵਿੱਚ ਪ੍ਰਿੰ. ਜੋਧ ਸਿੰਘ, ਜੋਧ ਸਿੰਘ ਗਿਆਨੀ ਅਤੇ ਭਾਈ ਜੋਧ ਸਿੰਘ ਗੁੱਜਰਖਾਨ ਨਾਂਅ ਦੇ ਤਿੰਨ ਹਮਨਾਮ ਲੇਖਕ ਹਨ। ਇਤਫ਼ਾਕ ਦੀ ਗੱਲ ਹੈ ਕਿ ਤਿੰਨਾਂ ਦੇ ਹੀ ਦਿਲਚਸਪੀ ਦੇ ਵਿਸ਼ੇ ਗੁਰੂ ਸਾਹਿਬਾਨ, ਸਿੱਖ ਧਰਮ ਦਰਸ਼ਨ, ਇਤਿਹਾਸ ਅਤੇ ਸਿੱਖ ਧਾਰਮਿਕ ਗ੍ਰੰਥ ਹਨ। ਸਾਡੇ ਅੱਜ ਦੇ ਲੇਖਕ ਭਾਈ ਜੋਧ ਸਿੰਘ ਗੁੱਜਰਖਾਨ ਹਨ, ਜਿਸ ਦੀ ਇੱਕ ਰਚਨਾ ਸ੍ਰੀ ਗੁਰੂ ਅਮਰ ਬਿਲਾਸ ਨਾਲ ਅਸੀਂ ਪਾਠਕਾਂ ਦੀ ਜਾਣ-ਪਛਾਣ ਕਰਾਉਣੀ ਚਾਹੁੰਦੇ ਹਾਂ। ਜੋਧ ਸਿੰਘ ਗੁੱਜਰਖਾਨ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ ਅਤੇ ਜਿੰਨੀ ਕੁ ਸਵੈਜੀਵਨ ਸੰਕੇਤਾਂ ਦੇ ਰੂਪ ਵਿੱਚ ਪ੍ਰਾਪਤ ਹੈ, ਉਸ ਅਨੁਸਾਰ 'ਸ੍ਰੀ ਗੁਰੂ ਅਮਰ ਬਿਲਾਸ' ਲਿਖਣ ਸਮੇਂ ਕਵੀ ਦੀ ਉਮਰ 55 ਸਾਲ ਦੀ ਸੀ। ਕਵੀ ਜੋਧ ਸਿੰਘ ਚਾਰ ਸਾਲ ਡੇਰਾ ਖ਼ਾਲਸਾ ਰਿਹਾ, 14 ਸਾਲ ਤੱਕ ਕੱਲਰ ਸ਼ਹਿਰ ਤੋਂ ਵਿੱਦਿਆ ਹਾਸਿਲ ਕੀਤੀ, ਢਾਈ ਸਾਲ ਹੈੱਡਮਾਸਟਰੀ ਕੀਤੀ ਅਤੇ 35 ਸਾਲ ਗੁੱਜਰਖਾਨ (ਜ਼ਿਲ੍ਹਾ ਰਾਵਲਪਿੰਡੀ) ਰਹਿ ਕੇ ਅਰਜ਼ੀਨਵੀਸੀ ਕੀਤੀ। ਰਚਨਾ ਨਾਲ ਸੰਕੇਤ ਕਰਦਿਆਂ ਕਵੀ ਲਿਖਦਾ ਹੈ:

ਐਤਵਾਰ ਤਾਤੀਲ ਦਾ ਰੋਜ਼ ਆਹਾ,  
ਸੁਦੀ ਭਾਦ੍ਰੋਂ ਪਹਿਲੀ ਭਾਲ ਪਿਆਰੇ।  
ਸਦੀ ਬੀਸਵੀਂ ਬਿਕ੍ਰਮਾਜੀਤ ਵਾਲੀ,  
ਸੰਗਤ ਉਨੀ ਸੌ ਪੈਂਹਠਵਾਂ ਸਾਲ ਪਿਆਰੇ।

ਇੰਝ ਇਸ ਰਚਨਾ ਦਾ, ਰਚਨਾ ਕਾਲ 1908 ਈ: ਬਣਦਾ ਹੈ। ਜੋਧ ਸਿੰਘ ਨੇ ਚਰਚਾਧੀਨ, 'ਸ੍ਰੀ ਗੁਰੂ ਅਮਰ ਬਿਲਾਸ' ਤੋਂ ਬਿਨਾਂ 'ਸ੍ਰੀ ਗੁਰ ਅਰਜਨ ਬਿਲਾਸ' ਦੀ ਰਚਨਾ ਵੀ ਬੈਂਤਾਂ ਵਿੱਚ ਕੀਤੀ ਸੀ। ਇਹ ਦੋਵੇਂ ਪੁਸਤਕਾਂ ਪਾਠਕਾਂ ਦੁਆਰਾ ਬਹੁਤ ਪਸੰਦ ਕੀਤੀਆਂ ਗਈਆਂ, ਜਿਸ ਦੀਆਂ ਕਈ-ਕਈ ਐਡੀਸ਼ਨਾਂ ਛਪੀਆਂ। 'ਸ੍ਰੀ ਗੁਰੂ ਅਰਜਨ ਬਿਲਾਸ' ਦੀ ਭੂਮਿਕਾ ਤੋਂ ਸਾਬਤ ਹੁੰਦਾ ਹੈ ਕਿ ਕਵੀ ਨੇ ਪਹਿਲਾਂ 'ਸ੍ਰੀ ਗੁਰ ਅਰਜਨ ਬਿਲਾਸ' ਦੀ ਰਚਨਾ ਕੀਤੀ ਸੀ ਅਤੇ ਪਿਛੋਂ 'ਸ੍ਰੀ ਗੁਰੂ ਅਮਰ ਬਿਲਾਸ'।

ਮੱਧਕਾਲ ਵਿੱਚ ਸ੍ਰੀ ਗੁਰੂ ਹਰਿਗੋਬਿੰਦ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਲਿਖੇ ਹੋਏ ਗੁਰ ਬਿਲਾਸ ਮਿਲਦੇ ਹਨ। ਇਹ ਗੁਰਬਿਲਾਸ ਜਿਥੇ ਮਹਾਂਕਾਵਿ ਦੀ ਘਾਟ ਪੂਰਿਆਂ ਕਰਦੇ ਹਨ, ਉਥੇ ਗੁਰੂ ਸਾਹਿਬਾਨ ਦੇ ਮੁਕੰਮਲ ਜੀਵਨ ਨੂੰ ਕਵਿਤਾ ਵਿੱਚ ਪੇਸ਼ ਵੀ ਕਰਦੇ ਹਨ। ਅੱਜ ਇਹੋ ਗੁਰ ਬਿਲਾਸ ਸਿੱਖ ਇਤਿਹਾਸ ਦੇ ਪੁਰਾਤਨ ਇਤਿਹਾਸਕ ਸਰੋਤਾਂ ਵਿਚੋਂ ਅਹਿਮ ਮੰਨੇ ਜਾਂਦੇ ਹਨ। ਇਸੇ ਤਰਜ਼ 'ਤੇ ਭਾਈ ਜੋਧ ਸਿੰਘ ਗੁੱਜਰਖਾਨ ਦਾ ਲਿਖਿਆ ਹੋਇਆ ਇਹ ਗੁਰ ਬਿਲਾਸ ਅਸੀਂ ਵਿਚਾਰ ਸਕਦੇ ਹਾਂ। ਬੇਸ਼ੱਕ ਇਹ ਗੁਰਬਿਲਾਸ ਉੱਪਰ ਸੰਕੇਤਿਕ ਗੁਰ ਬਿਲਾਸਾਂ ਜਿੰਨਾ ਵਿਸਤ੍ਰਿਤ ਨਹੀਂ, ਪਰ ਗੁਰੂ ਅਮਰਦਾਸ ਜੀ ਦੀ ਜੀਵਨ ਘਟਨਾਵਲੀ ਦੀਆਂ ਪ੍ਰਮੁੱਖ ਘਟਨਾਵਾਂ ਜ਼ਰੂਰ ਇਸ ਵਿੱਚ ਕਲਮਬੱਧ ਹੋਈਆਂ ਮਿਲਦੀਆਂ ਹਨ।

ਮੰਗਲਾਚਰਨ ਤੋਂ ਬਾਅਦ ਪਿੰਡ ਬਾਸਰਕੇ ਵਿੱਚ ਜਨਮ ਲੈਣਾ ਅਤੇ ਗੁਰੂ ਅੰਗਦ ਦੇਵ ਜੀ ਦੀ ਪੁੱਤਰੀ ਬੀਬੀ ਅਮਰੋ ਪਾਸ ਗੁਰਬਾਣੀ ਸੁਣ ਕੇ ਬਾਣੀਕਾਰ ਬਾਰੇ ਪੁੱਛ ਕਰਨੀ, ਗੁਰੂ ਅੰਗਦ ਦੇਵ ਜੀ ਦਾ ਬੀਬੀ ਭਾਨੀ ਤੋਂ ਪਤਾ ਲੱਗਣਾ ਰਚਨਾ ਦੇ ਆਰੰਭ ਵਿੱਚ ਦਰਜ ਹਨ। ਗੁਰੂ ਅਮਰਦਾਸ ਜੀ ਦੀ ਗੁਰੂ ਅੰਗਦ ਦੇਵ ਜੀ ਨੂੰ ਮਿਲਣ ਦੀ ਬਿਹਬਲਤਾ ਕਵੀ ਦੀ ਜ਼ੁਬਾਨੀ ਸੁਣੋ:

ਬਾਬੇ ਆਖਿਆ ਉਨ੍ਹਾਂ ਦੇ ਪਾਸ ਲੈ ਚੱਲ,  
ਤੇਰਾ ਹੋਇਗਾ ਬੜਾ ਉਪਕਾਰ ਬੇਟੀ।  
ਮਤਾਂ ਕਟਿਆ ਜਾਇ ਦੁੱਖ ਦਰਦ ਮੇਰਾ,  
ਪੂਰੇ ਗੁਰੂ ਦਾ ਹੋਇ ਦੀਦਾਰ ਬੇਟੀ।

ਇਸ ਤੋਂ ਅੱਗੋਂ ਗੁਰੂ ਅਮਰਦਾਸ ਜੀ ਦਾ ਦੂਜੇ ਗੁਰੂ ਜੀ ਨਾਲ ਮੇਲ, ਖੱਡੇ ਵਿੱਚ ਡਿੱਗਣਾ, ਉਨ੍ਹਾਂ ਵਲੋਂ ਗੋਇੰਦਵਾਲ ਵਸਾਉਣਾ ਅਤੇ ਗੁਰਿਆਈ ਮਿਲਣ ਦਾ ਬਿਰਤਾਂਤ ਹੈ। ਇਤਿਹਾਸ ਦੱਸਦਾ ਹੈ ਕਿ ਜਦ ਗੁਰੂ ਅੰਗਦ ਦੇਵ ਜੀ ਨੇ ਆਪਣੇ ਪੁੱਤਰਾਂ ਨੂੰ ਛੱਡ ਕੇ ਗੁਰਗੱਦੀ ਗੁਰੂ ਅਮਰਦਾਸ ਜੀ ਨੂੰ ਸੌਂਪੀ ਤਾਂ ਗੁਰੂ ਪੁੱਤਰਾਂ ਨੇ ਇਸ ਦਾ ਬਹੁਤਾ ਬੁਰਾ ਮਨਾਇਆ। ਦਾਤੂ ਨੇ ਤਾਂ ਭਰੀ ਸਭਾ ਵਿੱਚ ਗੁਰੂ ਅਮਰਦਾਸ ਜੀ ਨੂੰ ਲੱਤ ਕੱਢ ਮਾਰੀ:

ਦੇਖ ਜੱਸ ਪ੍ਰਤਾਪ ਸਤਿਗੁਰੂ ਜੀ ਦਾ  
ਦਾਤੂ ਪਾਟ ਹੋਇਆ ਲੀਰੋ ਲੀਰ ਬੇਲੀ  
ਇੱਕ ਦਿਨ ਭਰੇ ਦੀਵਾਨ ਵਿੱਚ ਗੁਰੂ ਜੀ ਨੂੰ  
ਮਾਰੀ ਲੱਤ ਆ ਬੇਤਕਸੀਰ ਬੇਲੀ।

ਗੁਰੂ ਪੁੱਤਰਾਂ ਵਲੋਂ ਮੁਖਾਲਫ਼ਤ ਕਰਨ ਕਰਕੇ ਗੁਰੂ ਅਮਰਦਾਸ ਜੀ ਵਾਪਸ ਆਪਣੇ ਪਿੰਡ ਬਾਸਰਕੇ ਆ ਗਏ ਅਤੇ ਇਕਾਂਤ ਵਿੱਚ ਇਕ ਕਮਰੇ ਤੱਕ ਆਪਣੇ-ਆਪ ਨੂੰ ਸੀਮਤ ਕਰ ਲਿਆ। ਵਿਆਕੁਲ ਸਿੱਖ ਸੰਗਤ, ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ ਇਥੇ ਆਈ ਅਤੇ ਗੁਰੂ ਦੀਦਾਰ ਕੀਤਾ। ਗੁਰੂ ਅਮਰਦਾਸ ਜੀ ਵਲੋਂ ਸਿੱਖਾਂ ਨੂੰ ਸੰਗਠਿਤ ਕਰਨ ਦੇ ਵਿਚਾਰ ਨਾਲ ਬਾਈ ਮੰਜੀਆਂ ਸਥਾਪਿਤ ਕਰਨ ਦੀ ਗੱਲ ਤਾਂ ਹਰੇਕ ਸਿੱਖ ਵਿਦਵਾਨ ਨੇ ਕੀਤੀ ਹੈ ਪਰ ਜੋਧ ਸਿੰਘ ਨਵੀਂ ਗੱਲ ਇਹ ਕਰਦਾ ਹੈ ਕਿ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ ਵਿਖੇ ਸਿੱਖਾਂ ਨੂੰ ਜਥੇਬੰਦ ਕਰਨ ਅਤੇ ਉਨ੍ਹਾਂ ਦੇ ਮੇਲ-ਮਿਲਾਪ ਨੂੰ ਵਧੇਰੇ ਮਜ਼ਬੂਤ ਕਰਨ ਲਈ ਮੇਲਾ ਕਰਾਉਣਾ ਸ਼ੁਰੂ ਕੀਤਾ। ਸਧਾਰਨ ਤੌਰ 'ਤੇ ਵੀ ਇਥੇ ਲੰਗਰ ਪਹਿਲਾਂ ਹੀ ਚਲਦਾ ਸੀ ਪਰ ਮੇਲੇ ਵਿੱਚ ਤਾਂ ਸਾਰੇ ਪੰਗਤ ਵਿੱਚ ਬੈਠ ਕੇ, ਬਿਨਾਂ ਕਿਸੇ ਵਿਤਕਰੇ ਦੇ ਲੰਗਰ ਛਕਦੇ ਸਨ:

ਇਕੋ ਦੇਗ ਵਿਚੋਂ ਲੰਗਰ ਛਕਨ ਸਾਰੇ,  
ਜਾਤ ਪਾਤ ਬੰਧਨ ਕੀਤੇ ਚੂਰ ਸਾਈਂ  
ਬੈਠੇ ਪੰਗਤਾਂ ਵਿੱਚ ਪਾਲੋ ਪਾਲ ਸਾਰੇ,  
ਭੋਜਨ ਪਾਇ ਕੇ ਹੋਨ ਮਸ਼ਕੂਰ ਸਾਈਂ।

ਮਨੁੱਖੀ ਬਰਾਬਰੀ ਬ੍ਰਾਹਮਣਾਂ ਨੂੰ ਬਹੁਤ ਚੁੱਭਦੀ ਸੀ। ਉਨ੍ਹਾਂ ਨੇ ਬਾਦਸ਼ਾਹ ਅਕਬਰ ਪਾਸ ਫਰਿਆਦ ਵੀ ਕੀਤੀ ਪਰ ਉਨ੍ਹਾਂ ਨੂੰ ਮੂੰਹ ਦੀ ਖਾਣੀ ਪਈ। ਗੁਰੂ ਅਮਰਦਾਸ ਜੀ ਵਲੋਂ ਗੋਇੰਦਵਾਲ ਵਿਖੇ ਬਾਉਲੀ ਬਣਾਈ, ਅਕਬਰ ਬਾਦਸ਼ਾਹ ਨੂੰ ਚਿਤੌੜ ਦਾ ਕਿਲ੍ਹਾ ਫ਼ਤਹਿ ਹੋਣ ਦਾ ਵਰ ਦੇਣਾ, ਗੁਰੂ ਜੀ ਵਲੋਂ ਆਪਣੇ ਪੁੱਤਰਾਂ ਦੀ ਪ੍ਰੀਖਿਆ ਕਰਨੀ ਅਤੇ ਅਕਬਰ ਬਾਦਸ਼ਾਹ ਦਾ ਗੁਰੂ ਜੀ ਦੇ ਦਰਸ਼ਨਾਂ ਨੂੰ ਆਉਣਾ ਵੀ ਇਸ ਬਿਰਤਾਂਤ ਦਾ ਹਿੱਸਾ ਹੈ। ਅਕਬਰ ਨੇ ਗੁਰੂ ਜੀ ਦੇ ਦਰਸ਼ਨਾਂ ਨੂੰ ਆਉਣ ਸਮੇਂ ਗੁਰੂ ਘਰ ਨੂੰ ਲੰਗਰ ਲਈ ਕੁਝ ਭੇਟ ਕਰਨ ਅਤੇ ਗੁਰੂ ਜੀ ਦੇ ਇਨਕਾਰ ਕਰਨ ਦੀ ਵਾਰਤਾਲਾਪ ਕਾਫ਼ੀ ਦਿਲਚਸਪ ਹੈ। ਬਾਦਸ਼ਾਹ ਨੇ ਜੋ ਕੁਝ ਦਰਸ਼ਨ ਭੇਟਾ ਦਿੱਤੀ, ਗੁਰੂ ਜੀ ਨੇ ਉਸੇ ਵਕਤ ਗ਼ਰੀਬਾਂ ਨੂੰ ਵੰਡ ਦਿੱਤਾ, ਜਿਸ ਉੱਪਰ ਉਹ ਹੈਰਾਨ ਵੀ ਹੋਇਆ। ਕੁਝ ਚਿਰ ਦੀ ਦਲੀਲਬਾਜ਼ੀ ਪਿਛੋਂ ਅਕਬਰ ਬਾਦਸ਼ਾਹ ਨੇ ਗੁਰੂ ਅਮਰਦਾਸ ਜੀ ਦੀ ਪੁੱਤਰੀ ਬੀਬੀ ਭਾਨੀ ਦੇ ਨਾਂਅ ਕੁਝ ਪਿੰਡਾਂ ਦੀ ਜਾਗੀਰ ਦਾ ਪਟਾ ਲਿਖ ਦਿੱਤਾ:

ਕਿਤਨੇ ਪਿੰਡ ਜਾਗੀਰ ਦਾ ਪਟਾ ਲਿਖਿਆ  
ਜਿਨ੍ਹਾਂ ਵਿੱਚ ਇੱਕ ਪਿੰਡ ਝਬਾਲ ਆਹਾ  
ਕਿਹਾ ਗੁਰੂ ਜੀ ਅਸਾਂ ਨੂੰ ਲੋਭ ਨਹੀਂ,  
ਸਾਡਾ ਗੁਰੂ ਨਾਨਕ ਦੀਨ ਦਿਆਲ ਆਹਾ।

ਸ੍ਰੀ ਗੁਰ ਅਮਰ ਬਿਲਾਸ ਦੇ ਅਖੀਰਲੇ ਬੰਦਾਂ ਵਿੱਚ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਬਖ਼ਸ਼ਣ ਦਾ ਪ੍ਰਸੰਗ ਹੈ। ਇਹ ਗ੍ਰੰਥ ਜਿਥੇ ਗੁਰੂ ਅਮਰਦਾਸ ਜੀ ਦੇ ਜੀਵਨ ਦੀਆਂ ਪ੍ਰਮੁੱਖ ਘਟਨਾਵਾਂ ਬਿਆਨ ਕਰਦਾ ਹੈ, ਉਥੇ ਕਈ ਥਾਈਂ ਸਿੱਖ ਸਿਧਾਂਤਾਂ ਅਤੇ ਆਦਰਸ਼ਾਂ ਦੀ ਗੱਲ ਵੀ ਕਰਦਾ ਹੈ। ਉਦਾਹਰਨਾਂ ਵਜੋਂ ਜਦ ਗੰਗਾ ਰਾਮ ਨਾਂਅ ਦੇ ਕਿਸੇ ਵਿਅਕਤੀ ਨੇ ਅਧਿਆਤਮਿਕਤਾ ਅਤੇ ਸੰਸਾਰਕਤਾ ਦੀ ਦੁਬਿਧਾ ਬਾਰੇ ਗੁਰੂ ਜੀ ਨੂੰ ਪ੍ਰਸ਼ਨ ਕੀਤਾ ਤਾਂ ਗੁਰੂ ਜੀ ਨੇ ਗ੍ਰਹਿਸਥ ਦੀ ਮਹਿਮਾ ਕਰਦਿਆਂ ਫਰਮਾਇਆ:

(ਬਾਕੀ ਸਫ਼ਾ 31 'ਤੇ)

# 18 ਸਤੰਬਰ 'ਤੇ ਵਿਸ਼ੇਸ਼

# ਗੁਰਮੁਖੀ ਲਿੱਪੀ

## ਗੁਰਮੁਖੀ ਲਿਪੀ ਨੂੰ ਈਜਾਦ ਕਰਕੇ ਬਣਾਉਣ ਸੰਵਾਰਨ ਅਤੇ ਗੁਰਬਾਣੀ ਰਚਣ ਵਾਲੇ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਲੇਖ

ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਭਾਸ਼ਾ ਅਤੇ ਲਿੱਪੀ ਦੇ ਰੂਪ ਸੰਸਾਰ ਵਿੱਚ ਵਸੇ ਸਮੂਹਾਂ ਵਿੱਚ ਬਦਲਦੇ ਰਹਿੰਦੇ ਹਨ। ਆਧੁਨਿਕ ਯੁੱਗ ਵਿੱਚ ਭਾਵੇਂ ਇਨ੍ਹਾਂ ਨੂੰ ਸੀਮਤ ਕਰਨ ਦੇ ਯਤਨ ਹੁੰਦੇ ਰਹਿੰਦੇ ਹਨ। ਭਾਰਤ ਦੀ ਰਾਸ਼ਟਰੀ ਭਾਸ਼ਾ ਹਿੰਦੀ ਵਿੱਚ ਸੰਸਕ੍ਰਿਤ ਦੇ ਸ਼ਬਦਾਂ ਦਾ ਰਲੇਵਾਂ ਹੈ। ਗੁਰਮੁਖੀ ਤੋਂ ਇੱਕ ਹਜ਼ਾਰ ਸਾਲ ਪਹਿਲਾਂ ਸੰਸਕ੍ਰਿਤ ਪ੍ਰਚਲਿਤ ਸੀ। ਸੰਸਕ੍ਰਿਤ ਸਿੱਧ ਪੁਰਸ਼ਾਂ ਦੀ ਬੋਲੀ ਸੀ। ਜੋ ਸਿੱਧ ਮਾਤ੍ਰਿਕਾਂ ਵਜੋਂ ਪ੍ਰਸਿੱਧ ਸੀ। ਗੁਰੂ ਦੀ ਸਿੱਖਿਆ 'ਤੇ ਚੱਲਣ ਵਾਲੇ ਨੂੰ ਗੁਰਮੁਖ ਕਹਿੰਦੇ ਹਨ। ਗੁਰਮੁਖਾਂ ਵੱਲੋਂ ਵਰਤੀ ਜਾਂਦੀ ਬੋਲੀ ਦਾ ਨਾਂ ਗੁਰਮੁਖੀ ਪ੍ਰਸਿੱਧ ਹੋਇਆ। ਲਿੱਪੀ ਤੋਂ ਬੋਲੀ ਨੂੰ ਜੀਵਨ ਮਿਲਦਾ ਹੈ। ਆਵਾਜ਼ ਨਾਲ ਦੂਰ ਦੂਰ ਤੱਕ ਪਹੁੰਚਦੀ ਹੈ। ਦੂਰੀਆਂ ਮਿਟਾ ਦਿੰਦੀ ਹੈ ਲਿੱਪੀ ਅਤੇ ਬੋਲੀ ਇੱਕ ਦੂਸਰੇ ਦੀਆਂ ਪੂਰਕ ਹਨ। ਲਿੱਪੀ ਗਿਆਨ ਦੀ ਦੌਲਤ ਹੈ ਜੋ ਖਿਆਲਾਂ ਨੂੰ ਚਿਰੰਜੀਵ ਬਣਾਉਂਦੀ ਹੈ। ਲਿੱਪੀ ਮਨੁੱਖ ਦੀ ਕਾਢ ਹੈ। ਜਿਸ ਦਾ ਰੂਪ ਵਿਕਸਤ ਹੁੰਦਾ ਗਿਆ। ਲਿੱਪੀ ਤੋਂ ਪਹਿਲਾਂ ਕੰਨੀਂ ਸੁਣ ਕੇ ਕੰਠ ਕਰ ਲਿਆ ਜਾਂਦਾ ਸੀ ਭਾਵ ਜ਼ੁਬਾਨੀ ਯਾਦ ਕਰ ਲਿਆ ਜਾਂਦਾ ਸੀ।

ਲਿੱਪੀ ਤੋਂ ਪਹਿਲਾਂ ਹਾਵ ਭਾਵ ਦਰਸਾਉਣ ਲਈ ਰੰਗ ਬਿਰੰਗੇ ਧਾਗਿਆਂ ਦੀਆਂ ਗੰਡਾਂ ਦੇ ਸੰਕੇਤ ਸਨ ਪਰ ਇਹ ਪ੍ਰਕਿਰਿਆ ਸੀਮਤ ਸੀ। ਲਿੱਪੀ ਵਿਕਾਸ ਵਿੱਚ ਚਿੱਤਰ ਲਿੱਪੀ ਹੋਂਦ ਵਿੱਚ ਆਈ। ਜਿਸ ਦਾ ਸੰਕੇਤ ਸ਼ਿਲਾਲੇਖਾਂ ਵਿੱਚ ਮਿਲਦਾ ਹੈ। ਖ਼ੁਸ਼ੀ ਗਮੀ ਦੇ ਪ੍ਰਭਾਵ ਪ੍ਰਗਟ ਕਰਨ ਲਈ ਸੁਨੇਹੇ ਭੇਜਣ ਲਈ ਚਿੱਤਰ ਨੀਯਤ ਕੀਤੇ ਗਏ। ਜਿਸ ਤੋਂ ਸੁਨੇਹਾ ਬਣਦਾ ਸੀ। ਜੋ ਆਵਾਜ਼ ਪ੍ਰਤੀਨਿਧ ਦੀ ਥਾਂ ਭਾਵ ਲਿੱਪੀ ਪ੍ਰਤੀਨਿਧ ਸੀ। ਇਸ ਵਿੱਚ ਕਈ ਘਾਟਾਂ ਸਨ ਕਿ ਇੱਕ ਚਿੱਤਰ ਦੇ ਮਰਜ਼ੀ ਅਨੁਸਾਰ ਕਈ ਭਾਵ ਕੱਢੇ ਜਾਂਦੇ। ਚਿੱਤਰ ਨੂੰ ਸੰਖੇਪ ਕਰਕੇ ਅੱਖਰ ਬਣਾ ਲਏ। ਇਸ ਨਾਲ ਧੁੰਨੀ ਲਿੱਪੀਆਂ ਆਈਆਂ। ਹਜ਼ਾਰਾਂ ਸਾਲਾਂ ਤੋਂ ਲਿੱਪੀਆਂ ਜਾਂ ਵਰਣਮਾਲਾ ਦਾ ਵਿਕਾਸ ਹੋਇਆ ਜਿਸ ਤੋਂ ਲਿੱਪੀਆਂ ਵਿਕਸਿਤ ਹੋਈਆਂ। ਸਥਾਨਕ ਲੋੜ ਨੇ ਬੋਲੀਆਂ ਲਿਖਣ ਦਾ ਢੰਗ ਲਿਆਂਦਾ। ਵਪਾਰ ਦਾ ਹਿਸਾਬ ਚਲਾਉਣ ਲਈ ਗਿਣਤੀ ਦੇ ਹਿੰਦਸੇ ਜਾਂ ਅੰਕ ਦੀ ਜਾਣਕਾਰੀ ਅਤੇ ਲਿੱਪੀ ਦੇ ਹੁਨਰ ਤੋਂ ਭਾਰਤ ਲੋਕ ਜਾਣੂ ਹੋਏ।

ਭਾਰਤ ਵਿੱਚ ਵਰਤੀਆਂ ਜਾਣ ਵਾਲੀਆਂ ਬੋਲੀਆਂ ਹਨ-ਬੰਗਲਾ, ਉੜੀਸਾ, ਕੈਥੀ (ਬਿਹਾਰੀ), ਦੇਵਨਗਰੀ, ਗੁਰਮੁਖੀ, ਮੋੜੀ, ਗੁਜਰਾਤੀ, ਤੇਲਗੂ, ਮਲਿਆਲਮ, ਤੁਲੂ, ਕਨੜੀ, ਗ੍ਰੰਥ ਲਿੱਪੀ, ਉਰਦੂ ਆਦਿ।

ਪੰਜਾਬ ਦੀਆਂ ਪ੍ਰਸਿੱਧ ਲਿੱਪੀਆਂ 1. ਸ਼ਾਰਦਾ: ਦਸਵੀਂ ਸਦੀ ਵਿੱਚ ਕੁਟਿਲ ਲਿੱਪੀ ਦਾ ਪਸਾਰਾ ਕਸ਼ਮੀਰ ਅਤੇ ਪੰਜਾਬ ਵਿੱਚ ਰਿਹਾ। ਜਿਸ ਤੋਂ ਸ਼ਾਰਦਾ ਲਿੱਪੀ ਆਈ। ਕਸ਼ਮੀਰ ਦੇ ਵਿਦਵਾਨ ਸਰਸਵਤੀ ਨਦੀ ਦੇ ਕੰਢੇ ਵਸਣ ਵਾਲੇ ਸਨ, ਵਲੋਂ ਵਰਤੀ ਜਾਣ ਵਾਲੀ ਲਿੱਪੀ ਦਾ ਨਾਂ 'ਸ਼ਾਰਦਾ' ਪੈ ਗਿਆ। ਸਰਸਵਤੀ ਨਦੀ ਤੋਂ ਪਰਯਾਗ ਤੱਕ ਗੰਗਾ ਯਮਨਾ ਵਾਦੀ 'ਬ੍ਰਹਿਮਾਵਰਤ' ਕਹਾਉਂਦੀ ਸੀ। ਇਥੋਂ ਦੀ ਬੋਲੀ ਬ੍ਰਹਮੀ ਸੀ। ਪੰਜਾਬ ਦੀਆਂ ਲਿੱਪੀਆਂ ਵੀ ਮੂਲ ਸੋਮੇ ਬ੍ਰਹਮੀ ਨਾਲ ਨੇੜਤਾ ਰੱਖਦੀਆਂ ਹਨ। ਦਸਵੀਂ ਸਦੀ ਵਿੱਚ ਪੰਜਾਬ ਦੇ ਲੋਕ ਕਸ਼ਮੀਰ ਜਾ ਵਸੇ ਤਾਂ ਉਨ੍ਹਾਂ ਦੇ ਨਾਲ ਉਨ੍ਹਾਂ ਦੀ ਬੋਲੀ ਸ਼ਾਰਦਾ ਹੀ ਸੀ। ਜਿਸ ਦਾ ਨਵਾਂ ਰੂਪ ਦੇਵਨਗਰੀ ਹੋ ਗਿਆ।

2. ਟਾਕਰੀ : ਪੰਜਾਬ ਦੇ ਉੱਤਰ ਵੱਲ ਦੇ ਪਹਾੜੀ ਇਲਾਕੇ ਵਿੱਚ ਪ੍ਰਚਲਿਤ ਹੈ। ਜਿਵੇਂ ਜੰਮੂ ਵਿੱਚ ਡੋਗਰੀ, ਚੰਬੇ ਵਿੱਚ ਚੰਬਿਆਲੀ। ਪੰਜਾਬ ਦੇ ਟੱਕ ਜਾਤੀ ਦੇ ਹਿੱਸੇ ਨੂੰ ਟੱਕ ਕਿਹਾ ਜਾਂਦਾ ਸੀ। ਇਹ ਟੱਕ ਦੇਸ਼ ਵਿੱਚ ਵਰਤੀ ਜਾਂਦੀ ਲਿੱਪੀ ਟਾਕਰੀ ਹੈ।

3. ਲੰਡੇ : ਲੰਡੇ ਜਾਂ ਮਹਾਜਨੀ ਪੰਜਾਬ ਦੇ ਵਪਾਰੀਆਂ ਨੇ ਲੰਡੇ ਅੱਖਰ ਅਪਣਾਏ। ਵਪਾਰਕ ਵਹੀ ਖਾਤਿਆਂ ਵਿੱਚ ਮਹਾਜਨਾਂ ਜਾਂ ਸਰਾਫਾਂ ਵੱਲੋਂ ਲੰਡੇ ਬੋਲੀ ਵਰਤੀ ਜਾਂਦੀ ਸੀ। ਅੱਗੇ ਇਸ ਦੀਆਂ ਕਈ ਲਿੱਪੀਆਂ ਬਣੀਆਂ।

4. ਗੁਰਮੁਖੀ : ਵਿਦਵਾਨ ਐਲਬਰੂਨੀ ਅਨੁਸਾਰ ਭਾਰਤੀ ਲਿੱਪੀਆਂ ਵਿੱਚ ਇੱਕ ਅਰਧਨਾਗਰੀ ਲਿੱਪੀ ਹੈ। ਇਹ ਸਿਧ-ਮਾਤ੍ਰਿਕਾ ਅਤੇ ਮਾਲਵਾ (ਉਜੈਨ) ਦੀ ਨਾਗਰ ਲਿੱਪੀ ਦੇ ਮੇਲ ਤੋਂ ਬਣੀ ਹੈ। ਇਹ ਭਾਟੀ ਦੇਸ਼ ਅਤੇ ਸਿੰਧ ਵਿੱਚ ਵਰਤੀ ਜਾਂਦੀ ਹੈ। ਭੱਟੀ ਰਾਜਪੂਤਾਂ ਦੀ ਵਸੋਂ ਦਾ ਬਠਿੰਡੇ ਵੱਲ ਦਾ ਇਲਾਕਾ ਭਾਟੀ ਦੇਸ਼ ਜਾਂ ਭਟਿਆਣਾ ਕਿਹਾ ਜਾਂਦਾ ਸੀ। ਪੁਰਾਣੀ ਲਿੱਪੀ ਭਟਿਆਣੀ ਜੋ ਪੰਜਾਬੀ ਦੀ ਉਪਭਾਸ਼ਾ ਸੀ, ਇਸ ਇਲਾਕੇ ਵਿੱਚ ਅਰਧਨਾਗਰੀ ਵੀ ਵਰਤੀ ਜਾਂਦੀ ਸੀ। ਜਿਸ ਨੂੰ ਭੱਟਾਖਰੀ ਵੀ ਕਿਹਾ ਜਾਂਦਾ ਸੀ। ਦਸਵੀਂ ਸਦੀ ਵਿੱਚ ਬਠਿੰਡਾ ਇੱਕ ਵੱਡਾ ਰਾਜ ਸੀ। ਪੰਡਿਤ ਗੌਰੀ ਸ਼ੰਕਰ ਓਝਾ ਅਨੁਸਾਰ ਪੰਜਾਬ ਵਿੱਚ ਮਿਲਦੀ ਇੱਕ ਹੋਰ ਪੁਰਾਣੀ ਬੋਲੀ ਜੋ ਨਾਗਰੀ ਨਾਲ ਮਿਲਦੀ ਹੈ ਅਤੇ ਸੰਸਕ੍ਰਿਤ ਦੀਆਂ ਪੁਸਤਕਾਂ ਵਿੱਚ ਮਿਲਦੀ ਹੈ, ਤੋਂ 'ਗੁਰਮੁਖੀ ਲਿੱਪੀ' ਦਾ ਵਿਕਾਸ ਹੋਇਆ। ਏ.ਪੀ. ਨਿਉਟੇਨ ਅਨੁਸਾਰ ਪੰਜਾਬ ਦੇ ਕਈ ਅੱਖਰ ਸਿਲਾਲੇਖਾਂ ਵਿੱਚ ਹਨ। ਤੀਸਰੀ, ਪੰਜਵੀਂ ਅਤੇ ਦਸਵੀਂ ਸਦੀ ਵਿੱਚ ਉਪਲਬਧ ਲਿੱਪੀ ਤੋਂ ਵਿਕਸਤ ਹੁੰਦੀ ਮੌਜੂਦਾ ਅੱਖਰ ਰੂਪ ਦਾ ਪ੍ਰਕਾਸ਼ ਅਤੇ ਵਿਕਾਸ ਹੋਇਆ।

ਹਰ ਬੋਲੀ ਬੋਲਣ ਵਾਲੇ ਇਲਾਕਿਆਂ ਨਾਲ ਸਬੰਧ ਰੱਖਦੇ ਬੋਲਦਿਆਂ ਦੇ ਨਾਂ ਰੱਖੇ ਗਏ। ਮੁਗਲਾਂ ਦੇ ਵਧਦੇ ਜ਼ੁਲਮਾਂ ਹੇਠ ਪੰਜਾਬੀ ਲਿੱਪੀ ਵੀ ਦਬੀ ਗਈ। ਮਨੁੱਖਤਾ ਵਿੱਚ ਸਵੈਮਾਣ ਜਗਾਉਣ ਲਈ ਸਿੱਖ ਗੁਰੂਆਂ ਨੇ ਲਿੱਪੀ ਵਿੱਚ ਆਈ ਖੜੋਤ ਨੂੰ ਮੁੜ ਸੁਰਜੀਤ ਕੀਤਾ। ਗੁਰੂ ਦੀ ਆਗਿਆ ਮੰਨਣ ਵਾਲੇ ਨੂੰ ਗੁਰਸਿੱਖ ਕਿਹਾ ਜਾਂਦਾ ਹੈ। ਭਾਵ ਭਲਾ ਪੁਰਸ਼! ਗੁਰਮੁੱਖਾਂ ਵਲੋਂ ਪ੍ਰਚਾਰ ਵਾਸਤੇ ਵਰਤੀ ਜਾਂਦੀ ਬੋਲੀ ਦਾ ਨਾਉਂ 'ਗੁਰਮੁਖੀ' ਮਸ਼ਹੂਰ ਹੋਇਆ। ਸਿੱਧੀ ਸਾਦੀ ਸਰਲ ਸੁਚੱਜੀ ਮਿੱਠੀ ਬੋਲੀ ਭਗਤ, ਗੁਰੂਆਂ ਅਤੇ ਸਿੱਖਾਂ ਵਲੋਂ ਵੀ ਇਹ ਲਿੱਪੀ ਵਰਤੀ ਗਈ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੋ ਕੇ ਅਮੀਰ ਬਣੀ।

ਗੁਰਮੁਖੀ ਲਿੱਪੀ ਵਿੱਚ ਗੁਰਬਾਣੀ ਉਪਦੇਸ਼ਾਂ ਦਾ ਹਵਾਲਾ ਹੈ ਕਿ ਅਕਾਲ ਪੁਰਖ ਸੱਚਾ ਥਿਰ ਰਹਿਣ ਵਾਲਾ ਹੈ। ਉਸ ਦਾ ਨਿਯਮ ਭੀ ਸਦਾ ਅਟੱਲ ਹੈ। ਉਸ ਦੀ ਬੋਲੀ ਪ੍ਰੇਮ ਹੈ। ਉਹ ਆਪ ਅਕਾਲ ਪੁਰਖ ਬੇਅੰਤ ਹੈ। ਅਸੀਂ ਜੀਵ ਉਸ ਪਾਸੋਂ ਦਾਤਾਂ ਮੰਗਦੇ ਹਾਂ। ਆਖਦੇ ਹਾਂ ਹੇ ਹਰੀ, ਸਾਨੂੰ ਦਾਤਾਂ ਦੇ। ਉਹ ਦਾਤਾਰ ਬਖਸ਼ਿਸ਼ ਕਰਦਾ ਹੈ। ਉਸ ਦੀ ਬੋਲੀ ਪ੍ਰੇਮ ਹੈ। ਪ੍ਰੇਮ ਹੀ ਵਸੀਲਾ ਹੈ, ਜਿਸ ਰਾਹੀਂ ਉਹ ਸਾਡੇ ਨਾਲ ਗੱਲਾਂ ਕਰਦਾ ਹੈ। ਅਸੀਂ ਉਸ ਨਾਲ ਗੱਲ ਕਰ ਸਕਦੇ ਹਾਂ। ਅੰਗ-2

ਉਸ ਮਨੁੱਖ ਦੀ ਉੱਚੀ ਆਤਮਿਕ ਅਵਸਥਾ ਦੱਸੀ ਨਹੀਂ ਜਾ ਸਕਦੀ। ਜਿਸ ਨੇ ਅਕਾਲ ਪੁਰਖ ਦੇ ਨਾਮ ਨੂੰ ਮੰਨ ਲਿਆ ਹੈ। ਭਾਵ ਜਿਸ ਦੀ ਲਗਨ ਨਾਮ ਨਾਲ ਲੱਗ ਗਈ ਹੈ। ਜੇਕਰ ਕੋਈ ਮਨੁੱਖ ਬਿਆਨ ਕਰੇ ਵੀ ਉਹ ਪਿਛੋਂ ਪਛਤਾਉਂਦਾ ਹੈ ਕਿ ਮੈਂ ਹੋਛਾ ਯਤਨ ਕੀਤਾ ਹੈ। ਮਨੁੱਖ ਰਲ ਕੇ ਨਾਮ ਨਾਲ ਪਤੀਜੇ ਹੋਏ ਦੀ ਆਤਮਿਕ ਅਵਸਥਾ ਦਾ ਅੰਦਾਜ਼ਾ ਲਾਉਂਦੇ ਹਨ। ਪਰ ਕਾਗਜ਼ 'ਤੇ ਕਲਮ ਨਾਲ ਕੋਈ ਮਨੁੱਖ ਲਿਖਣ ਦੇ ਸਮਰੱਥ ਨਹੀਂ। ਅਕਾਲ ਪੁਰਖ ਦਾ ਨਾਉਂ ਬਹੁਤ ਉੱਚਾ ਹੈ ਤੇ ਮਾਇਆ ਦੇ ਪ੍ਰਭਾਵ ਤੋਂ ਪਰ੍ਹੇ ਹੈ। ਇਸ ਵਿੱਚ ਜੁੜਨ ਵਾਲਾ ਭੀ ਉੱਚੀ ਆਤਮਿਕ ਅਵਸਥਾ ਵਾਲਾ ਹੋ ਜਾਂਦਾ ਹੈ। ਪਰ ਇਹ ਗੱਲ ਤਾਂ ਸਮਝ ਵਿੱਚ ਆਉਂਦੀ ਹੈ ਜੇ ਕੋਈ ਮਨੁੱਖ ਆਪਣੇ ਅੰਦਰ ਲਗਨ ਲਾ ਕੇ ਵੇਖੇ।

ਭਾਵ ਪ੍ਰਭੂ ਮਾਇਆ ਦੇ ਪ੍ਰਭਾਵ ਤੋਂ ਬੇਅੰਤ ਉੱਚਾ ਹੈ। ਉਸ ਦੇ ਨਾਮ ਵਿੱਚ ਸੁਰਤ ਜੋੜ ਕੇ ਜਿਸ ਮਨੁੱਖ ਦੇ ਮਨ ਵਿਚ ਉਸ ਦੀ ਲਗਨ ਲੱਗ ਜਾਂਦੀ ਹੈ, ਉਸ ਦੀ ਭੀ ਆਤਮਾ ਮਾਇਆ ਦੀ ਮਾਰ ਤੋਂ ਉਤਾਂਹ ਹੋ ਜਾਂਦੀ ਹੈ। ਜਿਸ ਮਨੁੱਖ ਦੀ ਪ੍ਰਭੂ ਨਾਲ ਲਗਨ ਲੱਗ ਜਾਵੇ, ਉਸ ਦੀ ਆਤਮਿਕ ਉੱਚਤਾ ਨਾ ਕੋਈ ਬਿਆਨ ਕਰ ਸਕਦਾ ਹੈ ਅਤੇ ਨਾ ਹੀ ਕੋਈ ਲਿਖ ਸਕਦਾ ਹੈ। ਅੰਗ-3

ਸ੍ਰਿਸ਼ਟੀ ਵਿੱਚ ਕਈ ਜਾਤਾਂ ਦੇ ਕਈ ਕਿਸਮ ਦੇ ਅਤੇ ਕਈ ਨਾਵਾਂ ਦੇ ਜੀਵ ਹਨ। ਇਨ੍ਹਾਂ ਸਭਨਾਂ ਨੇ ਇੱਕ ਤਾਰ ਚਲਦੀ ਕਲਮ ਨਾਲ ਅਕਾਲ ਪੁਰਖ ਦੀ ਕੁਦਰਤ ਦਾ ਲੇਖਾ ਲਿਖਿਆ ਹੈ। ਪਰ ਕੋਈ ਵਿਰਲਾ ਮਨੁੱਖ ਇਹ ਲੇਖਾ ਲਿਖਣਾ ਜਾਣਦਾ ਹੈ। ਭਾਵ ਪਰਮਾਤਮਾ ਦੀ ਕੁਦਰਤ ਦਾ ਕੋਈ ਅੰਤ ਕੋਈ ਭੀ ਜੀਵ ਪਾ ਨਹੀਂ ਸਕਦਾ। ਜੇ ਲੇਖਾ ਲਿਖਿਆ ਭੀ ਜਾਏ ਤਾਂ ਇਹ ਅੰਦਾਜ਼ਾ ਨਹੀਂ ਲੱਗ ਸਕਦਾ ਕਿ ਲੇਖਾ ਕੇਡਾ ਵੱਡਾ ਹੋ ਜਾਵੇ। ਅਕਾਲ ਪੁਰਖ ਦਾ ਬੇਅੰਤ ਬਲ ਹੈ। ਬੇਅੰਤ ਸੁੰਦਰ ਰੂਪ ਹੈ। ਬੇਅੰਤ ਉਸ ਦੀ ਦਾਤ ਹੈ। ਇਸ ਦਾ ਕੌਣ ਅੰਦਾਜਾ ਲਾ ਸਕਦਾ ਹੈ? ਅਕਾਲ ਪੁਰਖ ਨੇ ਆਪਣੇ ਹੁਕਮ ਨਾਲ ਸੰਸਾਰ ਬਣਾ ਦਿੱਤਾ ਹੈ। ਉਸ ਹੁਕਮ ਨਾਲ ਹੀ ਜਿੰਦਗੀ ਦੇ ਲੱਖਾਂ ਦਰਿਆ ਬਣ ਗਏ। ਅੰਗ-3




ਭਾਵੇਂ ਅਕਾਲ ਪੁਰਖ ਦੀ ਕੁਦਰਤ ਦਾ ਲੇਖਾ ਲਫ਼ਜ ਅਸੰਖ ਤਾਂ ਕਿਸੇ ਰਿਹਾ ਹੈ। ਕੋਈ ਭੀ ਸ਼ਬਦ ਕਾਫ਼ੀ ਨਹੀਂ ਹੈ। ਪਰ ਅਕਾਲ ਪੁਰਖ ਦਾ ਨਾਮ ਭੀ ਅੱਖਰਾਂ ਦੇ ਰਾਹੀਂ ਹੀ ਲਿਆ ਜਾ ਸਕਦਾ ਹੈ। ਉਸ ਦੀ ਸਿਫ਼ਤ ਸਾਲਾਹ ਭੀ ਅੱਖਰਾਂ ਦੇ ਰਾਹੀਂ ਹੀ ਕੀਤੀ ਜਾ ਸਕਦੀ ਹੈ। ਅਕਾਲ ਪੁਰਖ ਦਾ ਗਿਆਨ ਭੀ ਅੱਖਰਾਂ ਦੇ ਰਾਹੀਂ ਹੀ ਵਿਚਾਰਿਆ ਜਾ ਸਕਦਾ ਹੈ। ਅੱਖਰਾਂ ਦੇ ਰਾਹੀਂ ਹੀ ਉਸ ਦੇ ਗੀਤ ਅਤੇ ਗੁਣਾਂ ਤੋਂ ਵਾਕਫ਼ ਹੋ ਸਕਦੇ ਹਾਂ। ਬੋਲੀ ਦਾ ਲਿਖਣਾ ਅਤੇ ਬੋਲਣਾ ਵੀ ਅੱਖਰਾਂ ਦੇ ਰਾਹੀਂ ਹੀ ਦੱਸਿਆ ਜਾ ਸਕਦਾ ਹੈ। ਇਸ ਕਰਕੇ ਸ਼ਬਦ ਅਸੰਖ ਵਰਤਿਆ ਗਿਆ ਹੈ। ਉਂਝ ਜਿਸ ਅਕਾਲ ਪੁਰਖ ਨੇ ਜੀਵਾਂ ਦੇ ਸੰਜੋਗ ਦੇ ਇਹ ਅੱਖਰ ਲਿਖੇ ਹਨ, ਉਸ ਦੇ ਸਿਰ 'ਤੇ ਕੋਈ ਲੇਖ ਨਹੀਂ ਹੈ। ਭਾਵ ਕੋਈ ਮਨੁੱਖ ਉਸ ਅਕਾਲ ਪੁਰਖ ਦਾ ਲੇਖਾ ਨਹੀਂ ਕਰ ਸਕਦਾ। ਜਿਸ ਜਿਸ ਤਰ੍ਹਾਂ ਤਰ੍ਹਾਂ ਉਹ ਅਕਾਲ ਪੁਰਖ ਹੁਕਮ ਕਰਦਾ ਹੈ, ਉਸੇ ਤਰ੍ਹਾਂ ਜੀਵ ਆਪਣੇ ਸੰਜੋਗ ਭੋਗਦੇ ਹਨ। ਅੰਗ-4

ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਗਿਆਨ, ਮਨੁੱਖ ਨੂੰ ਆਪਣੀ ਲਿੱਪੀ ਆਪਣੀ ਮਾਂ ਬੋਲੀ ਤੋਂ ਹੀ ਪ੍ਰਾਪਤ ਹੁੰਦਾ ਹੈ।

ਸਮਾਜ ਵਿੱਚ ਲਿੱਪੀ ਅਤੇ ਮਾਂ ਬੋਲੀ ਦਾ ਨਿਵੇਕਲਾ ਮਹੱਤਵ ਹੈ ਜੋ ਮੁਢਲੇ ਸੰਚਾਰ ਦਾ ਸਾਧਨ ਹੈ। ਮਾਂ ਬੋਲੀ ਵਿੱਚ ਕਈ ਗੱਲ ਵਧੇਰੇ ਅਸਰ ਕਰਦੀ ਹੈ। ਮਾਂ ਬੋਲੀ ਦਾ ਤਾਣਾ ਪ੍ਰੰਪਰਾ, ਇਤਿਹਾਸ ਅਤੇ ਵਿਰਾਸਤ ਨਾਲ ਬੁਣਿਆ ਹੁੰਦਾ ਹੈ। ਮਾਂ ਬੋਲੀ ਤੋਂ ਟੁੱਟਿਆ ਇਨਸਾਨ ਵਿਰਾਸਤ ਦੇ ਤਾਣੇ ਤੋਂ ਟੁੱਟ ਜਾਂਦਾ ਹੈ। ਆਪਣੀ ਹੋਂਦ ਗੁਆ ਬੈਠਦਾ ਹੈ। ਆਪਣੀ ਅਮੀਰ ਮਾਨਮੱਤੀ ਵਿਰਾਸਤ ਤੋਂ ਵਾਂਝਾ ਰਹਿ ਜਾਂਦਾ ਹੈ। ਮਾਂ ਬੋਲੀ ਦੇ ਮਾਧਿਅਮ ਵਿਚ ਪ੍ਰਾਪਤ ਸਿੱਖਿਆ ਬੇਹਤਰ ਹੁੰਦੀ ਹੈ ਅਤੇ ਦੂਸਰੀਆਂ ਭਾਸ਼ਾਵਾਂ ਸਿੱਖਣ ਵਿੱਚ ਵੀ ਅਸਾਨੀ ਹੁੰਦੀ ਹੈ ਹਰ ਸਾਲ 21 ਫਰਵਰੀ ਨੂੰ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਅੰਤਰਰਾਸ਼ਟਰੀ ਪੱਧਰ 'ਤੇ ਮਨਾਇਆ ਜਾਂਦਾ ਹੈ। ਜਿਸ ਦਾ ਮਨੋਰਥ ਹੈ ਕਿ ਲੋਕਾਂ ਵਿੱਚ ਆਪਣੀ ਮਾਂ ਬੋਲੀ ਸਿੱਖਣ ਦਾ ਉਤਸ਼ਾਹ ਪੈਦਾ ਕਰਕੇ, ਆਪਣੀ ਲਿੱਪੀ ਪ੍ਰਤੀ ਜਾਗ੍ਰਿਤਾ ਲਿਆ ਕੇ ਲਿੱਪੀ ਦਾ ਪ੍ਰਚਾਰ, ਪਾਸਾਰ ਕਰਨਾ। ਸੰਯੁਕਤ ਰਾਸ਼ਟਰ ਦੀ ਸੰਸਥਾ ਯੂਨੈਸਕੋ ਵੱਲੋਂ 17 ਨਵੰਬਰ, 1999 ਨੂੰ ਇਹ ਦਿਹਾੜਾ ਮਨਾਉਣ ਦਾ ਫੈਸਲਾ ਕੀਤਾ ਗਿਆ। ਯੂ.ਐਨ. ਦੀ ਜਨਰਲ ਅਸੈਂਬਲੀ ਨੇ ਸਾਲ 2000 ਨੂੰ ਭਾਸ਼ਾਵਾਂ ਦਾ ਅੰਤਰਰਾਸ਼ਟਰੀ ਸਾਲ ਕਰਾਰ ਦਿੱਤਾ ਹੈ। ਇਸ ਦੀ ਅਹਿਮੀਅਤ ਇਹ ਹੈ ਕਿ ਭਾਸ਼ਾਈ ਅਤੇ ਸੱਭਿਆਚਾਰਕ ਵੰਨ-ਸੁਵੰਨਤਾ ਨੂੰ ਬਰਕਰਾਰ ਰੱਖਣਾ ਹੈ।

ਇਹ ਦਿਹਾੜਾ ਫਰਵਰੀ 2000 ਤੋਂ ਬਾਅਦ ਹਰ ਸਾਲ ਮਨਾਇਆ ਜਾਂਦਾ ਹੈ। ਇਹ ਦਿਨ 21 ਫਰਵਰੀ 1952 ਦੀ ਪ੍ਰਤੀਨਿਧਤਾ ਕਰਦਾ ਹੈ ਜਦੋਂ ਢਾਕਾ ਯੂਨੀਵਰਸਿਟੀ, ਜਗਨਨਾਥ ਯੂਨੀਵਰਸਿਟੀ, ਢਾਕਾ ਮੈਡੀਕਲ ਕਾਲਜ ਆਦਿ ਦੇ ਵਿਦਿਆਰਥੀ ਉਸ ਸਮੇਂ ਦੇ ਪਾਕਿਸਤਾਨ ਵਿੱਚ ਉਰਦੂ ਤੋਂ ਬਿਨਾਂ ਬੰਗਾਲੀ ਨੂੰ ਵੀ ਇੱਕ ਰਾਸ਼ਟਰੀ ਭਾਸ਼ਾ ਵਜੋਂ ਮਾਨਤਾ ਦਿਵਾਉਣ ਲਈ ਮੁਜ਼ਾਹਰਾ ਕਰ ਰਹੇ ਸਨ ਅਤੇ ਪੁਲਿਸ ਦੁਆਰਾ ਗੋਲੀਆਂ ਚਲਾ ਕੇ ਢਾਕਾ (ਬੰਗਲਾਦੇਸ਼) ਵਿਖੇ ਮਾਰ ਦਿੱਤਾ ਗਿਆ ਸੀ। ਵੱਖ ਵੱਖ ਭਾਸ਼ਾਵਾਂ 'ਤੇ ਸੰਨ 2000 ਤੋਂ ਪ੍ਰਚਾ-ਪਾਠ ਵੱਖ ਵੱਖ ਵਿਸ਼ਿਆਂ 'ਤੇ ਪੜ੍ਹੇ ਜਾਂਦੇ ਹਨ। ਸੰਨ 2022 ਦਾ ਵਿਸ਼ਾ ਰਿਹਾ-'ਬਹੁ-ਭਾਸ਼ਾਈ ਸਿੱਖਿਆ ਲਈ ਤਕਨਾਲੋਜੀ ਦੀ ਵਰਤੋਂ-ਚੁਣੌਤੀਆਂ ਅਤੇ ਮੌਕੇ।'

ਮਾਂ ਬੋਲੀ ਦੀ ਹੋਂਦ ਨੂੰ ਬਰਕਰਾਰ ਰੱਖਣ ਲਈ ਵਿਦਵਾਨਾਂ ਦੇ ਵਿਚਾਰ ਹਨ ਕਿ ਅਫ਼ਰੀਕੀ ਲੋਕ ਨਾਇਕ ਨੈਲਸਨ ਮੰਡੇਲਾ ਨੇ ਕਿਹਾ ਕਿ ਜੇਕਰ ਤੁਸੀਂ ਕਿਸੇ ਇਨਸਾਨ ਨਾਲ ਉਸ ਭਾਸ਼ਾ ਵਿਚ ਗੱਲ ਕਰੋ ਜਿਹੜੀ ਉਸ ਨੇ ਸਿੱਖੀ ਹੋਵੇ ਤਾਂ ਗੱਲ ਉਸ ਦੇ ਦਿਮਾਗ ਤੱਕ ਪਹੁੰਚ ਜਾਂਦੀ ਹੈ। ਜੇਕਰ ਤੁਸੀਂ ਉਸ ਦੀ ਆਪਣੀ ਭਾਸ਼ਾ ਵਿੱਚ ਗੱਲ ਕਰੋ ਤਾਂ ਗੱਲ ਉਸ ਦੇ ਦਿਲ ਵਿੱਚ ਉਤਰ ਜਾਂਦੀ ਹੈ। ਆਪਣੀ ਮਾਂ ਬੋਲੀ ਵਿੱਚ ਅਸੀਂ ਭਾਵਨਾਵਾਂ ਨੂੰ ਸਮਝਦੇ ਅਤੇ ਮਾਣਦੇ ਹਾਂ। ਇੱਕ ਹੋਰ ਅਫ਼ਰੀਕੀ ਵਿਦਵਾਨ ਨਿਗੂਗੀ ਥਿਓਗ ਦਾ ਕਹਿਣਾ ਹੈ ਕਿ ਜੇਕਰ ਤੁਸੀਂ ਲੋਕਾਂ ਦੀ ਜੁਬਾਨ ਖਤਮ ਕਰ ਦੇਵੋ ਤਾਂ ਉਨ੍ਹਾਂ ਦੀ ਯਾਦਦਾਸ਼ਤ ਖਤਮ ਹੋ ਜਾਂਦੀ ਹੈ। ਇਸ ਤਰ੍ਹਾਂ ਦੇ ਬਿਨਾਂ ਯਾਦਦਾਸ਼ਤ ਦੇ ਲੋਕ ਪਤਵਾਰ-ਹੀਣ ਹੁੰਦੇ ਹਨ, ਬੇਲਗਾਮ ਹੁੰਦੇ ਹਨ। ਆਪਣੇ ਇਤਿਹਾਸ ਅਤੇ ਸੱਭਿਆਚਾਰ ਤੋਂ ਟੁੱਟ ਜਾਂਦੇ ਹਨ। ਰਾਬਿੰਦਰ ਨਾਥ ਟੈਗੋਰ ਬੰਗਾਲੀ ਕਵੀ ਅਤੇ ਲੇਖਕ ਨੇ ਬਲਰਾਜ ਸਾਹਨੀ ਨੂੰ ਮਾਂ ਬੋਲੀ ਵਿੱਚ ਲਿਖਣ ਦੀ ਦਲੀਲ ਦੇ ਕੇ ਕਿਹਾ ਕਿ ਤੁਸੀਂ ਪਰਾਈ ਭਾਸ਼ਾ ਵਿੱਚ ਭਾਵੇਂ ਜਿੰਦਗੀ ਭਰ ਲਿਖਦੇ ਰਹੋ ਪਰ ਨਾ ਤਾਂ ਤੁਹਾਡੇ ਆਪਣੇ ਲੋਕ ਤੁਹਾਨੂੰ ਆਪਣਾ ਸਮਝ ਸਕਣਗੇ, ਨਾ ਹੀ ਉਹ ਲੋਕ ਜਿਨ੍ਹਾਂ ਦੀ ਭਾਸ਼ਾ ਵਿੱਚ ਤੁਸੀਂ ਲਿਖ ਰਹੇ ਹੋ। ਦੁਜਿਆਂ ਦਾ ਬਣਨ ਤੋਂ ਪਹਿਲਾਂ ਆਪਣੇ ਲੋਕਾਂ ਦਾ ਬਣਨਾ ਚਾਹੀਦਾ ਹੈ।

ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸਮੇਂ ਲੋਕਾਂ ਦਾ ਕਿਰਦਾਰ ਬਦਲ ਗਿਆ। ਮੁਸਲਮਾਨੀ ਰਾਜ ਦਾ ਸਮਾਂ ਹੈ, ਜਿਸ ਨੂੰ ਪਹਿਲਾਂ ਹੇਂਦਕੀ ਬੋਲੀ ਵਿੱਚ 'ਆਦਿ ਪੁਰਖ' ਆਖਿਆ ਜਾਂਦਾ ਸੀ। ਹੁਣ ਉਸ ਨੂੰ ਅੱਲ੍ਹਾ ਆਖਿਆ ਜਾ ਰਿਹਾ ਹੈ। ਹੁਣ ਇਹ ਰਿਵਾਜ ਚੱਲ ਪਿਆ ਹੈ ਕਿ ਹਿੰਦੂ ਜਿਨ੍ਹਾਂ ਮੰਦਰਾਂ ਵਿੱਚ ਦੇਵਤਿਆਂ ਦੀ ਪੂਜਾ ਕਰਦੇ ਹਨ ਉਨ੍ਹਾਂ ਦੇ ਮੰਦਰਾਂ 'ਤੇ ਟੈਕਸ ਲਗਾਇਆ ਜਾ ਰਿਹਾ ਹੈ। ਹੁਣ ਲੋਟਾ, ਬਾਗ ਨਿਮਾਜ਼, ਮੁੱਲਾ ਪ੍ਰਧਾਨ ਹਨ। ਪਰਮਾਤਮਾ ਦੀ ਬੰਦਗੀ ਕਰਨ ਵਾਲਿਆਂ ਨੇ ਨੀਲਾ ਬਾਣਾ ਪਹਿਨਿਆ ਹੋਇਆ ਹੈ। ਹੁਣ ਤੇਰੀ ਭਾਵ ਤੇਰੇ ਬੰਦਿਆਂ ਦੀ ਬੋਲੀ ਹੀ ਹੋਰ ਹੋ ਗਈ ਹੈ। ਹਰੇਕ ਘਰ ਵਿੱਚ ਸਭ ਜੀਵਾਂ ਦੇ ਮੂੰਹ ਵਿੱਚ ਲਫ਼ਜ ਪਿਤਾ ਦੀ ਥਾਂ ਲਫ਼ਜ ਮੀਆਂ ਪ੍ਰਧਾਨ ਹੈ। ਹੇ, ਪਾਤਿਸ਼ਾਹ ਜੇਕਰ ਤੂੰ ਮੀਰ ਬਾਬਰ ਨੂੰ ਧਰਤੀ ਦਾ ਰਾਜਾ ਬਣਾਉਣਾ ਚਾਹੁੰਦਾ ਹੈਂ ਤਾਂ ਸਾਡੀ ਜੀਵਾਂ ਦੀ ਕੀ ਤਾਕਤ ਹੈ। ਅੰਗ-90-91

ਆਪਣੇ ਆਪ ਨੂੰ ਹਿੰਦੂ ਧਰਮ ਦੇ ਰਾਖੇ ਸਮਝਣ ਵਾਲੇ ਖੱਤਰੀਆਂ ਨੇ ਆਪਣਾ ਧਰਮ ਛੱਡ ਦਿੱਤਾ ਹੈ। ਜਿਨ੍ਹਾਂ ਨੂੰ ਇਹ ਮੂੰਹੋਂ ਮਲੇਛ ਕਹਿ ਰਹੇ ਹਨ ਰੋਜ਼ੀ ਦੀ ਖਾਤਰ ਉਨ੍ਹਾਂ ਦੀ ਬੋਲੀ ਗ੍ਰਹਿਣ ਕਰ ਚੁੱਕੇ ਹਨ। ਇਨ੍ਹਾਂ ਦਾ ਧਰਮ ਦੀ ਮਰਯਾਦਾ ਮਰ ਚੁੱਕੀ ਹੈ। ਸਾਰੀ ਸ੍ਰਿਸ਼ਟੀ ਇਕੋ ਵਰਨ ਦੀ ਹੋ ਗਈ ਹੈ। ਇਕੋ ਅਧਰਮ ਹੀ ਪ੍ਰਧਾਨ ਹੋ ਗਿਆ ਹੈ। ਅੰਗ-662-663

ਇਥੋਂ ਤੱਕ ਕਿ ਵਿਦੇਸ਼ੀ ਹਾਕਮਾਂ ਨੂੰ ਖ਼ੁਸ਼ ਕਰਨ ਲਈ ਆਪਣੀ ਭਾਸ਼ਾ ਅਤੇ ਸੱਭਿਆਚਾਰ ਨੂੰ ਵਿਸਾਰ ਦਿੱਤਾ ਹੈ। ਪਹਿਰਾਵੇ, ਆਚਰਣ ਅਤੇ ਆਪਣੀ ਸਥਾਨਕ ਬੋਲੀ ਨਾਲ ਧ੍ਰੋਹ ਕੀਤਾ।

ਗੁਰੂ ਨਾਨਕ ਦੇਵ ਸਾਹਿਬ ਜੀ ਨੇ ਆਮ ਬੋਲੀ ਲੋਕ ਭਾਸ਼ਾ ਅਤੇ ਪੰਜਾਬੀ ਵਿੱਚ ਵਿਚਾਰ ਪ੍ਰਗਟ ਕੀਤੇ। ਬਾਣੀ ਦੀ ਰਚਨਾ ਗੁਰਮੁਖੀ ਲਿੱਪੀ ਵਿੱਚ ਕੀਤੀ। ਰਵਾਇਤੀ ਸ਼ਾਸਤਰੀ ਸੰਗੀਤ ਅਤੇ ਪ੍ਰਚੱਲਤ ਸੰਗੀਤ ਦੀ ਵਰਤੋਂ ਕੀਤੀ। ਭਾਈ ਮਰਦਾਨਾ ਜੀ ਦੀ ਰਬਾਬ ਬਾਣੀ ਗਾਇਨ ਵਿੱਚ ਮਹੱਤਵਪੂਰਨ ਹੈ। ਭਗਤੀ ਲਹਿਰ ਦੇ ਸਮਾਜ ਸੁਧਾਰਕਾਂ ਨੇ ਵੀ ਸੰਤ ਭਾਸ਼ਾ ਲੋਕ ਭਾਸ਼ਾ ਅਤੇ ਪੰਜਾਬੀ ਗੁਰਮੁਖੀ ਦੀ ਵਰਤੋਂ ਕੀਤੀ। ਉਪਰੰਤ ਸੂਫ਼ੀਆਂ ਨੇ ਵੀ ਪੰਜਾਬੀ ਗੁਰਮੁਖੀ ਨੂੰ ਤਰਜੀਹ ਦਿੱਤੀ। ਭਾਵੇਂ ਉਹ ਅਰਬੀ ਫਾਰਸੀ ਭਾਸ਼ਾ ਦੇ ਮਾਹਰ ਸਨ।

ਮਾਂ ਬੋਲੀ ਦਾ ਵਿਕਾਸ ਵੀ ਰਾਜਨੀਤਕ ਅਤੇ ਅਪਰਾਧਿਕ ਵਿਕਾਸ ਦੇ ਨਾਲ ਨਾਲ ਹੋਣਾ ਚਾਹੀਦਾ ਹੈ। ਅੱਜ ਲੋੜ ਹੈ ਕਿ ਆਪਣੀਆਂ ਸਮਾਜਿਕ ਰਵਾਇਤਾਂ, ਪੰਜਾਬ ਦੀ ਵਿਰਾਸਤ ਵਿੱਚ ਪਏ ਅਨਮੋਲ ਖਜਾਨੇ ਨੂੰ ਸਾਂਭਣ ਦੀ ਪ੍ਰੰਪਰਾ ਵਿੱਚ ਵਿੱਚ ਲੋਕ ਗੀਤ, ਲੋਕ ਸੰਗੀਤ, ਲੋਕ ਨਾਚ, ਖੇਡਾਂ, ਲੋਕ ਤਿਓਹਾਰ, ਮੇਲੇ, ਸੂਫ਼ੀ ਸਾਹਿਤ ਆਦਿ ਵਿੱਚ ਪੰਜਾਬੀਆਂ ਦੀ ਵੱਖਰੀ ਪਛਾਣ ਹੈ। ਯੂਨੈਸਕੋ ਨੇ ਆਪਣੀ ਇੱਕ ਰਿਪੋਰਟ ਦਿੱਤੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਕਈ ਭਾਸ਼ਾਵਾਂ ਦੀ ਹੋਂਦ ਲਈ ਖਤਰਾ ਪੈਦਾ ਹੋ ਸਕਦਾ ਹੈ। ਯੂਨੈਸਕੋ ਨੇ ਭਾਸ਼ਾ ਦੀ ਬੜੀ ਖੋਜ ਤੋਂ ਬਾਅਦ ਕਮੇਟੀਆਂ ਬਣਾਈਆਂ ਜੋ ਕਿਸੇ ਵੀ ਭਾਸ਼ਾ ਦੀਆਂ ਦਰਪੇਸ਼ ਚੁਣੌਤੀਆਂ, ਖਤਰਿਆਂ ਤੋਂ ਜਾਣੂ ਕਰਵਾਉਂਦੀਆਂ ਹਨ। ਅੱਜ ਪੰਜਾਬੀ ਮਾਂ ਬੋਲੀ ਅਤੇ ਸੱਭਿਆਚਾਰ ਨੂੰ ਬਚਾਉਣ ਲਈ ਸੰਜੀਦਾ ਯਤਨਾਂ ਦੀ ਲੋੜ ਹੈ। ਸਰਕਾਰੀ ਅਤੇ ਸੰਸਥਾਗਤ ਉਪਰਾਲਿਆਂ ਦੀ ਲੋੜ ਹੈ। ਕੁਝ ਅਜਿਹੇ ਯਤਨ ਹਨ ਜੋ ਮਾਂ ਬੋਲੀ ਵਿੱਚ ਉਤਸ਼ਾਹ ਵਧਾਉਂਦੇ ਹਨ। ਪਾਕਿਸਤਾਨ ਵਿੱਚ ਵੀ ਪੰਜਾਬੀ ਬੋਲੀ ਦਾ ਬੋਲਬਾਲਾ ਹੈ। ਸੰਸਾਰ ਦੇ ਬਹੁਤ ਸਾਰੇ ਮੁਲਕਾਂ ਵਿੱਚ ਪੰਜਾਬੀਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਪੰਜਾਬੀ ਜਿੱਥੇ ਵੀ ਜਾ ਵਸੇ ਆਪਣੇ ਸੱਭਿਆਚਾਰ ਨੂੰ ਵੀ ਨਾਲ ਲੈ ਗਏ ਹਨ। ਪੰਜਾਬੀ ਜਿੱਥੇ ਆਪਣਾ ਘਰ ਬਣਾਉਂਦਾ ਹੈ, ਉੱਥੇ ਹੀ ਗੁਰੂ ਦਾ ਘਰ ਵੀ ਜ਼ਰੂਰ ਬਣਾਉਂਦਾ ਹੈ। ਥਾਂ ਥਾਂ ਨਿਸ਼ਾਨ ਸਾਹਿਬ ਝੂਲਦੇ ਹਨ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਵੇਲੇ ਪੰਜਾਬੀ ਬੋਲੀ ਅਤੇ ਗੁਰਧਾਮਾਂ ਦਾ ਬਹੁਤ ਵਿਕਾਸ ਹੋਇਆ ਜੋ ਪੰਜਾਬੀ ਦੇ ਅਮੀਰ ਵਿਰਸੇ ਦਾ ਦਸਤਾਵੇਜ਼ ਹੈ ਪੰਜਾਬੀ ਮਾਂ ਬੋਲੀ ਦਾ ਬੇਸ਼ਕੀਮਤੀ ਸਾਹਿਤ ਖਜ਼ਾਨਾ ਹੈ। ਜਿਸ ਵਿੱਚ ਵੱਖ ਵੱਖ ਵਿਸ਼ਿਆਂ ਦਾ ਸਾਹਿਤ ਸਾਂਭਿਆ ਪਿਆ ਹੈ। ਜੋ ਪੰਜਾਬੀ ਲਿੱਪੀ ਦਾ ਮਹੱਤਵ ਪ੍ਰਗਟ ਕਰਦਾ ਹੈ। ਅੱਜ ਤਿੱਥੀ ਮਾਂ ਬੋਲੀ ਪੰਜਾਬ ਰਾਜ ਦੀ ਪ੍ਰਬੰਧਕੀ ਬੋਲੀ ਹੈ। ਵਿਦੇਸ਼ਾਂ ਵਿੱਚ ਵੀ ਪੰਜਾਬੀਆਂ ਨੇ ਆਪਣੀ ਮਾਂ ਬੋਲੀ ਪੰਜਾਬੀ ਦੇ ਸੰਗੀਤ ਅਤੇ ਸਾਹਿਤ ਦਾ ਪ੍ਰਚਾਰ ਪਾਸਾਰ ਕੀਤਾ ਹੈ। ਉਨ੍ਹਾਂ ਆਪਣੇ ਗੌਰਵਮਈ, ਧਾਰਮਿਕ ਵਿਰਸੇ ਦਾ ਇਤਿਹਾਸ ਸਾਂਭ ਰੱਖਿਆ ਹੈ। ਗੁਰਦੁਆਰਿਆਂ ਵਿੱਚ ਗੁਰਮਤਿ, ਕਥਾ, ਕੀਰਤਨ, ਕਵੀ ਦਰਬਾਰ, ਢਾਡੀ ਵਾਰਾਂ, ਨਗਰ ਕੀਰਤਨ, ਲੰਗਰ, ਗਤਕਾ, ਸਿੱਖ ਬੱਚਿਆਂ ਦਾ ਦਿਨ ਮਨਾਇਆ ਜਾਂਦਾ ਹੈ। (ਬਾਕੀ ਸਫ਼ਾ 30 'ਤੇ)




# ਸੰਸਾਰ ਦੇ ਅੱਧਿਓਂ ਵੱਧ ਬੱਚੇ ਹਨ ਸ਼ੋਸ਼ਣ ਦਾ ਸ਼ਿਕਾਰ

**ਮੁਖ਼ਤਾਰ ਗਿੱਲ**

ਸੰਯੁਕਤ ਰਾਸ਼ਟਰ ਦੀ ਸੰਸਥਾ ਯੂਨੀਸੈਫ ਦੀ ਇੱਕ ਖੋਜ ਅਨੁਸਾਰ ਦੁਨੀਆਂ ਭਰ ਵਿੱਚ 52.5 ਫ਼ੀਸਦ ਬੱਚੇ ਬਾਲ ਤਸਕਰੀ, ਸੈਕਸ ਸ਼ੋਸ਼ਣ ਅਤੇ ਗੁਰਬਤ ਦੀ ਮਾਰ ਝੱਲ ਰਹੇ ਹਨ। ਇਸ ਤੋਂ ਇਲਾਵਾ ਸਾਡੇ ਦੇਸ਼ ਵਿੱਚ ਬਹੁਤ ਸਾਰੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਜਿਣਸੀ ਅਪਰਾਧੀਆਂ ਦੀ ਤਾਦਾਦ ਵਿੱਚ ਚੋਖਾ ਵਾਧਾ ਹੁੰਦਾ ਜਾ ਰਿਹਾ ਹੈ। ਭਾਰਤ ਵਿੱਚ 5.2 ਕਰੋੜ ਬੱਚੇ ਯਾਨੀ 11.5 ਫ਼ੀਸਦ ਬੱਚੇ ਬੇਹੱਦ ਗ਼ਰੀਬੀ, ਜਿਣਸੀ ਸ਼ੋਸ਼ਣ, ਭੁੱਖਮਰੀ ਅਤੇ ਕੁਪੋਸ਼ਣ ਦਾ ਸ਼ਿਕਾਰ ਹਨ। ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਗ਼ਰੀਬੀ ਦੀ ਦਰ ਸਭ ਤੋਂ ਜ਼ਿਆਦਾ ਹੈ।

ਇਹ ਬੱਚੇ ਅਤਿ ਗ਼ਰੀਬ ਦੇਸ਼ਾਂ ਵਿੱਚ ਰਹਿੰਦੇ ਹਨ ਜਿੱਥੇ ਸਿਹਤ ਸੇਵਾਵਾਂ ਦੀ ਬਹੁਤ ਕਮੀ ਹੈ। ਕੌਮਾਂਤਰੀ ਕਿਰਤ ਸੰਗਠਨ ਦਾ ਅਨੁਮਾਨ ਹੈ ਕਿ ਹਰ ਸਾਲ ਬਾਲ ਤਸਕਰ ਸੰਸਾਰ ਦੇ ਲਗਪਗ 3 ਲੱਖ ਬੱਚਿਆਂ ਨੂੰ ਗ਼ੁਲਾਮੀ ਲਈ ਵੇਚ ਦਿੰਦੇ ਹਨ। ਮਾਨਵ ਤਸਕਰੀ ਵਿਰੋਧੀ ਇੱਕ ਸੰਗਠਨ ਨੇ ਦੱਸਿਆ ਕਿ ਗੁਰਬਤ ਤੇ ਅਨਪੜ੍ਹਤਾ ਦੇ ਚੱਲਦਿਆਂ ਬਾਲ ਤਸਕਰੀ ਦਾ ਸ਼ਿਕੰਜਾ ਮਜ਼ਬੂਤ ਹੁੰਦਾ ਜਾ ਰਿਹਾ ਹੈ। ਇਹ ਇੱਕ ਦਰਦਨਾਕ ਸੱਚਾਈ ਹੈ ਕਿ ਦੁਨੀਆਂ ਭਰ ਦੇ ਸਮੱਗਲਰਾਂ ਦਾ ਗਿਰੋਹ ਲੱਖਾਂ ਬਾਲਾਂ ਦਾ ਬਚਪਨ ਖੋਹ ਰਿਹਾ ਹੈ। ਇਸ ਸਮੇਂ ਵਿਸ਼ਵ ਭਰ ਵਿੱਚ ਬੱਚਿਆਂ ਦੀ ਤਸਕਰੀ ਦੇ ਨਾਜਾਇਜ਼ ਕਾਰੋਬਾਰ ਦਾ ਵਾਧਾ ਸਾਲਾਨਾ ਡੇਢ ਸੌ ਅਰਬ ਡਾਲਰ ਤੱਕ ਪਹੁੰਚ ਚੁੱਕਾ ਹੈ। ਭਾਰਤ ਦੇ ਕਈ ਰਾਜਾਂ ਵਿੱਚ ਵੀ ਰੂਪੋਸ਼ ਬਾਲ ਤਸਕਰ ਗਿਰੋਹ ਸਰਗਰਮ ਹਨ ਜਿਹੜੇ ਮਾਤਾ-ਪਿਤਾ ਦੀ ਗ਼ਰੀਬੀ ਦਾ ਫ਼ਾਇਦਾ ਉਠਾ ਰਹੇ ਹਨ। ਸਰਕਾਰੀ ਹਸਪਤਾਲਾਂ ਦੇ ਮਾੜੇ ਸੁਰੱਖਿਆ ਇੰਤਜ਼ਾਮਾਂ ਕਾਰਨ ਹਰ ਸਾਲ ਹਜ਼ਾਰਾਂ ਨਵ-ਜਨਮੇ ਬਾਲ ਤਸਕਰਾਂ ਦੇ ਹਵਾਲੇ ਕਰ ਦਿੱਤੇ ਜਾਂਦੇ ਹਨ। ਇਸ ਵਿਚ ਸਿਹਤ ਵਿਭਾਗ ਦੇ ਚੌਥਾ ਦਰਜਾ ਮੁਲਾਜ਼ਮ ਵੱਡੀ ਗਿਣਤੀ ਵਿੱਚ ਸ਼ਾਮਲ ਹੁੰਦੇ ਹਨ ਜਿਹੜੇ ਕਿਸੇ ਲਾਲਚ ਵੱਸ ਬਾਲ ਤਸਕਰਾਂ ਦੇ ਸਹਿਯੋਗੀ ਬਣ ਜਾਂਦੇ ਹਨ। ਇਕ ਬਾਲ ਸੰਗਠਨ ਦੀ ਰਿਪੋਰਟ ਮੁਤਾਬਕ ਤਸਕਰੀ ਦੇ ਸ਼ਿਕਾਰ ਬਾਲਾਂ ਵਿੱਚੋਂ ਲਗਪਗ 60 ਫ਼ੀਸਦ ਵੱਡੇ ਹੋਣ 'ਤੇ ਬਾਲ ਮਜ਼ਦੂਰੀ ਵਿੱਚ ਝੋਕ ਦਿੱਤੇ ਜਾਂਦੇ ਹਨ। ਅਜਿਹੇ ਬੱਚਿਆਂ ਤੋਂ ਘਰਾਂ, ਰੈਸਟੋਰੈਂਟਾਂ, ਕਾਰਖਾਨਿਆਂ ਆਦਿ 'ਚ ਕੰਮ ਕਰਵਾਇਆ ਜਾਂਦਾ ਹੈ।



ਬਾਲ ਤਸਕਰਾਂ ਵੱਲੋਂ ਜਿਣਸੀ ਸ਼ੋਸ਼ਣ ਦੇ ਨਾਲ-ਨਾਲ ਉਨ੍ਹਾਂ ਨੂੰ ਭੀਖ ਮੰਗਣ ਲਈ ਮਜਬੂਰ ਕੀਤਾ ਜਾਂਦਾ ਹੈ। ਸਾਡੇ ਦੇਸ਼ ਵਿੱਚ 3 ਲੱਖ ਬਾਲ ਭਿਖਾਰੀ ਹਨ। ਦੇਸ਼ ਦੀ ਕੌਮੀ ਰਾਜਧਾਨੀ ਦਿੱਲੀ ਵਿੱਚ ਤਕਰੀਬਨ ਇੱਕ ਲੱਖ ਭਿਖਾਰੀਆਂ ਵਿੱਚ ਅੱਧੇ ਬੱਚੇ ਹਨ। ਬੱਚਿਆਂ ਨੂੰ ਤਸਕਰੀ ਤੇ ਨਸ਼ੀਲੀਆਂ ਦਵਾਈਆਂ ਦੇ ਵਪਾਰ ਵਿੱਚ ਵੀ ਇਸਤੇਮਾਲ ਕੀਤਾ ਜਾਂਦਾ ਹੈ। ਇੱਕ ਹੋਰ ਅਧਿਐਨ ਅਨੁਸਾਰ ਪਤਾ ਲੱਗਾ ਹੈ ਕਿ ਅਜਿਹੇ 12 ਕਰੋੜ ਬੱਚੇ ਫੁੱਟਪਾਥਾਂ 'ਤੇ ਰਾਤਾਂ ਗੁਜ਼ਾਰ ਰਹੇ ਹਨ। ਗ਼ਰੀਬੀ ਤੇ ਪਰਿਵਾਰਕ ਆਰਥਿਕ ਦਸ਼ਾ ਕਰ ਕੇ ਮਾਪੇ ਆਪਣੇ ਬੱਚਿਆਂ ਨੂੰ ਵੇਚਣ ਲਈ ਮਜਬੂਰ ਹੋ ਰਹੇ ਹਨ। ਹਰ ਸਾਲ ਦਿਹਾਤੀ ਭਾਰਤ 'ਚੋਂ ਲੱਖਾਂ ਬਾਲੜੀਆਂ ਦੀ ਤਸਕਰੀ ਸ਼ਹਿਰਾਂ ਨੂੰ ਹੁੰਦੀ ਹੈ ਜਿੱਥੇ ਉਨ੍ਹਾਂ ਨੂੰ ਕੰਮ ਵਾਲੀਆਂ ਅਤੇ ਘਰੇਲੂ ਨੌਕਰਾਣੀਆਂ ਦਾ ਦਰਜਾ ਮਿਲਦਾ ਹੈ। ਉੱਥੇ ਉਨ੍ਹਾਂ ਦਾ ਹਰ ਕਿਸਮ ਦਾ ਸ਼ੋਸ਼ਣ ਹੁੰਦਾ ਹੈ। ਉਹ ਅਕਸਰ ਜਿਣਸੀ ਸ਼ੋਸ਼ਣ ਤੇ ਮਾਰ-ਕੁਟਾਈ ਦੀਆਂ ਸ਼ਿਕਾਰ ਹੁੰਦੀਆਂ ਹਨ।

ਸਾਲ 1946 ਵਿੱਚ ਸੰਯੁਕਤ ਰਾਸ਼ਟਰ ਵਿੱਚ ਪਹਿਲੀ ਵਾਰ ਮਾਨਵ ਅਧਿਕਾਰਾਂ ਦੀ ਘੋਸ਼ਣਾ ਹੋਈ ਸੀ ਜਿਨ੍ਹਾਂ ਵਿੱਚ ਬਾਲ ਤਸਕਰੀ ਰੋਕਣ ਦਾ ਖਰੜਾ ਸ਼ਾਮਲ ਕੀਤਾ ਗਿਆ ਸੀ। ਭਾਰਤ 'ਚ ਪਹਿਲੀ ਵਾਰ 1956 ਵਿੱਚ ਅਨੈਤਿਕ ਬਾਲ ਵਪਾਰ ਰੋਕੂ ਕਾਨੂੰਨ ਬਣਾਇਆ ਗਿਆ। ਅਸਾਮ, ਆਂਧਰ ਪ੍ਰਦੇਸ਼, ਬਿਹਾਰ, ਕਰਨਾਟਕ, ਉੱਤਰ ਪ੍ਰਦੇਸ਼, ਮਹਾਰਾਸ਼ਟਰ, ਮੱਧ ਪ੍ਰਦੇਸ਼, ਰਾਜਸਥਾਨ, ਓਡੀਸ਼ਾ ਤੇ ਪੱਛਮੀ ਬੰਗਾਲ ਵਰਗੇ ਗ਼ਰੀਬ ਸੂਬਿਆਂ ਦੀ ਹਾਲਤ ਸਭ ਤੋਂ ਚਿੰਤਾਜਨਕ ਹੈ। ਇਨ੍ਹਾਂ ਰਾਜਾਂ ਵਿੱਚ ਬਾਲ ਤਸਕਰੀ ਵਧ ਰਹੀ ਹੈ। ਬਾਲ ਤਸਕਰੀ ਦੇ ਮਾਮਲੇ ਵਿੱਚ ਜੈਪੁਰ (ਰਾਜਸਥਾਨ) ਤੇ ਦਿੱਲੀ ਸਿਖ਼ਰ 'ਤੇ ਰਹੇ। ਯੂਨੀਸੈਫ ਅਨੁਸਾਰ 1.26 ਕਰੋੜ ਬੱਚੇ ਖ਼ਤਰਨਾਕ ਧੰਦਿਆਂ ਵਿੱਚ ਲੱਗੇ ਹੋਏ ਹਨ। ਜਿਣਸੀ ਸ਼ੋਸ਼ਣ ਤੇ ਬਾਲ ਤਸਕਰੀ ਵਿੱਚ ਜ਼ਿਆਦਾਤਰ ਬੱਚੀਆਂ ਸ਼ਾਮਲ ਹਨ। ਕੌਮੀ ਮਾਨਵ ਅਧਿਕਾਰ ਕਮਿਸ਼ਨ ਦੀ ਇੱਕ ਰਿਪੋਰਟ ਅਨੁਸਾਰ ਭਾਰਤ ਵਿੱਚ ਹਰ ਸਾਲ ਘੱਟੋ-ਘੱਟ 40 ਹਜ਼ਾਰ ਬੱਚੇ ਅਗਵਾ ਹੋ ਜਾਂਦੇ ਹਨ ਜਿਨ੍ਹਾਂ ਵਿੱਚੋਂ 11 ਹਜ਼ਾਰ ਬੱਚਿਆਂ ਦਾ ਅਤਾ-ਪਤਾ ਹੀ ਨਹੀਂ ਲੱਗਦਾ। ਸਾਡੇ ਦੇਸ਼ ਵਿੱਚ ਹਰ ਸਾਲ ਘੱਟੋ-ਘੱਟ 44 ਹਜ਼ਾਰ ਬੱਚੇ ਤਸਕਰਾਂ ਦੇ ਜਾਲ਼ ਵਿੱਚ ਫਸ ਜਾਂਦੇ ਹਨ। ਰਾਸ਼ਟਰੀ ਅਪਰਾਧ ਬਿਊਰੋ ਦੀ ਇੱਕ ਰਿਪੋਰਟ ਮੁਤਾਬਕ 2019 ਤੋਂ 2021 ਵਿਚਕਾਰ ਇੱਕ ਲੱਖ ਤੋਂ ਜ਼ਿਆਦਾ ਬਾਲੜੀਆਂ ਲਾਪਤਾ ਹੋਈਆਂ ਹਨ।




ਇਨ੍ਹਾਂ ਵਿੱਚੋਂ 2.51 ਲੱਖ ਬੱਚੀਆਂ 18 ਸਾਲ ਤੋਂ ਘੱਟ ਉਮਰ ਦੀਆਂ ਸਨ। ਕੇ.ਐੱਸ.ਸੀ.ਐੱਫ. ਤੇ ਐੱਨ.ਸੀ.ਆਰ. ਦੀ ਇੱਕ ਤਾਜ਼ਾ ਰਿਪੋਰਟ ਅਨੁਸਾਰ ਭਾਰਤ ਵਿੱਚ ਹਰ 8 ਮਿੰਟਾਂ ਵਿੱਚ ਇੱਕ ਬੱਚਾ ਬਾਲ ਤਸਕਰੀ ਦੇ ਝਾਂਸੇ ਵਿੱਚ ਫਸ ਕੇ ਲਾਪਤਾ ਹੋ ਜਾਂਦਾ ਹੈ। ਇਨ੍ਹਾਂ ਲਾਪਤਾ ਬੱਚਿਆਂ 'ਚੋਂ ਜ਼ਿਆਦਾਤਰ ਨੂੰ ਜ਼ਬਰਦਸਤੀ ਬਾਲ ਮਜ਼ਦੂਰੀ, ਗ਼ੁਲਾਮੀ, ਤੇ ਸੈਕਸ ਸ਼ੋਸ਼ਣ ਜਿਹੇ ਕੰਮਾਂ ਵਿੱਚ ਝੋਂਕ ਦਿੱਤਾ ਜਾਂਦਾ ਹੈ। ਬਾਰਾਂ ਤੋਂ 50 ਹਜ਼ਾਰ ਬਾਲੜੀਆਂ ਤੇ ਬਾਲ, ਦੇਹ ਵਪਾਰ ਲਈ ਗੁਆਂਢੀ ਮੁਲਕਾਂ ਤੋਂ ਲਿਆਂਦੇ ਜਾਂਦੇ ਹਨ। ਇਸ ਸਾਲ ਅਪ੍ਰੈਲ ਮਹੀਨੇ ਦਿੱਲੀ 'ਚ 4 ਤੋਂ 6 ਲੱਖ ਰੁਪਏ 'ਚ ਨਵਜਾਤ ਬੱਚੇ ਵੇਚੇ ਗਏ ਜਿਨ੍ਹਾਂ ਵਿੱਚੋਂ ਇੱਕ ਨਵਜਾਤ ਬੱਚਾ ਇੱਕ ਦਿਨ ਦਾ ਅਤੇ ਦੂਸਰਾ ਪੰਦਰਾਂ ਦਿਨਾਂ ਦਾ ਸੀ। ਇਹ ਗਿਰੋਹ ਇਸ਼ਤਿਹਾਰਾਂ ਰਾਹੀਂ ਗੋਦ ਲੈਣ ਦੇ ਇੱਛੁਕ ਬੇਔਲਾਦ ਜੋੜਿਆਂ ਨੂੰ ਵੇਚਦੇ ਹਨ। ਉਤਰਾਖੰਡ ਦੇ ਅਲਮੋੜਾ ਜ਼ਿਲ੍ਹੇ ਵਿੱਚ ਇੱਕ ਨਾਬਾਲਗ ਬੱਚੀ ਨਾਲ ਛੇੜਛਾੜ ਕਰਨ ਦੇ ਦੋਸ਼ ਵਿੱਚ ਇੱਕ ਭਾਜਪਾ ਆਗੂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਭਗਵਤ ਬੋਰਾ ਭਾਜਪਾ ਦੀ ਬਲਾਕ ਇਕਾਈ ਦਾ ਪ੍ਰਧਾਨ ਸੀ। ਹਾਵੜਾ ਜ਼ਿਲ੍ਹਾ ਹਸਪਤਾਲ ਦੇ ਲੈਬ ਟੈਕਨੀਸ਼ੀਅਨ 'ਤੇ ਇੱਕ ਨਾਬਾਲਗ ਬੱਚੀ ਦੇ ਜਿਣਸੀ ਸ਼ੋਸ਼ਣ ਦਾ ਦੋਸ਼ ਲਗਾਇਆ ਗਿਆ ਹੈ। ਜਦਕਿ ਬੀਰਭੂਮ ਜ਼ਿਲ੍ਹੇ ਦੇ ਇਲਮ ਬਾਜ਼ਾਰ ਹਸਪਤਾਲ ਵਿੱਚ ਮਰੀਜ਼ ਖ਼ਿਲਾਫ਼ ਨਰਸ ਨਾਲ ਜਿਣਸੀ ਸ਼ੋਸ਼ਣ ਦੀ ਰਿਪੋਰਟ ਦਰਜ ਕਰਵਾਈ ਗਈ। ਮੁੰਬਈ ਸ਼ਹਿਰ ਦੇ ਨਾਲ ਲੱਗਦੇ ਥਾਨੇ ਜ਼ਿਲ੍ਹੇ ਦੇ ਨਿੱਕੇ ਜਿਹੇ ਕਸਬੇ ਬਦਲਾਪੁਰ ਦੇ ਇੱਕ ਨਿੱਜੀ ਸਕੂਲ 'ਚ ਦੋ-ਤਿੰਨ ਸਾਲਾਂ ਦੀਆਂ ਬੱਚੀਆਂ ਦਾ ਸਫ਼ਾਈ ਸੇਵਕ ਨੇ ਜਿਣਸੀ ਸ਼ੋਸ਼ਣ ਕੀਤਾ। ਪੜਤਾਲ ਵਿੱਚ ਸਾਹਮਣੇ ਆਇਆ ਕਿ ਉਸ ਨੂੰ ਕੰਮ ਉੱਤੇ ਰੱਖਣ ਤੋਂ ਪਹਿਲਾਂ ਉਸ ਦਾ ਕੋਈ ਪਿਛੋਕੜ ਨਹੀਂ ਜਾਂਚਿਆ ਗਿਆ ਸੀ। ਜੇ ਢੁੱਕਵਾਂ ਪਿਛੋਕੜ ਜਾਣਿਆ ਹੁੰਦਾ ਤਾਂ ਪ੍ਰਿੰਸੀਪਲ ਉਸ ਨੂੰ ਸਫ਼ਾਈ ਦੇ ਕੰਮ 'ਤੇ ਲਾਉਣ ਤੋਂ ਪਹਿਲਾਂ ਸੋਚਦਾ। ਜਿਣਸੀ ਸ਼ੋਸ਼ਣ ਦੇ ਕਈ ਮਾਮਲੇ ਸਾਹਮਣੇ ਆ ਚੁੱਕੇ ਹਨ। ਬੱਚਿਆਂ ਨੂੰ ਲਿਆਉਣ ਲਈ ਸਕੂਲਾਂ ਵੱਲੋਂ ਠੇਕੇ 'ਤੇ ਬੱਸਾਂ ਵਿੱਚ, ਕਲਾਸਰੂਮਾਂ ਜਾਂ ਸਟਾਫ ਰੂਮਾਂ 'ਚ ਜਾਂ ਗ਼ੈਰ ਅਧਿਆਪਕ ਅਮਲੇ ਜਾਂ ਸੀਨੀਅਰ ਵਿਦਿਆਰਥੀਆਂ ਵੱਲੋਂ ਬੱਚਿਆਂ ਨਾਲ ਦੁਰਾਚਾਰ ਦੀਆਂ ਘਟਨਾਵਾਂ ਹੁੰਦੀਆਂ ਜਿਨ੍ਹਾਂ ਨਾਲ ਨਜਿੱਠਣ ਦੀ ਜ਼ਰੂਰਤ ਹੈ। ਜਿਣਸੀ ਛੇੜਛਾੜ ਕਰਨ ਵਾਲਾ ਸਕੂਲ ਅੰਦਰੋਂ ਹੀ ਹੈ ਜਾਂ ਫਿਰ ਕੋਈ ਬਾਹਰਲਾ ਹੈ?

(ਬਾਕੀ ਸਫ਼ਾ 31 'ਤੇ)

# ਖੁੱਲ੍ਹ ਕੇ ਉਡਾਰੀ ਮਾਰਨਾ ਲੋਚਦਾ ਹੈ ਬਚਪਨ

**ਅਮਨਦੀਪ ਕੌਰ**

ਜ਼ਿੰਦਗੀ ਵਿੱਚ ਉਮਰ ਦੇ ਵੱਖ-ਵੱਖ ਪੜਾਅ ਹਨ ਪਰ ਬਚਪਨ ਅਜਿਹਾ ਸਮਾਂ ਹੁੰਦਾ ਹੈ, ਜੋ ਬਹੁਤ ਹੀ ਆਨੰਦਮਈ ਤੇ ਬੇਫ਼ਿਕਰੀ ਨਾਲ ਲਬਰੇਜ਼ ਹੁੰਦਾ ਹੈ। ਬਚਪਨ 'ਚ ਨਿੱਕੀਆਂ-ਨਿੱਕੀਆਂ ਚੀਜਾਂ ਵੀ ਸਾਨੂੰ ਵੱਡੀਆਂ ਖ਼ੁਸ਼ੀਆਂ ਦਿੰਦੀਆਂ ਹਨ। ਨਿੱਕੇ ਬੱਚੇ ਹਰ ਚੀਜ਼ ਵਿੱਚੋਂ ਖ਼ੁਸ਼ੀ ਤੇ ਆਨੰਦ ਭਾਲ ਲੈਂਦੇ ਹਨ ਤੇ ਉਸ ਨੂੰ ਮਾਣਦੇ ਹਨ। ਜਿਵੇਂ ਸਕੂਲੋਂ ਆ ਕੇ ਬੱਚੇ ਆਪਣੀ ਨਿੱਕੀ ਜਿਹੀ ਸਾਇਕਲੀ ਨੂੰ ਚਲਾ ਕੇ ਕਿੰਨਾ ਆਨੰਦ ਮਹਿਸੂਸ ਕਰਦੇ ਹਨ ਪਰ ਇਹੀ ਬੱਚੇ ਵੱਡੇ ਹੋ ਕੇ ਵੱਡੀਆਂ ਕਾਰਾਂ 'ਚ ਵੀ ਉਹ ਬਚਪਨ ਵਾਲੀ ਨਿੱਕੀ ਸਾਇਕਲ ਦਾ ਆਨੰਦ ਨਹੀਂ ਮਾਣ ਸਕਦੇ। ਅਜੋਕਾ ਬਚਪਨ ਫੋਨ 'ਤੇ ਗੇਮਾਂ ਜਾਂ ਹੋਰ ਡਿਜੀਟਲ ਸਾਧਨਾਂ ਰਾਹੀਂ ਖੇਡਾਂ ਖੇਡਦਾ ਹੈ ਪਰ ਅਸਲ ਬਚਪਨ ਵਾਲੀਆਂ ਖੇਡਾਂ ਤਾਂ ਕਿਤੇ ਵਿਸਰ ਗਈਆਂ ਹਨ। ਇਸ ਵਿੱਚ ਕਈ ਵਾਰ ਮਾਤਾ-ਪਿਤਾ ਦੀ ਵੀ ਗ਼ਲਤੀ ਹੁੰਦੀ ਹੈ।

ਬਹੁਤੇ ਮਾਪੇ ਬੱਚਿਆਂ ਨੂੰ ਮਿੱਟੀ ਆਦਿ ਵਿੱਚ ਖੇਡਣ ਨਹੀਂ ਦਿੰਦੇ ਤੇ ਆਖਦੇ ਅਖੇ ਤੂੰ ਲਿੱਬੜ ਜਾਵੇਂਗਾ ਜਾਂ ਕਹਿਣਗੇ ਨਾ ਪੁੱਤ ਇਸ ਮਿੱਟੀ ਨਾਲ ਤੈਨੂੰ ਇਨਫੈਕਸ਼ਨ ਹੋ ਜਾਊ ਪਰ ਇਸ ਦੇ ਉਲਟ ਜੇ ਬੱਚਾ ਮਿੱਟੀ ਨਾਲ ਖੇਡਦਾ ਹੈ ਤਾਂ ਉਸ ਦੇ ਅੰਗ-ਪੈਰ ਖੁੱਲ੍ਹਦੇ ਹਨ ਤੇ ਉਹ ਫੁਰਤੀਲਾ ਬਣਦਾ ਹੈ ਪਰ ਅਸੀਂ ਬੱਚਿਆਂ ਨੂੰ ਡਿਜੀਟਲ ਗੇਮਾਂ ਵਿੱਚ ਉਲਝਾ ਕੇ ਆਲਸੀ ਤੇ ਚਿੜਚਿੜੇ ਬਣਾ ਦਿੱਤਾ ਹੈ। ਕਈ ਵਾਰ ਤਾਂ ਲੱਗਦਾ ਹੈ ਕਿ ਅਸੀਂ ਬੱਚਿਆਂ ਦੇ ਬਚਪਨ ਦਾ ਸਮਾਂ ਛੋਟਾ ਕਰ ਦਿੱਤਾ ਹੈ ਕਿਉਂਕਿ ਹੁਣ ਢਾਈ-ਤਿੰਨ ਸਾਲ ਦੇ ਬੱਚੇ ਨੂੰ ਹੀ ਸਕੂਲ ਭੇਜਣ ਲੱਗਦੇ ਹਾਂ। ਉਸ 'ਤੇ ਕਿਤਾਬੀ ਗਿਆਨ ਲੱਦ ਕੇ ਉਸ ਦੇ ਬਚਪਨ ਦਾ ਕਤਲ ਕਰ ਰਹੇ ਹਾਂ, ਤਾ ਹੀਂ ਪਹਿਲਾਂ ਦੇ ਮੁਕਾਬਲੇ ਹੁਣ ਬਚਪਨ ਛੋਟਾ ਜਾਪਦਾ ਹੈ।

ਬਚਪਨ ਇੰਨਾ ਪਿਆਰਾ ਹੁੰਦਾ ਹੈ ਕਿ ਨਿੱਕੇ ਬੱਚੇ ਨੂੰ ਹਰ ਸ਼ੈਅ ਖਿਡੌਣਾ ਜਾਪਦੀ ਹੈ। ਇਸ ਉਮਰ 'ਚ ਹਰ ਬੱਚਾ ਤਿਤਲੀਆਂ ਨੂੰ ਫੜਨਾ ਚਾਹੁੰਦਾ ਹੈ, ਪੰਛੀਆਂ ਸੰਗ ਉੱਡਣਾ ਚਾਹੁੰਦਾ ਹੈ। ਸਾਰੇ ਅਸਮਾਨ ਦਾ ਗੇੜਾ ਲਾ ਕੇ ਕਹਾਣੀਆਂ ਵਾਲੀਆਂ ਪਰੀਆਂ ਨੂੰ ਵੇਖਣਾ ਚਾਹੁੰਦਾ ਹੈ। ਇਹ ਉਮਰ ਛਲ-ਕਪਟ ਤੋਂ ਨਿਰਲੇਪ ਹੁੰਦੀ ਹੋ।



ਬਚਪਨ ਅਜਿਹਾ ਖ਼ੁਸ਼ਨੁਮਾ ਪੜਾਅ ਹੁੰਦਾ ਹੈ ਕਿ ਸਾਰੀ ਉਮਰ ਮਨੁੱਖ ਮੁੜ ਬੱਚਾ ਬਣ ਜਾਣਾ ਲੋਚਦਾ ਹੈ। ਨਿੱਕੀ ਉਮਰੇ ਬੱਚਾ ਵੈਰ-ਵਿਰੋਧ ਤੇ ਈਰਖਾ ਵਰਗੇ ਜ਼ਹਿਰ ਤੋਂ ਮੁਕਤ ਹੁੰਦਾ ਹੈ। ਬਚਪਨ ਸਾਰਿਆਂ ਲਈ ਪ੍ਰਸੰਨਤਾ ਭਰਿਆ ਹੁੰਦਾ ਹੈ, ਭਾਵੇਂ ਕੋਈ ਰਾਜੇ ਦਾ ਬੱਚਾ ਹੋਵੇ ਜਾਂ ਭਿਖਾਰੀ ਦਾ। ਬਚਪਨ 'ਚ ਮਾਣੀਆਂ ਮੌਜਾਂ ਜ਼ਿੰਦਗੀ ਭਰ ਯਾਦ ਰਹਿੰਦੀਆਂ ਹਨ, ਇਸ ਲਈ ਬੱਚਿਆਂ ਦਾ ਬਚਪਨ ਸੁਖਾਵਾਂ ਤੇ ਪਿਆਰਾ ਬਣਾਉਣ ਲਈ ਉਨ੍ਹਾਂ ਨੂੰ ਮੌਜਾਂ ਮਾਣਨ ਦਿਉ। ਇਹ ਬਚਪਨ ਰੱਬ ਵਲੋਂ ਮਿਲਿਆ ਤੋਹਫ਼ਾ ਹੈ। ਇਸ ਅਣਮੁੱਲੇ ਤੋਹਫ਼ੇ ਤੋਂ ਬੱਚਿਆਂ ਨੂੰ ਦੂਰ ਨਾ ਹੋਣ ਦਿਉ। ਉਨ੍ਹਾਂ ਨੂੰ ਮਿੱਟੀ ਨਾਲ ਖੇਡਣ ਦੇਈਏ, ਕਦੇ ਮੀਂਹ ਵਿਚ ਮਸਤੀ ਕਰਨ ਦੇਈਏ। ਉਨ੍ਹਾਂ ਦੇ ਮਿੱਟੀ ਚਿੱਕੜ ਨਾਲ ਲਿੱਬੜੇ ਹੱਥਾਂ-ਪੈਰਾਂ ਨੂੰ ਵੇਖ ਕੇ ਚਿੰਤਾ ਨਾ ਕਰੀਏ ਸਗੋਂ ਇਹ ਸੋਚੀਏ ਕਿ ਅਸੀਂ ਵੀ ਅਜਿਹੇ ਸਮੇਂ ਵਿੱਚੋਂ ਲੰਘ ਚੁੱਕੇ ਹਾਂ ਤੇ ਆਨੰਦ ਮਾਣਿਆ ਹੈ।

ਕਦੇ-ਕਦੇ ਖ਼ੁਦ ਵੀ ਬੱਚੇ ਬਣ ਕੇ ਉਨ੍ਹਾਂ ਸੰਗ ਖੇਡੀਏ ਤੇ ਕੁਝ ਸਮੇਂ ਲਈ ਫ਼ਿਕਰਾਂ ਨੂੰ ਅਲਵਿਦਾ ਆਖੀਏ। ਇਹ ਆਨੰਦ ਸਾਰੀ ਜ਼ਿੰਦਗੀ ਵਿੱਚ ਮੁੜ ਨਹੀਂ ਮਿਲਦਾ। ਇਸ ਲਈ ਜਦੋਂ ਵੀ ਕੋਈ ਆਪਣੇ ਬਚਪਨ ਨੂੰ ਯਾਦ ਕਰਦਾ ਹੈ ਤਾਂ ਉਸ ਦੀਆਂ ਅੱਖਾਂ ਵਿੱਚ ਆਨੰਦ ਭਰੀ ਚਮਕ ਆ ਜਾਂਦੀ ਹੈ ਤੇ ਸਾਨੂੰ ਮਿੱਠੇ ਅਹਿਸਾਸ ਨਾਲ ਭਰ ਦਿੰਦੀ ਹੈ। ਬੱਚਿਆਂ ਨੂੰ ਉਮਰ ਤੋਂ ਪਹਿਲਾਂ ਸਿਆਣੇ-ਸਮਝਦਾਰ ਬਣਾਉਣ ਦੀ ਦੌੜ 'ਚ ਅਸੀਂ ਭੁੱਲ ਗਏ ਹਾਂ ਕਿ ਬਚਪਨ ਬੰਦਿਸ਼ ਵਿਚ ਰਹਿਣਾ ਨਹੀਂ ਸਗੋਂ ਖੁੱਲ੍ਹ ਕੇ ਉਡਾਰੀ ਮਾਰਨਾ ਲੋਚਦਾ ਹੈ। ਇਸ ਲਈ ਬੱਚੇ ਨੂੰ ਰੱਜ ਕੇ ਹੱਸਣ-ਟੱਪਣ ਦਿਉ, ਉਸ ਨੂੰ ਐਵੇਂ ਫ਼ਜ਼ੂਲ ਦੇ ਦਿਖਾਵੇ ਕਾਰਨ ਕੈਦ ਨਾ ਕਰੋ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

ਹਰਪ੍ਰੀਤ ਕੌਰ ਪੱਬਰੀ

# ਮੰਨਤ



ਸੀਮਾ ਬਹੁਤ ਖ਼ੁਸ਼ ਸੀ। ਉਸਦੀ ਖ਼ੁਸ਼ੀ ਦੀ ਅੱਜ ਕੋਈ ਸੀਮਾ ਨਹੀਂ ਸੀ। ਅੱਜ ਉਸਨੂੰ ਆਪਣੀ ਜ਼ਿੰਦਗੀ ਭਰ ਦੀ ਕੀਤੀ ਕਮਾਈ ਦੀ ਹੱਦੋਂ ਵੱਧ ਖ਼ੁਸ਼ੀ ਹੋ ਰਹੀ ਸੀ। ਅੱਜ ਉਸਦੀ ਪਿਆਰੀ ਧੀ ਮੰਨਤ ਐੱਮ.ਏ. ਦੀ ਪ੍ਰੀਖਿਆ ਵਿੱਚ ਪੂਰੇ ਕਾਲਜ ਵਿੱਚ ਪਹਿਲੇ ਨੰਬਰ 'ਤੇ ਆਈ ਸੀ। ਅੱਜ ਉਸ ਨੂੰ ਆਪਣੀਆਂ ਆਸਾਂ ਨੂੰ ਬੂਰ ਪੈਂਦਾ ਨਜ਼ਰ ਆ ਰਿਹਾ ਸੀ।

ਖ਼ੁਸ਼ੀ ਦੇ ਮਾਰੇ ਉਸਦੀਆਂ ਅੱਖਾਂ ਵਿੱਚ ਹੰਝੂ ਆ ਗਏ ਪਰ ਨਾਲ ਹੀ ਉਸ ਨੂੰ ਆਪਣਾ ਪੁਰਾਣਾ ਸਮਾਂ ਯਾਦ ਆ ਗਿਆ ਤੇ ਉਹ ਗੰਭੀਰ ਹੋ ਗਈ। ਮਾਂ ਨੂੰ ਗੰਭੀਰ ਦੇਖ ਕੇ ਮੰਨਤ ਨੇ ਆਪਣੀ ਮਾਂ ਦਾ ਮੋਢਾ ਹਿਲਾਇਆ ਤੇ ਪੁੱਛਿਆ, 'ਮਾਂ ਕੀ ਹੋਇਆ, ਕਿੱਥੇ ਖੋ ਗਈ'। ਕੁਝ 'ਨਹੀਂ ਪੁੱਤ', ਸੀਮਾ ਨੇ ਕਿਹਾ। ਅੱਗੋਂ ਮੰਨਤ ਨੇ ਵੀ ਪਹਿਲਾਂ ਵਾਂਗ ਕੋਈ ਸਵਾਲ ਨਾ ਕੀਤਾ। ਕੁਝ ਕੁ ਦਿਨਾਂ ਮਗਰੋਂ ਮੰਨਤ ਨੇ ਆਪਣੀ ਮਾਂ ਨੂੰ ਫੇਰ ਪਹਿਲਾਂ ਵਾਂਗ ਸੋਚਾਂ ਵਿੱਚ ਡੁੱਬੀ ਦੇਖਿਆ ਤੇ ਕੋਲ ਬੈਠਦਿਆਂ ਪੁੱਛਿਆ,'ਮੰਮਾਂ ਤੁਸੀਂ ਕਿਹੜੀਆਂ ਸੋਚਾਂ ਵਿੱਚ ਖੋਏ ਰਹਿੰਨੇ ਓ? ਨਾ ਕਦੇ ਕੁਝ ਦੱਸਦੇ ਓ। ਅੱਜ ਜੋ ਮਰਜ਼ੀ ਹੋਜੇ ਮੈਂ ਜਾਣ ਕੇ ਹੀ ਰਹਿਣਾ, ਆਖ਼ਰ ਕਿਹੜੀ ਗੱਲ ਤੁਹਾਨੂੰ ਖਾਂਦੀ ਰਹਿੰਦੀ ਐ'।

'ਕੁਛ ਨੀਂ ਪੁੱਤ ਤੂੰ ਤਾਂ ਐਵੇਂ ਈ ਚਿੰਤਾ ਕਰੀ ਜਾਨੀ ਐ' ਸੀਮਾ ਨੇ ਕਿਹਾ।

'ਨਹੀਂ ਮੰਮਾ, ਅੱਜ ਜੋ ਮਰਜ਼ੀ ਹੋਜੇ ਮੈਂ ਜਾਣ ਕੇ ਹੀ ਰਹੂੰ।' ਮੰਨਤ ਨੂੰ ਖਹਿੜੇ ਪਈ ਦੇਖ ਸੀਮਾ ਨੂੰ ਲੱਗ ਰਿਹਾ ਸੀ ਕਿ ਅੱਜ ਮੰਨਤ ਨੂੰ ਆਪਣੀ ਉਦਾਸੀ ਰਾਮ-ਕਹਾਣੀ ਦੱਸਣੀ ਹੀ ਪੈਣੀ ਐ। ਨਾਲੇ ਹੁਣ ਮੰਨਤ ਪੜ੍ਹ ਲਿਖ ਕੇ ਸਮਝਦਾਰ ਹੋ ਗਈ ਸੀ ਤੇ ਉਹ ਆਪਣੀ ਮਾਂ ਦੀਆਂ ਗੱਲਾਂ ਨੂੰ ਸਮਝ ਸਕਦੀ ਸੀ। ਇਹੀ ਮਨ ਵਿੱਚ ਸੋਚ ਕੇ ਸੀਮਾ ਨੇ ਆਪਣੀ ਧੀ ਮੰਨਤ ਨੂੰ ਆਪਣੀ ਜੀਵਨ-ਗਾਥਾ ਸੁਣਾਉਣੀ ਸ਼ੁਰੂ ਕੀਤੀ। ਅੱਜ ਤੋਂ ਕੋਈ 30 ਕੁ ਸਾਲ ਪਹਿਲਾਂ ਮੈਂ ਇਸ ਘਰ 'ਚ ਨਵੀਂ ਵਿਆਹੀ ਆਈ ਸੀ। ਆਮ ਕੁੜੀਆਂ ਵਾਂਗ ਮੈਨੂੰ ਵੀ ਵਿਆਹ ਦਾ ਬਹੁਤ ਚਾਅ ਸੀ। ਸਜ-ਧਜ ਕੇ ਰਹਿਣਾ ਮੈਨੂੰ ਬਹੁਤ ਪਸੰਦ ਸੀ। ਮੈਂ ਕੰਮ ਵੀ ਖ਼ੂਬ ਕਰਦੀ ਸੀ ਪਰ ਮੇਰੀਆਂ ਦੋਵੇਂ ਜੇਠਾਣੀਆਂ ਫਿਰ ਵੀ ਮੇਰੇ ਕੰਮ ਵਿੱਚ ਨੁਕਸ ਕੱਢਣੋਂ ਨਾ ਹਟਦੀਆਂ। ਮੇਰੀ ਸੱਸ ਉਂਝ ਮੈਨੂੰ ਕੁਝ ਨਾ ਕਹਿੰਦੀ ਪਰ ਕਈ ਵਾਰ ਉਨ੍ਹਾਂ ਦੀਆਂ ਗੱਲਾਂ 'ਚ ਆ ਕੇ ਮੈਨੂੰ ਖਰੀਆਂ ਖੋਟੀਆਂ ਸੁਣਾ ਦਿੰਦੀ। ਮੈਂ ਕਦੇ ਉਨ੍ਹਾਂ ਦੇ ਅੱਗੇ ਨਹੀਂ ਬੋਲੀ ਸੀ। ਇੰਝ ਹੀ ਦੋ-ਤਿੰਨ ਸਾਲ ਲੰਘ ਗਏ। ਮੇਰੇ ਕੋਈ ਔਲਾਦ ਨਾ ਹੋਈ ਤਾਂ ਵੀ ਮੈਨੂੰ ਤਾਹਨੇ-ਮਿਹਣੇ ਸੁਣਨ ਨੂੰ ਮਿਲਦੇ ਰਹਿੰਦੇ। ਮੇਰੇ ਨਾਲ ਇੰਨਾ ਕੁਝ ਹੁੰਦਾ ਸੀ ਪਰ ਮੇਰੇ ਸਿਰ ਦੇ ਸਾਂਈ ਸ਼ਰਨ ਨੇ ਕਦੇ ਮੇਰੇ ਹੱਕ ਵਿੱਚ ਬੋਲਣ ਦਾ ਹੀਆ ਨਾ ਕੀਤਾ। ਉਂਝ ਘਰ ਵਿੱਚ ਕੋਈ ਵੀ ਅੰਮਾ ਅੱਗੇ ਨਹੀਂ ਬੋਲਦਾ ਸੀ ਪਰ ਜੇਠਾਣੀਆਂ ਅੱਗੇ ਅੰਮਾ ਵੀ ਚੁੱਪ ਹੋ ਜਾਂਦੀ ਸੀ। ਸਹੁਰੇ ਦੀ ਕਈ ਸਾਲ ਪਹਿਲਾਂ ਮੌਤ ਹੋਣ ਕਾਰਨ ਘਰ ਦੀ ਪ੍ਰਧਾਨ ਸੱਸ ਹੀ ਸੀ। ਘਰ 'ਚ ਕਲੇਸ਼ ਵੱਧਦਾ ਦੇਖ ਕੇ ਉਸ ਨੇ ਸਭ ਨੂੰ ਅੱਡ ਕਰਨ ਦਾ ਫ਼ੈਸਲਾ ਲਿਆ।

ਸਭ ਤੋਂ ਵੱਡਾ ਮੁੰਡਾ ਸ਼ਹਿਰ ਜਾ ਕੇ ਵੱਸ ਗਿਆ। ਦੂਜਾ ਉਸੇ ਘਰ ਵਿੱਚ ਰਹਿਣ ਲੱਗ ਗਿਆ ਤੇ ਅੰਮਾ ਨੇ ਵੀ ਉਸੇ ਨਾਲ ਰਹਿਣ ਦਾ ਫ਼ੈਸਲਾ ਕੀਤਾ ਕਿਉਂਕਿ ਅੰਮਾ ਆਪਣੇ ਜੱਦੀ ਘਰ ਨੂੰ ਛੱਡਣਾ ਨਹੀਂ ਸੀ ਚਾਹੁੰਦੀ। ਸਾਡੇ ਲਈ ਅੰਮਾ ਨੇ ਦੂਜੀ ਥਾਂ ਦੋ ਕਮਰੇ ਬਣਵਾ ਦਿੱਤੇ ਸੀ। ਇੰਝ ਹੀ ਕਈ ਸਾਲ ਲੰਘ ਗਏ ਪਰ ਮੇਰੀ ਗੋਦ ਹੁਣ ਤਕ ਹਰੀ ਨਹੀਂ ਹੋਈ ਸੀ। ਮੇਰੇ ਨਾਲ-ਨਾਲ ਸ਼ਰਨ ਨੂੰ ਵੀ ਇਸ ਗੱਲ ਦੀ ਚਿੰਤਾ ਹੋਣ ਲੱਗੀ ਕਿ ਅਸੀਂ ਕਦੇ ਮਾਤਾ-ਪਿਤਾ ਨਹੀਂ ਬਣ ਸਕਾਂਗੇ। ਇਸ ਚਿੰਤਾ ਨੇ ਉਸਨੂੰ ਸ਼ਰਾਬ ਦਾ ਆਦੀ ਬਣਾ ਦਿੱਤਾ ਸੀ। ਜੇਠਾਣੀਆਂ ਦਾ ਕਲੇਸ਼ ਖ਼ਤਮ ਹੋਇਆ ਸੀ ਤਾਂ ਹੁਣ ਸ਼ਰਨ ਨੇ ਇਹ ਕੰਮ ਫੜ ਲਿਆ ਸੀ। ਇਹੋ ਜਿਹੇ ਮਾਹੌਲ ਵਿੱਚ ਮੇਰਾ ਜਿਉਣਾ ਔਖਾ ਹੋ ਗਿਆ ਸੀ। ਸਭ ਤੋਂ ਦੁਖੀ ਹੋ ਕੇ ਇੱਕ ਦਿਨ ਪੇਕੇ ਚਲੀ ਗਈ। ਘਰ ਵਿੱਚ ਵੀਰ ਜੀ ਤੇ ਭਾਬੀ ਹੀ ਰਹਿੰਦੇ ਸਨ।

ਮਾਂ-ਬਾਪ ਬਚਪਨ ਵਿੱਚ ਹੀ ਮਰ ਗਏ ਸਨ। ਹੁਣ ਤਕ ਵੀਰ ਜੀ ਨੇ ਹੀ ਪਾਲਿਆ ਸੀ। ਮੇਰੀ ਸਾਰੀ ਗੱਲ ਸੁਣ ਕੇ ਵੀਰ ਜੀ ਨੇ ਸਮਝਾਇਆ ਕਿ 'ਦੇਖ ਭੈਣ ਤੂੰ ਛੋਟੀ ਐ, ਮੇਰੇ ਬੱਚਿਆਂ ਵਰਗੀ ਐ ਪਰ ਤੇਰੇ ਲਈ ਤੇਰਾ ਘਰ ਹੀ ਠੀਕ ਐ। ਸ਼ਰਨ ਚਾਹੇ ਜੋ ਵੀ ਕਰਦਾ ਪਰ ਉਸ ਘਰ ਦੀ ਰਾਣੀ ਤੂੰ ਐ। ਮੈਂ ਤੈਨੂੰ ਰੱਖ ਤਾਂ ਲਵਾਂਗਾ ਪਰ'..ਇੱਥੇ ਆ ਕੇ ਵੀਰ ਜੀ ਰੁਕ ਗਏ।

'ਪਰ ਕੀ ਵੀਰ ਜੀ?' ਮੈਂ ਕਿਹਾ।

ਵੀਰ ਜੀ ਕੁਝ ਸੋਚ ਕੇ ਫਿਰ ਬੋਲੇ ,'ਪਰ ਏਥੇ ਤੈਨੂੰ ਕਿਸੇ ਨੇ ਨਹੀਂ ਪੁੱਛਣਾ, ਮੈਂ ਮੰਨਦਾ ਤੇਰੀ ਭਾਬੀ ਬਹੁਤ ਚੰਗੀ ਐ ਪਰ ਜੇ ਤੂੰ ਸਭ ਕੁਝ ਇੱਥੇ ਛੱਡ ਕੇ ਆ ਗਈ ਤਾਂ ਉਸਨੂੰ ਲੱਗੂ ਵੀ ਤੂੰ ਉਨ੍ਹਾਂ ਨੂੰ ਦੱਦ ਲੱਗ ਗਈ ਐ। ਜੇ ਉਸ ਨੇ ਤੈਨੂੰ ਕੁਝ ਕਿਹਾ ਤਾਂ ਮੈਂ ਵੀ ਕੁਝ ਨਹੀਂ ਕਹਿ ਸਕਣਾ ਕਿਉਂਕਿ ਜੇ ਮੈਂ ਤੇਰੀ ਤਰਫ਼ਦਾਰੀ ਕਰਦਾ ਤਾਂ ਉਹ ਕਹੂ ਵੀ ਤੈਨੂੰ ਆਪਣੀ ਭੈਣ ਹੀ ਚਾਹੀਦੀ ਐ, ਟੱਬਰ ਨਹੀਂ ਪਰ ਜੇ ਮੈਂ ਉਹਦੀ ਗੱਲ ਕਰੂੰ ਤਾਂ ਤੈਨੰ ਬੁਰਾ ਲੱਗੂ। ਇੰਝ ਆਪਣੇ ਦੋਹਾਂ ਦੇ ਘਰ ਖ਼ਰਾਬ ਹੋਣਗੇ'। ਵੀਰ ਜੀ ਦੀ ਗੱਲ ਸੁਣ ਕੇ ਮੈਂ ਚੁੱਪ-ਚਾਪ ਉੱਥੋਂ ਤੁਰ ਆਈ। ਰਸਤੇ 'ਚ ਆਉਂਦਿਆਂਮੈਨੂੰ ਉਨ੍ਹਾਂ ਦੀ ਗੱਲ ਦਾ ਬਹੁਤ ਬੁਰਾ ਲੱਗ ਰਿਹਾ ਸੀ। ਘਰ ਪਹੁੰਚ ਕੇ ਕੁਝ ਦੇਰ ਆਰਾਮ ਕੀਤਾ। ਉੱਠਦਿਆਂ ਹੀ ਵੀਰ ਜੀ ਦੀ ਗੱਲ ਯਾਦ ਆਈ ਕਿ ਤੂੰ ਆਪਣੇ ਘਰ ਵਿੱਚ ਰਾਣੀ ਐ। ਸੱਚਮੁੱਚ ਆਪਣੇ ਘਰ ਆ ਕੇ ਬਹੁਤ ਚੰਗਾ ਲੱਗ ਰਿਹਾ ਸੀ।

ਮੈਂ ਰਾਤ ਦੀ ਰੋਟੀ ਦਾ ਆਹਰ ਕਰਨ ਲੱਗ ਗਈ। ਇੰਨੇ 'ਚ ਸ਼ਰਨ ਆ ਗਿਆ। ਸ਼ਰਾਬ ਨਾਲ ਰੱਜਿਆ ਹੋਣ ਕਰਕੇ ਉਹ ਮੰਜੇ 'ਤੇ ਡਿੱਗ ਕੇ ਲੰਮਾ ਪੈ ਗਿਆ। ਉਹ ਹੋਸ਼ ਵਿੱਚ ਨਹੀਂ ਸੀ। ਉਸਨੂੰ ਇੰਝ ਦੇਖ ਕੇ ਮੈਨੂੰ ਗੁੱਸਾ ਆ ਰਿਹਾ ਸੀ ਪਰ ਮੈਂ ਕੁਝ ਨਾ ਬੋਲੀ। ਉਸਨੂੰ ਰੋਟੀ ਦਿੱਤੀ ਤਾਂ ਉਸ ਨੇ ਦੂਰ ਵਗਾਹ ਕੇ ਮਾਰੀ, ਇਸ 'ਤੇ ਮੈਨੂੰ ਹੋਰ ਗੁੱਸਾ ਆ ਗਿਆ ਪਰ ਮੇਰਾ ਕੁਝ ਵੀ ਬੋਲਣ ਦਾ ਮਨ ਨਹੀਂ ਸੀ। ਮੈਂ ਆਪ ਵੀ ਰੋਟੀ ਨਾ ਖਾਧੀ ਤੇ ਚੁੱਪ ਕਰਕੇ ਸੌਂ ਗਈ।

ਸਵੇਰ ਹੋਈ ਅਤੇ ਮੈਂ ਉੱਠ ਕੇ ਹਾਜ਼ਰੀ ਦੀ ਰੋਟੀ ਬਣਾਈ ਤੇ ਉਹ ਖਾ ਕੇ ਕੰਮ 'ਤੇ ਚਲਾ ਗਿਆ। ਮੈਂ ਸ਼ਰਨ ਦੀ ਸ਼ਰਾਬ ਦੀ ਆਦਤ ਤੋਂ ਤੰਗ ਆ ਗਈ ਸੀ। ਮਨ ਹਰ ਵੇਲੇ ਦੁਖੀ ਰਹਿੰਦਾ ਸੀ। ਲੋਕਾਂ ਦੇ ਘਰਾਂ 'ਚ ਬੱਚਿਆਂ ਦੀਆਂ ਆਵਾਜ਼ਾਂ ਸੁਣ ਕੇ ਮੇਰੇ ਹੌਲ ਪੈਂਦਾ ਕਿ ਕਾਸ਼! ਰੱਬ ਮੈਨੂੰ ਇੱਕ ਧੀ ਹੀ ਦੇ ਦਿੰਦਾ ਤਾਂ ਮੇਰੀ ਕੁੱਖ ਤਾਂ ਸੁਲੱਖਣੀ ਹੋ ਜਾਂਦੀ। ਰੱਬ ਨੂੰ ਸ਼ਾਇਦ ਮੇਰੀ ਇੰਨੀ ਕੁ ਇੱਛਾ ਪੂਰੀ ਕਰਨ ਵਿੱਚ ਵੀ ਦਿੱਕਤ ਸੀ। ਸਾਰਾ ਦਿਨ ਇਨ੍ਹਾਂ ਸੋਚਾਂ ਵਿੱਚ ਹੀ ਲੰਘ ਜਾਂਦਾ ਸੀ।

ਰਾਤ ਨੂੰ ਫਿਰ ਸ਼ਰਨ ਸ਼ਰਾਬ ਨਾਲ ਰੱਜ ਕੇ ਆਇਆ। ਮੈਨੂੰ ਉਸ 'ਤੇ ਬਹੁਤ ਗੁੱਸਾ ਆਇਆ ਤਾਂ ਮੈਂ ਉਸਨੂੰ ਬਹੁਤ ਕੁਝ ਬੋਲੀ। ਮੈਨੂੰ ਵਿੱਚੋਂ ਟੋਕਦਿਆਂ ਸ਼ਰਨ ਬੋਲਿਆ, 'ਬੰਦਾ ਐਂਵੇ ਨਹੀਂ ਪੀਂਦਾ, ਉਸਨੂੰ ਕੋਈ ਚਿੰਤਾ ਹੀ ਪੀਣ ਲਾਉਂਦੀ ਐ।' 'ਤੈਨੂੰ ਕਿਹੜੀ ਚਿੰਤਾ ਨੇ ਪੀਣ ਲਾਇਆ, ਮੈਂ ਕਿਹਾ। 'ਇਹੀ ਆਪਣੇ ਕੋਈ ਬੱਚਾ ਨਹੀਂ ਹੁੰਦਾ, ਜਿਹੜਾ ਵੀ ਮਿਲਦਾ, ਅੱਗੋਂ ਪੁੱਛਦਾ ਕਿੰਨੇ ਬੱਚੇ ਆ ਤੇਰੇ? ਜੇ ਦੱਸਦਾ ਵੀ ਕੋਈ ਨਹੀਂ ਫਿਰ ਅਗਲਾ ਕਹਿਣ ਲੱਗ ਜਾਂਦਾ ਵੀ ਆਹ ਡਾਕਟਰ ਕੋਲ ਚਲੇ ਜਾਓ, ਆ ਬਾਬੇ ਕੋਲ ਚਲੇ ਜਾਓ। ਲੋਕਾਂ ਦੀਆਂ ਗੱਲਾਂ ਸੁਣ ਸੁਣ ਮੇਰਾ ਦਿਮਾਗ ਖ਼ਰਾਬ ਹੋਇਆ ਪਿਆ, ਸ਼ਰਨ ਬੋਲੀ ਜਾ ਰਿਹਾ ਸੀ ਤੇ ਮੈਂ ਇੱਕੋ ਟੱਕ ਉਸਨੂੰ ਦੇਖ-ਸੁਣੀ ਜਾ ਰਹੀ ਸੀ। ਇੰਨੇ ਸਾਲਾਂ ਵਿੱਚ ਸ਼ਰਨ ਅੱਜ ਪਹਿਲੀ ਵਾਰ ਇੰਨਾ ਕੁਝ ਬੋਲਿਆ ਸੀ ਤੇ ਮੈਂ ਉਸਦੀ ਗੱਲ ਸੁਣ ਕੇ ਸੁੰਨ ਹੋ ਗਈ ਸੀ। ਰੋਟੀ ਖਾਣੀ ਤਾਂ ਦੂਰ ਅੱਜ ਮੈਂ ਬਣਾਈ ਵੀ ਨਹੀਂ ਸੀ। ਬਿਸਤਰੇ 'ਚ ਪਈ ਮੈਂ ਬਸ ਇਹੀ ਗੱਲ ਸੋਚੀ ਜਾ ਰਹੀ ਸੀ। ਮੈਨੂੰ ਆਪਣੇ ਆਪ 'ਤੇ ਗੁੱਸਾ ਆਈ ਜਾ ਰਿਹਾ ਸੀ ਕਿ ਮੈਂ ਕਿਸੇ ਲਾਇਕ ਨਹੀਂ ਹਾਂ।

ਸਵੇਰੇ ਅਚਾਨਕ ਸ਼ਰਨ ਦੇ ਫੋਨ 'ਤੇ ਵੀਰ ਜੀ ਦਾ ਫੋਨ ਆਇਆ। ਸ਼ਰਨ ਨਹਾ ਰਿਹਾ ਸੀ ਇਸ ਲਈ ਮੈਂ ਉਸਦਾ ਫੋਨ ਚੁੱਕ ਲਿਆ। ਵੀਰ ਜੀ ਨੇ ਇੱਕੋਦਮ ਕਿਹਾ, 'ਸੀਮਾ ਪੁੱਤ ਤੂੰ ਠੀਕ ਐ.. ਕੱਲ੍ਹ ਦੀ ਮੈਨੂੰ ਤੇਰੀ ਬਹੁਤ ਚਿੰਤਾ ਹੋਈ ਜਾਂਦੀ ਐ। ਵੀਰ ਜੀ ਦੀ ਗੱਲ ਸੁਣ ਕੇ ਮੈਂ ਬਹੁਤ ਰੋਈ। ਵੀਰ ਜੀ ਨੇ ਫੇਰ ਪੁੱਛਿਆ ਤਾਂ ਆਪਣੇ ਆਪ ਨੂੰ ਸੰਭਾਲਦਿਆਂ ਸਾਰੀ ਗੱਲ ਦੱਸੀ। ਵੀਰ ਜੀ ਨੇ ਕਿਹਾ,'ਕੋਈ ਨਾ ਪੁੱਤ ਤੂੰ ਚਿੰਤਾ ਨਾ ਕਰ,ਤੇਰਾ ਭਾਈ ਹੈਗਾ, ਮੈਂ ਗੇੜਾ ਮਾਰਦਾ ਤੇਰੇ ਕੋਲ ਇੱਕ ਦਿਨ'। ਇਹ ਕਹਿ ਕੇ ਵੀਰ ਜੀ ਨੇ ਫੋਨ ਕੱਟ ਦਿੱਤਾ।

ਕੁਝ ਕੁ ਦਿਨਾਂ ਬਾਅਦ ਦੁਪਹਿਰ ਵੇਲੇ ਵੀਰ ਜੀ ਘਰ ਆਏ। ਚਾਹ-ਪਾਣੀ ਪੀਣ ਮਗਰੋਂ ਵੀਰ ਜੀ ਕਹਿਣ ਲੱਗੇ,'ਪੁੱਤ, ਤੂੰ ਚਿੰਤਾ ਨਾ ਕਰ, ਮੈਂ ਤੇਰੇ ਮਸਲੇ ਦਾ ਹੱਲ ਕਰਨ ਹੀ ਤੇਰੇ ਕੋਲ ਆਇਆ ਹਾਂ।'

ਮੈਂ ਹੈਰਾਨੀ ਨਾਲ ਵੀਰ ਜੀ ਵੱਲ ਦੇਖਦਿਆਂ ਪੁੱਛਿਆ, 'ਕਿਵੇਂ ਵੀਰ ਜੀ'? ਵੀਰ ਜੀ ਨੇ ਮੁਸਕੁਰਾਉਂਦੇ ਹੋਏ ਜਵਾਬ ਦਿੱਤਾ, ਮੇਰੇ ਇੱਕ ਦੋਸਤ ਕੋਲ ਕੁਝ ਕੁ ਦਿਨ ਪਹਿਲਾਂ ਤੀਜੀ ਧੀ ਨੇ ਜਨਮ ਲਿਆ ਹੈ। ਜਦੋਂ ਮੈਂ ਤੇਰੀ ਭਾਬੀ ਨੂੰ ਇਸ ਬਾਰੇ ਦੱਸਿਆ ਤਾਂ ਉਹ ਕਹਿਣ ਲੱਗੀ ਕਿ ਆਪਾਂ ਸੀਮਾ ਲਈ ਉਨ੍ਹਾਂ ਤੋਂ ਇਹ ਕੁੜੀ ਗੋਦ ਲੈ ਲੈਂਦੇ ਹਾਂ। ਇਸ ਨਾਲ ਸੀਮਾ ਦੀ ਜ਼ਿੰਦਗੀ ਵੀ ਸੰਵਰ ਜਾਵੇਗੀ ਤੇ ਇਨ੍ਹਾਂ ਨੂੰ ਵੀ ਦੋ ਧੀਆਂ ਨੂੰ ਪਾਲਣਾ ਔਖਾ ਨਹੀਂ ਹੋਵੇਗਾ'। ਤੇਰੀ ਭਾਬੀ ਦੀ ਗੱਲ ਮੰਨ ਕੇ ਮੈਂ ਆਪਣੇ ਦੋਸਤ ਨਾਲ ਗੱਲ ਕੀਤੀ। ਪਹਿਲਾਂ ਤਾਂ ਉਹ ਰਾਜ਼ੀ ਨਾ ਹੋਇਆ ਪਰ ਮੇਰੇ ਕਈ ਵਾਰ ਕਹਿਣ 'ਤੇ ਉਹ ਮੰਨ ਗਿਆ ਤੇ ਉਸਨੇ ਆਪਣੇ ਪਰਿਵਾਰ ਨੂੰ ਵੀ ਰਾਜ਼ੀ ਕੀਤਾ। ਵੀਰ ਜੀ ਦੀ ਇਸ ਗੱਲ ਨੇ ਮੈਨੂੰ ਧੁਰ ਅੰਦਰ ਤਕ ਖ਼ੁਸ਼ ਕਰ ਦਿੱਤਾ ਸੀ ਪਰ ਸ਼ਰਨ ਬਾਰੇ ਸੋਚ ਕੇ ਮੈਂ ਚੁੱਪ ਕਰ ਗਈ। ਮੈਨੂੰ ਚੁੱਪ ਦੇਖ ਕੇ ਵੀਰ ਜੀ ਬੋਲੇ, 'ਕੀ ਹੋਇਆ ਸੀਮਾ?' 'ਵੀਰ ਜੀ ਕੀ ਸ਼ਰਨ ਇਸ ਗੱਲ ਲਈ ਤਿਆਰ ਹੋ ਜਾਵੇਗਾ?'

ਮੈਂ ਵੀ ਇਹੀ ਸੋਚਦਾ ਸੀ, ਪੁੱਤ। ਚੱਲ ਤੂੰ ਇੱਕ ਵਾਰ ਉਸ ਨਾਲ ਗੱਲ ਕਰ ਕੇ ਦੇਖੀ। ਇਹ ਗੱਲ ਕਹਿ ਕੇ ਵੀਰ ਚਲੇ ਗਏ। ਸ਼ਾਮ ਨੂੰ ਜਦੋਂ ਸ਼ਰਨ ਘਰ ਆਏ ਤਾਂ ਰੋਟੀ ਖਾਣ ਤੋਂ ਬਾਅਦ ਮੈਂ ਉਨ੍ਹਾਂ ਨੂੰ ਸਾਰੀ ਗੱਲ ਦੱਸੀ ,ਇਹ ਸੁਣ ਕੇ ਉਹ ਬਹੁਤ ਖ਼ੁਸ਼ ਹੋਏ। ਸ਼ਰਨ ਕਹਿਣ ਲੱਗੇ ਕਿ ਤੂੰ ਵੀਰ ਜੀ ਨੂੰ ਹੁਣੇ ਫੋਨ ਕਰ ਕੇ ਉਹ ਕੱਲ੍ਹ ਹੀ ਉਸ ਬੱਚੀ ਨੂੰ ਦੇਖਣ ਲਈ ਆਉਣਗੇ। ਸ਼ਰਨ ਦੀ ਖ਼ੁਸ਼ੀ ਨੇ ਮੈਨੂੰ ਹੈਰਾਨ ਕਰ ਦਿੱਤਾ ਸੀ। ਸ਼ਰਨ ਤੋਂ ਸਬਰ ਨਹੀਂ ਹੋ ਰਿਹਾ ਸੀ। ਉਹ ਤੜਕੇ ਹੀ ਤਿਆਰ ਹੋ ਕੇ ਬੈਠ ਗਿਆ ਸੀ। ਉਸ ਨੂੰ ਮੈਂ ਇੰਨਾ ਖ਼ੁਸ਼ ਕਦੇ ਨਹੀਂ ਦੇਖਿਆ ਸੀ। ਉਸਦਾ ਇਹ ਰਵੱਈਆ ਮੈਨੂੰ ਅੰਦਰੋਂ ਅੰਦਰੀ ਬਹੁਤ ਖ਼ੁਸ਼ੀ ਦੇ ਰਿਹਾ ਸੀ।

ਵੀਰ ਜੀ, ਭਾਬੀ ਜੀ, ਮੈਂ ਤੇ ਸ਼ਰਨ ਜਦੋਂ ਉਨ੍ਹਾਂ ਦੇ ਘਰ ਪਹੁੰਚੇ ਤਾਂ ਉਨ੍ਹਾਂ ਨੇ ਸਾਡਾ ਬਹੁਤ ਨਿੱਘਾ ਸਵਾਗਤ ਕੀਤਾ। ਚਾਹ-ਪਾਣੀ ਪੀਣ ਤੋਂ ਬਾਅਦ ਅਸੀਂ ਨਵਜੰਮੀ ਬੱਚੀ ਬਾਰੇ ਗੱਲ ਕੀਤੀ ਤਾਂ ਇੱਕ ਵਾਰ ਤਾਂ ਉਹ ਅੱਖਾਂ ਭਰ ਆਏ ਪਰ ਫਿਰ ਉਨ੍ਹਾਂ ਆਪਣਾ ਮਨ ਸਮਝਾਉਂਦਿਆਂ ਬੱਚੀ ਨੂੰ ਸਾਨੂੰ ਦੇਣ ਦਾ ਫ਼ੈਸਲਾ ਕਰ ਲਿਆ ਸੀ। ਕਾਨੂੰਨੀ ਤੌਰ 'ਤੇ ਬੱਚੀ ਨੂੰ ਗੋਦ ਲੈਣ ਲਈ ਅਸੀਂ ਅਦਾਲਤ ਤੋਂ ਤਾਰੀਖ਼ ਲੈ ਲਈ। ਜਦੋਂ ਬੱਚੀ ਨੂੰ ਅਸੀਂ ਆਪਣੇ ਨਾਮ ਕਰਵਾਇਆ ਤਾਂ ਉਸ ਬੱਚੀ ਦੀ ਮਾਂ ਬਹੁਤ ਰੋ ਰਹੀ ਸੀ। ਉਸਨੂੰ ਦੇਖ ਕੇ ਇੱਕ ਵਾਰ ਮੇਰਾ ਵੀ ਮਨ ਭਰ ਆਇਆ ਸੀ ਪਰ ਉਸ ਨੂੰ ਹੌਂਸਲਾ ਦਿੰਦਿਆਂ ਮੈਂ ਕਿਹਾ, 'ਭੈਣੇ ਤੁਸੀਂ ਫ਼ਿਕਰ ਨਾ ਕਰੋ, ਮੈਂ ਤੁਹਾਡੀ ਬੱਚੀ 'ਤੇ ਕਦੇ ਕੋਈ ਆਂਚ ਨਹੀਂ ਆਉਣ ਦੇਵਾਂਗੀ, ਇਹ ਮੇਰਾ ਵਾਅਦਾ ਹੈ'। ਮੇਰੀ ਗੱਲ ਨਾਲ ਸ਼ਾਇਦ ਉਸਨੂੰ ਥੋੜ੍ਹਾ ਹੌਂਸਲਾ ਮਿਲ ਗਿਆ ਸੀ ਪਰ ਮੈਂ ਵੀ ਸਮਝ ਸਕਦੀ ਸਾਂ ਕਿ ਇੱਕ ਮਾਂ ਲਈ ਆਪਣਾ ਬੱਚਾ ਦੂਜੇ ਨੂੰ ਦੇਣਾ ਕਿੰਨਾ ਔਖਾ ਹੈ।

'ਉਹ ਬੱਚੀ ਮੈਂ ਹਾਂ, ਹੈ ਨਾ ਮੰਮਾ?' ਮੰਨਤ ਨੇ ਆਪਣੇ ਮਾਂ ਦੇ ਮੋਢੇ 'ਤੇ ਹੱਥ ਰੱਖਦਿਆਂ ਕਿਹਾ।

ਸੀਮਾ ਨੇ 'ਹਾਂ' ਵਿੱਚ ਸਿਰ ਹਿਲਾਉਂਦਿਆਂ ਜਵਾਬ ਦਿੱਤਾ। ਜਦੋਂ ਤੈਨੂੰ ਘਰ ਲੈ ਕੇ ਆਏ ਤਾਂ ਸਾਰੇ ਆਂਢੀ-ਗੁਆਂਢੀ ਘਰ ਦੇ ਬਾਹਰ ਖੜ੍ਹੇ ਸਨ। ਸਭ ਨੇ ਮੈਨੂੰ ਵਧਾਈਆਂ ਦਿੱਤੀਆਂ ਤੇ ਸ਼ਗਨ ਵੱਜੋਂ ਤੈਨੂੰ ਪੈਸੇ ਵੀ ਦੇ ਕੇ ਗਏ। ਤੇਰੇ ਪਾਪਾ ਨੇ ਹੀ ਤੇਰਾ ਨਾਂ ਮੰਨਤ ਰੱਖਿਆ ਸੀ। ਉਨ੍ਹਾਂ ਨੇ ਇਹ ਨਾਂ ਇਸ ਲਈ ਰੱਖਿਆ ਸੀ ਕਿਉਂਕਿ ਉਨ੍ਹਾਂ ਦਾ ਕਹਿਣਾ ਸੀ ਕਿ ਰੱਬ ਨੇ ਉਨ੍ਹਾਂ ਦੀ ਬੱਚੇ ਦੀ ਮੰਨਤ ਪੂਰੀ ਕਰ ਦਿੱਤੀ ਸੀ। ਅਸੀਂ ਬਹੁਤ ਖ਼ੁਸ਼ ਸਾਂ। ਤੇਰੇ ਆਉਣ ਨਾਲ ਸਾਰਾ ਘਰ ਮਹਿਕ ਗਿਆ ਸੀ। ਹੁਣ ਤਾਂ ਸ਼ਰਨ ਨੇ ਸ਼ਰਾਬ ਪੀਣੀ ਵੀ ਘੱਟ ਕਰ ਦਿੱਤੀ ਸੀ।

ਇੰਝ ਹੀ ਕਈ ਮਹੀਨੇ ਲੰਘ ਗਏ ਤੇ ਸਾਨੂੰ ਸਾਡੇ ਸਾਰੇ ਦੁੱਖ ਭੁੱਲ ਗਏ ਸਨ ਪਰ...

'ਪਰ ਕੀ ਮੰਮਾ? ਮੰਨਤ ਨੇ ਸੀਮਾ ਨੂੰ ਪੁੱਛਿਆ। ਸੀਮਾ ਨੇ ਉਦਾਸੀ ਭਰੀਆਂ ਅੱਖਾਂ ਨਾਲ ਮੰਨਤ ਵੱਲ ਦੇਖਿਦਆਂ ਕਿਹਾ, ਪਰ ਰੱਬ ਨੂੰ ਸਾਡੀਆਂ ਖ਼ੁਸ਼ੀਆਂ ਚੰਗੀਆਂ ਨਾ ਲੱਗੀਆਂ। ਇੱਕ ਦਿਨ ਤੇਰੇ ਪਾਪਾ ਨੂੰ ਕੰਮ ਕਰਦਿਆਂ ਦਿਲ ਦਾ ਦੌਰਾ ਪੈ ਗਿਆ ਤੇ ਉਨ੍ਹਾਂ ਦੀ ਮੌਤ ਹੋ ਗਈ।

ਇਹ ਗੱਲ ਸੁਣ ਕੇ ਮੰਨਤ ਇੱਕਦਮ ਚੁੱਪ ਹੋ ਗਈ ਸੀ। ਉਹ ਮਨ ਹੀ ਮਨ ਉਦਾਸ ਹੋ ਰਹੀ ਸੀ ਕਿ ਉਹ ਆਪਣੀ ਮਾਂ ਨੂੰ ਪਾਪਾ ਬਾਰੇ ਵਾਰ ਵਾਰ ਪੁੱਛ ਕੇ ਪ੍ਰੇਸ਼ਾਨ ਕਰਦੀ ਰਹਿੰਦੀ ਸੀ।

ਉਸ ਦਿਨ ਤੋਂ ਆਪਣੀ ਜ਼ਿੰਦਗੀ ਦਾ ਸੰਘਰਸ਼ ਸ਼ੁਰੂ ਹੋ ਗਿਆ ਸੀ। ਮੇਰੇ ਲਈ ਇਹ ਤੈਅ ਕਰਨਾ ਔਖਾ ਹੋ ਗਿਆ ਸੀ ਕਿ ਮੈਨੂੰ ਬਾਹਰ ਜਾ ਕੇ ਘਰ ਲਈ ਪੈਸੇ ਕਮਾਉਣੇ ਚਾਹੀਦੇ ਹਨ ਜਾਂ ਫਿਰ ਘਰ ਰਹਿ ਕੇ ਤੈਨੂੰ ਪਾਲਣਾ ਚਾਹੀਦਾ ਹੈ। ਤਕਰੀਬਨ ਦੋ ਮਹੀਨੇ ਦਾ ਰਾਸ਼ਨ ਤੇਰੇ ਮਾਮਾ ਜੀ ਮੈਨੂੰ ਦੇ ਗਏ ਸਨ ਪਰ ਉਹ ਵੀ ਖ਼ਤਮ ਹੋਣ ਕਿਨਾਰੇ ਸੀ ਤੇ ਮੇਰੇ 'ਚ ਉਨ੍ਹਾਂ ਨੂੰ ਦੁਬਾਰਾ ਰਾਸ਼ਨ ਲਈ ਕਹਿਣ ਦੀ ਹਿੰਮਤ ਨਹੀਂ ਸੀ। ਫਿਰ ਇੱਕ ਦਿਨ ਗੁਆਂਢਣ ਘਰ ਆਈ ਤੇ ਉਸਨੇ ਦੱਸਿਆ ਕਿ ਉਹ ਜਿਸ ਸਕੂਲ ਵਿੱਚ ਕੰਮ ਕਰਦੀ ਹੈ, ਉੱਥੇ ਮੇਰੇ ਲਈ ਵੀ ਨੌਕਰੀ ਦਾ ਪਤਾ ਕਰ ਕੇ ਆਈ ਹੈ। ਉਸਦਾ ਕਹਿਣਾ ਸੀ ਕਿ ਇਸ ਨਾਲ ਮੈਂ ਘਰ ਦਾ ਗੁਜ਼ਾਰਾ ਕਰਨ ਜੋਗੇ ਪੈਸੇ ਕਮਾ ਸਕਦੀ ਹਾਂ। ਉਸਦੀ ਇਸ ਗੱਲ ਨੇ ਮੈਨੂੰ ਥੋੜ੍ਹਾ ਹੌਂਸਲਾ ਦੇ ਦਿੱਤਾ ਸੀ। ਅਗਲੇ ਦਿਨ ਜਦੋਂ ਤੇਰੀ ਦਾਦੀ ਘਰ ਆਈ ਤਾਂ ਮੈਂ ਉਸ ਨੂੰ ਸਾਰੀ ਗੱਲ ਦੱਸੀ। ਇਹ ਸੁਣ ਕੇ ਬੀਬੀ ਕਹਿਣ ਲੱਗੀ ਕਿ ਲੋਕ ਕੀ ਕਹਿਣਗੇ, ਵੀ ਹਜੇ ਸ਼ਰਨ ਦੀ ਮੌਤ ਨੂੰ ਦੋ ਮਹੀਨੇ ਵੀ ਨਹੀਂ ਹੋਏ ਤੇ ਤੂੰ ਬਾਹਰ ਜਾਣਾ ਵੀ ਸ਼ੁਰੂ ਕਰ ਦਿੱਤਾ। ਬੀਬੀ ਲੋਕ ਗੱਲਾਂ ਬਣਾਉਣਗੇ ਪਰ ਘਰ ਦਾ ਖ਼ਰਚਾ ਦੇਣ ਤਾਂ ਕੋਈ ਨਹੀਂ ਆਵੇਗਾ। ਇਹ ਤਾਂ ਹੁਣ ਮੈਨੂੰ ਹੀ ਕਰਨਾ ਪਵੇਗਾ ਤੇ ਮੰਨਤ ਇਸਦੀ ਤਾਂ ਅਜੇ ਪੂਰੀ ਜ਼ਿੰਦਗੀ ਪਈ ਐ ਤੇ ਬੀਬੀ ਮੈਂ ਵੀਰ ਜੀ ਨੂੰ ਹੁਣ ਹੋਰ ਤਕਲੀਫ਼ ਨਹੀਂ ਦੇਣਾ ਚਾਹੁੰਦੀ'। ਸੀਮਾ ਬੋਲੀ ਜਾ ਰਹੀ ਸੀ। ਉਸਦੀ ਗੱਲ ਸੁਣ ਕੇ ਬੀਬੀ ਚੁੱਪ ਕਰ ਗਈ ਸੀ। ਫਿਰ ਬੀਬੀ ਨੇ ਕਿਹਾ ,'ਠੀਕ ਐ, ਤੂੰ ਸਕੂਲ ਜਾ ਆਈਂ। ਜੇ ਤੈਨੂੰ ਇਹ ਨੌਕਰੀ ਮਿਲ ਗਈ ਤਾਂ ਮੈਂ ਮੰਨਤ ਦਾ ਖ਼ਿਆਲ ਰੱਖ ਲਿਆ ਕਰੂੰ।'

ਇੰਝ ਫਿਰ ਮੈਂ ਨੌਕਰੀ ਕਰਨੀ ਸ਼ੁਰੂ ਕੀਤੀ ਤੇ ਨਾਲ-ਨਾਲ ਛੁੱਟੀ ਵਾਲੇ ਦਿਨ ਕੱਪੜੇ ਸਿਲਾਈ ਕਰਦੀ। ਇਸ ਨਾਲ ਘਰ ਦਾ ਗੁਜ਼ਾਰਾ ਚੰਗਾ ਚੱਲਣ ਲੱਗ ਗਿਆ ਸੀ। ਮੈਂ ਥੋੜ੍ਹੇ-ਥੋੜ੍ਹੇ ਪੈਸੇ ਤੇਰੀ ਪੜ੍ਹਾਈ ਲਈ ਜੋੜਨੇ ਸ਼ੁਰੂ ਕਰ ਦਿੱਤੇ ਸਨ। ਇੱਕ ਦਿਨ ਜਦੋਂ ਵੀਰ ਜੀ ਘਰ ਆਏ ਤਾਂ ਉਹ ਮੇਰੀ ਨੌਕਰੀ ਦੀ ਗੱਲ ਸੁਣ ਕੇ ਮੇਰੇ ਨਾਲ ਨਾਰਾਜ਼ ਹੁੰਦੇ ਹੋਏ ਕਹਿਣ ਲੱਗੇ, ਕੀ ਗੱਲ ਭੈਣੇ ਮੈਂ ਤੈਨੂੰ ਕਿਹਾ ਸੀ ਕਿ ਮੈਂ ਤੇਰਾ ਹਰ ਤਰ੍ਹਾਂ ਨਾਲ ਖਿਆਲ ਰੱਖਾਂਗਾ, ਫਿਰ ਤੂੰ ਨੌਕਰੀ ਕਿਉਂ ਕਰਨ ਲੱਗੀ ਐ? ਵੀਰ ਜੀ ਮੈਂ ਤੁਹਾਡੇ 'ਤੇ ਬੋਝ ਨਹੀਂ ਬਣਨਾ ਚਾਹੁੰਦੀ। ਨਾਲੇ ਮੈਨੂੰ ਆਪਣੀਆਂ ਜ਼ਿੰਮੇਵਾਰੀਆਂ ਆਪ ਹੀ ਚੁੱਕਣੀਆਂ ਪੈਣਗੀਆਂ। ਵੀਰ ਜੀ ਇਹ ਸੁਣ ਕੇ ਚੁੱਪ ਹੋ ਗਏ।

ਇੰਨੇ ਸਾਲਾਂ ਦੀ ਮੇਰੀ ਮਿਹਨਤ ਨੂੰ ਪੁੱਤ ਤੂੰ ਅੱਜ ਪੂਰੇ ਕਾਲਜ ਵਿੱਚ ਪਹਿਲਾ ਦਰਜਾ ਪ੍ਰਾਪਤ ਕਰ ਕੇ ਰੰਗ ਲਾ ਦਿੱਤਾ ਹੈ। ਸੀਮਾ ਨੇ ਆਪਣੀ ਗੱਲ ਖ਼ਤਮ ਕੀਤੀ ਹੀ ਸੀ ਕਿ ਇੰਨੇ 'ਚ ਹੀ ਮੰਨਤ ਦੇ ਫੋਨ ਦੀ ਘੰਟੀ ਵੱਜੀ। ਫੋਨ ਸੁਣਦਿਆਂ ਮੰਨਤ ਬਹੁਤ ਖ਼ੁਸ਼ ਲੱਗ ਰਹੀ ਸੀ। ਮੰਨਤ ਨੇ ਖ਼ੁਸ਼ ਹੁੰਦਿਆਂ ਆਪਣੀ ਨੂੰ ਦੱਸਿਆ, 'ਮੰਮਾ ਮੈਂ ਤੁਹਾਨੂੰ ਜੋ ਗੱਲ ਦੱਸਣੀ ਐ, ਉਸ ਨਾਲ ਤੁਸੀਂ ਹੋਰ ਵੀ ਖ਼ੁਸ਼ ਹੋ ਜਾਓਗੇ, ਮੰਮਾ ਮੇਰੇ ਕਾਲਜ ਤੋਂ ਫੋਨ ਆਇਆ ਸੀ, ਉਨ੍ਹਾਂ ਨੇ ਮੈਨੂੰ ਕਾਲਜ ਵਿੱਚ ਪੜ੍ਹਾਉਣ ਦੀ ਆਫ਼ਰ ਦਿੱਤੀ ਹੈ। ਮੰਮਾ, ਹੁਣ ਤੁਹਾਨੂੰ ਕਿਸੇ ਗੱਲ ਦੀ ਚਿੰਤਾ ਕਰਨ ਦੀ ਲੋੜ ਨਹੀਂ। ਹੁਣ ਆਪਣਾ ਚੰਗਾ ਸਮਾਂ ਸ਼ੁਰੂ ਹੋ ਗਿਆ ਹੈ। ਮੈਂ ਤੁਹਾਨੂੰ ਕਦੇ ਕਿਸੇ ਚੀਜ਼ ਦੀ ਕਮੀ ਨਹੀਂ ਹੋਣ ਦਿਆਂਗੀ। ਮੰਨਤ ਦੀ ਗੱਲ ਸੁਣ ਕੇ ਸੀਮਾ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਉਸ ਨੂੰ ਕੀਤਾ ਸੰਘਰਸ਼ ਸਫ਼ਲ ਹੁੰਦਾ ਨਜ਼ਰ ਆ ਰਿਹਾ ਸੀ।

ਮਿੰਨੀ ਕਹਾਣੀ

## ਸੰਵਿਧਾਨ ਦਿਵਸ

ਕਮਲਜੀਤ ਕੌਰ ਕਮਲ

ਸਕੂਲ ਦੀ ਸਵੇਰ ਦੀ ਸਭਾ ਵਿੱਚ ਸੰਵਿਧਾਨ ਦਿਵਸ ਮਨਾਇਆ ਜਾ ਰਿਹਾ ਸੀ । ਵਾਰੋ-ਵਾਰੀ ਬੱਚੇ ਮਾਈਕ ਤੇ ਸੰਵਿਧਾਨ ਦਿਵਸ ਤੇ ਬੋਲੇ। ਇਸ ਤੋਂ ਬਾਅਦ ਮੁੱਖ ਅਧਿਆਪਕਾ ਨੇ ਸੰਵਿਧਾਨ ਦਿਵਸ ਦੇ ਮਹੱਤਵ ਬਾਰੇ ਦੱਸਦਿਆਂ ਆਮ ਆਦਮੀ ਦੇ ਕਨੂੰਨੀ ਹੱਕਾਂ ਕਨੂੰਨ ਦੇ ਵਿਸਥਾਰ ਬਾਰੇ ਦੱਸਦਿਆਂ ਕਿਹਾ ਕਿ ਹਰ ਜਾਤੀ ਤੇ ਨਸਲ ਦੇ ਲੋਕਾਂ ਦੇ ਹੱਕ ਬਰਾਬਰ ਹਨ। ਹਰ ਬੱਚੇ ਨੂੰ ਪੜ੍ਹਨ ਦਾ ਅਧਿਕਾਰ ਹੈ ਬੱਚਿਆਂ ਨੇ ਭਾਸ਼ਣ ਸੁਣ ਕੇ ਤਾੜੀਆਂ ਵਜਾਈਆਂ ਤੇ ਪਿੱਛੇ ਸਕੂਲ ਦੀ ਬਣ ਰਹੀ ਬਿਲਡਿੰਗ ਵਿੱਚ ਮਜ਼ਦੂਰਾਂ ਨਾਲ ਇੱਟਾਂ ਢੋਹ ਰਹੇ ਉਹਨਾਂ ਦੇ ਬੱਚੇ ਵੀ ਕੰਮ ਛੱਡਕੇ ਸਕੂਲੀ ਬੱਚਿਆਂ ਮਗਰ ਤਾੜੀਆਂ ਮਾਰ ਰਹੇ ਸੀ।

# ਮੇਰੀ ਕਲਮ

## ਪਿਆਰ ਦੀ ਨਜ਼ਰ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308





ਇੱਕ ਨਜ਼ਰ ਜੇ ਇਧਰ ਵੀ,
ਕੋਈ ਮੇਰੀ ਨਜ਼ਰੇ ਕਰ ਦੇਵੇ,
ਮਿਹਰਬਾਨੀਆਂ ਦੇ ਲਾ ਕੇ ਢੇਰ,
ਮੇਰਾ ਵਿਹੜਾ ਭਰ ਦੇਵੇ।

ਮਸਤੀਆਂ ਦੇ ਵੇਗ ਵਿੱਚ,
ਗੁਜ਼ਰੇ ਮੇਰਾ ਦਿਨ 'ਤੇ ਰਾਤ,
ਨੈਣਾਂ ਦੇ ਦੋ ਪਿਆਲੇ ਭਰ,
ਕੋਈ ਮੇਰੇ ਅੱਗੇ ਧਰ ਦੇਵੇ।

ਪੱਤਝੜਾਂ ਤੋਂ ਬਹਾਰਾਂ ਦਾ,
ਵਕਫ਼ਾ ਪਲਾਂ ਵਿੱਚ ਹੋਵੇ ਖ਼ਤਮ,
ਮਹਿਕਾਂ ਭਰਿਆ ਗੁਲਸ਼ਨ ਕੋਈ,
ਨਾਮ ਮੇਰੇ ਜੇ ਕਰ ਦੇਵੇ।

ਰੰਗੀਨੀਆਂ ਹਰਿਆਲੀਆਂ 'ਚ,
ਮੇਲ੍ਹਦੀ ਰਹੇ ਰੂਹ ਮੇਰੀ,
ਦਸਤਕ ਜੇ ਕੋਈ ਆਣ ਕਦੇ,
ਉਡੀਕਾਂ ਦੇ ਮੇਰੇ ਦਰ ਦੇਵੇ।

ਰਿਸ਼ਤਿਆਂ ਦੀ ਦੁਨੀਆ ਵਿੱਚ,
ਕਮੀ ਨਹੀਂ ਹੈ ਚੀਜ਼ਾਂ ਦੀ,
ਹਰ ਚੀਜ਼ ਫਿੱਕੀ ਪੈ ਜਾਵੇਗੀ,
ਜੇ ਰੱਬ ਇਸ਼ਕ ਦਾ ਵਰ ਦੇਵੇ।

ਤਸੱਵਰ ਦੀ ਇਸ ਦੁਨੀਆ ਵਿੱਚ,
ਤਸਵੀਰ ਅਨੋਖੀ ਬਣ ਜਾਵੇ,
ਜੇਕਰ ਕੋਈ ਸੁਪਨਿਆਂ ਦਾ,
ਕਟੋਰਾ ਮੇਰਾ ਭਰ ਦੇਵੇ।

ਤਮੰਨਾ ਹੈ ਕਿਸੇ ਦਾ ਬਣਨੇ ਦੀ,
ਕਿਸੇ ਨੂੰ ਆਪਣਾ ਕਹਿਣੇ ਦੀ,
ਕਾਸ਼ ਕੋਈ ਹੁਸੀਨ ਜਿਹਾ ਦਿਲ,
ਵਸੀਹਤ ਮੇਰੇ ਨਾਂ ਕਰ ਦੇਵੇ।

## .ਗਜ਼ਲ

ਗੁਰਿੰਦਰ 'ਪ੍ਰੀਤ' ਧਾਰੋਵਾਲੀਆ

ਭੁੱਲ ਨਾ ਜਾਵੀਂ ਚੇਤਾ ਰੱਖੀਂ ਰਾਹਵਾਂ ਦਾ
ਰਤਾ ਭਰੋਸਾ ਹੁੰਦਾ ਨਹੀਉਂ ਸਾਹਵਾਂ ਦਾ।
ਮੈਂ ਦੀਪਕ ਹਾਂ ਰੌਸ਼ਨੀਆਂ ਦਾ ਵਣਜ ਕਰਾਂ
ਕਿੱਦਾਂ ਕਰਾਂ ਸਵਾਗਤ ਤੇਜ਼ ਹਵਾਵਾਂ ਦਾ ?
ਮਾਂ ਨੇ ਮੀਟੀਆਂ ਅੱਖਾਂ ਤਾਂ ਅਹਿਸਾਸ ਹੋਇਆ
ਘਰ ਵਿੱਚ ਰੁਤਬਾ ਕੀ ਹੁੰਦਾ ਹੈ ਮਾਵਾਂ ਦਾ।
ਮਿਹਨਤ ਕਰਕੇ ਕਿੰਨਾ ਦਾਜ ਬਣਾਇਆ ਤੂੰ
ਹਰ ਵੇਲੇ ਜੁ ਰਾਗ ਅਲਾਪੇਂ ਲਾਵਾਂ ਦਾ।
ਖ਼ਾਹਿਸ਼ਾਂ ਵਾਲੀ ਗੁੱਡੀ ਅੰਬਰੀਂ ਉੱਡਦੀ ਏ
ਤੂੰ ਹੀ ਚੇਤਾ ਰੱਖੀਂ ਡੋਰ ਤੜਾਵਾਂ ਦਾ।
ਕਾ.ਗਜ਼ ਦੀ ਕਿਸ਼ਤੀ ਦਾ 'ਪ੍ਰੀਤ' ਮੁਸਾਫ਼ਿਰ ਹੈ
ਰਿਸ਼ਤਾ ਸੌਂਜਲ ਸਕਦਾ ਨਹੀਂ ਦਰਿਆਵਾਂ ਦਾ।

## ਅਕਸਰ ਲੱਗਦੀ ਹੀ ਦੇਰ ਹੁੰਦੀ

ਹਰਦੀਪ ਬਿਰਦੀ

ਥੋੜ੍ਹੀ ਜਿਹੀ ਤਾਂ ਅਕਸਰ ਲੱਗਦੀ ਹੀ ਦੇਰ ਹੁੰਦੀ।
ਹਰ ਰਾਤ ਜਾਣ ਪਿੱਛੋਂ ਪੱਕੀ ਸਵੇਰ ਹੁੰਦੀ।
ਟੀਚੇ ਮਿਲਣ ਜੇ ਸੌਖੇ ਪੈਂਦਾ ਨਾ ਫਿਰ ਹੈ ਰੌਲ਼ਾ
ਪਰ ਮੁਸ਼ਕਿਲਾਂ ਦੀ ਵਾਰੀ ਹੀ ਤੇਰ ਮੇਰ ਹੁੰਦੀ।
ਓਦਾਂ ਨਾ ਕੋਈ ਪੁੱਛਦਾ ਮਤਲਬ ਗਧੇ ਤੋਂ ਜੇ ਪਰ
ਸੇਵਾ ਹੈ ਉਸ ਦੀ ਫਿਰ ਤਾਂ ਜੀ ਘੇਰ ਘੇਰ ਹੁੰਦੀ।
ਸੱਜਣ ਜਦੋਂ ਵੀ ਰੁੱਸਣ ਸੱਜਣਾਂ ਦੇ ਨਾਲ ਅਪਣੇ
ਜਿਹੜੀ ਵੀ ਗੱਲ ਹੁੰਦੀ ਬੁੱਲ੍ਹ ਟੇਰ ਟੇਰ ਹੁੰਦੀ।
ਦਿਲਬਰ ਦੇ ਨਾਲ ਲੱਗਦੀ ਚਾਨਣ ਦੇ ਵਾਂਗ ਦੁਨੀਆ
ਦਿਲਬਰ ਦੇ ਬਾਝੋਂ ਦੁਨੀਆ ਸਾਰੀ ਹਨੇਰ ਹੁੰਦੀ।
ਸਾਰੇ ਹੀ ਆਖਦੇ ਨੇ ਚੱਲਣਾ ਇਮਾਨ ਨਹੀਓਂ
ਦੱਸੋ ਤਾਂ ਕੋਈ ਕਿੱਦਾਂ ਇਹ ਹੇਰ ਫ਼ੇਰ ਹੁੰਦੀ।

## ਡਾਲਰ

ਜਸਪਾਲ ਸਿੰਘ ਜੌਲੀ



ਮੱਲੋ ਮੱਲੀ ਬਾਹਰ ਜਾਣ ਦਾ ਚੜ੍ਹਿਆ ਖੁਮਾਰ
ਚੇਤੇ ਆਉਂਦੇ ਰਹਿੰਦੇ ਸੀ, ਜੁੰਡੀ ਦੇ ਉਹ ਯਾਰ
ਬਾਪੂ ਨੇ ਵੀ ਰੋਕਿਆ, ਬੇਬੇ ਨੇ ਵੀ ਰੋਕਿਆ
ਪਰ ਮੈਂ ਨਾ ਰੁਕਿਆ
ਡਾਲਰ ਕਮਾਉਣ ਲਈ ਕੈਨੇਡਾ ਜਾ ਢੁਕਿਆ
ਸਿਰ ਉੱਤੇ ਕਰਜ਼ੇ ਦੀ ਪੰਡ ਨਹੀਂ ਸੀ ਭਾਰੀ
ਫਿਰ ਵੀ ਮਾਰ ਗਿਆ ਬਾਹਰ ਉਡਾਰੀ
ਤੋਰਨ ਵੇਲੇ ਮਾਪਿਆਂ ਦਾ, ਕਿੰਨਾ ਮਨ ਦੁਖਿਆ
ਡਾਲਰ ਕਮਾਉਣ ਲਈ ਕੈਨੇਡਾ ਜਾ ਢੁਕਿਆ
ਸੋਚਿਆ ਸੀ ਭਰ ਲਾਂਗਾ ਵੱਡੀਆਂ ਤਜੋਰੀਆਂ
ਕਰਨੀ ਪੈ ਗਈਆਂ ਉੱਥੇ ਮਿਹਨਤ ਮਜੂਰੀਆਂ
ਮਸ਼ੀਨਾਂ ਵਾਂਗ ਕੰਮ ਕਰ ਹੋ ਜਾਂਦਾ ਏ ਥਕੇਵਾਂ
ਲੱਗੇ ਜ਼ਿੰਦਗੀ ਦਾ ਸੁਖ ਚੈਨ ਮੁੱਕਿਆ
ਡਾਲਰ ਕਮਾਉਣ ਲਈ ਕੈਨੇਡਾ ਜਾ ਢੁਕਿਆ
ਬੁੱਢੇ ਮਾਪਿਆਂ ਲਈ ਹੁੰਦੀ ਔਲਾਦ ਹੀ ਸਹਾਰਾ
ਆਪਣਿਆਂ ਤੋਂ ਬਿਨਾ, ਕੰਧਾਂ ਨੂੰ ਲਾਵੇ ਕੌਣ ਗਾਰਾ
ਸਿਵਾਏ ਖੱਜਲ ਖੁਆਰੀਆਂ ਖੱਟਿਆ ਨਾ ਕੁਝ
ਉਨ੍ਹਾਂ ਨੂੰ ਵੀ ਆਫ਼ਤਾਂ 'ਚ ਪਾ ਸੁੱਟਿਆ
ਡਾਲਰ ਕਮਾਉਣ ਲਈ ਕੈਨੇਡਾ ਜਾ ਢੁਕਿਆ
'ਜੌਲੀ' ਵਾਲੇ ਵਾਂਗ ਨਾ ਰੱਟ ਲਾਇਓ ਬਾਹਰ ਜਾਣ ਦੀ
ਲੋੜ ਕੀ ਜਿੰਦ ਨੂੰ ਝਮੇਲਿਆਂ 'ਚ ਪਾਉਣ ਦੀ
ਦੂਰ ਦੇ ਢੋਲ ਸੁਹਾਵਣੇ ਹੁੰਦੇ, ਦੇਖ ਅੱਖੀਂ ਡਿੱਠਾ ਹਾਲ
ਅੱਖਾਂ ਵਿੱਚੋਂ ਨੀਰ ਦਾ ਫੁਹਾਰਾ ਫੁੱਟਿਆ
ਡਾਲਰ ਕਮਾਉਣ ਲਈ ਕੈਨੇਡਾ ਜਾ ਢੁਕਿਆ

## ਧੀ ਦੀ ਮੰਗ

ਗੁਰਿੰਦਰ ਸਿੰਘ ਸੰਧੂਆਂ

ਮੰਨ ਲੈਣੀ ਮੇਰੀ ਇੱਕ ਗੱਲ ਖ਼ਾਸ ਜੀ।
ਕਦੇ ਵੀ ਨਾ ਕਰਾਂ ਤੁਸਾਂ ਨੂੰ ਨਿਰਾਸ਼ ਜੀ।
ਸੋਹਣਾ ਜੋ ਦਿਖਾਇਆ ਤੂੰ ਜਹਾਨ ਬਾਬਲਾ
ਵਿੱਦਿਆ ਦਿਵਾ ਦੇ ਮੈਨੂੰ ਦਾਨ ਬਾਬਲਾ
ਮੰਨਾਂਗੀ ਬਚਨ ਸਭ ਤੇਰੇ ਦੇਸ ਦੇ।
ਬੰਬਲ ਬਟਾਊਂ ਬੇਬੇ ਵਾਲੇ ਖੇਸ ਦੇ।
ਤੇਰੀ ਉੱਚੀ ਕਰ ਦਿਆਂਗੀ ਸ਼ਾਨ ਬਾਬਲਾ।
ਵਿੱਦਿਆ ਦਿਵਾ ਦੇ ਮੈਨੂੰ ਦਾਨ ਬਾਬਲਾ
ਮੋਟਰ ਨਾ ਗੱਡੀ ਮੇਰੀ ਕੋਈ ਮੰਗ ਜੀ।
ਕੰਮ ਮੈਂ ਕਰਾਊਂ ਸਾਰੇ ਬੇਬੇ ਸੰਗ ਜੀ।
ਤੇਰਿਆਂ ਹੱਥਾਂ 'ਚ ਹੈ ਕਮਾਨ ਬਾਬਲਾ।
ਵਿੱਦਿਆ ਦਿਵਾ ਦੇ ਮੈਨੂੰ ਦਾਨ ਬਾਬਲਾ
ਹੋਰ ਚਮਕਾਊਂ ਤੇਰੀ ਚਿੱਟੀ ਪੱਗ ਨੂੰ।
ਮਾਰਦੇ ਜੋ ਕੁੱਖੀਂ ਪਤਾ ਲੱਗੇ ਜੱਗ ਨੂੰ।
ਤੂੰ ਹੀ ਮੇਰੀ ਜਿੰਦ ਅਤੇ ਜਾਨ ਬਾਬਲਾ
ਵਿੱਦਿਆ ਦਿਵਾ ਦੇ ਮੈਨੂੰ ਦਾਨ ਬਾਬਲਾ
ਕਰੀਂ ਨਾ ਫ਼ਿਕਰ ਬਾਪੂ ਕਿਸੇ ਗੱਲ ਦੀ।
ਹੁੰਦੀ ਨਾ ਸ਼ਿਕਾਰ ਅੱਲੜਾਂ ਦੇ ਛਲ ਦੀ।
ਤੇਰੇ ਨਾਲ ਕਰਦੀ ਜ਼ੁਬਾਨ ਬਾਬਲਾ।
ਵਿੱਦਿਆ ਦਿਵਾ ਦੇ ਮੈਨੂੰ ਦਾਨ ਬਾਬਲਾ
ਮੁੰਡਾਅਤੇ ਕੁੜੀ ਕਿਰਪਾ ਦਤਾਰ ਦੀ।
ਭੇਦ ਨਹੀਂ ਕੋਈ ਗੱਲ ਹੈ ਵਿਚਾਰ ਦੀ।
ਭਲਾ ਕਰੂ ਤੇਰਾ ਭਗਵਾਨ ਬਾਬਲਾ।
ਵਿੱਦਿਆ ਦਿਵਾ ਦੇ ਮੈਨੂੰ ਦਾਨ ਬਾਬਲਾ
ਗੁਰੂ ਦਾ ਬਚਨ ਸਦਾ ਹੀ ਕਮਾਵਣਾ।
ਕੁਝ ਸਮਾਂ ਕੱਢ ਓਹਦੇ ਗੁਣ ਗਾਵਣਾ।
ਨੈਤਿਕ ਵੀ ਦਿੱਤਾ ਤੂੰ ਗਿਆਨ ਬਾਬਲਾ।
ਵਿੱਦਿਆ ਦਿਵਾ ਦੇ ਮੈਨੂੰ ਦਾਨ ਬਾਬਲਾ
ਦੋਵੇਂ ਹੱਥ ਜੋੜ ਕਰਾਂ ਅਰਦਾਸ ਜੀ।
ਹਰ ਖ਼ੁਸ਼ੀ ਹੋਵੇ ਤੇਰੇ ਸਦਾ ਪਾਸ ਜੀ।
ਕਰੀ ਮੇਰੀ ਫਤਿਹ ਪ੍ਰਵਾਨ ਬਾਬਲਾ।
ਵਿੱਦਿਆ ਦਿਵਾ ਦੇ ਮੈਨੂੰ ਦਾਨ ਬਾਬਲਾ
ਸੰਧੂਆਂ ਜੀ ਕੀਤਾ ਵੱਡਾ ਉਪਕਾਰ ਜੀ।
ਅੱਖਰ ਪੜ੍ਹਤੇ ਮੈਨੂੰ ਚੰਗੇ ਚਾਰ ਜੀ।
ਤਾਂ ਹੀ ਤੇਰਾ ਰੁਤਬਾ ਮਹਾਨ ਬਾਬਲਾ।
ਵਿੱਦਿਆ ਦਿਵਾ ਦੇ ਮੈਨੂੰ ਦਾਨ ਬਾਬਲਾ

## ਮੋਬਾਈਲ ਦੇਵਤਾ

ਬਲਵਿੰਦਰ ਕੌਰ



ਨਾ ਮੰਦਿਰ ਨਾ ਮਸਜਿਦ ਜਾਂਦੇ, ਨਾ ਹੀ ਜਾਣ ਗੁਰੂ ਦੇ ਦੁਆਰੇ
ਤੜਕੇ ਉੱਠ ਮੋਬਾਈਲ ਦੇਵਤਾ ਨੂੰ, ਸਿਜਦਾ ਕਰਦੇ ਸਭ ਜਨ ਪਿਆਰੇ
ਤੂੰ ਹੀ ਕਰਮ ਤੇ ਤੂੰ ਹੀ ਧਰਮ, ਤੈਥੋਂ ਬਿਨਾਂ ਨਾ ਦਿਸਦਾ ਕੋਈ
ਘਰ ਕਾਲਜ ਤੇ ਸਕੂਲ ਦੇ ਅੰਦਰ, ਤੇਰੇ ਬਿਨਾਂ ਨਾ ਮਿਲਦੀ ਢੋਈ
ਨਾ ਦਾਦੀ ਦੀਆਂ ਬਾਤਾਂ ਸੁਣਦੇ, ਬੋਲ ਬੋਲ ਉਹ ਕਮਲੀ ਹੋਈ
ਮਾਂ ਦੀਆਂ ਲੋਰੀਆਂ ਬਾਪੂ ਦੀਆਂ ਝਿੜਕਾਂ, ਮੋਬਾਈਲ ਨੇ ਸਭ ਹੀ ਖੋਹੀ
ਸੱਥਾਂ ਵਿੱਚ ਹੁਣ ਰੌਣਕ ਹੈ ਨਹੀਂ, ਖੇਡ ਮੈਦਾਨ ਪਏ ਨੇ ਖਾਲੀ
ਬੱਚੇ ਬੁੱਢੇ ਪੂਜਣ ਤੈਨੂੰ, ਤੂੰ ਬਣ ਬੈਠਾ ਸਭ ਦਾ ਮਾਲੀ
ਹਰ ਕੋਈ ਤੇਰਾ ਆਕੂ ਬਣਿਆ, ਤੂੰ ਬਣਿਆ ਸਭ ਦੀ ਮਾਕੂ
ਤੇਰੇ ਬਿਨਾਂ ਇੱਕ ਪਲ ਨਾ ਲੰਘਦਾ, ਦਿਲ 'ਚੋਂ ਨਿਕਲੇ ਹੂਕ
ਤੂੰ ਬਣਿਆ ਸੀ ਫਾਇਦੇ ਲਈ, ਲੋਕਾਂ ਤੇਰੀ ਆਦਤ ਪਾਈ
ਚੰਗੇ ਕੰਮ ਲਈ ਵਰਤੋਂ ਲੋਕੋ, ਮੈਂ ਤਾਂ ਦੇਵਾਂ ਇਹੋ ਦੁਹਾਈ
ਬੱਚਿਓ ਮਾਂ ਦੀ ਲੋਰੀ ਸੁਣ ਲਓ, ਕਿਉਂ ਜਾਂਦੇ ਵਕਤ ਗਵਾਈ
ਗੁੱਲੀ ਡੰਡਾ, ਗੀਟੇ, ਪੀਚੋ, ਖੇਡੋ ਜਾ ਕੇ ਲੁਕਣ ਮਿਚਾਈ
ਸਾਂਭੋ ਖੇਡਾਂ, ਛੱਡ ਮੋਬਾਈਲ, ਵਿਰਸਾ ਆਪਣਾ ਲਓ ਬਚਾਈ

## ਆਪਣੇ ਆਪ ਨਾਲ ਲੜਦੇ ਲੋਕ

ਨਾਇਬ ਬੁੱਕਣਵਾਲ

ਆਪਣੇ ਆਪ ਹੀ ਝੁਰੀ ਜਾਂਦੇ ਨੇ,
ਆਪਣੇ ਵਿੱਚ ਹੀ ਖੁਰੀ ਜਾਂਦੇ ਨੇ।
ਸੁੱਕ ਪੱਤਿਆਂ ਵਾਂਗ ਨੇ ਝੜਦੇ ਲੋਕ
ਆਪਣੇ ਆਪ ਨਾਲ ਲੜਦੇ ਲੋਕ
ਜੇਕਰ ਕਿਸੇ ਤੋਂ ਕੋਈ ਅੱਗੇ ਲੰਘਦਾ,
ਮਿਲੇ ਮੌਕਾ, ਦੂਜਾ ਰਹੇ ਵੀ ਭੰਡਦਾ।
ਰਹਿਣ ਇੱਕ ਦੂਜੇ ਤੋਂ ਹੀ ਸੜਦੇ ਲੋਕ,
ਆਪਣੇ ਆਪ ਨਾਲ ਲੜਦੇ ਲੋਕ
ਉਸ ਨੇ ਆਪਣੀ ਜੇ ਗੱਲ ਨੀ ਮੰਨੀ,
ਉਹ ਕੀ ਜਾਣੂ, ਜੇ ਆਕੜ ਨਾ ਭੰਨੀ
ਰਹਿਣ ਕਾੜ੍ਹੇ ਵਾਂਗੂੰ, ਕੜਦੇ ਲੋਕ,
ਆਪਣੇ ਆਪ ਨਾਲ ਲੜਦੇ ਲੋਕ
ਚੁੱਪ ਚੁੱਪ ਰਹਿਣਾ ਕੁਝ ਨੀ ਕਹਿਣਾ,
ਥੱਲੇ ਲਾਉਣ ਲਈ ਸੋਚਦੇ ਰਹਿਣਾ।
ਬਿਨ ਆਈ ਮੌਤ ਨੇ ਮਰਦੇ ਲੋਕ,
ਆਪਣੇ ਆਪ ਨਾਲ ਲੜਦੇ ਲੋਕ
ਕੁ.ਫਰ ਤੋਲਣਾ ਜਿੰਨਾ ਮਰਜ਼ੀ ਪੈ ਜੇ,
ਪਰ ਮੈਨੂੰ ਕੋਈ ਨਾ ਮਾੜਾ ਕਹਿ ਜੇ।
ਕਿਵੇਂ ਰਹਿਣ ਸਕੀਮਾਂ ਘੜਦੇ ਲੋਕ,
ਆਪਣੇ ਆਪ ਨਾਲ ਲੜਦੇ ਲੋਕ
ਬੁੱਕਣਵਾਲ ਦੁਨੀਆ ਹੈ ਇੱਕ ਚੱਕੀ,
ਆਪਣਾ ਸੰਤੁਲਨ ਤੂੰ ਬਣਾ ਕੇ ਰੱਖੀ।
ਵਹਿਮਾਂ ਦੀ ਨਾ ਚਿੰਬੜ ਜਾਵੇ ਜੋਕ ,
ਆਪਣੇ ਆਪ ਨਾਲ ਲੜਦੇ ਲੋਕ
ਆਪਣੇ ਆਪ ਨਾਲ ਲੜਦੇ ਲੋਕ

## .ਗਜ਼ਲ

ਰਣਜੀਤ ਆਜ਼ਾਦ ਕਾਂਝਲਾ



ਕਰੋ ਪਿਆਰ ਦੀ ਗੱਲ ਹਿਸਾਬ ਦੀ ਗੱਲ।
ਕਦੇ ਕੀਤੀ ਨਾ ਤੁਸਾਂ ਗੁਲਾਬ ਦੀ ਗੱਲ।
ਨੋਚ-ਨੋਚ ਮਾਸ ਵਿਹਲੜ ਖਾ ਰਹੇ,
ਖ਼ੁਸ਼ ਹੋ ਹੋ ਕਰਨ ਪੰਜਾਬ ਦੀ ਗੱਲ।
ਮਾਰ ਦਿਓ ਜਾਨੋ ਦਿਓ ਨਾ ਪਾਣੀ ਹੁਣ,
ਮਰ ਜਾਣ ਦਿਉ ਕਰੋ ਨਾ ਆਬ ਦੀ ਗੱਲ।
ਬਿੱਲੀਆਂ ਦਾ ਹਿੱਸਾ ਬਾਂਦਰ ਖਾ ਰਹੇ,
ਕਿਉਂ ਕਰਨਗੇ ਉਹ ਹਿਸਾਬ ਦੀ ਗੱਲ।
ਕਰ ਕਮਾਈ ਭੁੱਖੇ ਢਿੱਡ ਸੌਣ ਵਾਲੇ,
ਕਿੰਝ ਕਰਨਗੇ ਉਹ ਸ਼ਬਾਬ ਦੀ ਗੱਲ।
ਉਹ ਕੁਝ ਵੀ ਕਦੇ ਨਹੀਂ ਪਾ ਸਕਦੇ,
ਜੋ ਨਾ ਕਰਦੇ ਸਵਾਲ-ਜਵਾਬ ਦੀ ਗੱਲ।
ਹੱਕਾਂ ਲਈ ਡੱਟ ਜਾਉ ਹੱਕਾਂ ਵਾਲਿਓ,
ਅੱਜ ਦੁਹਰਾਓ ਸ਼ੇਰੇ-ਪੰਜਾਬ ਦੀ ਗੱਲ।
ਅੱਕ ਗਏ ਗਾ-ਗਾ ਸੋਹਲੇ ਪਿਆਰ ਦੇ,
ਰਾਸ ਆਵੇ ਨਾ ਹੁਣ ਰੁਬਾਬ ਦੀ ਗੱਲ।
ਕੀ ਤਿਰੀ ਮਿਹਨਤ ਦਾ ਮੁੱਲ ਦੇ ਦੇਣਗੇ।
ਮਨੋਂ ਭੁੱਲ ਜਾ ਇਹ ਖ਼ੁਆਬ ਦੀ ਗੱਲ।
ਤੇਰੇ ਘਰ ਤਾਂ ਦਿਨੇ ਹੀ ਹਨੇਰੇ ਓਏ,
ਫਿੱਕੀ ਪੈ ਗਈ ਤੇਰੀ ਨੁਹਾਰ ਦੀ ਗੱਲ।
ਬਿਨਾ ਰੋਏ ਤਾਂ ਮਾਂ ਨਾ ਦੁੱਧ ਦੇਵੇ,
ਪੱਲੇ ਬੰਨ੍ਹ 'ਆਜ਼ਾਦ' ਜਨਾਬ ਦੀ ਗੱਲ।

## ਸੋਸ਼ਲ ਮੀਡੀਆ ’ਤੇ 1 ਬਿਲੀਅਨ ਫੋਲੋਅਰਜ਼ ਨੂੰ ਪਾਰ ਕਰਨ ਵਾਲਾ ਪਹਿਲਾ ਵਿਅਕਤੀ ਬਣਿਆ

# ਕ੍ਰਿਸਟੀਆਨੋ ਰੋਨਾਲਡੋ




ਕ੍ਰਿਸਟੀਆਨੋ ਰੋਨਾਲਡੋ ਸਿਰਫ਼ ਫੁੱਟਬਾਲ ਦੇ ਮੈਦਾਨ ’ਤੇ ਹੀ ਨਹੀਂ ਸਗੋਂ ਡਿਜ਼ੀਟਲ ਵਰਲਡ ’ਚ ਵੀ ਰਿਕਾਰਡ ਤੋੜਦੇ ਜਾ ਰਹੇ ਹਨ। ਪੁਰਤਗਾਲ ਦਾ ਇਹ ਖਿਡਾਰੀ ਸੋਸ਼ਲ ਮੀਡੀਆ ਪਲੇਟਫਾਰਮ ’ਤੇ 1 ਬਿਲੀਅਨ ਫੋਲੋਅਰਜ਼ ਨੂੰ ਪਾਰ ਕਰਨ ਵਾਲਾ ਪਹਿਲਾ ਵਿਅਕਤੀ ਬਣ ਗਿਆ ਹੈ। ਇਹ ਮੀਲ ਦਾ ਪੱਥਰ ਦੁਨੀਆਂ ਭਰ ’ਚ ਸਭ ਤੋਂ ਪ੍ਰਭਾਵਸ਼ਾਲੀ ਅਤੇ ਸਭ ਤੋਂ ਜ਼ਿਆਦਾ ਫਾਲੋ ਕੀਤੇ ਜਾਣ ਵਾਲੇ ਅਥਲੀਟ ਦੇ ਰੂਪ ’ਚ ਮਸ਼ਹੂਰ ਰੋਨਾਲਡੋ ਦੀ ਗਲੋਬਲ ਆਈਕਨ ਦੇ ਰੂਪ ’ਚ ਸਥਿਤੀ ਨੂੰ ਹੋਰ ਵੀ ਮਜ਼ਬੂਤ ਕਰਦਾ ਹੈ।

ਰੋਨਾਲਡੋ ਦੇ ਹੈਰਾਨ ਕਰਨ ਵਾਲੇ ਸੋਸ਼ਲ ਮੀਡੀਆ ਫੋਲੋਇੰਗ ’ਚ ਇੰਸਟਾਗ੍ਰਾਮ ’ਤੇ 639 ਮਿਲੀਅਨ ਤੋਂ ਜ਼ਿਆਦਾ ਫੋਲੋਅਰਜ਼, ਫੇਸਬੁੱਕ ’ਤੇ 170 ਮਿਲੀਅਨ, ਐਕਸ ’ਤੇ 113 ਮਿਲੀਅਨ ਅਤੇ ਯੂਟਿਊਬ ’ਤੇ 60.5 ਮਿਲੀਅਨ ਸਬਸਕ੍ਰਾਈਬਰ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਉਨ੍ਹਾਂ ਦਾ ਯੂਟਿਊਬ ਚੈਨਲ ਇਸ ਮਹੀਨੇ ਦੀ ਸ਼ੁਰੂਆਤ ’ਚ ਹੀ ਲਾਂਚ ਕੀਤਾ ਗਿਆ ਸੀ, ਫਿਰ ਵੀ ਇਹ ਆਪਣੇ ਪਹਿਲੇ ਦਿਨ 15 ਮਿਲੀਅਨ ਸਬਸਕ੍ਰਾਈਬਰ ਅਤੇ ਪਹਿਲੇ ਹਫਤੇ ’ਚ 50 ਮਿਲੀਅਨ ਤੱਕ ਪਹੁੰਚ ਗਿਆ।

ਐਕਸ ’ਤੇ ਇੱਕ ਵਿਸ਼ੇਸ਼ ਪੋਸਟ ’ਚ, ਰੋਨਾਲਡੋ ਨੇ ਇਸ ਇਤਿਹਾਸਕ ਪ੍ਰਾਪਤੀ ਦੀ ਘੋਸ਼ਣਾ ਕੀਤੀ ਅਤੇ ਆਪਣੇ ਪ੍ਰਸ਼ੰਸਕਾਂ ਦੇ ਪ੍ਰਤੀ ਉਨ੍ਹਾਂ ਦੇ ਅਤੁੱਟ ਸਮਰਥਨ ਅਤੇ ਭਰੋਸੇ ਲਈ ਧੰਨਵਾਦ ਪ੍ਰਗਟ ਕੀਤਾ। ਖੇਡ ਜਗਤ ’ਚ ਉਨ੍ਹਾਂ ਦੇ ਪ੍ਰਸ਼ੰਸਕਾਂ ਦੀ ਗਿਣਤੀ ਇੱਕ ਮਹੱਤਵਪੂਰਨ ਘਟਨਾ ਬਣ ਗਈ ਹੈ, ਉਨ੍ਹਾਂ ਦਾ ਪ੍ਰਤੀਕ ‘ਸਿਉ’ ਜਸ਼ਨ ਫੁੱਟਬਾਲ ਤੱਕ ਸੀਮਿਤ ਨਾ ਰਹਿ ਕੇ ਵੱਖ-ਵੱਖ ਖੇਡਾਂ ਵਿੱਚ ਅਕਸਰ ਦੇਖਣ ਨੂੰ ਮਿਲਦਾ ਹੈ। ਰੋਨਾਲਡੋ ਦੀ ਪੋਸਟ ’ਚ ਲਿਖਿਆ ਹੈ, ‘ਅਸੀਂ ਇਤਿਹਾਸ ਰਚ ਦਿੱਤਾ ਹੈ - 1 ਬਿਲੀਅਨ ਫਾਲੋਅਰਜ਼! ਇਹ ਸਿਰਫ਼ ਇੱਕ ਨੰਬਰ ਤੋਂ ਵੱਧ ਹੈ - ਇਹ ਖੇਡ ਅਤੇ ਉਸ ਤੋਂ ਪਰੇ ਸਾਡੇ ਸਾਂਝੇ ਜਨੂੰਨ, ਪ੍ਰੇਰਨਾ ਅਤੇ ਪਿਆਰ ਦਾ ਨਤੀਜਾ ਹੈ...ਮਦੀਰਾ ਦੀਆਂ ਸੜਕਾਂ ਤੋਂ ਲੈ ਕੇ ਦੁਨੀਆਂ ਦੇ ਸਭ ਤੋਂ ਵੱਡੇ ਮੰਚਾਂ ਤੱਕ, ਮੈਂ ਹਮੇਸ਼ਾ ਆਪਣੇ ਪਰਿਵਾਰ ਅਤੇ ਤੁਹਾਡੇ ਲਈ ਖੇਡਿਆ ਹੈ, ਅਤੇ ਹੁਣ ਅਸੀਂ 1 ਅਰਬ ਲੋਕ ਇਕੱਠੇ ਖੜ੍ਹੇ ਹਾਂ।’

ਰੋਨਾਲਡੋ ਨੇ ਅੱਗੇ ਕਿਹਾ, ‘ਤੁਸੀਂ ਸਾਰੇ ਉਤਰਾਅ-ਚੜ੍ਹਾਅ ਦੇ ਦੌਰਾਨ ਮੇਰੇ ਨਾਲ ਹਰ ਪੜਾਅ ’ਤੇ ਰਹੇ ਹੋ... ਮੇਰੇ ’ਤੇ ਵਿਸ਼ਵਾਸ ਕਰਨ, ਤੁਹਾਡੇ ਸਮਰਥਨ ਲਈ ਅਤੇ ਮੇਰੀ ਜ਼ਿੰਦਗੀ ਦਾ ਹਿੱਸਾ ਬਣਨ ਲਈ ਤੁਹਾਡਾ ਧੰਨਵਾਦ। ਸਭ ਤੋਂ ਵਧੀਆ ਅਜੇ ਆਉਣਾ ਬਾਕੀ ਹੈ ਅਤੇ ਅਸੀਂ ਅੱਗੇ ਵਧਦੇ ਰਹਾਂਗੇ, ਜਿੱਤਦੇ ਰਹਾਂਗੇ ਅਤੇ ਇਕੱਠੇ ਮਿਲ ਕੇ ਇਤਿਹਾਸ ਰਚਦੇ ਰਹਾਂਗੇ।’

# ਖੇਡਾਂ ’ਤੇ ਪਿਆ ਰਾਜਨੀਤੀ ਅਤੇ ਬਾਜ਼ਾਰਵਾਦ ਦਾ ਪਰਛਾਵਾਂ

ਖੇਡ ਮਨੁੱਖ ਦਾ ਸੁਭਾਅ ਹੈ। ਬੱਚੇ ਬਚਪਨ ਤੋਂ ਹੀ ਕਿਸੇ ਨਾ ਕਿਸੇ ਖੇਡ ਦਾ ਆਨੰਦ ਲੈਂਦੇ ਹਨ। ਉਨ੍ਹਾਂ ਨੂੰ ਸਕੂਲਾਂ ਵਿੱਚ ਖੇਡਣ ਦਾ ਮੌਕਾ ਵੀ ਮਿਲਦਾ ਹੈ ਪਰ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਸਮਾਜ ਅਤੇ ਸਰਕਾਰ ਵੱਲੋਂ ਗੰਭੀਰਤਾ ਨਾਲ ਚਿੰਤਨ ਦੀ ਲੋੜ ਹੈ।

ਸਾਡੇ ਦੇਸ਼ ਵਿੱਚ ਖੇਡਾਂ ਨੂੰ ਪੜ੍ਹਾਈ ਵਿੱਚ ਰੁਕਾਵਟ ਸਮਝਿਆ ਜਾਂਦਾ ਹੈ। ਪਰਿਵਾਰ ਦੇ ਵੱਡੇ ਬੱਚੇ ਖੇਡਾਂ ਖੇਡਣ ਤੋਂ ਨਿਰਾਸ਼ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਦੂਜੇ ਬੱਚਿਆਂ ਦਾ ਧਿਆਨ ਪੜ੍ਹਾਈ ਤੋਂ ਹਟ ਜਾਂਦਾ ਹੈ ਅਤੇ ਉਹ ਜ਼ਿੰਦਗੀ ਵਿੱਚ ਪਿੱਛੇ ਪੈ ਜਾਂਦੇ ਹਨ। ਕਹਾਵਤ ਪ੍ਰਚਲਿਤ ਹੈ- ‘ਪੜ੍ਹੋਗੇ ਤਾਂ ਨਵਾਬ ਬਣੋਗੇ, ਖੇਡੋਗੇ ਤਾਂ ਛਾਲ ਮਾਰੋਗੇ, ਮਾੜੇ ਹੋਵੋਗੇ।’

ਹਾਲਾਂਕਿ ਇਹ ਕਹਾਵਤ ਬੇਬੁਨਿਆਦ ਹੈ। ਖੇਡਾਂ ਜੀਵਨ ਨੂੰ ਕਾਇਮ ਰੱਖਣ ਲਈ ਜ਼ਰੂਰੀ ਹਨ ਅਤੇ ਸਿੱਖਿਆ ਜਿੰਨੀਆਂ ਹੀ ਮਹੱਤਵਪੂਰਨ ਹਨ। ਇਸ ਰਵੱਈਏ ਦਾ ਨਤੀਜਾ ਹੈ ਕਿ ਸਾਡੇ ਕੋਲ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਕੋਈ ਪ੍ਰਣਾਲੀ ਨਹੀਂ ਹੈ। ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਸਰਕਾਰ ਦੀ ਕੋਈ ਠੋਸ ਨੀਤੀ ਨਾ ਹੋਣ ਕਾਰਨ ਖੇਡ ਮੈਦਾਨਾਂ ਵਿੱਚ ਝੁੱਗੀਆਂ-ਝੌਂਪੜੀਆਂ ਆ ਗਈਆਂ ਹਨ। ਸਕੂਲਾਂ ਕੋਲ ਕੋਈ ਖੇਡ ਮੈਦਾਨ ਨਹੀਂ ਬਚਿਆ ਹੈ। ਨਾ ਕੋਈ ਖੇਡ ਸਮੱਗਰੀ ਹੈ ਅਤੇ ਨਾ ਹੀ ਖੇਡਾਂ ਲਈ ਪੈਸੇ ਦਾ ਕੋਈ ਪ੍ਰਬੰਧ ਹੈ।ਖੇਡਾਂ ਪ੍ਰਤੀ ਇਸ ਅਣਗਹਿਲੀ ਦਾ ਕਾਰਨ ਵੀ ਗਰੀਬੀ ਹੈ। ਅਸੀਂ ਆਪਣੇ ਬੱਚਿਆਂ ਨੂੰ ਪੜ੍ਹਾਉਣਾ ਅਤੇ ਪੈਸੇ ਕਮਾਉਣ ਲਈ ਉਨ੍ਹਾਂ ਨੂੰ ਕਿਸੇ ਕੰਮ ਵਿੱਚ ਲਗਾਉਣਾ ਚੰਗਾ ਸਮਝਦੇ ਹਾਂ। ਉਹ ਉਨ੍ਹਾਂ ਨੂੰ ਖੇਡਾਂ ਦੀ ਸਿਖਲਾਈ ਦੇਣ ਦੀ ਬਜਾਏ ਕਿਸੇ ਵੋਕੇਸ਼ਨਲ ਐਜੂਕੇਸ਼ਨ ਸੈਂਟਰ ਵਿੱਚ ਭਰਤੀ ਕਰਵਾਉਣਾ ਉਚਿਤ ਸਮਝਦੇ ਹਨ। ਇਸ ਸਬੰਧੀ ਸਰਕਾਰੀ ਪੱਖ ਤੋਂ ਕੋਈ



ਪ੍ਰੇਰਨਾ ਦੇਣ ਦਾ ਕੋਈ ਵਿਆਪਕ ਪ੍ਰਬੰਧ ਨਹੀਂ ਹੈ। ਨਤੀਜਾ ਸਾਫ਼ ਹੈ ਕਿ ਦੇਸ਼ ਖੇਡਾਂ ਦੇ ਖੇਤਰ ਵਿੱਚ ਉਮੀਦ ਅਨੁਸਾਰ ਤਰੱਕੀ ਨਹੀਂ ਕਰ ਸਕਿਆ ਹੈ। ਖੇਡ ਮੁਕਾਬਲਿਆਂ ਵਿੱਚ ਭਾਰਤੀ ਖਿਡਾਰੀਆਂ ਦੀ ਸਫ਼ਲਤਾ ਦੀ ਪ੍ਰਤੀਸ਼ਤਤਾ ਬਹੁਤ ਘੱਟ ਰਹੀ ਹੈ। ਛੋਟੇ ਦੇਸ਼ ਵੀ ਮੈਡਲ ਹਾਸਲ ਕਰਨ ਵਿੱਚ ਸਾਡੇ ਤੋਂ ਅੱਗੇ ਹਨ।

ਖੇਡਾਂ ਵਿੱਚ ਰਾਜਨੀਤੀ ਅਤੇ ਬਾਜ਼ਾਰਵਾਦ ਦੇ ਦਖ਼ਲ ਕਾਰਨ ਭਾਰਤ ਖੇਡਾਂ ਵਿੱਚ ਪਛੜਿਆ ਹੋਇਆ ਹੈ। ਇਸ ਨਾਲ ਖੇਡਾਂ ਦੇ ਉਦੇਸ਼ ਨੂੰ ਨੁਕਸਾਨ ਪਹੁੰਚਿਆ ਹੈ। ਖਿਡਾਰੀਆਂ ਵਿੱਚ ਖੇਡ ਭਾਵਨਾ ਖਤਮ ਹੋ ਗਈ ਹੈ ਅਤੇ ਖੇਡਾਂ ਨੂੰ ਪੈਸਾ ਕਮਾ ਕੇ ਅਮੀਰ ਬਣਨ ਦਾ ਸਾਧਨ ਸਮਝਿਆ ਗਿਆ ਹੈ। ਕ੍ਰਿਕਟ ਦੀ ਖੇਡ ਵਿੱਚ ਫਿਕਸਿੰਗ ਦੀ ਬਿਮਾਰੀ ਬਾਜ਼ਾਰਵਾਦ ਕਾਰਨ ਹੈ।

ਬਾਜ਼ਾਰ ਨੇ ਖੇਡਾਂ ’ਤੇ ਕਬਜ਼ਾ ਕਰ ਲਿਆ ਹੈ ਅਤੇ ਖੇਡਾਂ ਦਾ ਬਾਜ਼ਾਰ ਬਣ ਗਿਆ ਹੈ। ਕ੍ਰਿਕਟ ਖਿਡਾਰੀ ਵੀ ਹੁਣ ਸਿਆਸਤਦਾਨਾਂ ਵਾਂਗ ਜਨਤਾ ਦਾ ਭਰੋਸਾ ਗੁਆ ਚੁੱਕੇ ਹਨ। ਆਮ ਲੋਕ ਉਸ ਦੀ ਖੇਡ ਨੂੰ ਇੱਕ ਤਰ੍ਹਾਂ ਦਾ ਜੂਆ ਸਮਝਦੇ ਹਨ। ਜੇਕਰ ਭਾਰਤ ਨੇ ਖੇਡ ਜਗਤ ’ਚ ਚੀਨ ਵਾਂਗ ਤਰੱਕੀ ਕਰਨੀ ਹੈ ਤਾਂ ਉਸ ਨੂੰ ਇਸ ਸਥਿਤੀ ’ਤੇ ਕਾਬੂ ਪਾਉਣਾ ਹੋਵੇਗਾ।

(ਬਾਕੀ ਸਫ਼ਾ 31 ’ਤੇ)

# ਨਿੱਜੀ ਅਤੇ ਪੇਸ਼ੇਵਰ ਵਿਕਾਸ ਲਈ ਜ਼ਰੂਰੀ ਨੇ ਖੇਡਾਂ

ਖੇਡਾਂ ਸਰੀਰਕ ਗਤੀਵਿਧੀਆਂ ਹਨ ਜੋ ਪ੍ਰਤੀਯੋਗੀ ਸੁਭਾਅ ਦੇ ਹੁਨਰ ਵਿਕਾਸ ਵਿੱਚ ਮਦਦ ਕਰਦੀਆਂ ਹਨ। ਆਮ ਤੌਰ ’ਤੇ, ਦੋ ਜਾਂ ਦੋ ਤੋਂ ਵੱਧ ਸਮੂਹ ਮਨੋਰੰਜਨ ਲਈ ਜਾਂ ਇਨਾਮ ਪ੍ਰਾਪਤ ਕਰਨ ਲਈ ਇੱਕ ਦੂਜੇ ਨਾਲ ਮੁਕਾਬਲਾ ਕਰਦੇ ਹਨ। ਔਰਤਾਂ ਅਤੇ ਮਰਦਾਂ ਦੋਵਾਂ ਲਈ ਖੇਡ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ, ਕਿਉਂਕਿ ਇਹ ਵਿਅਕਤੀ ਦੀ ਸਰੀਰਕ, ਮਾਨਸਿਕ ਸਿਹਤ, ਵਿੱਤੀ ਸਥਿਤੀ ਨੂੰ ਵਧਾਉਂਦੀਆਂ ਹਨ। ਇਹ ਨਾਗਰਿਕਾਂ ਦੇ ਚਰਿੱਤਰ ਅਤੇ ਸਿਹਤ ਦੇ ਨਿਰਮਾਣ ਦੁਆਰਾ ਰਾਸ਼ਟਰ ਨੂੰ ਮਜ਼ਬੂਤ ਕਰਨ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਉਂਦਾ ਹੈ। ਖੇਡਾਂ ਮਨੁੱਖਾਂ ਦੇ ਕੰਮ ਕਰਨ ਦੇ ਤਰੀਕੇ ਵਿੱਚ ਗਤੀਸ਼ੀਲਤਾ ਲਿਆਉਂਦੀਆਂ ਹਨ।



ਖੇਡਾਂ ਦੀ ਮਹੱਤਤਾ ਅਤੇ ਭੂਮਿਕਾ ਨੂੰ ਕਿਸੇ ਦੁਆਰਾ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਹ ਸੱਚਮੁੱਚ ਬਹੁਤ ਮਹੱਤਵਪੂਰਨ ਵਿਸ਼ਾ ਹੈ। ਲੋਕ ਆਪਣੇ ਨਿੱਜੀ ਵਿਕਾਸ ਦੇ ਨਾਲ-ਨਾਲ ਪੇਸ਼ੇਵਰ ਵਿਕਾਸ ਲਈ ਖੇਡ ਗਤੀਵਿਧੀਆਂ ਵਿੱਚ ਸ਼ਾਮਲ ਹੋ ਸਕਦੇ ਹਨ। ਇਹ ਲੜਕੇ ਅਤੇ ਲੜਕੀਆਂ ਦੋਵਾਂ ਲਈ ਇੱਕ ਚੰਗਾ ਸਰੀਰ ਬਣਾਉਣ ਲਈ ਬਹੁਤ ਵਧੀਆ ਹੈ। ਇਹ ਲੋਕਾਂ ਨੂੰ ਮਾਨਸਿਕ ਤੌਰ ’ਤੇ ਸੁਚੇਤ, ਸਰੀਰਕ ਤੌਰ ’ਤੇ ਸਰਗਰਮ ਅਤੇ ਮਜ਼ਬੂਤ ਬਣਾਉਂਦਾ ਹੈ।

ਵਿਦਿਆਰਥੀ ਦੇਸ਼ ਦੇ ਨੌਜਵਾਨ ਹਨ ਅਤੇ ਉਨ੍ਹਾਂ ਨੂੰ ਖੇਡ ਗਤੀਵਿਧੀਆਂ ਰਾਹੀਂ ਵੱਧ ਤੋਂ ਵੱਧ ਲਾਭ ਉਠਾਇਆ ਜਾ ਸਕਦਾ ਹੈ। ਉਹ ਵਧੇਰੇ ਅਨੁਸ਼ਾਸਿਤ, ਸਿਹਤਮੰਦ, ਸਰਗਰਮ, ਸਮੇਂ ਦੇ ਪਾਬੰਦ ਹੋ ਸਕਦੇ ਹਨ ਅਤੇ ਨਿੱਜੀ ਅਤੇ ਪੇਸ਼ੇਵਰ ਜੀਵਨ ਵਿੱਚ ਕਿਸੇ ਵੀ ਮੁਸ਼ਕਲ ਸਥਿਤੀ ਦਾ ਆਸਾਨੀ ਨਾਲ ਮੁਕਾਬਲਾ ਕਰ ਸਕਦੇ ਹਨ। ਖੇਡਾਂ ਵਿੱਚ ਨਿਯਮਤ ਸ਼ਮੂਲੀਅਤ ਚਿੰਤਾ, ਤਣਾਅ ਅਤੇ ਘਬਰਾਹਟ ਨੂੰ ਆਸਾਨੀ ਨਾਲ ਦੂਰ ਕਰਨ ਵਿੱਚ ਮਦਦ ਕਰਦੀ ਹੈ।

ਇਹ ਸਰੀਰ ਦੇ ਅੰਗਾਂ ਦੇ ਸਰੀਰਕ ਕਾਰਜਾਂ ਨੂੰ ਸੁਧਾਰਦਾ ਹੈ ਅਤੇ ਇਸ ਤਰ੍ਹਾਂ, ਪੂਰੇ ਸਰੀਰ ਦੇ ਕਾਰਜਾਂ ਨੂੰ ਸਕਾਰਾਤਮਕ ਤੌਰ ’ਤੇ ਨਿਯੰਤ੍ਰਿਤ ਕਰਦਾ ਹੈ। ਇਹ ਸਰੀਰ ਦੀ ਸਿਹਤ ਨੂੰ ਬਣਾਈ ਰੱਖਣ ਵਿੱਚ ਮਦਦ ਕਰਦਾ ਹੈ ਅਤੇ ਇਸ ਤਰ੍ਹਾਂ ਮਨ ਜਾਂ ਦਿਮਾਗ ਬਿਹਤਰ ਇਕਾਗਰਤਾ ਨਾਲ ਸ਼ਾਂਤ, ਤਿੱਖਾ ਅਤੇ ਕਿਰਿਆਸ਼ੀਲ ਰਹਿੰਦਾ ਹੈ। ਇਹ ਸਰੀਰ ਅਤੇ ਦਿਮਾਗ ਦੀ ਤਾਕਤ ਅਤੇ ਊਰਜਾ ਦੇ ਪੱਧਰ ਨੂੰ ਵਧਾਉਂਦਾ ਹੈ। ਇਹ ਹਰ ਕਿਸੇ ਨੂੰ ਇਕਸਾਰ ਜੀਵਨ ਤੋਂ ਇੱਕ ਵਧੀਆ ਬ੍ਰੇਕ ਦਿੰਦਾ ਹੈ।

ਖੇਡਾਂ ਉੱਜਵਲ ਪੇਸ਼ੇਵਰ ਕਰੀਅਰ ਰੱਖਦੀਆਂ ਹਨ। ਇਸ ਲਈ, ਇਸ ਵਿੱਚ ਦਿਲਚਸਪੀ ਰੱਖਣ ਵਾਲੇ ਨੌਜਵਾਨਾਂ ਨੂੰ ਚਿੰਤਾ ਕਰਨ ਦੀ ਕੋਈ ਲੋੜ ਨਹੀਂ, ਉਨ੍ਹਾਂ ਨੂੰ ਇਸ ਰੁਚੀ ਨੂੰ ਪੂਰੀ ਲਗਨ ਨਾਲ ਨਿਯਮਤ ਰੱਖਣ ਦੀ ਲੋੜ ਹੈ। ਇਹ ਹਰੇਕ ਨੂੰ ਟੀਮ ਦੇ ਸਹਿਯੋਗ ਅਤੇ ਟੀਮ ਨਿਰਮਾਣ ਦੀ ਭਾਵਨਾ ਨੂੰ ਵਿਕਸਿਤ ਕਰਕੇ ਇੱਕ ਟੀਮ ਵਿੱਚ ਕੰਮ ਕਰਨਾ ਸਿਖਾਉਂਦਾ ਹੈ। ਖੇਡਾਂ ਵੱਲ ਵਧੇਰੇ ਝੁਕਾਅ ਇੱਕ ਵਿਅਕਤੀ ਅਤੇ ਇੱਕ ਰਾਸ਼ਟਰ ਦੋਵਾਂ ਨੂੰ ਆਰਥਿਕ ਤੌਰ ’ਤੇ ਸਿਹਤਮੰਦ ਅਤੇ ਮਜ਼ਬੂਤ ਬਣਾਉਂਦਾ ਹੈ। ਇਸ ਲਈ ਮਾਤਾ-ਪਿਤਾ, ਅਧਿਆਪਕਾਂ ਅਤੇ ਦੇਸ਼ ਦੀ ਸਰਕਾਰ ਨੂੰ ਇਸ ਦਾ ਵੱਧ ਤੋਂ ਵੱਧ ਪ੍ਰਚਾਰ ਕਰਨਾ ਚਾਹੀਦਾ ਹੈ।

ਇੱਕ ਰਾਸ਼ਟਰ, ਜਿਸ ਵਿੱਚ ਵਧੇਰੇ ਪ੍ਰਸਿੱਧ ਖੇਡ ਸ਼ਖਸੀਅਤਾਂ ਹੋਣ ਉਹ ਬਹੁਤ ਹੀ ਆਸਾਨੀ ਨਾਲ ਥੋੜ੍ਹੇ ਸਮੇਂ ਵਿੱਚ ਵਿਸ਼ਵਵਿਆਪੀ ਸਵੀਕ੍ਰਿਤੀ ਪ੍ਰਾਪਤ ਕਰ ਲੈਂਦਾ ਹੈ। ਦੇਸ਼ ਦੇ ਨੌਜਵਾਨਾਂ ਨੂੰ ਪ੍ਰੇਰਿਤ ਕਰਨ ਲਈ ਕਿਸੇ ਵਾਧੂ ਯਤਨ ਦੀ ਲੋੜ ਨਹੀਂ ਹੈ। ਉਹ ਪਹਿਲਾਂ ਤੋਂ ਹੀ ਮਸ਼ਹੂਰ ਖੇਡ ਹਸਤੀਆਂ ਨੂੰ ਦੇਖ ਕੇ ਬਹੁਤ ਆਸਾਨੀ ਨਾਲ ਪ੍ਰੇਰਿਤ ਹੋ ਜਾਂਦੇ ਹਨ। ਅਜਿਹੇ ਦੇਸ਼ ਦੇ ਨੌਜਵਾਨਾਂ ਨੂੰ ਖੇਡਾਂ ਦੇ ਖੇਤਰ ਵਿੱਚ ਕਰੀਅਰ ਬਣਾਉਣ ਦੇ ਵਧੇਰੇ ਮੌਕੇ ਮਿਲਦੇ ਹਨ। ਨਾਮੀ ਖਿਡਾਰੀ ਵੀ ਆਪਣੇ ਦੇਸ਼ ਦੇ ਆਉਣ ਵਾਲੇ ਨੌਜਵਾਨਾਂ ਨੂੰ ਉਤਸ਼ਾਹਿਤ ਕਰਦੇ ਹਨ।

# ‘ਸੁੱਚਾ ਸੂਰਮਾ’ ਨਾਲ ਵਾਪਸੀ ਕਰੇਗਾ ਬੱਬੂ ਮਾਨ

**ਸ਼ੀਤਲ**




ਚਾਰ ਸਾਲਾਂ ਦੀ ਲੰਮੀ ਉਡੀਕ ਤੋਂ ਬਾਅਦ ਆਖ਼ਰਕਾਰ ਮਕਬੂਲ ਪੰਜਾਬੀ ਗਾਇਕ-ਅਦਾਕਾਰ ਬੱਬੂ ਮਾਨ ਫ਼ਿਲਮੀ ਪਰਦੇ ’ਤੇ ਵਾਪਸੀ ਕਰ ਰਿਹਾ ਹੈ। ਅਸੀਂ ਇਹ ਤਾਂ ਨਹੀਂ ਜਾਣਦੇ ਕਿ ਕੀ ਫ਼ਿਲਮ ‘ਸੁੱਚਾ ਸੂਰਮਾ’ ਪੰਜਾਬੀ ਸਿਨੇਮਾ ਲਈ ਉਹੀ ਸ਼ਾਨਦਾਰ ਕੰਮ ਕਰੇਗੀ, ਜਿਹੜਾ ਸ਼ਾਹਰੁਖ਼ ਖਾਨ ਦੀ ‘ਕਮਬੈਕ’ ਫ਼ਿਲਮ ‘ਪਠਾਨ’ ਨੇ ਬੌਲੀਵੁੱਡ ਲਈ ਕੀਤਾ ਪਰ ਪ੍ਰਸ਼ੰਸਕ ਬੱਬੂ ਦੀ ਵਾਪਸੀ ’ਤੇ ਉਤਸ਼ਾਹਿਤ ਹਨ।

ਫ਼ਿਲਮ ਦੇ ਟਰੇਲਰ ਰਿਲੀਜ਼ ਸਮਾਗਮ ਲਈ ਮੋਹਾਲੀ ਦੇ ਮਾਲ ਵਿੱਚ ਪਹੁੰਚਿਆ ਬੱਬੂ ਮਾਨ ਆਪਣੇ ਉਸੇ ਮਖੌਲੀਆ ਅੰਦਾਜ਼ ’ਚ ਨਜ਼ਰ ਆਇਆ, ਜਿਸ ਤਰ੍ਹਾਂ ਦਾ ਅਸੀਂ ਉਸ ਨੂੰ ‘ਮਿੱਤਰਾਂ ਦੀ ਛਤਰੀ’ ਅਤੇ ‘ਪਹਿਲੇ ਪੈੱਗ’ ਦੇ ਵੇਲਿਆਂ ਤੋਂ ਦੇਖਦਾ ਆ ਰਹੇ ਹਾਂ। ਵਾਲਾਂ ਦਾ ਵੱਖਰਾ ਅੰਦਾਜ਼ ਵੀ ਉਹੀ ਪੁਰਾਣਾ ਹੀ ਦੇਖਣ ਨੂੰ ਮਿਲਿਆ। ਇਸ ਮੌਕੇ ਬੱਬੂ ਦੇ ਨਾਲ ਨਿਰਦੇਸ਼ਕ ਅਮਿਤੋਜ ਮਾਨ ਅਤੇ ਫਿਲਮ ਦੇ ਹੋਰ ਕਲਾਕਾਰ ਹਾਜ਼ਰ ਸਨ। ਅਮਿਤੋਜ ਨੇ ਦੱਸਿਆ, “ਇਹ ਪੀਰੀਅਡ ਫਿਲਮ ਮੁਹੱਬਤ, ਬਹਾਦਰੀ, ਦੋਸਤੀ ਤੇ ਰਵਾਇਤੀ ਖੇਡਾਂ ਅਤੇ ਐਕਸ਼ਨ ਨਾਲ ਭਰਪੂਰ ਹੈ।” ਅਮਿਤੋਜ ਇਸ ਤੋਂ ਪਹਿਲਾਂ ਬੱਬੂ ਦੀ ਪਹਿਲੀ ਪੰਜਾਬੀ ਫਿਲਮ ‘ਹਵਾਏਂ’ (2003) ਨਿਰਦੇਸ਼ਤ ਕਰ ਚੁੱਕਿਆ ਹੈ। ਬੱਬੂ ਨੇ ਕਿਹਾ, ‘ਸਕ੍ਰਿਪਟ ਪੜ੍ਹਨ ਤੋਂ ਪਹਿਲਾਂ ਹੀ, ਮੈਂ ਇਸ ਫਿਲਮ ਨੂੰ ਹਾਂ ਸਾਡੀ ਦੋਸਤੀ ਕਰ ਕੇ ਕਹਿ ਦਿੱਤੀ, ਜੋ ਕਿ ਵਰ੍ਹਿਆਂ ਪੁਰਾਣੀ ਹੈ।”

ਬੱਬੂ, ਜੋ ਕਿ ਗੁਰੂ ਰੰਧਾਵਾ ਵਰਗੇ ਸਟਾਰ ਕਲਾਕਾਰਾਂ ਦੀ ਕੌਮਾਂਤਰੀ ਪ੍ਰਸਿੱਧੀ ਦੇਖ ਕੇ ਖ਼ੁਸ਼ ਹੈ, ਨੇ ਦੱਸਿਆ ਕਿ ਜਦ ਉਹ ਫ਼ਿਲਮਾਂ ਨਹੀਂ ਕਰ ਰਿਹਾ ਸੀ, ਉਦੋਂ ਕਬੱਡੀ ਦੇਖ ਰਿਹਾ ਸੀ ਤੇ ਟੀਮ ਦਾ ਹੌਸਲਾ ਵਧਾ ਰਿਹਾ ਸੀ। “ਹੁਣ ਮੈਂ ਵਾਪਸ ਰੇਡ ਪਾਉਣ ਆਇਆ ਹਾਂ।”

ਅਮਿਤੋਜ ਨੇ ਦੱਸਿਆ, “ਅਸੀਂ ਬੀਤੇ ਵੇਲਿਆਂ ਦੀ ਫ਼ਿਲਮ ਬਣਾ ਰਹੇ ਸੀ। ਇੱਥੇ ਕਹਾਣੀ ਤੋਂ ਜ਼ਿਆਦਾ ਫ਼ਿਲਮ ਦੀ ਕਾਮਯਾਬੀ ਲਈ ਸੈੱਟ ਦੀ ਬਣਤਰ ਤੇ ਉਸ ਸਮੇਂ ਨੂੰ ਦਰੁਸਤ ਢੰਗ ਨਾਲ ਦਿਖਾਉਣਾ ਮਹੱਤਵਪੂਰਨ ਸੀ। ਉਨ੍ਹਾਂ ਸਮਿਆਂ ਵਿੱਚ ਸਭ ਕੁਝ ਉੱਚਾ ਹੁੰਦਾ ਸੀ, ਸੰਵਾਦ ਤੋਂ ਲੈ ਕੇ ਐਕਸ਼ਨ ਸੀਨਾਂ ਤੱਕ, ਇਸ ਲਈ ਅਸੀਂ ਇਨ੍ਹਾਂ ਨੂੰ ਇਸੇ ਤਰ੍ਹਾਂ ਹੀ ਰੱਖਿਆ ਹੈ।”

ਪੰਜਾਬ ਦੀਆਂ ਲੋਕ ਗਾਥਾਵਾਂ ਦੇ ਨਾਇਕ ਸੁੱਚਾ ਸਿੰਘ ਦੀ ਜ਼ਿੰਦਗੀ ’ਤੇ ਆਧਾਰਿਤ ਇਸ ਫ਼ਿਲਮ ਵਿੱਚ ਬੱਬੂ ਮੁੱਖ ਭੂਮਿਕਾ ’ਚ ਦਿਖੇਗਾ, ਤੇ ਕਿਹੜੀਆਂ ਸਥਿਤੀਆਂ ’ਚ ਉਹ ਡਾਕੂ ਬਣਿਆ, ਇਹ ਵੀ ਫ਼ਿਲਮ ਵਿੱਚ ਦਿਖਾਇਆ ਜਾਵੇਗਾ। ਸੋਸ਼ਲ ਮੀਡੀਆ ’ਤੇ ਬੱਬੂ ਨੇ ਕਿਹਾ, “ਜਦ ਆਪਣੇ ਆਪ ਨੂੰ ਜਾਂ ਆਪਣੇ ਕੰਮ ਨੂੰ ਪ੍ਰਚਾਰਨ ਦੀ ਵਾਰੀ ਆਉਂਦੀ ਹੈ ਤਾਂ ਮੈਂ ਸੋਸ਼ਲ ਮੀਡੀਆ ਪ੍ਰਤੀ ਜ਼ਿਆਦਾ ਝੁਕਾਅ ਨਹੀਂ ਰੱਖਦਾ। ਹਾਂ, ਇੰਟਰਨੈੱਟ, ਫ਼ੋਨ ਤੇ ਇਨ੍ਹਾਂ ਸੋਸ਼ਲ ਮੀਡੀਆ ਪਲੈਟਫਾਰਮਾਂ ਦੇ ਫਾਇਦੇ ਹਨ ਪਰ ਜਦ ਤੁਹਾਡੇ ਵਿਚਾਰਾਂ ਨੂੰ ਢਾਹ ਲੱਗਦੀ ਹੈ ਤਾਂ ਸਭ ਕੁਝ ਸਰਾਪ ਵਰਗਾ ਬਣ ਜਾਂਦਾ ਹੈ। ਇਹ ਪੂੰਜੀਪਤੀ ਤੇ ਬਹੁਕੌਮੀ ਕੰਪਨੀਆਂ ਸਾਡੇ ਤੋਂ ਦਸ ਸਾਲ ਅੱਗੇ ਦਾ ਸੋਚਦੇ ਹਨ। ਨਰਸਰੀ ਦਾ ਬੱਚਾ ਵੀ ਹੱਥ ’ਚ ਫੋਨ ਫੜ ਕੇ ਖਾਣਾ ਖਾ ਰਿਹਾ ਹੈ। ਇਹ ਸਾਡੇ ਸੱਭਿਆਚਾਰ ਨੂੰ ਤਬਾਹ ਕਰ ਰਿਹਾ ਹੈ ਤੇ ਸਾਨੂੰ ਗੁੰਮਰਾਹ ਕਰ ਰਿਹਾ ਹੈ।” ਉਸ ਨੇ ਇਹ ਵੀ ਕਿਹਾ ਕਿ ਜੇ ਹਰ ਸਟਾਰ ਨੂੰ ਸੋਸ਼ਲ ਮੀਡੀਆ ’ਤੇ ਲਾਈਵ ਹੋਣ ਦੇ 10,000 ਰੁਪਏ ਮਿਲਦੇ ਹੁੰਦੇ ਤਾਂ ਕੋਈ ਵੀ ਲਾਈਵ ਹੋਣ ਤੋਂ ਪਿੱਛੇ ਨਾ ਰਹਿੰਦਾ। ਉਸ ਨੇ ਕਿਹਾ “ਇਸੇ ਤਰ੍ਹਾਂ, ਜੇ ਤੁਹਾਡੇ ਸੰਗੀਤਕ ਵੀਡੀਓ ’ਤੇ ਅਸਲੀ ਲਾਈਕ ਜਾਂ ਕਲਿਕ ਲੱਭਣ ਲਈ ਇੱਕ ਐਪ ਲਾਂਚ ਹੋ ਜਾਵੇ ਤਾਂ ਹਰ ਕਿਸੇ ਨੂੰ ਪਤਾ ਲੱਗ ਜਾਵੇਗਾ ਕਿ ਕਿੰਨੇ ਜਣੇ 10 ਲੱਖ ਨੂੰ 10 ਕਰੋੜ ਦੱਸ ਰਹੇ ਹਨ! ਇਹ ਸਭ ਦਿਖਾਵਾ ਹੈ।”

ਬੱਬੂ ਨੇ ਕਿਹਾ ਕਿ ਫ਼ਿਲਮਾਂ ਰਾਹੀਂ, ਖ਼ਾਸ ਤੌਰ ’ਤੇ ਜਿਹੜੀਆਂ ਪੰਜਾਬ ਦੇ ਮਾਲਵਾ ਖਿੱਤੇ ਦੀਆਂ ਕਹਾਣੀਆਂ ਬਿਆਨਦੀਆਂ ਹਨ, ਉਹ ਪੰਜਾਬ ਦੇ ਲੋਕਾਂ ਨੂੰ ਅਮੀਰ ਲੋਕਧਾਰਾ, ਇਤਿਹਾਸ ਤੇ ਅਸਲ ਜ਼ਿੰਦਗੀ ਦੇ ਨਾਇਕਾਂ ਦੇ ਰੂਬਰੂ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। “ਸੁੱਚਾ ਸੂਰਮਾ” ਇਸੇ ਪਾਸੇ ਪੁੱਟਿਆ ਗਿਆ ਇੱਕ ਕਦਮ ਹੈ। ਜੇ ਫ਼ਿਲਮ ਚੱਲਦੀ ਹੈ ਤਾਂ ਅਸੀਂ ਅਜਿਹੇ ਹੋਰ ਪ੍ਰਾਜੈਕਟ ਲੈ ਕੇ ਆਵਾਂਗੇ ਜੋ ਪੰਜਾਬੀ ਸੱਭਿਆਚਾਰ ਤੇ ਭਾਸ਼ਾ ਦੇ ਪ੍ਰਸਾਰ ਵਿੱਚ ਮਦਦ ਕਰਨ। ਤੇਜ਼ ਰਫ਼ਤਾਰ ਦੁਨੀਆਂ




ਵਿੱਚ ਜਦ ‘ਮੈਟਾਵਰਸ’ ਵਰਚੁਅਲ ਸ਼ਹਿਰ ਬਣਾ ਰਿਹਾ ਹੈ, ਅਹਿਮ ਹੈ ਕਿ ਅਸੀਂ ਆਪਣੇ ਨਾਇਕਾਂ ਦੀਆਂ ਕਹਾਣੀਆਂ ਨੂੰ ਸਿਨੇਮਾ ਰਾਹੀਂ ਪੇਸ਼ ਕਰੀਏ। ਜਦ ਸਕੂਲਾਂ ਵਿੱਚ ਪਾਠਕ੍ਰਮ ਦੀਆਂ ਕਿਤਾਬਾਂ ਸਾਨੂੰ ਤੀਜੀ ਜਮਾਤ ’ਚ ਜੌਹਨ ਕੀਟਸ ਪੜ੍ਹਾ ਰਹੀਆਂ ਹਨ! ਤਾਂ ਬਾਵਾ ਬਲਵੰਤ ਦੀ ਗੱਲ ਕੌਣ ਕਰੇਗਾ?”

ਸਾਗਾ ਸਟੂਡੀਓਜ਼ ਤੇ ‘ਸੈਵਨ ਕਲਰਜ਼’ ਰਲ ਕੇ ਇਸ ਫਿਲਮ ਨੂੰ ਪੇਸ਼ ਕਰ ਰਹੇ ਹਨ, ਜਿਸ ਵਿੱਚ ਸਮੀਕਸ਼ਾ ਓਸਵਾਲ, ਸੁਵਿੰਦਰ ਵਿੱਕੀ, ਸਰਬਜੀਤ ਚੀਮਾ, ਮਹਾਬੀਰ ਭੁੱਲਰ, ਗੁਰਿੰਦਰ ਮਕਨਾ, ਗੁਰਪ੍ਰੀਤ ਤੋਤੀ, ਗੁਰਪ੍ਰੀਤ ਰਟੌਲ ਤੇ ਜਗਜੀਤ ਬਾਜਵਾ ਨੇ ਵੀ ਅਹਿਮ ਭੂਮਿਕਾਵਾਂ ਨਿਭਾਈਆਂ ਹਨ।

ਬੱਬੂ ਮਾਨ ਨੇ ਅੰਤ ਵਿੱਚ ਕਿਹਾ, “ਮੈਂ ਕਿਸਾਨ ਸੀ ਤੇ ਹੁਣ ਵੀ ਕਿਸਾਨ ਹੀ ਹਾਂ। ਹਰੇਕ ਬੰਦੇ ਦੇ ਸੰਘਰਸ਼ ਦਾ ਢੰਗ-ਤਰੀਕਾ ਵੱਖਰਾ ਹੁੰਦਾ ਹੈ ਪਰ ਮੈਂ ਮੰਚ ’ਤੇ ਉੱਚਾ ਬੋਲਣਾ ਜਾਂ ਕਿਸੇ ਦਾ ਨਿਰਾਦਰ ਕਰਨਾ ਪਸੰਦ ਨਹੀਂ ਕਰਦਾ। ਮੇਰਾ ਮੰਨਣਾ ਹੈ ਕਿ ਉਂਗਲੀ ਚੁੱਕੇ ਬਿਨਾਂ ਵੀ ਸਭ ਕੁਝ ਨਿਮਰਤਾ ਨਾਲ ਕਿਹਾ ਜਾ ਸਕਦਾ ਹੈ।”

## ਪੰਜਾਬ ਮੇਰੇ ਖ਼ੂਨ ਵਿੱਚ ਹੈ: ਗੁਰੂ ਰੰਧਾਵਾ

ਮੁੰਬਈ/ਏ.ਟੀ.ਨਿਊਜ਼ :ਗਾਇਕ ਗੁਰੂ ਰੰਧਾਵਾ ਨੇ ਵੀਡੀਓ ਸਾਂਝੀ ਕਰਦਿਆਂ ਦੱਸਿਆ ਕਿ ਉਹ ਆਪਣੇ ਅਗਲੇ ਪ੍ਰਾਜੈਕਟ ਲਈ ਆਪਣੇ ਗ੍ਰਹਿ ਸੂਬੇ ਪੰਜਾਬ ਵਿੱਚ ਸ਼ੂਟਿੰਗ ਕਰ ਰਿਹਾ ਹੈ। ਇੰਸਟਾਗ੍ਰਾਮ ’ਤੇ ਸਾਂਝੀ ਕੀਤੀ ਵੀਡੀਓ ਵਿੱਚ ਉਹ ਘਰ ਵਿੱਚ ਘੁੰਮਦਾ ਨਜ਼ਰ ਆ ਰਿਹਾ ਹੈ। ਉਸ ਦੇ ਪਿੱਛੇ ਗਾਵਾਂ ਤੇ ਮੱਝਾਂ ਵੀ ਨਜ਼ਰ ਆ ਰਹੀਆਂ ਹਨ। ਵੀਡੀਓ ਹੇਠਾਂ ਉਸ ਨੇ ਲਿਖਿਆ, ‘ਪੰਜਾਬ ਮੇਰੇ ਖ਼ੂਨ ਵਿੱਚ ਹੈ। ਆਪਣੇ ਘਰ ਵਿੱਚ ਸ਼ੂਟਿੰਗ ਕਰ ਰਿਹਾ ਹਾਂ।’ ਜ਼ਿਲ੍ਹਾ ਗੁਰਦਾਸਪੁਰ ਦਾ ਜੰਮਪਲ ਗੁਰੂ ‘ਲਾਹੌਰ’, ‘ਇਸ਼ਾਰੇ ਤੇਰੇ’ ਅਤੇ ‘ਤੇਰੇ ਉੱਤੇ’ ਵਰਗੇ ਗੀਤਾਂ ਲਈ ਮਸ਼ਹੂਰ ਹੈ। ‘ਸੇਮ ਗਰਲ’ ਉਸ ਦਾ ਪਹਿਲਾ ਗੀਤ ਸੀ। 2013 ਵਿੱਚ ਉਸ ਨੇ ਆਪਣੀ ਪਹਿਲੀ ਐਲਬਮ ‘ਪੇਜ ਵਨ’ ਰਿਲੀਜ਼ ਕੀਤੀ। ਇਸ ਤੋਂ ਇਲਾਵਾ ਉਸ ਦੇ ‘ਤਾਰੇ’, ‘ਸੂਟ’, ‘ਹਾਈ



ਰੇਟਡ ਗਭਰੂ’, ‘ਨਾਚ ਮੇਰੀ ਰਾਨੀ’, ‘ਡਾਂਸ ਮੇਰੀ ਰਾਨੀ’, ‘ਡਿਜ਼ਾਈਨਰ’, ‘ਮੋਰਨੀ ਬਣਕੇ’, ‘ਦਾਰੂ ਵਰਗੀ’, ‘ਚੰਡੀਗੜ੍ਹ ਕਰੇ ਆਸ਼ਿਕੀ 2.0’, ‘ਰਾਜਾ ਰਾਣੀ’ ਵਰਗੇ ਗੀਤ ਵੀ ਕਾਫੀ ਮਕਬੂਲ ਹੋਏ।

## ਮ੍ਰਿਣਾਲ ਠਾਕੁਰ ‘ਸਨ ਆ.ਫ ਸਰਦਾਰ-2’ ਦੀ ਸ਼ੂਟਿੰਗ ਲਈ ਮੁੰਬਈ ਪਰਤੀ

ਮੁੰਬਈ/ਏ.ਟੀ.ਨਿਊਜ਼: ਮ੍ਰਿਣਾਲ ਠਾਕੁਰ ‘ਸਨ ਆਫ ਸਰਦਾਰ-2’ ਫ਼ਿਲਮ ਦੀ ਸ਼ੂਟਿੰਗ ਦੇ ਅਗਲੇ ਪੜਾਅ ਲਈ ਮੁੰਬਈ ਪਰਤ ਆਈ ਹੈ। ਇਸ ਸਬੰਧੀ ਮ੍ਰਿਣਾਲ ਨੇ ਇੰਸਟਾਗ੍ਰਾਮ ’ਤੇ ਸਟੋਰੀ ਪਾ ਕੇ ਜਾਣਕਾਰੀ ਸਾਂਝੀ ਕੀਤੀ ਹੈ। ਉਸ ਨੇ ਆਪਣੀ ਵੈਨਿਟੀ ਵੈਨ ਦੀ ਤਸਵੀਰ ਸਾਂਝੀ ਕਰਦਿਆਂ ਲਿਖਿਆ, “ਮੁੰਬਈ ਮੇਰੀ ਜਾਨ’, ‘ਸਨ ਆਫ ਸਰਦਾਰ-2” ਤੇ ਇਸ ਸਟੋਰੀ ’ਚ ‘ਢੋਲ ਜਗੀਰੋ ਦਾ’ ਗੀਤ ਚੱਲ ਰਿਹਾ ਹੈ। ਦੱਸਣਯੋਗ ਹੈ ਕਿ ‘ਸਨ ਆਫ ਸਰਦਾਰ-2’ ਅਸ਼ਵਨੀ ਧੀਰ ਵੱਲੋਂ ਨਿਰਦੇਸ਼ਿਤ ਸਾਲ 2012 ’ਚ ਆਈ ਐਕਸ਼ਨ-ਕਾਮੇਡੀ ਭਰਪੂਰ ਫ਼ਿਲਮ ‘ਸਨ ਆਫ ਸਰਦਾਰ’ ਦਾ ਸੀਕਵਲ ਹੈ। ‘ਸਨ ਆਫ ਸਰਦਾਰ-2’ ਦਾ



ਨਿਰਦੇਸ਼ਕ ਵਿਜੇ ਕੁਮਾਰ ਅਰੋੜਾ ਹੈ। ਇਸ ਵਿੱਚ ਅਜੇ ਦੇਵਗਨ ਅਤੇ ਸੰਜੇ ਦੱਤ ਵੀ ਹਨ। ਮ੍ਰਿਣਾਲ ਸਕਾਟਲੈਂਡ ਵਿੱਚ ਛੁੱਟੀਆਂ ਮਨਾ ਕੇ ਹਾਲ ਹੀ ’ਚ ਵਾਪਸ ਆਈ ਹੈ। ਅਦਾਕਾਰਾ ਨੇ ਇੰਸਟਾਗ੍ਰਾਮ ’ਤੇ ਇੱਕ ਤਸਵੀਰ ਸਾਂਝੀ ਕਰ ਕੇ ਸਾਰਿਆਂ ਨੂੰ ਗਣੇਸ਼ ਚਤੁਰਥੀ ਦੀ ਵਧਾਈ ਦਿੱਤੀ ਸੀ।

# ਗੀਤਾਂ ਦੇ ਬਾਬਾ ਬੋਹੜ ਦੇਵ ਥਰੀਕਿਆਂ ਵਾਲੇ ਨੂੰ ਯਾਦ ਕਰਦਿਆਂ

**ਦਰਸ਼ਨ ਸਿੰਘ ਪ੍ਰੀਤੀਮਾਨ**

ਪੰਜਾਬੀ ਗੀਤਕਾਰੀ ਦੇ ਵਿਹੜੇ ਅਨੇਕਾਂ ਫੁਲ ਚਮਕੇ ਹਨ। ਇਸ ਖੇਤਰ ਵਿੱਚ ਇੱਕ ਨਾਂ ਆਉਂਦਾ ਹੈ ਜਿਸ ਨੇ ਵੱਡੇ ਪੱਧਰ ’ਤੇ ਪ੍ਰਸਿੱਧੀ ਖੱਟੀ ਹੈ, ਉਹ ਹੈ ਹਰਦੇਵ ਦਿਲਗੀਰ ਉਰਫ਼ ਦੇਵ ਥਰੀਕਿਆਂ ਵਾਲਾ।

ਹਰਦੇਵ ਦਿਲਗੀਰ ਦਾ ਜਨਮ 19 ਸਤੰਬਰ, 1939 ਈ: ਦਿਨ ਮੰਗਲਵਾਰ ਨੂੰ ਮਾਤਾ ਅਮਰ ਕੌਰ ਦੀ ਕੁੱਖੋਂ, ਪਿਤਾ ਰਾਮ ਸਿੰਘ ਦੇ ਘਰ, ਦਾਦਾ ਰਾਮ ਨੰਦ ਕੁਕ ਗਿੱਲ ਦੇ ਵਿਹੜੇ, ਪਿੰਡ ਥਰੀਕੇ, ਜ਼ਿਲ੍ਹਾ ਲੁਧਿਆਣੇ ਵਿੱਚ ਹੋਇਆ। ਹਰਦੇਵ ਦਾ ਵਿਆਹ ਸ੍ਰੀਮਤੀ ਪ੍ਰੀਤਮ ਕੌਰ ਨਾਲ ਹੋਇਆ। ਇਨ੍ਹਾਂ ਦੇ ਦੋ ਪੁੱਤਰ ਜਸਵੰਤ ਸਿੰਘ ਤੇ ਹਰਪ੍ਰੀਤ ਸਿੰਘ ਹਨ। ਜਸਵੰਤ ਕੌਰ, ਦੇਵ ਦੀ ਧੀ ਹੈ। ਦੇਵ ਨੇ ਮੁਢਲੀ ਪੜ੍ਹਾਈ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ, ਅੱਠਵੀਂ ਲਲਤੋਂ ਕਲਾਂ ਸਕੂਲ ਤੋਂ, ਦਸਵੀਂ ਮਾਲਵਾ ਲਾਇਲਪੁਰ ਹਾਈ ਸਕੂਲ, ਲੁਧਿਆਣਾ ਤੋਂ ਪਾਸ ਕੀਤੀ ਅਤੇ ਜੇ. ਬੀ. ਟੀ. ਜਗਰਾਉ ਤੋਂ ਕੀਤੀ। ਉਨ੍ਹਾਂ ਨੂੰ 1960 ਈ: ’ਚ ਅਧਿਆਪਕ ਦੀ ਨੌਕਰੀ ਮਿਲੀ, ਪੂਰੇ 37 ਸਾਲ ਨੌਕਰੀ ਕੀਤੀ ਜਿਸ ਵਿੱਚ ਪਿੰਡ ਝਾਂਡੇ ਦੇ ਸਕੂਲ ’ਚ 25 ਸਾਲ ਰਿਹਾ ਅਤੇ 1997 ਈ: ਨੂੰ ਸੇਵਾ ਮੁਕਤ ਹੋਇਆ।

ਗੀਤਕਾਰ ਅੱਠਵੀਂ ਜਮਾਤ ’ਚ ਪੜ੍ਹਦਿਆਂ ਸਮੇਂ ਹੀ ਲਿਖਣ ਲੱਗ ਪਿਆ ਸੀ। ਪਹਿਲਾਂ ਬਾਲ ਗੀਤ ਬਹੁਤ ਲਿਖੇ, ਫਿਰ ਕਹਾਣੀ ਵਲ ਮੋੜਾ ਖਾਧਾ। ‘ਰੋਹੀ ਦਾ ਫੁੱਲ’ ਉਨ੍ਹਾਂ ਦਾ ਪਹਿਲਾ ਕਹਾਣੀ ਸੰਗ੍ਰਹਿ ਹੈ। ਗਿਆਨੀ ਹਰੀ ਸਿੰਘ ਦਿਲਬਰ ਨੇ ਉਨ੍ਹਾਂ ਨੂੰ ਬਹੁਤ ਉਤਸ਼ਾਹ ਦਿੱਤਾ ਅਤੇ ਗੁਰਦੇਵ ਮਾਨ ਨੇ ਲਿਖਣ ਦਾ ਢੰਗ ਸਿਖਾਇਆ। ਇੰਦਰਜੀਤ ਹਸਨਪੁਰੀ, ਨੰਦ ਲਾਲ ਨੂਰਪਰੀ, ਬਾਬੂ ਸਿੰਘ ਮਾਨ ਮਰਾੜਾਂ ਵਾਲਾ, ਚਰਨ ਸਿੰਘ ਸਫ਼ਰੀ ਅਤੇ ਸਾਜਨ ਰਾਏਕੋਟੀ ਆਦਿ ਇਨ੍ਹਾਂ ਦੇ ਸਮਕਾਲੀ ਗੀਤਕਾਰ ਹਨ। 1961 ਈ: ਵਿੱਚ ਦੇਵ ਦਾ ਪਹਿਲਾ ਗੀਤ ਗਾਇਕ ਪ੍ਰੇਮ ਕੁਮਾਰ ਨੇ ਗਾਇਆ, ਉਸ ਤੋਂ ਬਾਅਦ ਤਾਂ ਬਹੁਤ ਸਾਰੇ ਕਲਾਕਾਰਾਂ ਨੇ ਗੀਤਕਾਰ ਦੇ



ਗੀਤਾਂ ਨੂੰ ਗਾਇਆ ਤੇ ਰਿਕਾਰਡ ਕਰਵਾਇਆ।

ਲੋਕ ਗਾਇਕ ਕੁਲਦੀਪ ਮਾਣਕ, ਸੁਰਿੰਦਰ ਛਿੰਦਾ, ਸਵਰਨ ਲਤਾ, ਸੁਰਿੰਦਰ ਕੌਰ, ਜਗਮੋਹਨ ਕੌਰ, ਸ਼ਾਂਤੀ, ਪ੍ਰਕਾਸ਼ ਕੌਰ, ਨਰਿੰਦਰ ਬੀਬਾ, ਚਾਂਦੀ ਰਾਮ, ਕਰਨੈਲ ਗਿੱਲ, ਆਸਾ ਸਿੰਘ ਮਸਤਾਨਾ, ਮਲਕੀਤ ਯੂ. ਕੇ. ਜੈਜ਼ੀ ਬੈਂਸ, ਕਰਮਜੀਤ ਆਦਿ ਨੇ ਗੀਤ ਗਾਏ ਤੇ ਰਿਕਾਰਡ ਕਰਵਾਏ ਹਨ। ਹਰਦੇਵ ਨੇ ਕਿੱਸੇ ਵੀ ਲਿਖੇ ਜੋ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਤੇ ਸੁਰਿੰਦਰ ਛਿੰਦਾ ਦੀ ਅਵਾਜ਼ ਵਿੱਚ ਰਿਕਾਰਡ ਹੋਏ ਜਿਵੇਂ: ‘ਸ਼ਹੀਦ ਭਗਤ ਸਿੰਘ’, ਜਿਊਣਾ ਮੌੜ’, ‘ਮਿਰਜ਼ਾ ਖਰਲਾਂ ਦਾ’, ‘ਜੱਗਾ ਡਾਕੂ’ ਤੇ ਮੱਸਾ ਰੰਗੜ ਆਦਿ। ਦੇਵ ਨੇ ਅਨੇਕਾਂ ਫ਼ਿਲਮਾਂ ਲਈ ਗੀਤ ਲਿਖੇ ਜਿਵੇਂ: ‘ਜੱਗਾ ਜੱਟ’, ‘ਬਲਵੀਰੋ ਭਾਬੀ’, ‘ਮਾਵਾਂ ਠੰਡੀਆਂ ਛਾਵਾਂ’, ‘ਸੋਹਣੀ ਮਹੀਵਾਲ’, ‘ਨਿੰਮੋ’, ‘ਲੰਬੜਦਾਰਨੀ’, ‘ਜ਼ੋਰ ਜੱਟ ਦਾ’ ਆਦਿ।

ਦੇਵ ਥਰੀਕਿਆਂ ਵਾਲੇ ਦੇ ਕਈ ਗੀਤ ਲੋਕ ਗੀਤਾਂ ਵਰਗੇ ਹੀ ਹੋ ਨਿਬੜੇ ਹਨ ਜਿਵੇਂ: ‘ਮਾਂ ਹੁੰਦੀ ਏ ਮਾਂ ਓ ਦੁਨੀਆਂ ਵਾਲਿਉ’, ‘ਕਿਤੋਂ ਆਜਾ ਬਾਬਲਾ ਵੇ ਦੁਖੜੇ ਸੁਣ ਲੈ ਧੀ ਦੇ ਆ ਕੇ’, ‘ਤੇਰੇ ਟਿੱਲੇ ਉਤੋਂ ਸੂਰਤ ਦੀਂਹਦੀ ਐ ਹੀਰ ਦੀ’ ਆਦਿ। ਗੀਤਕਾਰ ਨੇ 2000 ਦੇ ਲਗਭਗ ਗੀਤ ਲਿਖੇ ਹਨ ਅਤੇ 1000 ਗੀਤ ਉਨ੍ਹਾਂ ਦੇ ਰਿਕਾਰਡ ਹੋ ਚੁੱਕੇ ਹਨ ਅਤੇ 41 ਕਿਤਾਬਾਂ ਉਨ੍ਹਾਂ ਦੀਆਂ ਪ੍ਰਕਾਸ਼ਤ ਹੋ ਚੁੱਕੀਆਂ ਹਨ ਜਿਨ੍ਹਾਂ ਵਿੱਚ ‘ਭਗਤ ਸਿੰਘ ਅਸੈਂਬਲੀ ’ਚ ਬੰਬ ਮਾਰਿਆ’, ‘ਤੂੰਬਾ ਮਾਣਕ ਦਾ’, ‘ਜੱਟ ਮਿਰਜ਼ਾ ਖਰਲਾਂ ਦਾ (ਜੰਡ ਵਾਲਾ ਪੀਰ)’, ‘ਘੋੜੀ ਜਿਊਣੇ ਮੌੜ ਦੀ’ ਆਦਿ। ਐਨੀ ਪ੍ਰਸਿੱਧੀ ਖੱਟਣ ਦੇ ਬਾਵਜੂਦ ਦੇਵ ਵਿਚ ਭੋਰਾ ਵੀ ਹੰਕਾਰ ਨਹੀਂ ਸੀ, ਉਹ ਬਹੁਤ ਹੀ ਮਿਲਣਸਾਰ ਇਨਸਾਨ ਸੀ। ਉਹ ਚਾਰ-ਪੰਜ ਘੰਟੇ ਰੋਜ਼ਾਨਾ ਪੜ੍ਹਦਾ ਸੀ। ਵਾਰਸ਼ ਸ਼ਾਹ ਦੀ ਹੀਰ ਪੜ੍ਹਨ ਦਾ ਸ਼ੌਕੀਨ ਸੀ। ਬਿਲਕੁਲ ਸਾਦਾ ਪਹਿਰਾਵਾ ਰਖਦਾ ਸੀ ਤੇ ਸਾਦਾ ਖਾਣਾ ਪਸੰਦ ਕਰਦਾ ਸੀ। ਗੀਤਕਾਰੀ ਦੇ ਇਤਿਹਾਸ ’ਚ ਉਸ ਨੇ ਵਿਲੱਖਣ ਪੈੜਾਂ ਪਾਈਆਂ। ਪਿਛਲੇ ਸਮੇਂ ਵਿੱਚ ਉਨ੍ਹਾਂ ਦੀ ਧਰਮ ਪਤਨੀ ਸ੍ਰੀਮਤੀ ਪ੍ਰੀਤਮ ਕੌਰ ਦੀ ਹੋਈ ਮੌਤ ਨੇ ਉਨ੍ਹਾਂ ਨੂੰ ਝਿਜੋੜ ਕੇ ਰੱਖ ਦਿਤਾ ਤੇ ਸਦਾ ਉਦਾਸ ਰਹਿਣ ਲੱਗਾ ਦੇਵ ਥਰੀਕੇ ਵਾਲੇ ਦੇ ਲਿਵਰ ਵਿੱਚ ਖ਼ਰਾਬੀ ਹੋਣ ਕਾਰਨ ਉਨ੍ਹਾਂ ਨੂੰ ਲੁਧਿਆਣੇ ਦੇ ਦੀਪਕ ਹਸਪਤਾਲ ਵਿਖੇ ਦਾਖ਼ਲ ਕਰਵਾਇਆ ਗਿਆ। ਜਿਥੇ ਉਹ ਅਪਣੀ ਉਮਰ ਦੇ 82 ਸਾਲ 3 ਮਹੀਨੇ 5 ਦਿਨ ਪੂਰੇ ਕਰ ਕੇ ਮਿਤੀ 25-01-2022 ਈ: ਦੀ ਠੰਢੀ ਰਾਤ ਨੂੰ 2.30 ਵਜੇ ਦੇ ਲਗਭਗ ਇਹ ਫ਼ਾਨੀ ਦੁਨੀਆਂ ਨੂੰ ਅਲਵਿਦਾ ਆਖ ਗਿਆ। ਭਾਵੇਂ ਉਹ ਸਾਡੇ ਵਿਚਕਾਰ ਤਾਂ ਨਹੀਂ ਰਹੇ ਪਰ ਉਨ੍ਹਾਂ ਦਾ ਲਿਖੇ ਗੀਤ,ਕਲੀਆਂ, ਬਾਲ ਕਵਿਤਾਵਾਂ ਅਤੇ ਕਹਾਣੀਆਂ ਉਨ੍ਹਾਂ ਦੀ ਯਾਦ ਨੂੰ ਹਮੇਸ਼ਾਂ ਤਰੋ-ਤਾਜ਼ਾ ਰੱਖਣਗੀਆਂ।

## ਭਾਰਤ ਨੇ ਜਿੱਤਿਆ ਏਸ਼ੀਆਈ ਚੈਂਪੀਅਨਜ਼ ਟਰਾਫ਼ੀ

ਦੂਜੇ ਕੁਆਰਟਰ 'ਚ ਵੀ ਕਹਾਣੀ ਇਹੀ ਰਹੀ। ਇਸ ਵਾਰ ਵੀ ਭਾਰਤ ਦੇ ਹੱਥ ਸਫਲਤਾ ਨਾ ਲੱਗੀ।ਸੁਖਜੀਤ ਨੇ 27ਵੇਂ ਮਿੰਟ 'ਚ ਭਾਰਤ ਨੂੰ ਪੈਨਲਟੀ ਕਾਰਨਰ ਦਿਵਾਇਆ ਪਰ ਹਰਮਨਪ੍ਰੀਤ ਅਸਫ਼ਲ ਰਿਹਾ।ਦੂਜੇ ਅੱਧ 'ਚ ਚੀਨੀ ਫਾਰਵਰਡ ਲਾਈਨ ਨੇ ਲਗਾਤਾਰ ਹਮਲੇ ਕੀਤੇ ਅਤੇ 38ਵੇਂ ਮਿੰਟ 'ਚ ਪੈਨਲਟੀ ਬਣਾਇਆ ਪਰ ਭਾਰਤੀ ਡਿਫੈਂਸ ਚੌਕਸ ਸੀ।ਚੀਨ ਨੂੰ 40ਵੇਂ ਮਿੰਟ 'ਚ ਵੀ ਲਗਾਤਾਰ ਦੋ ਪੈਨਲਟੀ ਕਾਰਨਰ ਮਿਲੇ, ਜਿਸ 'ਤੇ ਭਾਰਤੀ ਗੋਲਕੀਪਰ ਪਾਠਕ ਨੇ ਗੋਲ ਨਹੀਂ ਹੋਣ ਦਿੱਤਾ।ਭਾਰਤ ਦੇ ਗੋਲ ਦਾ ਸੂਤਰਧਾਰ ਹਰਮਨਪ੍ਰੀਤ ਰਿਹਾ। ਉਹ ਸ਼ਾਨਦਾਰ ਖੇਡ ਦਿਖਾਉਂਦਿਆਂ ਚੀਨੀ ਸਰਕਲ ਵਿੱਚ ਦਾਖਲ ਹੋਇਆ ਅਤੇ ਗੇਂਦ ਜੁਗਰਾਜ ਨੂੰ ਸੌਂਪ ਦਿੱਤੀ, ਜਿਸ ਨੇ ਗੋਲ ਕਰਨ ਵਿੱਚ ਕੋਈ ਗਲਤੀ ਨਹੀਂ ਕੀਤੀ। ਹੂਟਰ ਵੱਜਣ ਤੋਂ ਚਾਰ ਮਿੰਟ ਪਹਿਲਾਂ ਚੀਨ ਨੇ ਆਪਣਾ ਗੋਲਕੀਪਰ ਹਟਾ ਕੇ ਵਾਧੂ ਖਿਡਾਰੀ ਮੈਦਾਨ ਵਿੱਚ ਉਤਾਰਿਆ ਪਰ ਬਰਾਬਰੀ ਦਾ ਗੋਲ ਨਾ ਕਰ ਸਕਿਆ।

***

## ਆਸਟ੍ਰੀਆ ਸਰਕਾਰ ਨੇ ਸਿੱਖ ਧਰਮ ਨੂੰ

ਪਰਮਾਰ ਨੇ ਕਿਹਾ, ਨਿਆਂਇਕ ਮਾਨਤਾ ਤੋਂ ਬਿਨਾਂ, ਕਾਨੂੰਨੀ ਤਰੀਕਿਆਂ ਨਾਲ ਬੇਅਦਬੀ ਦੇ ਦੋਸ਼ੀ ਵਿਅਕਤੀਆਂ ਨੂੰ ਫੜਨ ਦੀ ਸੰਭਾਵਨਾ ਬਹੁਤ ਘੱਟ ਹੈ। ਪਰਮਾਰ, ਜੋ ਚਾਰ ਦਹਾਕਿਆਂ ਤੋਂ ਵਿਆਨਾ ਵਿੱਚ ਰਹਿ ਰਹੇ ਹਨ, ਨੇ ਕਿਹਾ ਕਿ ਇਹ ਮੁੱਦਾ ਯੂਰਪੀਅਨ ਦੇਸ਼ਾਂ ਵਿੱਚ ਆਮ ਹੈ, ਜਿੱਥੇ ਸਿੱਖ ਆਬਾਦੀ 2% ਤੋਂ ਘੱਟ ਹੈ।ਉਨ੍ਹਾਂ ਕਿਹਾ ਕਿ ਸਿੱਖ ਧਰਮ ਨੂੰ ਅੰਸ਼ਕ ਮਾਨਤਾ ਪ੍ਰਾਪਤ ਹੈ, ਪਰ ਇੱਕ ਵਾਰ ਜਦੋਂ ਸਾਨੂੰ ਨਿਆਂ ਪ੍ਰਣਾਲੀ ਅਧੀਨ ਸੁਰੱਖਿਆ ਮਿਲ ਜਾਂਦੀ ਹੈ, ਤਾਂ ਸਿੱਖ ਧਰਮ ਨੂੰ ਅਮਲੀਜਾਮਾ ਪਹਿਨਾਉਣ ਅਤੇ ਪ੍ਰਚਾਰ ਕਰਨ ਦੇ ਮਾਮਲੇ ਵਿੱਚ ਭਾਈਚਾਰੇ ਨੂੰ ਬਹੁਤ ਲਾਭ ਹੋਵੇਗਾ।ਆਸਟ੍ਰੀਆ ਵੱਲੋਂ ਸਿੱਖ ਧਰਮ ਦੀ ਤਾਜ਼ਾ ਅਧਿਕਾਰਤ ਮਾਨਤਾ ਤੋਂ ਬਾਅਦ, ਦੇਸ਼ ਵਿੱਚ ਰਹਿਣ ਵਾਲੇ ਸਿੱਖਾਂ ਨੂੰ ਹੁਣ ਆਪਣੇ ਨਾਵਾਂ ਦੇ ਬਾਅਦ 'ਸਿੰਘ' ਅਤੇ 'ਕੌਰ' ਦੀ ਵਰਤੋਂ ਕਰਨ, ਸਿੱਖ ਧਰਮ ਨੂੰ ਆਪਣੇ ਧਰਮ ਵਜੋਂ ਸੂਚੀਬੱਧ ਕਰਨ ਅਤੇ ਆਪਣੀ ਪਛਾਣ ਸਿੱਖ ਵਜੋਂ ਦਰਜ ਕਰਨ ਦੇ ਯੋਗ ਹਨ। ਮਾਨਤਾ ਤੋਂ ਪਹਿਲਾਂ ਉਹ ਸਰਕਾਰੀ ਫਾਰਮਾਂ ਵਿੱਚ 'ਵਧੀਕ ਨਾਮ' ਕਾਲਮ ਵਿੱਚ 'ਸਿੰਘ' ਅਤੇ 'ਕੌਰ' ਲਿਖਦੇ ਸਨ। ਵਰਤਮਾਨ ਵਿੱਚ, ਆਸਟ੍ਰੀਆ ਵਿੱਚ ਸੱਤ ਗੁਰਦੁਆਰੇ ਹਨ – ਤਿੰਨ ਵਿਏਨਾ ਵਿੱਚ ਅਤੇ ਇੱਕ-ਇੱਕ ਸਾਲਜ਼ਬਰਗ, ਕਲੈਗਨਫਰਟ, ਗ੍ਰੈਜ਼ ਅਤੇ ਲਿਨਜ਼ ਵਿੱਚ।ਪਰਮਾਰ ਨੇ ਕਿਹਾ ਕਿ ਜਿੱਥੇ ਸਿੱਖਾਂ ਨੂੰ ਧਰਮ ਦੀ ਪਾਲਣਾ ਕਰਨ ਅਤੇ ਨਗਰ ਕੀਰਤਨ ਵਰਗੇ ਸਮਾਗਮ ਕਰਵਾਉਣ ਲਈ ਆਸਟ੍ਰੀਆ ਸਰਕਾਰ ਤੋਂ ਵੱਖ-ਵੱਖ ਰੂਪਾਂ ਦੀ ਸਹਾਇਤਾ ਮਿਲੀ ਹੈ। ਸਰਕਾਰ ਅਦਾਲਤੀ ਮਾਨਤਾ ਸਕੂਲਾਂ ਵਿੱਚ ਪੰਜਾਬੀ ਅਧਿਆਪਕ ਰੱਖਣ ਅਤੇ ਧਰਮ ਦਾ ਅਧਿਐਨ ਕਰਨ ਦੀ ਇਜਾਜ਼ਤ ਦੇਵੇਗੀ।

***

## ਅਮਰੀਕਾ ਨੂੰ ਮਜ਼ਬੂਤ ਕਰਨ 'ਚ

ਡਿਗਰੀ ਹਾਸਲ ਕੀਤੀ ਹੈ। ਇਸ ਦੇ ਨਾਲ ਹੀ ਭਾਰਤੀ ਭਾਈਚਾਰੇ ਦੇ 76 ਫੀਸਦੀ ਲੋਕਾਂ ਕੋਲ ਬੈਚਲਰ ਡਿਗਰੀ ਜਾਂ ਇਸ ਤੋਂ ਉੱਪਰ ਦੀ ਡਿਗਰੀ ਹੈ।

**ਅਮਰੀਕੀ ਅਰਥਵਿਵਸਥਾ ਵਿੱਚ ਭਾਰਤੀਆਂ ਦਾ ਯੋਗਦਾਨ**

ਅਮਰੀਕਾ ਦੁਨੀਆਂ ਦੀ ਸਭ ਤੋਂ ਵੱਡੀ ਅਰਥਵਿਵਸਥਾ ਹੈ। ਆਬਾਦੀ ਦਾ 1.5 ਪ੍ਰਤੀਸ਼ਤ ਹੋਣ ਦੇ ਬਾਵਜੂਦ, ਭਾਰਤੀ-ਅਮਰੀਕੀ ਭਾਈਚਾਰਾ ਅਮਰੀਕਾ ਦੇ ਕੁੱਲ ਟੈਕਸਾਂ ਵਿੱਚ 5 ਤੋਂ 6 ਪ੍ਰਤੀਸ਼ਤ ਦਾ ਯੋਗਦਾਨ ਪਾਉਂਦਾ ਹੈ। ਫਾਰਚਿਊਨ 500 ਕੰਪਨੀਆਂ ਦੇ 16 ਸੀਈਓ ਭਾਰਤੀ ਮੂਲ ਦੇ ਲੋਕ ਹਨ। ਦੇਸ਼ ਵਿੱਚ 648 ਯੂਨੀਕੋਰਨਾਂ ਵਿੱਚੋਂ, 72 ਦੇ ਸੰਸਥਾਪਕ ਜਾਂ 11 ਪ੍ਰਤੀਸ਼ਤ ਭਾਰਤੀ-ਅਮਰੀਕੀ ਹਨ।

**ਅਮਰੀਕਾ ਵਿੱਚ ਭਾਰਤੀ ਵਿਦਿਆਰਥੀ**

ਦੁਨੀਆਂ ਦੀਆਂ ਕੁਝ ਵਧੀਆ ਯੂਨੀਵਰਸਿਟੀਆਂ ਅਮਰੀਕਾ ਵਿੱਚ ਸਥਿਤ ਹਨ। ਇੱਥੇ ਵੱਡੀ ਗਿਣਤੀ ਵਿੱਚ ਭਾਰਤੀ ਪੜ੍ਹਾਈ ਲਈ ਆਉਂਦੇ ਹਨ। ਹਰ ਸਾਲ ਭਾਰਤ ਤੋਂ 2.7 ਲੱਖ ਵਿਦਿਆਰਥੀ ਪੜ੍ਹਾਈ ਲਈ ਅਮਰੀਕਾ ਜਾਂਦੇ ਹਨ। ਇਹ ਵਿਦਿਆਰਥੀ ਸਿੱਖਿਆ 'ਤੇ ਕੁੱਲ 10 ਬਿਲੀਅਨ ਡਾਲਰ (83000 ਕਰੋੜ ਰੁਪਏ) ਖਰਚ ਕਰਦੇ ਹਨ।

**ਕੰਮ ਅਤੇ ਕਾਰੋਬਾਰ ਵਿੱਚ ਭਾਰਤੀ ਭਾਈਚਾਰੇ ਦੀ ਸਥਿਤੀ**

ਅਮਰੀਕਾ 'ਚ 60 ਫੀਸਦੀ ਹੋਟਲ ਭਾਰਤੀ ਭਾਈਚਾਰੇ ਦੇ ਲੋਕਾਂ ਦੇ ਹਨ। ਇਸ ਦਾ ਮਤਲਬ ਹੈ ਕਿ ਹਰ ਦੋ ਵਿੱਚੋਂ ਇੱਕ ਹੋਟਲ ਭਾਰਤੀ ਦੁਆਰਾ ਚਲਾਇਆ ਜਾਂਦਾ ਹੈ। ਭਾਰਤੀ ਭਾਈਚਾਰੇ ਦੇ 76 ਫੀਸਦੀ ਲੋਕ ਪ੍ਰਬੰਧਨ, ਵਪਾਰ, ਵਿਗਿਆਨ ਅਤੇ ਕਲਾ ਦੇ ਖੇਤਰਾਂ ਵਿੱਚ ਕੰਮ ਕਰ ਰਹੇ ਹਨ। ਉੱਚ ਸਿੱਖਿਆ ਸੰਸਥਾਵਾਂ ਵਿੱਚ ਪੜ੍ਹਾਉਣ ਵਾਲੇ ਅਧਿਆਪਕਾਂ ਵਿੱਚ 22 ਹਜ਼ਾਰ ਭਾਰਤੀ ਮੂਲ ਦੇ ਲੋਕ ਹਨ।

***

## ਗੁਰਮੁਖੀ ਲਿੱਪੀ

ਜਿਸ ਵਿੱਚ ਬੱਚਿਆਂ ਨੂੰ ਆਪਣੀ ਮਾਂ ਬੋਲੀ ਪੰਜਾਬੀ ਅਤੇ ਧਾਰਮਿਕ ਵਿਰਸੇ ਨਾਲ ਜੋੜਿਆ ਜਾਂਦਾ ਹੈ।ਅੰਤ ਵਿੱਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਰਚਨਾ, ਪੰਜਾਬੀ ਦੀ ਮਿਸਾਲ ਵਜੋਂ ਪੇਸ਼ ਹੈ :- ਮੈਂ ਕੈਂਹ ਦਾ ਸਾਫ਼ ਤੇ ਲਿਸ਼ਕਵਾਂ ਭਾਂਡਾ ਘਸਾਇਆ ਤਾਂ ਉਸ ਵਿਚੋਂ ਕਾਲੀ ਸਿਆਹੀ ਦਿਸ ਪੈਂਦੀ ਹੈ।ਧੋਣ ਨਾਲ ਅੰਦਰਲੀ ਜੂਠ ਕਾਲਖ ਦੂਰ ਨਹੀਂ ਹੁੰਦੀ, ਭਾਵੇਂ ਸੈਂਕੜੇ ਵਾਰ ਭੀ ਕਿਉਂ ਨਾ ਧੋਤੀ ਜਾਵੇ।ਕੇਵਲ ਉਹ ਹੀ ਮਿੱਤਰ ਹਨ ਜੋ ਜਦ ਮੈਂ ਜਾਵਾਂ ਮੇਰੇ ਨਾਲ ਹੀ ਚੱਲਣ, ਜਿੱਥੇ ਕੀਤੇ ਕਰਮਾਂ ਦਾ ਹਿਸਾਬ ਮੰਗਿਆ ਜਾਂਦਾ ਹੈ।ਉਹ ਬੇਫਿਕਰ ਹੋ ਕੇ, ਬੇਝਿਜਕ ਹੋ ਕੇ ਹਿਸਾਬ ਦੇਣ।ਜੇ ਘਰ ਮੰਦਰ ਅਟਾਰੀਆਂ ਮਹਲ ਚੌਹਾਂ ਪਾਸਿਆਂ ਤੋਂ ਚਿਤਾਰੇ ਹੋਣ, ਪਰ ਅੰਦਰੋਂ ਖਾਲੀ ਹੋਣ ਉਹ ਢਹਿ ਜਾਂਦੇ ਹਨ।ਢੱਠੇ ਹੋਏ ਖੰਡਰਾਤ ਕਿਸੇ ਕੰਮ ਨਹੀਂ ਆਉਂਦੇ, ਚਿੱਟੇ ਪਰਾਂ ਵਾਲੇ ਬੰਗਲੇ ਯਾਤਰਾ ਅਸਥਾਨਾਂ ਵਿੱਚ ਰਹਿੰਦੇ ਹਨ ਪਰ ਜੀਆਂ ਨੂੰ ਗਲੋਂ ਘੁੱਟ ਘੁੱਟ ਕੇ ਖਾ ਜਾਣ ਵਾਲੇ ਅੰਦਰੋਂ ਸਾਫ਼ ਸੁਥਰੇ ਨਹੀਂ ਆਖੇ ਜਾਂਦੇ। ਮੇਰਾ ਜਿਸਮ ਸਿੰਬਲ ਦਾ ਰੁੱਖ ਹੈ।ਸਿੰਬਲ ਦੇ ਫਲਾਂ ਨੂੰ ਵੇਖ ਕੇ ਤੋਤੇ ਭੁਲੇਖਾ ਖਾ ਜਾਂਦੇ ਹਨ।ਸਿੰਬਲ ਦੇ ਫਲ ਤੋਤਿਆਂ ਦੇ ਕੰਮ ਨਹੀਂ ਆਉਂਦੇ। ਮੈਂ ਆਪਣੇ ਨੇਤਰਾਂ ਨਾਲ ਵੇਖਦਾ ਹਾਂ। ਪਰ ਮੈਨੂੰ ਰਸਤਾ ਨਹੀਂ ਲਭਦਾ।ਮੈਂ ਕਿਸ ਤਰ੍ਹਾਂ ਪਹਾੜ 'ਤੇ ਚੜ੍ਹ ਕੇ ਪਾਰ ਜਾ ਸਕਦਾ ਹਾਂ।ਹੇ ਨਾਨਕ, ਪਹਾੜੀ ਰਸਤੇ ਵਰਗੇ ਬਿਖੜੇ ਜੀਵਨ ਪੰਧ ਵਿਚੋਂ ਪਾਰ ਲੰਘਣ ਲਈ ਦੁਨੀਆਂ ਦੇ ਲੋਕਾਂ ਦੀਆਂ ਖੁਸ਼ਾਮਦਾਂ, ਲੋਕ ਵਿਖਾਵੇ ਤੇ ਚਲਾਕੀਆਂ ਕਿਸੇ ਕੰਮ ਨਹੀਂ ਆ ਸਕਦੀਆਂ। ਪਰਮਾਤਮਾ ਦਾ ਨਾਮੁ ਸਿਮਰਨ ਕਰ। ਜਿਸ ਨਾਲ ਤੂੰ ਆਪਣੀਆਂ ਬੇੜੀਆਂ ਤੋਂ ਖਲਾਸੀ ਪਾ ਜਾਵੇਂਗਾ।ਅੰਗ 729

***

## ਕੀ ਸਿੱਖ ਤੇ ਗੁਰਦੁਆਰੇ ਭਾਰਤ ਵਿੱਚ

ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਇਹ ਵੀ ਕਿਹਾ ਹੈ ਕਿ ਰਾਹੁਲ ਦੀ ਟਿੱਪਣੀ ਸ਼ਰਮਨਾਕ ਸੀ ਕਿਉਂਕਿ ਉਨ੍ਹਾਂ ਨੇ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਵਿਦੇਸ਼ਾਂ ਵਿੱਚ ਰਹਿੰਦੇ ਸਿੱਖ ਭਾਈਚਾਰੇ ਦੇ ਮੈਂਬਰਾਂ ਵਿੱਚ ਝੂਠ ਫੈਲਾਉਣ ਦੀ ਕੋਸ਼ਿਸ਼ ਕੀਤੀ ਸੀ।ਇਸ ਤੋਂ ਵੀ ਅੱਗੇ ਜਾਕੇ ਰਾਸ਼ਟਰੀ ਸਿੱਖਾਂ ਵੱਲੋਂ ਸੜਕਾਂ 'ਤੇ ਉੱਤਰ ਕੇ ਰਾਹੁਲ ਗਾਂਧੀ ਦੇ ਖ਼ਿਲਾਫ਼ ਕੀਤੇ ਜਾ ਰਹੇ ਪ੍ਰਦਰਸ਼ਨ ਦੁਨੀਆਂ ਪੱਧਰ 'ਤੇ ਸਿੱਖਾਂ ਦੀ ਸਵੈ-ਮਾਨਤਾ ਦਾ ਮਜ਼ਾਕ ਬਣ ਰਹੇ ਹਨ।ਇਸ ਘਟਨਾ ਤੋਂ ਬਾਅਦ ਵੀ ਅਤੇ ਅਜਿਹੀਆਂ ਘਟਨਾਵਾਂ ਸਮੇਂ ਪਹਿਲਾਂ ਵੀ ਅਕਸਰ ਹੀ ਇਹ ਦੇਖਿਆ ਜਾਂਦਾ ਹੈ ਕਿ ਅਕਾਲੀ ਦਲ ਦੀ ਭੂਮਿਕਾ ਸਿੱਖ ਅਵਾਮ ਦੀ ਸੋਚ ਤੋਂ ਉਲਟ ਹੁੰਦੀ ਹੈ।

ਅਕਾਲੀ ਦਲ ਦੇ ਆਗੂਆਂ ਵੱਲੋਂ ਭਾਵੇਂ ਉਹ ਭਾਜਪਾ ਨਾਲ ਗੱਠਜੋੜ ਵਿੱਚ ਨਹੀਂ ਹਨ,ਪਰ ਆਪਣੀ ਵਫ਼ਾਦਾਰੀ ਹਮੇਸ਼ਾ ਭਾਜਪਾ ਪ੍ਰਤੀ ਹੀ ਦਿਖਾਉਂਦੇ ਹਨ,ਇਸਦਾ ਇੱਕ ਕਾਰਨ ਤਾਂ ਇਹ ਵੀ ਹੋ ਸਕਦਾ ਹੈ ਕਿ ਲੰਮਾ ਸਮਾਂ ਬਿਨਾ ਸ਼ਰਤ ਭਾਜਪਾ ਨਾਲ ਗੈਰ ਸਿਧਾਂਤਕ ਸਮਝੌਤਾ ਰਿਹਾ ਹੋਣ ਕਾਰਨ ਉਹਨਾਂ ਦੀ ਮਾਨਸਿਕਤਾ ਵਿੱਚ ਭਾਜਪਾ ਦੀ ਗੁਲਾਮੀ ਘਰ ਕਰ ਚੁੱਕੀ ਹੈ ਅਤੇ ਦੂਜਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਆਪਣਾ ਭਵਿੱਖ ਅੱਜ ਵੀ ਭਾਜਪਾ ਵਿੱਚੋਂ ਹੀ ਦਿਖਾਈ ਦਿੰਦਾ ਹੋਵੇ।ਜਿਸ ਕਰਕੇ ਉਹ ਅਜਿਹਾ ਕੋਈ ਮੌਕਾ ਵੀ ਗਵਾਉਣਾ ਨਹੀਂ ਚਾਹੁੰਦੇ ਜੀਹਦੇ ਨਾਲ ਭਾਜਪਾ ਪ੍ਰਤੀ ਉਹਨਾਂ ਦੇ ਹੇਜ ਦਾ ਅਹਿਸਾਸ ਕੇਂਦਰ ਤੱਕ ਪਹੁੰਚਣ ਦਾ ਸਬੱਬ ਬਣਦਾ ਹੋਵੇ ਅਤੇ ਅਜਿਹੇ ਕਿਸੇ ਵੀ ਮਸਲੇ ਵਿੱਚ ਉਹ ਉਲਝਣਾ ਨਹੀਂ ਚਾਹੁੰਦੇ,ਜੀਹਦੇ ਕਰਕੇ ਭਾਜਪਾ ਹਾਈ ਕਮਾਂਡ ਦੀ ਨਰਾਜ਼ਗੀ ਝੱਲਣੀ ਪਵੇ।

ਸਿੱਖਾਂ ਦਾ ਮੰਨਣਾ ਹੈ ਕਿ ਸਿੱਖ ਸਿਰਫ਼ ਰੋਜ਼ੀ ਰੋਟੀ ਲਈ ਹੀ ਨਹੀਂ, ਬਲਕਿ ਸਿੱਖ ਉਨ੍ਹਾਂ ਮੁਲਕਾਂ ਵਿੱਚ ਵੱਡੇ ਸਥਾਪਤ ਕਾਰੋਬਾਰੀ ਹਨ, ਜਿਹੜੇ ਉੱਥੋਂ ਦੀ ਆਰਥਿਕਤਾ ਨੂੰ ਪ੍ਰਭਾਵਤ ਕਰਦੇ ਹਨ। ਜਿਸ ਕਰਕੇ ਹਰਦੀਪ ਸਿੰਘ ਪੁਰੀ ਵੱਲੋਂ ਇਹ ਕਿਹਾ ਜਾਣਾ ਕਿ ਸਿੱਖ ਮਹਿਜ਼ ਰੋਜ਼ੀ ਰੋਟੀ ਲਈ ਅਮਰੀਕਾ ਗਏ ਹਨ,ਆਪਣੇ ਹੀ ਭਾਈਚਾਰੇ ਨੂੰ ਨੀਵਾਂ ਦਿਖਾਉਣ ਵਾਲਾ ਜਾਪਦਾ ਹੈ। ਇਸ ਤੋਂ ਅੱਗੇ ਜਾਕੇ ਭਾਜਪਾ ਦਾ ਇੱਕ ਹੋਰ ਸਿੱਖ ਵਿਧਾਇਕ ਰਾਹੁਲ ਗਾਂਧੀ ਨੂੰ ਮਾਰਨ ਤੱਕ ਦੀ ਧਮਕੀ ਦੇ ਦਿੰਦਾ ਹੈ ਕਿ ਉਸਦਾ ਹਸ਼ਰ ਇੰਦਰਾ ਵਰਗਾ ਹੋਵੇਗਾ,ਪਰ ਉਹਦੇ ਬਿਆਨ ਦੇ ਕਿਸੇ ਪਾਸੇ ਤੋਂ ਵੀ ਉਸ ਤਰ੍ਹਾਂ ਨਿੰਦਿਆ ਨਹੀਂ ਹੁੰਦੀ ਜਿਸ ਤਰ੍ਹਾਂ ਰਾਹੁਲ ਗਾਂਧੀ ਦੇ ਸੱਚ ਬੋਲਣ ਦੀ ਹੋ ਰਹੀ ਹੈ।

ਇਸ ਤੋਂ ਅੱਗੇ ਸਵਾਲ ਉੱਠਦਾ ਹੈ ਕਿ ਜੇਕਰ ਰਾਹੁਲ ਦਾ ਬਿਆਨ ਝੂਠਾ ਹੈ ਫਿਰ ਦੇਸ਼ ਦੇ ਵੱਖ ਵੱਖ ਹਿਸਿਆਂ ਵਿੱਚ ਸਿੱਖਾਂ ਦੇ ਕਕਾਰਾਂ ਨੂੰ ਲੈ ਕੇ ਸਮੱਸਿਆਵਾਂ ਕਿਉਂ ਪੈਦਾ ਹੁੰਦੀਆਂ ਹਨ ? ਕਿਸੇ ਪ੍ਰੀਖਿਆ ਕੇਂਦਰ ਵਿੱਚ ਦਾਖਲ ਹੋਣ ਲਈ ਕਕਾਰ ਉਤਾਰਨ ਦੀ ਸ਼ਰਤ ਲਾ ਦਿੱਤੀ ਜਾਂਦੀ ਹੈ ਅਤੇ ਕਿਸੇ ਸਕੂਲ ਦੀ ਮੈਨੇਜਮੈਂਟ ਸਕੂਲ ਵਿੱਚ ਕੜਾ ਪਹਿਨ ਕੇ ਜਾਣ 'ਤੇ ਰੋਕ ਲਾ ਦਿੰਦੀ ਹੈ।ਪਿਛਲੇ ਸਮੇਂ ਵਿੱਚ ਰਾਜਸਥਾਨ ਦੇ ਇੱਕ ਭਾਜਪਾ ਆਗੂ ਨੇ ਇੱਥੋਂ ਤੱਕ ਕਹਿ ਦਿੱਤਾ ਸੀ ਕਿ ਇਹ ਗੁਰਦੁਆਰੇ ਸਾਡੇ ਲਈ ਨਸੂਰ ਵਾਂਗ ਹਨ । ਗੁਰਦੁਆਰਾ ਡਾਂਗ ਮਾਰ ਅਤੇ ਗੁਰਦੁਆਰਾ ਗਿਆਨ ਗੋਦੜੀ ਨੂੰ ਢਾਹ ਕਾ ਨਾਮੋ ਨਿਸ਼ਾਨ ਖਤਮ ਕਰ ਦੇਣਾ ਸਿੱਖਾਂ ਲਈ ਕਿਹੜੀ ਅਜ਼ਾਦੀ ਵੱਲ ਇਸ਼ਾਰਾ ਹੈ ?

ਇਸ ਤੋਂ ਇਲਾਵਾ ਵੀ ਸਿੱਖੀ ਦੇ ਧਾਰਮਿਕ ਮਾਮਲਿਆਂ ਵਿੱਚ ਦਖਲ ਅੰਦਾਜ਼ੀ ਕਿਸੇ ਤੋਂ ਲੁਕੀ ਛੁਪੀ ਨਹੀਂ ਹੈ। ਦਿੱਲੀ ਗੁਰਦੁਆਰਾ ਮੈਨੇਜਮੈਂਟ ਕਮੇਟੀ,ਹਜ਼ੂਰ ਸਾਹਿਬ ਗੁਰਦੁਆਰਾ ਬੋਰਡ ਨੰਦੇੜ ਅਤੇ ਪਟਨਾ ਸਾਹਿਬ ਗੁਰਦੁਆਰਾ ਬੋਰਡ ਵਿੱਚ ਸਿੱਧੀ ਦਖਲ ਅੰਦਾਜ਼ੀ ਕਿਧਰ ਨੂੰ ਇਸ਼ਾਰਾ ਕਰਦੀ ਹੈ ? ਇੱਥੋਂ ਤੱਕ ਕਿ ਕਈ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪਣੇ ਹੀ ਸਿੱਖ ਭਾਈਚਾਰੇ ਨੂੰ ਗੁਰਦੁਆਰਾ ਸਾਹਿਬ ਅੰਦਰ ਦਾਖਲ ਹੋਣ ਤੋਂ ਇਸ ਕਰਕੇ ਰੋਕ ਦਿੱਤਾ ਜਾਂਦਾ ਰਿਹਾ ਹੈ ਕਿਉਂਕਿ ਉਹ ਸਿੱਖ ਹਿਤਾਂ ਦੀ ਗੱਲ ਕਰਦੇ ਹਨ,ਜਿਹੜੇ ਕੇਂਦਰੀ ਤਾਕਤਾਂ ਨੂੰ ਪ੍ਰਵਾਨ ਨਹੀਂ। ਕੀ ਅਜਿਹੇ ਕਾਰਨ ਸਿੱਖਾਂ ਸਮੇਤ ਸਮੁੱਚੀਆਂ ਘੱਟ ਗਿਣਤੀਆਂ ਨੂੰ ਇਹ ਅਹਿਸਾਸ ਕਰਵਾਉਣ ਲਈ ਕਾਫ਼ੀ ਨਹੀਂ ਹਨ ਕਿ ਭਾਰਤ ਅੰਦਰ ਵਿਤਕਰੇਬਾਜ਼ੀ ਹੁੰਦੀ ਹੈ?

**ਸਿੱਖ ਅਸੁਰੱਖਿਅਤ ਤੇ ਮੀਡੀਆ ਚੁੱਪ**

ਰਾਹੁਲ ਗਾਂਧੀ ਦੇ ਵਿਵਾਦਤ ਬਣ ਚੁੱਕੇ ਸੱਚ ਨੂੰ ਹੋਰ ਵਿਵਾਦਿਤ ਕਰਦੀਆਂ ਕੁੱਝ ਲਿਖਤਾਂ ਵੀ ਪੜ੍ਹੀਆਂ ਹਨ,ਜਿਨ੍ਹਾਂ ਨੂੰ ਪੜ੍ਹਕੇ ਸਪੱਸ਼ਟ ਰੂਪ ਵਿੱਚ ਇਹ ਸਮਝ ਪੈਂਦੀ ਹੈ ਕਿ ਅਜਿਹੀਆਂ ਲਿਖਤਾਂ ਅਤੇ ਬਿਆਨ ਜਾਰੀ ਕਰਨ ਵਾਲੇ ਸਿੱਖਾਂ ਦੀ ਮਾਨਸਿਕਤਾ ਵਿੱਚ ਕਿਤੇ ਨਾ ਕਿਤੇ ਅਸੁਰਖਿਅਤਾ ਘਰ ਕਰ ਚੁੱਕੀ ਹੈ। ਅਸੁਰਖਿਅਤ ਭਾਵਨਾ ਕਾਰਨ ਨਿੱਜੀ ਲਾਭ ਪ੍ਰਾਪਤੀ ਦੇ ਖੁੱਸ ਜਾਣ ਦੇ ਡਰ ਵਿੱਚੋਂ ਅਜਿਹੇ ਆਪਾ ਵਿਰੋਧੀ ਲਿਖਤਾਂ ਅਤੇ ਬਿਆਨਾਂ ਦਾ ਸਾਹਮਣੇ ਆਉਣਾ ਸੁਭਾਵਿਕ ਹੈ।ਉਪਰੋਕਤ ਸਮੁੱਚੇ ਮਾਮਲੇ ਦੀ ਗੰਭੀਰਤਾ ਤੋਂ ਪਾਸਾ ਵੱਟਦਿਆਂ ਜਿਸ ਤਰ੍ਹਾਂ ਰਾਸ਼ਟਰੀ ਮੀਡੀਏ ਵੱਲੋਂ ਰਾਹੁਲ ਗਾਂਧੀ ਦੇ ਬਿਆਨ ਨੂੰ ਵਿਵਾਦਾਂ ਦੇ ਘੇਰੇ ਵਿੱਚ ਲੈ ਕੈ ਆਉਣ ਲਈ ਭੂਮਿਕਾ ਨਿਭਾਈ ਜਾ ਰਹੀ ਹੈ, ਉਹ ਵੀ ਦੇਸ਼ ਹਿਤ ਵਿੱਚ ਨਹੀਂ ਜਾਪਦੀ,ਬਲਕਿ ਸੱਚ ਬੋਲਣ ਦੀ ਸਜ਼ਾ ਦੇ ਰੂਪ ਵਿੱਚ ਰਾਹੁਲ ਗਾਂਧੀ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਮੀਡੀਏ ਦੀ ਭੂਮਿਕਾ ਐਨੀ ਅਸਰਦਾਇਕ ਹੁੰਦੀ ਹੈ ਕਿ ਸੱਚ ਬੋਲਣ ਵਾਲੇ ਨੂੰ ਖੁਦ ਨੂੰ ਇਹ ਮਹਿਸੂਸ ਹੋਣ ਲੱਗ ਜਾਂਦਾ ਹੈ ਕਿ ਕਿਤੇ ਇਸ ਮਾਮਲੇ ਵਿੱਚ ਉਹ ਸੱਚਮੁੱਚ ਹੀ ਗਲਤ ਤਾਂ ਨਹੀਂ ਸੋ ਜੇਕਰ ਇਸ ਮਾਮਲੇ ਵਿੱਚ ਰਾਹੁਲ ਗਾਂਧੀ ਵੀ ਆਉਣ ਵਾਲੇ ਦਿਨਾਂ ਵਿੱਚ ਮੁਆਫ਼ੀ ਮੰਗ ਕੇ ਖਹਿੜਾ ਛੁਡਵਾ ਲੈਂਦਾ ਹੈ ਤਾਂ ਵੀ ਨਾ ਤਾਂ ਕੋਈ ਹੈਰਾਨੀ ਹੋਣੀ ਚਾਹੀਦੀ ਹੈ ਅਤੇ ਨਾ ਹੀ ਉਨ੍ਹਾਂ ਦੇ ਵੱਲੋਂ ਜੋ ਅਮਰੀਕਾ ਵਿੱਚ ਬੋਲਿਆ ਗਿਆ ਉਹ ਸਚਾਈ ਤੋਂ ਪਾਸਾ ਵੱਟਿਆ ਜਾ ਸਕਦਾ ਹੈ,ਬਲਕਿ ਜੋ ਘੱਟ ਗਿਣਤੀਆਂ ਪ੍ਰਤੀ ਕੇਂਦਰ ਦੀ ਪਹੁੰਚ ਹੈ ਉਹਦੇ ਤੇ ਮੋਹਰ ਲੱਗ ਚੁੱਕੀ ਹੈ।ਭਾਰਤੀ ਮੀਡੀਏ ਨੂੰ ਘੱਟੋ ਘੱਟ ਇਸ ਪਵਿੱਤਰ ਪੇਸ਼ੇ ਦੀ ਪਵਿੱਤਰਤਾ ਅਤੇ ਮਿਆਰ ਨੂੰ ਬਣਾਈ ਰੱਖਣ ਲਈ ਕਿਸੇ ਇੱਕ ਧਿਰ ਦਾ ਬੁਲਾਰਾ ਬਨਣ ਦੀ ਬਜਾਏ ਉਸਾਰੂ ਭੂਮਿਕਾ ਅਦਾ ਕਰਨੀ ਚਾਹੀਦੀ ਹੈ। ਮੀਡੀਏ ਦਾ ਸੱਚ ਤੋਂ ਪਾਸਾ ਵੱਟਣਾ ਆਪਣੇ ਫ਼ਰਜ਼ਾਂ ਨੂੰ ਤਿਲਾਂਜਲੀ ਦੇ ਕੇ ਆਪਣੇ ਲੋਕਾਂ ਨਾਲ ਧਰੋਹ ਕਮਾਉਣ ਵਰਗਾ ਵਰਤਾਰਾ ਹੈ,ਪ੍ਰੰਤੂ ਇਹ ਵੀ ਸੱਚ ਹੈ ਕਿ ਭਾਰਤੀ ਮੀਡੀਆ ਫਿਰਕੂ ਸਿਆਸਤ ਦਾ ਸ਼ਿਕਾਰ ਹੋਕੇ ਆਪਣੇ ਆਸ਼ੇ ਤੋਂ ਅਸਲੋਂ ਹੀ ਥਿੜਕ ਚੁੱਕਾ ਹੈ। ਜਿਸਦੇ ਫਲ਼ਸਰੂਪ ਘੱਟ ਗਿਣਤੀਆਂ ਦਾ ਭਵਿੱਖ ਦਾਅ 'ਤੇ ਲੱਗਾ ਹੋਇਆ ਹੈ।

***

## ਅੰਮ੍ਰਿਤਪਾਲ ਦੇ ਸਾਥੀ ਰਾਊਕੇ ਨੇ ਐਨ.ਆਈ.ਏ.

ਸਾਥੀ ਵੀ ਚੋਣ ਲੜਨ ਦੀ ਤਿਆਰੀ ਕਰ ਰਹੇ ਹਨ।ਬਰਨਾਲਾ ਸੀਟ 'ਤੇ ਹੋਣ ਵਾਲੀ ਜ਼ਿਮਨੀ ਚੋਣ 'ਚ ਕੁਲਵੰਤ ਸਿੰਘ ਰਾਊਕੇ ਚੋਣ ਮੈਦਾਨ 'ਚ ਉਤਰਨਗੇ। ਇਸ ਗੱਲ ਦਾ ਐਲਾਨ ਕੁਲਵੰਤ ਸਿੰਘ ਦੇ ਭਰਾ ਮਹਾਂ ਸਿੰਘ ਨੇ 3 ਮਹੀਨੇ ਪਹਿਲਾਂ ਕੀਤਾ ਸੀ।ਉਸ ਸਮੇਂ ਉਨ੍ਹਾਂ ਨੇ ਮੀਡੀਆ ਨੂੰ ਕਿਹਾ ਸੀ ਕਿ "ਮੈਂ ਆਪਣੇ ਭਰਾ ਨਾਲ ਫੋਨ 'ਤੇ ਗੱਲ ਕੀਤੀ ਸੀ।ਉਨ੍ਹਾਂ ਜੇਲ੍ਹ ਵਿੱਚ ਰਹਿੰਦਿਆਂ ਹੀ ਬਰਨਾਲਾ ਉਪ ਚੋਣ ਲੜਨ ਦਾ ਫੈਸਲਾ ਕੀਤਾ ਹੈ।ਅਸੀਂ ਉਸਦਾ ਪੂਰਾ ਸਾਥ ਦੇਵਾਂਗੇ।" ਆਮ ਆਦਮੀ ਪਾਰਟੀ (ਆਪ) ਦੇ ਗੁਰਮੀਤ ਸਿੰਘ ਮੀਤ ਹੇਅਰ ਬਰਨਾਲਾ ਸੀਟ ਤੋਂ ਵਿਧਾਇਕ ਸਨ। ਸੰਗਰੂਰ ਤੋਂ ਸੰਸਦ ਮੈਂਬਰ ਬਣਨ ਤੋਂ ਬਾਅਦ ਉਨ੍ਹਾਂ ਨੇ ਇਸ ਸੀਟ ਤੋਂ ਅਸਤੀਫਾ ਦੇ ਦਿੱਤਾ ਹੈ।

ਰਾਊਕੇ ਦੇ ਪਿਤਾ ਨੂੰ ਵੀ ਪੰਜਾਬ ਵਿੱਚ ਬਗਾਵਤ ਦੇ ਦੌਰ ਵਿੱਚ 25 ਮਾਰਚ 1993 ਨੂੰ ਪੁਲਿਸ ਨੇ ਹਿਰਾਸਤ ਵਿਚ ਲਿਆ ਸੀ।ਉਹ ਕਦੇ ਘਰ ਨਹੀਂ ਪਰਤੇ। ਪਰਿਵਾਰ ਦਾ ਕਹਿਣਾ ਹੈ ਕਿ ਸਾਨੂੰ ਇਹ ਨਹੀਂ ਪਤਾ ਕਿ ਉਸ ਨੂੰ ਝੂਠੇ ਮੁਕਾਬਲੇ ਵਿੱਚ ਮਾਰਿਆ ਗਿਆ ਸੀ ਜਾਂ ਉਹ ਅਜੇ ਜ਼ਿੰਦਾ ਹੈ।ਸਾਡੇ ਕੋਲ ਉਸਦੀ ਮੌਤ ਦਾ ਕੋਈ ਸਬੂਤ ਨਹੀਂ ਹੈ। ਉਨ੍ਹਾਂ ਨੂੰ ਪੁਲਿਸ ਚੁੱਕ ਕੇ ਲੈ ਗਈ ਅਤੇ ਕਦੇ ਵਾਪਸ ਨਹੀਂ ਆਈ।ਉਸ ਦੇ ਪਿਤਾ ਨੂੰ ਵੀ 1987 ਵਿੱਚ ਐਨ.ਐਸ.ਏ. ਤਹਿਤ ਜੇਲ੍ਹ ਭੇਜਿਆ ਗਿਆ ਸੀ।

****

## ਸੰਤ ਭਿੰਡਰਾਂਵਾਲਿਆਂ ਨੂੰ ਕੰਗਨਾ ਤੋਂ

ਸਿਰਫ਼ ਚੋਣਵੇਂ ਲੋਕਾਂ ਨੂੰ ਮੇਰੀ ਫਿਲਮ 'ਤੇ ਇਤਰਾਜ਼ ਹੈ। ਪੰਜਾਬ ਦੀ 99% ਜਨਤਾ ਭਿੰਡਰਾਂਵਾਲਿਆਂ ਨੂੰ ਸੰਤ ਨਹੀਂ ਮੰਨਦੀ। ਉਹ ਅਤਿਵਾਦੀ ਹੈ। ਜੇਕਰ ਉਹ ਅਤਿਵਾਦੀ ਹੈ ਤਾਂ ਮੇਰੀ ਫ਼ਿਲਮ ਆਉਣੀ ਚਾਹੀਦੀ ਹੈ।"

ਫ਼ਿਲਮ 'ਤੇ ਇਤਰਾਜ਼ ਉਠਣ ਬਾਰੇ ਕੰਗਨਾ ਨੇ ਕਿਹਾ ਕਿ ਉਸ ਨੂੰ ਪਾਰਟੀਆਂ ਤੋਂ ਇਤਰਾਜ਼ ਉੱਠਣ ਦੀ ਉਮੀਦ ਸੀ ਪਰ 'ਮੈਨੂੰ ਇਹ ਉਮੀਦ ਨਹੀਂ ਸੀ ਕਿ 'ਭਿੰਡਰਾਂਵਾਲੇ' ਨੂੰ ਅਤਿਵਾਦੀ ਵਿਖਾਉਣ 'ਤੇ ਇਤਰਾਜ਼ ਉਠਾਇਆ ਜਾਵੇਗਾ।' ਕੰਗਨਾ ਨੇ ਇਹ ਵੀ ਕਿਹਾ, "ਪੰਜਾਬੀਆਂ ਨੇ ਹੀ 'ਭਿੰਡਰਾਂਵਾਲੇ' ਦਾ ਆਪਰੇਸ਼ਨ ਕੀਤਾ ਸੀ ਅਤੇ ਉਹ 'ਭਿੰਡਰਾਂਵਾਲੇ' ਨੂੰ ਸੰਤ ਨਹੀਂ ਮੰਨਗੇ।' ਕੰਗਨਾ ਨੇ ਕਿਹਾ ਕਿ ਸਭ ਤੋਂ ਜ਼ਿਆਦਾ ਸੈਂਸਰਸ਼ਿਪ ਦੀ ਜੇਕਰ ਕਿਸੇ ਨੂੰ ਜ਼ਰੂਰਤ ਹੈ ਤਾਂ ਉਹ ਓ.ਟੀ.ਟੀ. ਪਲੇਟਫ਼ਾਰਮ ਹੈ।

***

## ਰਾਹੁਲ ਗਾਂਧੀ ਦੇਸ਼ ਦੇ ਨੰਬਰ-1 ਅੱਤਵਾਦੀ

ਇੱਥੇ ਭਾਗਲਪੁਰ ਵਿੱਚ ਦੱਸੋ ਕਿਸੇ ਨੇ ਉਸਨੂੰ ਕਿਹਾ ਕਿ ਤੁਸੀਂ ਕੜਾ ਨਹੀਂ ਪਹਿਨ ਸਕਦੇ, ਕਿਸੇ ਨੇ ਕਿਹਾ ਕਿ ਤੁਸੀਂ ਪੱਗ ਨਹੀਂ ਬੰਨ੍ਹ ਸਕਦੇ, ਕਿਸੇ ਨੇ ਕਿਹਾ ਕਿ ਤੁਸੀਂ ਗੁਰਦੁਆਰੇ ਨਹੀਂ ਜਾ ਸਕਦੇ, ਇੱਕ ਵੀ ਸਿੱਖ ਇੱਥੇ ਖੜ੍ਹਾ ਹੋ ਕੇ ਕਹਿ ਦੇਵੇ, ਮੈਂ ਹੁਣੇ ਭਾਜਪਾ ਛੱਡ ਦੇਵਾਂਗਾ। ਚੰਗਿਆੜੀ ਲਗਾਉਣ ਲਈ ਪਹਿਲਾਂ ਮੁਸਲਮਾਨਾਂ ਨੂੰ ਵਰਤਣ ਦੀ ਕੋਸ਼ਿਸ਼ ਕੀਤੀ।ਜੇਕਰ ਅਜਿਹਾ ਨਹੀਂ ਹੋਇਆ ਤਾਂ ਉਹ ਦੇਸ਼ ਦੀ ਰਾਖੀ ਕਰਨ ਵਾਲੇ ਸਰਹੱਦ 'ਤੇ ਸਿੱਖਾਂ ਵਿੱਚ ਫੁੱਟ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਉਨ੍ਹਾਂ ਕਿਹਾ, 'ਜੋ ਦੇਸ਼ ਦਾ ਵਾਂਟੇਡ ਹੈ ,ਉਹ ਜੋ ਬਿਆਨ ਦਿੰਦਾ ਸੀ, ਓਹੀ ਰਾਹੁਲ ਗਾਂਧੀ ਦਿੰਦੇ ਹਨ।ਹੁਣ ਬੰਬ ਅਤੇ ਗੋਲਾ ਬਾਰੂਦ ਬਣਾਉਣ ਵਾਲੇ ਵੱਖਵਾਦੀਆਂ ਨੇ ਰਾਹੁਲ ਗਾਂਧੀ ਦੇ ਬਿਆਨ ਦੀ ਤਾਰੀਫ਼ ਕੀਤੀ ਹੈ ਅਤੇ ਉਨ੍ਹਾਂ ਦੀ ਗੱਲ ਰਾਹੁਲ ਗਾਂਧੀ ਨੇ ਕਹੀ ਹੈ, ਜੋ ਹਰ ਵਕਤ ਲੋਕਾਂ ਨੂੰ ਮਾਰਨ ਦੀ ਕੋਸ਼ਿਸ਼ ਕਰਦੇ ਹਨ ,ਉਡਾਉਣ ਦੀ ਗੱਲ ਕਰਦੇ ਹਨ, ਉਹ ਲੋਕ ਜਦੋਂ ਰਾਹੁਲ ਗਾਂਧੀ ਦੇ ਸਮਰਥਨ ਵਿੱਚ ਆ ਗਏ ਤਾਂ ਸਮਝ ਲਵੋ ਕਿ ਦੇਸ਼ ਦੇ ਨੰਬਰ 1 ਅੱਤਵਾਦੀ ਰਾਹੁਲ ਗਾਂਧੀ ਹਨ ਅਤੇ ਉਸਨੂੰ ਫੜਨ ਲਈ ਸਭ ਤੋਂ ਵੱਡਾ ਇਨਾਮ ਹੋਣਾ ਚਾਹੀਦਾ ਹੈ।'

***

## ਆਸਟ੍ਰੇਲੀਆ 'ਚ ਪੰਜਾਬੀ ਵਿਦਿਆਰਥੀਆਂ

ਉੱਤਰੀ ਭਾਰਤ ਦੇ ਸੈਂਕੜੇ ਵਿਦਿਆਰਥੀ ਹਰ ਸਾਲ 'ਡੰਮੀ ਦਾਖਲੇ ਲੈਣ ਅਤੇ ਇਸ ਦੀ ਬਜਾਏ ਕੰਮ ਕਰਨ' ਲਈ ਇਨ੍ਹਾਂ ਕਾਲਜਾਂ ਵਿੱਚ ਆਉਂਦੇ ਹਨ।

ਵਿਦਿਆਰਥੀਆਂ ਨੇ ਸੁਣਾਇਆ ਦੁੱਖੜਾ

ਸੰਗਰੂਰ ਦੇ ਰਹਿਣ ਵਾਲੇ ਇੱਕ ਵਿਦਿਆਰਥੀ ਨੇ ਦੱਸਿਆ ਕਿ ਉਹ 2 ਸਾਲ ਪਹਿਲਾਂ ਇੱਕ ਵਿਦਿਆਰਥੀ ਦੇ ਰੂਪ ਵਿੱਚ ਆਸਟ੍ਰੇਲੀਆ ਆਇਆ ਸੀ। ਉਸ ਨੂੰ ਭਰੋਸਾ ਦਿੱਤਾ ਗਿਆ ਸੀ ਕਿ ਉਹ ਹਫ਼ਤੇ ਵਿੱਚ ਪੰਜ ਦਿਨ ਕੰਮ ਕਰ ਸਕਦਾ ਹੈ, ਜਦੋਂ ਕਿ ਉਸ ਦੀ ਹਾਜ਼ਰੀ ਅਤੇ ਕੋਰਸ ਦਾ ਧਿਆਨ ਰੱਖਿਆ ਜਾਵੇਗਾ।ਹੁਣ ਉਸ ਨੂੰ ਉਸ ਦੇ ਪੰਜਾਬ ਸਥਿਤ ਏਜੰਟ ਨੇ ਦੱਸਿਆ ਹੈ ਕਿ ਸਰਕਾਰ ਨੇ ਕਾਲਜ ਨੂੰ ਸੀਲ ਕਰ ਦਿੱਤਾ ਹੈ। ਉਸ ਨੇ ਕਿਹਾ, 'ਜਿਸ ਏਜੰਟ ਨੇ ਸਾਨੂੰ ਇੱਥੇ ਭੇਜਿਆ ਹੈ, ਉਹ ਵੀਜ਼ਾ ਧੋਖਾਧੜੀ ਦੇ ਕੇਸ ਵਿੱਚ ਦਰਜ ਹੋਣ ਤੋਂ ਬਾਅਦ ਮਾਰਚ ਵਿੱਚ ਪਹਿਲਾਂ ਹੀ ਕੰਮ ਬੰਦ ਕਰ ਚੁੱਕਾ ਹੈ।' ਇਸੇ ਤਰ੍ਹਾਂ ਆਸਟ੍ਰੇਲੀਆ ਵਿੱਚ ਪੜ੍ਹ ਰਹੀ ਪਟਿਆਲਾ ਦੀ ਇੱਕ ਵਿਦਿਆਰਥਣ ਨੇ ਦੱਸਿਆ ਕਿ ਉਹ ਅਤੇ ਉਸਦਾ ਭਰਾ ਐਡੀਲੇਡ ਵਿੱਚ ਇੱਕ ਕੈਫੇਟੇਰੀਆ ਵਿੱਚ ਕੰਮ ਕਰਦੇ ਸਨ, ਪਰ ਪਿਛਲੇ ਮਹੀਨੇ ਉਨ੍ਹਾਂ ਨੂੰ ਕਾਲਜ ਵਿੱਚ ਵਾਪਸ ਰਿਪੋਰਟ ਕਰਨ ਲਈ ਕਿਹਾ ਗਿਆ ਸੀ। ਉਸਨੇ ਦੱਸਿਆ, ਅਧਿਕਾਰੀਆਂ ਨੇ ਬਾਅਦ ਵਿੱਚ ਕਾਲਜ ਨੂੰ ਬੰਦ ਕਰ ਦਿੱਤਾ।ਹੁਣ ਤੱਕ ਸਾਨੂੰ ਸਥਿਤੀ ਨਾਲ ਨਜਿੱਠਣ ਬਾਰੇ ਕੋਈ ਜਾਣਕਾਰੀ ਨਹੀਂ ਹੈ. ਅਸੀਂ ਕੋਰਸ ਦੀ ਪੂਰੀ ਫੀਸ ਦਾ ਭੁਗਤਾਨ ਕਰ ਚੁੱਕੇ ਹਾਂ।

ਜ਼ਿਕਰਯੋਗ ਹੈ ਕਿ 2023 ਵਿੱਚ ਦੋ ਆਸਟ੍ਰੇਲੀਆਈ ਯੂਨੀਵਰਸਿਟੀਆਂ ਨੇ ਧੋਖਾਧੜੀ ਵਾਲੇ ਵੀਜ਼ਾ ਅਰਜ਼ੀਆਂ ਵਿੱਚ ਵਾਧੇ ਨੂੰ ਲੈ ਕੇ ਤਾਜ਼ਾ ਚਿੰਤਾਵਾਂ ਦੇ ਜਵਾਬ ਵਿੱਚ ਕਈ ਭਾਰਤੀ ਰਾਜਾਂ ਦੇ ਵਿਦਿਆਰਥੀਆਂ ਦੇ ਦਾਖਲੇ 'ਤੇ ਪਾਬੰਦੀ ਲਗਾ ਦਿੱਤੀ ਸੀ। ਇਸ ਤੋਂ ਪਹਿਲਾਂ ਚਾਰ ਯੂਨੀਵਰਸਿਟੀਆਂ ਨੇ ਭਾਰਤੀ ਵਿਦਿਆਰਥੀਆਂ 'ਤੇ ਪਾਬੰਦੀ ਲਗਾਈ ਸੀ।ਇਨ੍ਹਾਂ ਯੂਨੀਵਰਸਿਟੀਆਂ ਨੇ ਪੰਜਾਬ, ਗੁਜਰਾਤ ਅਤੇ ਹਰਿਆਣਾ ਨੂੰ ਸਭ ਤੋਂ ਵੱਧ ਜੋਖਮ ਵਾਲੇ ਖੇਤਰਾਂ ਵਜੋਂ ਪਛਾਣਿਆ ਸੀ।



## 'ਆਪ' ਦੇ ਰਾਜ 'ਚ ਪੰਜਾਬ ਦੀ ਆਰਥਿਕਤਾ

ਆਂਗਣਵਾੜੀਆਂ ਨੂੰ ਮਿਲਕਫੈੱਡ ਦੇ 5 ਪਲਾਂਟਾਂ ਤੋਂ ਤਿਆਰ ਕਰਵਾ ਕੇ ਦੇਸੀ ਘਿਓ ਦੀ ਪੰਜੀਰੀ ਦਿੱਤੀ ਜਾਂਦੀ ਸੀ। ਪਰ ਇਸ ਸਰਕਾਰ ਨੇ ਇਹ ਸਾਰਾ ਕੁਝ ਬੰਦ ਕਰਕੇ ਘਟੀਆ ਕਿਸਮ ਦਾ ਦਲੀਆ ਤੇ ਘਟੀਆ ਕਿਸਮ ਦੀ ਖਿਚੜੀ ਸਪਲਾਈ ਕਰਨੀ ਸ਼ੁਰੂ ਕਰ ਦਿੱਤੀ ਹੈ। ਦਲੀਏ ਵਿੱਚ ਪਹਿਲਾਂ ਹੀ ਖੰਡ ਮਿਲਾਈ ਹੁੰਦੀ ਹੈ, ਜਿਸ ਨਾਲ ਬਰਸਾਤ ਦੇ ਸੀਜ਼ਨ ਵਿੱਚ ਵਧੇਰੇ ਨਮੀ ਹੋਣ ਕਾਰਨ ਇਹ ਦਲੀਆ ਸੁੱਕਾ ਹੀ ਖ਼ਰਾਬ ਹੋ ਜਾਂਦਾ ਹੈ। ਇਸੇ ਤਰ੍ਹਾਂ ਜੋ ਸੁੱਕੀ ਖਿਚੜੀ ਦਿੱਤੀ ਜਾ ਰਹੀ ਹੈ, ਉਸ ਵਿੱਚ ਵੀ ਪਹਿਲਾਂ ਹੀ ਨਮਕ ਮਿਲਾ ਦਿੱਤਾ ਗਿਆ ਹੈ, ਜੋ ਨਮੀ ਕਾਰਨ ਖਿਚੜੀ ਨੂੰ ਵੀ ਪਹਿਲਾਂ ਹੀ ਖ਼ਰਾਬ ਕਰ ਦਿੰਦਾ ਹੈ। ਆਂਗਣਵਾੜੀ ਵਰਕਰਾਂ ਲਈ ਇਹ ਮੁਸ਼ਕਿਲ ਹੋਇਆ ਪਿਆ ਹੈ ਕਿ ਉਹ ਬੱਚਿਆਂ ਨੂੰ ਇਸ ਤਰ੍ਹਾਂ ਦੀ ਖ਼ਰਾਬ ਸਮੱਗਰੀ ਨਾਲ ਖਿਚੜੀ ਤੇ ਦਲੀਆ ਕਿਸ ਤਰ੍ਹਾਂ ਬਣਾ ਕੇ ਦੇਣ? ਪਹਿਲਾਂ ਮਿਲ ਰਹੀ ਦੇਸੀ ਘਿਓ ਦੀ ਪੰਜੀਰੀ ਦੀ ਥਾਂ ਵੀ ਮਾਰਕਫੈੱਡ ਨੇ ਚੰਡੀਗੜ੍ਹ ਦੀ ਇੱਕ ਨਿੱਜੀ ਫਰਮ ਨੂੰ ਠੇਕਾ ਦੇ ਕੇ ਪੰਜੀਰੀ ਤਿਆਰ ਕਰਵਾਉਣੀ ਸ਼ੁਰੂ ਕਰ ਦਿੱਤੀ ਹੈ, ਜੋ ਕਿ ਰਿਫਾਇੰਡ ਨਾਲ ਤਿਆਰ ਕੀਤੀ ਜਾ ਰਹੀ ਹੈ। ਇਸ ਇੱਕ ਵਿਭਾਗ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਕੰਟ੍ਰੈਕਟ ਦੇਣ ਲਈ ਭ੍ਰਿਸ਼ਟਾਚਾਰ ਹੋਇਆ ਹੈ, ਭਾਵੇਂ ਕਿ ਆਮ ਆਦਮੀ ਪਾਰਟੀ ਦੇ ਆਗੂ ਆਪਣੀ ਪਾਰਟੀ ਬਾਰੇ ਦੁਨੀਆਂ ਦੀ ਸਭ ਤੋਂ ਇਮਾਨਦਾਰ ਪਾਰਟੀ ਹੋਣ ਦਾ ਦਾਅਵਾ ਕਰਦੇ ਨਹੀਂ ਥੱਕਦੇ।

ਅਮਨ ਕਨੂੰਨ ਦੀ ਸਥਿਤੀ ਵਿਗੜੀ

ਰਾਜ ਵਿੱਚ ਇਸ ਸਮੇਂ ਅਮਨ ਕਾਨੂੰਨ ਦੀ ਸਥਿਤੀ ਅਜਿਹੀ ਹੈ ਕਿ ਵੱਡੀ ਗਿਣਤੀ ਵਿੱਚ ਲੋਕ ਆਪਣੇ ਘਰਾਂ ਵਿੱਚ ਵੀ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰਦੇ। ਲੁਟੇਰੇ ਅਨਸਰਾਂ ਦੇ ਹੌਸਲੇ ਏਨੇ ਵਧ ਚੁੱਕੇ ਹਨ ਕਿ ਉਹ ਸ਼ਰੇਆਮ ਘਰਾਂ ਵਿੱਚ ਦਾਖ਼ਲ ਹੋ ਕੇ ਲੁੱਟ ਮਾਰ ਕਰਦੇ ਹਨ ਅਤੇ ਵਿਰੋਧ ਕਰਨ ਵਾਲੇ ਲੋਕਾਂ 'ਤੇ ਹਮਲੇ ਕਰਕੇ ਉਨ੍ਹਾਂ ਨੂੰ ਜਾਨੀ ਨੁਕਸਾਨ ਪਹੁੰਚਾਉਣ ਤੋਂ ਵੀ ਸੰਕੋਚ ਨਹੀਂ ਕਰਦੇ। ਸੜਕਾਂ 'ਤੇ ਦਨਦਨਾ ਰਹੇ ਲੁਟੇਰਿਆਂ ਵਲੋਂ ਝਪਟ ਮਾਰ ਕੇ ਮੋਬਾਈਲ ਖੋਹੇ ਜਾ ਰਹੇ ਹਨ। ਔਰਤਾਂ ਦੀਆਂ ਚੇਨੀਆਂ ਖਿੱਚੀਆਂ ਜਾ ਰਹੀਆਂ ਹਨ। ਕੋਈ ਦਿਨ ਵੀ ਅਜਿਹਾ ਨਹੀਂ ਗੁਜ਼ਰਦਾ ਜਿਸ ਦਿਨ ਰਾਜ ਦੇ ਵੱਖ-ਵੱਖ ਹਿੱਸਿਆਂ ਵਿੱਚ ਇਹੋ ਜਿਹੀਆਂ ਦਰਜਨਾਂ ਘਟਨਾਵਾਂ ਨਾ ਵਾਪਰਦੀਆਂ ਹੋਣ। ਫਿਰੌਤੀਆਂ ਲਈ ਗੈਂਗਸਟਰਾਂ ਦੀਆਂ ਕਾਰਵਾਈਆਂ ਵਿੱਚ ਬੇਹੱਦ ਵਾਧਾ ਹੋ ਗਿਆ ਹੈ। ਫਿਰੌਤੀਆਂ ਵਸੂਲਣ ਲਈ ਚੁਣੇ ਹੋਏ ਲੋਕਾਂ ਦੇ ਘਰਾਂ ਤੇ ਵਪਾਰਕ ਅਦਾਰਿਆਂ ਦੇ ਬਾਹਰ ਸ਼ਰੇਆਮ ਗੋਲੀਆਂ ਚਲਾ ਰਹੇ ਹਨ। ਨਸ਼ੀਲੇ ਪਦਾਰਥਾਂ ਦੀ ਵਿਕਰੀ ਅਤੇ ਵਧੇਰੇ ਨਸ਼ੇ ਲੈ ਕੇ ਨੌਜਵਾਨਾਂ ਦੇ ਮਰਨ ਦੀਆਂ ਘਟਨਾਵਾਂ ਵਿੱਚ ਵੀ ਕਈ ਗੁਣਾ ਵਾਧਾ ਹੋ ਗਿਆ ਹੈ। ਔਰਤਾਂ ਨਾਲ ਜਬਰ ਜਨਾਹ ਹੋਣ ਦੀਆਂ ਵਾਰਦਾਤਾਂ ਵਿੱਚ ਵੀ ਪਹਿਲਾਂ ਨਾਲੋਂ ਵਾਧਾ ਹੋ ਗਿਆ ਹੈ। ਜਦੋਂ ਰਾਜ ਵਿੱਚ ਇਹ ਸਭ ਕੁਝ ਵਾਪਰ ਰਿਹਾ ਹੈ ਤਾਂ ਪੰਜਾਬ ਦੇ ਆਮ ਆਦਮੀ ਪਾਰਟੀ ਦੇ ਆਗੂ ਅਤੇ ਖ਼ਾਸ ਕਰ ਕੇ ਮੁੱਖ ਮੰਤਰੀ ਭਗਵੰਤ ਮਾਨ ਹਰਿਆਣਾ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਲੜਨ ਵਿੱਚ ਰੁੱਝੇ ਹੋਏ ਹਨ। ਉਥੇ ਜਾ ਕੇ ਪੰਜਾਬ ਦੀ ਤਰ੍ਹਾਂ ਹੀ ਲੋਕਾਂ ਨਾਲ ਵਧਾ-ਚੜ੍ਹਾਅ ਕੇ ਵਾਅਦੇ ਕੀਤੇ ਜਾ ਰਹੇ ਹਨ। ਰਾਜ ਦੇ ਸਕੂਲਾਂ ਨੂੰ ਤੇ ਹਸਪਤਾਲਾਂ ਨੂੰ ਬਿਹਤਰ ਬਣਾਉਣ ਅਤੇ ਘਰੇਲੂ ਖਪਤਕਾਰਾਂ ਨੂੰ ਬਿਜਲੀ ਮੁਫ਼ਤ ਦੇਣ ਦੇ ਲਾਰੇ ਲਾਏ ਜਾ ਰਹੇ ਹਨ।

ਪੰਜਾਬ ਸਿਰ ਨਵਾਂ ਚੜ੍ਹ ਰਿਹਾ ਕਰਜ਼ਾ

ਜਦੋਂ ਕਿ ਪੰਜਾਬ ਦਾ ਬੱਚਾ-ਬੱਚਾ ਜਾਣਦਾ ਹੈ ਕਿ ਆਮ ਆਦਮੀ ਪਾਰਟੀ ਦੀਆਂ ਮੁਫ਼ਤਖ਼ੋਰੀ 'ਤੇ ਅਧਾਰਿਤ ਸਕੀਮਾਂ ਨੇ ਰਾਜ ਨੂੰ ਵਿੱਤੀ ਸਰੋਤਾਂ ਦੇ ਪੱਖ ਤੋਂ ਵੱਡੇ ਸੰਕਟ ਵਿਚ ਧੱਕ ਦਿੱਤਾ ਹੈ। ਉਹ ਪਾਰਟੀ ਜਿਸ ਨੇ ਲੋਕਾਂ ਨਾਲ ਇਹ ਵਾਅਦਾ ਕੀਤਾ ਸੀ ਕਿ ਉਹ ਰਾਜ ਦੇ ਵਿੱਤੀ ਸਰੋਤਾਂ ਦੀ ਸਹੀ ਢੰਗ ਨਾਲ ਵਰਤੋਂ ਕਰਦਿਆਂ ਰਾਜ ਦਾ ਪਿਛਲਾ ਕਰਜ਼ਾ ਉਤਾਰੇਗੀ ਅਤੇ ਵਿਕਾਸ ਕਾਰਜਾਂ ਲਈ ਵੀ ਵਿੱਤੀ ਸਰੋਤਾਂ ਦੀ ਕਮੀ ਪੇਸ਼ ਨਹੀਂ ਆਉਣ ਦੇਵੇਗੀ, ਉਸ ਦੀ ਸਰਕਾਰ ਸਾਲ ਵਿੱਚ ਕਈ-ਕਈ ਵਾਰ ਨਾ ਕੇਵਲ ਕਰੋੜਾਂ ਦਾ ਨਵਾਂ ਕਰਜ਼ਾ ਚੁੱਕੀ ਜਾ ਰਹੀ ਹੈ, ਸਗੋਂ ਉਸ ਨੇ ਹੁਣ ਕੇਂਦਰ ਸਰਕਾਰ ਨੂੰ ਚਿੱਠੀ ਲਿਖ ਕੇ 2024-25 ਲਈ ਰਾਜ ਦਾ ਹੱਦ ਕਰਜ਼ਾ ਵੀ 10,000 ਕਰੋੜ ਹੋਰ ਵਧਾਉਣ ਦੀ ਮੰਗ ਕੀਤੀ ਹੈ। ਇਸ ਸਮੇਂ ਰਾਜ ਦਾ ਹੱਦ ਕਰਜ਼ਾ 3046492 ਕਰੋੜ ਹੈ। ਜਿਸ ਵਿਚੋਂ ਜੁਲਾਈ ਤਕ ਸਰਕਾਰ ਨੇ 13094 ਕਰੋੜ ਦਾ ਕਰਜ਼ਾ ਚੁੱਕ ਲਿਆ ਸੀ। ਵਿੱਤੀ ਸਾਲ 2023-24 ਵਿੱਚ ਸੂਬਾ ਸਰਕਾਰ ਦੀ ਕਰਜ਼ਾ ਲੈਣ ਦੀ ਹੱਦ 45730 ਕਰੋੜ ਰੁਪਏ ਸੀ। ਕੇਂਦਰ ਸਰਕਾਰ ਨੇ ਪਿਛਲੇ ਸਾਲ ਇੱਕ ਵਾਰ ਪੰਜਾਬ ਦੇ ਹੱਦ ਕਰਜ਼ੇ ਵਿਚ 2387 ਕਰੋੜ ਰੁਪਏ ਦੀ ਕਟੌਤੀ ਵੀ ਕਰ ਦਿੱਤੀ ਸੀ, ਕਿਉਂਕਿ ਰਾਜ ਤੇਜ਼ੀ ਨਾ ਕਰਜ਼ੇ ਦੇ ਜਾਲ ਵਿੱਚ ਫ਼ਸਦਾ ਜਾ ਰਿਹਾ ਸੀ। ਪੰਜਾਬ ਸਰਕਾਰ ਸਿਰ 2024-25 ਵਿੱਚ ਕੁਲ ਕਰਜ਼ਾ 3.74 ਲੱਖ ਕਰੋੜ ਤਕ ਪੁੱਜ ਜਾਏਗਾ।

ਇਸ ਤੋਂ ਵੀ ਇਹ ਸਪੱਸ਼ਟ ਹੁੰਦਾ ਹੈ ਕਿ ਇਹ ਸਰਕਾਰ ਆਪਣੇ ਵਿੱਤੀ ਸਰੋਤਾਂ ਦੀ ਠੀਕ ਵਰਤੋਂ ਕਰਨ ਅਤੇ ਆਪਣੇ ਖ਼ਰਚਿਆਂ ਵਿੱਚ ਵਾਜਬ ਢੰਗ ਨਾਲ ਕਮੀ ਲਿਆਉਣ ਵਿੱਚ ਪੂਰੀ ਤਰ੍ਹਾਂ ਅਸਫ਼ਲ ਰਹੀ ਹੈ। ਇਕ ਪਾਸੇ ਉਹ ਵੱਖ-ਵੱਖ ਖੇਤਰਾਂ ਵਿੱਚ ਮੁਫ਼ਤਖ਼ੋਰੀ ਦੀਆਂ ਸਕੀਮਾਂ ਚਲਾ ਰਹੀ ਹੈ ਅਤੇ ਦੂਜੇ ਪਾਸੇ ਜ਼ਮੀਨਾਂ ਦੇ ਕੁਲੈਕਟਰ ਰੇਟ ਵਧਾ ਕੇ ਬਿਜਲੀ ਦੀਆਂ ਦਰਾਂ ਵਧਾ ਕੇ ਅਤੇ ਪਟਰੋਲ, ਡੀਜ਼ਲ ਦੀਆਂ ਕੀਮਤਾਂ ਵਧਾ ਕੇ ਲੋਕਾਂ 'ਤੇ ਨਵੇਂ ਵਿੱਤੀ ਬੋਝ ਵੀ ਪਾਈ ਜਾ ਰਹੀ ਹੈ।

ਹੁਣ ਇਹ ਪੂਰੀ ਤਰ੍ਹਾਂ ਸਪੱਸ਼ਟ ਹੋ ਗਿਆ ਹੈ ਕਿ ਜਿਹੜੇ ਲੰਮੇ-ਚੌੜੇ ਵਾਅਦੇ ਕਰਕੇ ਅਤੇ ਕਈ ਹੋਰ ਢੰਗਾਂ ਨਾਲ ਲੋਕਾਂ ਨੂੰ ਭਰਮਾ ਕੇ ਆਮ ਆਦਮੀ ਪਾਰਟੀ ਸੱਤਾ ਵਿਚ ਆਈ ਸੀ, ਉਸ ਦੀ ਸਰਕਾਰ ਬਹੁਤੇ ਵਾਅਦੇ ਅਤੇ ਦਿੱਤੀਆਂ ਗਰੰਟੀਆਂ ਪੂਰੀਆਂ ਕਰਨ ਵਿੱਚ ਬੁਰੀ ਤਰ੍ਹਾਂ ਅਸਫ਼ਲ ਰਹੀ ਹੈ। ਰਾਜ ਦੇ ਲੋਕ ਹਰ ਪੱਖ ਤੋਂ ਇਕ ਵਾਰ ਫਿਰ ਠੱਗੇ ਹੋਏ ਮਹਿਸੂਸ ਕਰ ਰਹੇ ਹਨ। ਦੂਜੇ ਪਾਸੇ ਵਿਰੋਧੀ ਪਾਰਟੀਆਂ ਵੱਖ-ਵੱਖ ਪਹਿਲੂਆਂ ਤੋਂ ਆਪਣੇ ਹੀ ਸੰਕਟਾਂ ਵਿੱਚ ਘਿਰੀਆਂ ਹੋਈਆਂ ਹਨ। ਉਹ ਇਕੱਠੀਆਂ ਹੋ ਕੇ ਜਾਂ ਆਪੋ-ਆਪਣੇ ਤੌਰ 'ਤੇ ਵੀ ਇਸ ਸਰਕਾਰ ਦੀ ਜਵਾਬਦੇਹੀ ਕਰਨ ਵਿੱਚ ਅਸਫ਼ਲ ਰਹੀਆਂ ਹਨ। ਇਸ ਕਾਰਨ ਵੀ ਲੋਕਾਂ ਵਿੱਚ ਨਿਰਾਸ਼ਾ ਫੈਲਦੀ ਜਾ ਰਹੀ ਹੈ।

ਪੰਜਾਬ ਮਿਹਨਤੀ ਅਤੇ ਅਣਖ ਵਾਲੇ ਲੋਕਾਂ ਦਾ ਪ੍ਰਦੇਸ਼ ਸੀ ਅਤੇ ਲੰਮੇ ਸਮੇਂ ਤੱਕ ਇਹ ਦੇਸ਼ ਦਾ ਖ਼ੁਸ਼ਹਾਲ ਸੂਬਾ ਰਿਹਾ ਹੈ ਪਰ ਇਸ ਦੀ ਰਾਜਨੀਤਕ ਲੀਡਰਸ਼ਿਪ ਨੇ ਇਸ ਨੂੰ ਅੱਜ ਕੰਗਾਲ ਬਣਾ ਕੇ ਰੱਖ ਦਿੱਤਾ ਹੈ, ਇਸ ਨੂੰ ਪੰਜਾਬ ਦੀ ਅਤੇ ਇਸ ਦੇ ਵਸਨੀਕਾਂ ਦੀ ਬਦਕਿਸਮਤੀ ਹੀ ਕਿਹਾ ਜਾ ਸਕਦਾ ਹੈ। ਪੰਜਾਬ ਅਤੇ ਇਸ ਦੇ ਵਸਨੀਕ ਦਰਪੇਸ਼ ਇਨ੍ਹਾਂ ਵੱਖ-ਵੱਖ ਸੰਕਟਾਂ ਤੋਂ ਕਿਵੇਂ ਨਿਜਾਤ ਪਾਉਣਗੇ, ਇਸ ਸੰਬੰਧੀ ਭਰੋਸੇ ਨਾਲ ਅਜੇ ਕੁਝ ਵੀ ਨਹੀਂ ਕਿਹਾ ਜਾ ਸਕਦਾ।

***

## ਸੰਸਾਰ ਦੇ ਅੱਧਿਓਂ ਵੱਧ ਬੱਚੇ

ਅਜਿਹੇ ਮਾਮਲਿਆਂ ਵਿੱਚ ਕਿਵੇਂ ਕਾਰਵਾਈ ਕਰਨੀ ਹੈ? ਅਧਿਆਪਕ-ਮਾਪੇ ਮਿਲਣੀਆਂ ਦੌਰਾਨ ਦੱਸਿਆ ਜਾ ਸਕਦਾ ਹੈ। ਅਧਿਆਪਕ ਮਿਲਣੀ ਮੌਕੇ ਪੁਲਿਸ ਦੀ ਮੌਜੂਦਗੀ ਨਾਲ ਮਾਪਿਆਂ ਦੇ ਮਨਾਂ ਵਿੱਚ ਇਹ ਭਰੋਸਾ ਪੈਦਾ ਹੋਇਆ ਹੈ ਕਿ ਸਕੂਲ ਤੇ ਸਰਕਾਰ ਵੱਲੋਂ ਉਨ੍ਹਾਂ ਦੇ ਬੱਚਿਆਂ ਦੀ ਸੁਰੱਖਿਆ ਯਕੀਨੀ ਬਣਾਈ ਜਾ ਰਹੀ ਹੈ। ਇਸ ਤਰ੍ਹਾਂ ਪੁਲਿਸ ਕੋਲ ਵੀ ਸਕੂਲ ਵੱਲੋਂ ਕੀਤੀ ਗਈ ਕਿਸੇ ਵੀ ਸ਼ਿਕਾਇਤ ਨਾਲ ਸਿੱਝਣ ਵਿੱਚ ਦੇਰੀ ਕਰਨ ਦਾ ਕੋਈ ਬਹਾਨਾ ਨਹੀਂ ਬਚਦਾ। ਪੋਕਸੋ (ਜਿਨਸੀ ਅਪਰਾਧਾਂ ਤੋਂ ਬੱਚਿਆਂ ਨੂੰ ਬਚਾਉਣਾ) ਐਕਟ ਨੂੰ ਅਸਰਦਾਰ ਢੰਗ ਨਾਲ ਲਾਗੂ ਕੀਤਾ ਜਾ ਸਕਦਾ ਹੈ ਅਤੇ ਅਪਰਾਧੀਆਂ ਨੂੰ ਸਜ਼ਾ ਦਿਵਾਈ ਜਾ ਸਕਦੀ ਹੈ।

ਭਾਰਤ ਦੇ ਸੰਵਿਧਾਨ ਦੀ ਧਾਰਾ-23 ਸਪਸ਼ਟ ਰੂਪ ਵਿੱਚ ਮਾਨਵੀ ਤਸਕਰੀ 'ਤੇ ਪਾਬੰਦੀ ਲਗਾਉਂਦੀ ਹੈ। ਕਾਨੂੰਨ ਮੁਤਾਬਕ ਨਾਬਾਲਗਾਂ ਦੀ ਤਸਕਰੀ ਦੀ ਸਜ਼ਾ ਉਮਰ ਕੈਦ ਤੇ ਪੰਜਾਹ ਹਜ਼ਾਰ ਰੁਪਏ ਜੁਰਮਾਨਾ ਹੋ ਸਕਦਾ ਹੈ। ਪਰ ਇਹ ਸਜ਼ਾ ਤੇ ਜੁਰਮਾਨਾ ਸਿਰਫ਼ ਦਸ ਫ਼ੀਸਦ ਤੋਂ ਵੀ ਘੱਟ ਦੋਸ਼ੀਆਂ ਨੂੰ ਹੁੰਦਾ ਹੈ। ਇਸ ਦੀ ਵਜ੍ਹਾ ਹੈ ਕਾਨੂੰਨਾਂ ਦਾ ਨਿਕੰਮਾਪਣ ਤੇ ਮੁਕੱਦਮਿਆਂ ਦੀ ਪੈਰਵੀ ਠੀਕ ਢੰਗ ਨਾਲ ਨਾ ਹੋਣਾ। ਇਸ ਦੇ ਫਲਸਰੂਪ ਬਾਲ ਤਸਕਰਾਂ ਦੇ ਹੌਸਲੇ ਵਧ ਜਾਂਦੇ ਹਨ। ਨਿਰਸੰਦੇਹ ਬੱਚਿਆਂ ਨੂੰ ਇਨਸਾਫ਼ ਦਿਵਾਉਣ ਲਈ ਕਾਨੂੰਨ ਤਾਂ ਬਣਾਏ ਗਏ ਹਨ ਪਰ ਫਿਰ ਵੀ ਵਿਸ਼ਵ ਭਰ ਵਿੱਚ ਉਨ੍ਹਾਂ ਦੀ ਤਸਕਰੀ ਰੋਕਣ 'ਚ ਨਾਕਾਮ ਰਹੇ ਹਨ। ਬਾਲ ਤਸਕਰੀ ਤੇ ਜਿਨਸੀ ਹਿੰਸਾ ਉੱਤੇ ਰੋਕ ਲਈ ਮਾਤਾ-ਪਿਤਾ ਤੇ ਸਮਾਜ ਦਾ ਸਹਿਯੋਗ ਵੀ ਬਹੁਤ ਜ਼ਰੂਰੀ ਹੈ। ਬਾਲ ਤਸਕਰੀ, ਜਿਨਸੀ ਸ਼ੋਸ਼ਣ ਤੇ ਗ਼ਰੀਬੀ ਦੇ ਪੀੜਤ ਬੱਚਿਆਂ ਦੇ ਪੁਨਰਵਾਸ ਲਈ ਸਰਕਾਰ, ਸਮਾਜ ਤੇ ਸਮਾਜ ਸੇਵੀ ਸੰਸਥਾਵਾਂ ਸਹਿਯੋਗ ਦੇਣ। ਬਾਲ ਤਸਕਰੀ ਤੇ ਜਿਨਸੀ ਸ਼ੋਸ਼ਣ ਵਿਰੁੱਧ ਲੋਕ ਲਹਿਰ ਉਸਾਰਨੀ ਹੋਵੇਗੀ ਤਾਂ ਕਿਸੇ ਹੱਦ ਤੱਕ ਬਚਪਨ ਤੋਂ ਤਸਕਰੀ, ਜਿਨਸੀ ਸ਼ੋਸ਼ਣ ਤੇ ਗ਼ਰੀਬੀ ਦਾ ਪਰਛਾਵਾਂ ਫਿੱਕਾ ਪੈ ਸਕਦਾ ਹੈ। ਫਿਰ ਸ਼ਾਇਦ ਬਾਲ ਤਸਕਰੀ ਕਿਸੇ ਬਾਲ ਜਾਂ ਬਾਲੜੀ ਦਾ ਬਚਪਨ ਨਾ ਖੋਹ ਸਕੇ।

***

## ਨਸ਼ਿਆਂ ਦੀ ਮਾਰੂ ਹਨੇਰੀ

ਅਗਲੇ ਦਿਨ ਉਹਦੀ ਪਤਨੀ ਆ ਗਈ। ਬਹੁਤ ਹੀ ਸਲੀਕੇ ਨਾਲ ਉਹ ਆਪਣੀ ਪਤਨੀ ਨੂੰ ਮਿਲਿਆ। ਦੋਨਾਂ ਲਈ ਲਾਅਨ ਵਿੱਚ ਕੁਰਸੀਆਂ ਰੱਖਕੇ ਉਨ੍ਹਾਂ ਨੂੰ ਆਪਸ ਵਿੱਚ ਗੱਲਬਾਤ ਕਰਨ ਲਈ ਕਿਹਾ ਗਿਆ। ਉਨ੍ਹਾਂ ਨੂੰ ਆਪਸ ਵਿੱਚ ਗੱਲਬਾਤ ਕਰਦਿਆਂ ਵੇਖਕੇ ਸਕੂਨ ਜਿਹਾ ਆ ਰਿਹਾ ਸੀ। ਗੱਲਾਂ ਕਰਦੇ ਉਹ ਕਦੇ ਮੁਸਕਰਾ ਪੈਂਦੇ ਅਤੇ ਕਦੇ ਗੰਭੀਰ ਹੋ ਜਾਂਦੇ। ਥੋੜ੍ਹੀ ਦੇਰ ਬਾਅਦ ਪਤੀ ਪਤਨੀ ਦਫਤਰ ਵਿੱਚ ਆ ਗਏ। ਪਤਨੀ ਦੇ ਚਿਹਰੇ 'ਤੇ ਮੁਸਕਰਾਹਟ ਤੈਰ ਰਹੀ ਸੀ। ਇਹ ਤਾਂ ਜੀ ਸੱਚੀਉਂ ਬਦਲ ਗਏ। ਪਹਿਲਾ ਤਾਂ ਇਨ੍ਹਾਂ ਨੂੰ ਲਹੀ-ਤਹੀ ਦਾ ਕੋਈ ਪਤਾ ਨਹੀਂ ਸੀ। ਹੁਣ ਵੀ ਮੈਨੂੰ ਪੁੱਛ ਰਹੇ ਸੀ ਕਿ ਆਪਣੀ ਮੀਤੋ ਕਿਹੜੀ ਜਮਾਤ ਵਿੱਚ ਪੜ੍ਹਦੀ ਐ। ਸਿਹਤ ਵੀ ਵਧੀਆ ਬਣ ਗਈ ਇਨ੍ਹਾਂ ਦੀ। ਸੱਚੀਂ ਜੀ, ਥੋੜ੍ਹੇ ਜਿਹੇ ਸਮੇਂ ਵਿੱਚ ਅਸੀਂ ਜਿੰਨੀਆਂ ਗੱਲਾਂ ਕੀਤੀਆਂ ਨੇ, ਉੰਨੀਆਂ ਸਾਰੀ ਉਮਰ ਵਿੱਚ ਨਹੀਂ ਕੀਤੀਆਂ।

ਸ਼ੁਭ ਕਾਮਨਾਵਾਂ ਦੇਕੇ ਉਨ੍ਹਾਂ ਨੂੰ ਵਿਦਾਅ ਕਰ ਦਿੱਤਾ ਗਿਆ। ਇੱਕ ਦਿਨ ਦਫਤਰ ਵਿੱਚ ਫੋਨ ਆਇਆ। ਫੋਨ ਲੜਕੀ ਦਾ ਸੀ। ਬੜੇ ਚਾਅ ਨਾਲ ਉਹ ਦੱਸ ਰਹੀ ਸੀ, ਸਰ, ਥੋੜਾ ਬਹੁਤ ਬਹੁਤ ਸ਼ੁਕਰੀਆ। ਮੇਰਾ ਬਾਪੂ ਮੇਰੇ ਕੋਲ ਬੈਠਾ ਹੈ। ਅਸੀਂ ਇਕੱਠੇ ਰੋਟੀ ਖਾਕੇ ਹਟੇ ਹਾਂ। ਹੁਣ ਬਹੁਤ ਪਿਆਰ ਕਰਦਾ ਹੈ ਸਾਨੂੰ। ਅਸੀਂ ਰੋਜ਼ ਤੁਹਾਨੂੰ ਅਸੀਸਾਂ ਦਿੰਦੇ ਹਾਂ। ਸ਼ਰਾਬ ਵੱਲ ਤਾਂ ਹੁਣ ਝਾਕਦਾ ਵੀ ਨਹੀਂ।

ਕੁੜੀ ਦੇ ਉਤਸ਼ਾਹ ਅਤੇ ਚਾਅ ਨਾਲ ਲਬਰੇਜ਼ ਬੋਲ ਸੁਣਕੇ ਮੇਰੀਆਂ ਅੱਖਾਂ ਵਿੱਚ ਅੱਥਰੂ ਆ ਗਏ। ਨਾਲ ਖੜ੍ਹਾ ਸਟਾਫ ਮੈਂਬਰ ਮੇਰੀਆਂ ਅੱਖਾਂ ਵਿੱਚ ਅੱਥਰੂ ਵੇਖਕੇ ਚਿੰਤਾਤੁਰ ਲਹਿਜ਼ੇ ਵਿੱਚ ਕਹਿਣ ਲੱਗਿਆ, ਸਰ, ਸੁੱਖ ਐ। ਮੋਬਾਇਲ ਸੁਣਕੇ ਤੁਸੀਂ।

ਮੈਂ ਮੁਸਕਰਾਕੇ ਜਵਾਬ ਦਿੱਤਾ, ਸਿਰਫ਼ ਸੋਗੀ ਸੁਨੇਹੇ ਹੀ ਅੱਥਰੂ ਨਹੀਂ ਲਿਆਉਂਦੇ,ਖ਼ੁਸ਼ੀਆਂ ਭਰੇ ਸੁਨੇਹਿਆਂ ਨਾਲ ਵੀ ਨੈਣ ਛਲਕ ਪੈਂਦੇ ਨੇ। ਫਿਰ ਮੈਂ ਮੁਸਕਰਾਕੇ ਅੱਥਰੂ ਪੂੰਝਣ ਲੱਗ ਪਿਆ।

***

## ਸੁਪਰੀਮ ਕੋਰਟ ਦੀਆਂ ਟਿੱਪਣੀਆਂ ਮੋਦੀ ਸਰਕਾਰ ਨੂੰ

ਇਸੇ ਦੇ ਨਾਲ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੂੰ ਛਾਪਾ ਮਾਰਨ, ਰਿਪੋਰਟ ਲਿਖਣ, ਕਿਸੇ ਨੂੰ ਵੀ ਜਾਂਚ ਲਈ ਬੁਲਾਉਣ ਅਤੇ ਗ੍ਰਿਫ਼ਤਾਰੀ ਕਰਨ ਦੇ ਅਸਾਧਾਰਨ ਅਧਿਕਾਰ ਦੇ ਦਿੱਤੇ। ਇਸ ਤੋਂ ਬਾਅਦ ਸ਼ੁਰੂ ਹੋਇਆ ਵਿਰੋਧੀ ਧਿਰ ਦੇ ਆਗੂਆਂ ਦੀਆਂ ਗ੍ਰਿਫ਼ਤਾਰੀਆਂ ਦਾ ਸਿਲਸਿਲਾ। ਉਨ੍ਹਾਂ ਨੂੰ ਜੇਲ੍ਹ 'ਚ ਸੜਾਉਣ ਅਤੇ ਉਨ੍ਹਾਂ ਦਾ ਸਿਆਸੀ ਭਵਿੱਖ ਖ਼ਤਮ ਕਰਨ ਦੀ ਯੋਜਨਾ ਚੱਲ ਪਈ। ਇਸ ਸੰਬੰਧ ਵਿਚ ਸੁਪਰੀਮ ਕੋਰਟ ਨੇ ਇਹ ਕੀਤਾ ਹੈ ਕਿ ਪੀ. ਐੱਮ. ਐੱਲ. ਏ. ਕਾਨੂੰਨ ਤਹਿਤ ਜ਼ਮਾਨਤਾਂ ਦੇ ਮਾਮਲਿਆਂ ਦੀ ਸੁਣਵਾਈ ਕਰਦਿਆਂ ਇੱਕ ਵਾਰ ਫਿਰ ਜ਼ਮਾਨਤ ਨੂੰ ਨਿਯਮ ਅਤੇ ਜੇਲ੍ਹ ਨੂੰ ਅਪਵਾਦ ਦੱਸਣ ਦੀ ਮਿਸਾਲ ਪੇਸ਼ ਕੀਤੀ। ਉਸ ਨੇ ਈ.ਡੀ. ਅਤੇ ਸੀ.ਬੀ.ਆਈ. ਦੀ ਜਾਂਚ ਪ੍ਰਕਿਰਿਆ ਨੂੰ ਕਰੜੇ ਹੱਥੀਂ ਲਿਆ ਅਤੇ ਉਹ ਇੱਥੇ ਹੀ ਨਹੀਂ ਰੁਕਿਆ, ਸਗੋਂ ਹੇਠਲੀਆਂ ਅਦਾਲਤਾਂ ਦੇ ਸਰਕਾਰਪ੍ਰਸਤ ਰਵੱਈਏ 'ਤੇ ਵੀ ਉਂਗਲ ਰੱਖੀ। ਇੱਕ ਲੰਬੇ ਅਰਸੇ ਤੋਂ ਹੋ ਇਹ ਰਿਹਾ ਸੀ ਕਿ ਹੇਠਲੀਆਂ ਅਦਾਲਤਾਂ (ਜਿਨ੍ਹਾਂ 'ਚ ਬਦਕਿਸਮਤੀ ਨਾਲ ਹਾਈ ਕੋਰਟ ਵੀ ਸ਼ਾਮਿਲ ਹੋ ਗਏ ਸਨ) ਜਾਂਚ ਏਜੰਸੀਆਂ ਦੁਆਰਾ ਸੁਣਾਈਆਂ ਗਈਆਂ ਕਹਾਣੀਆਂ 'ਤੇ ਯਕੀਨ ਕਰਕੇ ਕਿਸੇ ਵੀ ਕਿਸਮ ਦੀ ਰਾਹਤ ਦੇਣ ਤੋਂ ਇਨਕਾਰ ਕਰਨ ਲੱਗੀਆਂ ਸਨ। ਸੁਪਰੀਮ ਕੋਰਟ ਦੀਆਂ ਟਿੱਪਣੀਆਂ ਮੋਦੀ ਸਰਕਾਰ ਨੂੰ ਪੂਰੀ ਤਰ੍ਹਾਂ ਕਟਹਿਰੇ 'ਚ ਖੜ੍ਹਾ ਕਰਨ ਲਈ ਕਾਫ਼ੀ ਹਨ। ਇਹ ਵੱਖਰੀ ਗੱਲ ਹੈ ਕਿ ਮੌਜੂਦਾ ਸਰਕਾਰ ਨੂੰ ਅੱਖ ਦਾ ਲਿਹਾਜ਼ ਨਹੀਂ ਹੈ। ਉਹ ਆਪਣੇ ਹੀ ਪੈਟਰਨ 'ਤੇ ਚੱਲ ਰਹੀ ਹੈ, ਪਰ ਹਵਾ, ਵਕਤ ਅਤੇ ਰਾਜਨੀਤੀ ਤੇਜ਼ੀ ਨਾਲ ਬਦਲ ਰਹੀ ਹੈ। ਜਲਦੀ ਹੀ ਵਿਰੋਧ ਮੁਕਤ ਲੋਕਤੰਤਰ ਬਣਾਉਣ ਦੀ ਇਹ ਹਿੰਦੂਤਵਵਾਦੀ ਮੁਹਿੰਮ ਮੂੰਹ ਭਾਰ ਡਿਗਦੀ ਹੋਈ ਦਿਖਾਈ ਦੇ ਸਕਦੀ ਹੈ।

***

## ਸਿੱਖ ਪਰੰਪਰਾ ਅਨੁਸਾਰ ਸ਼ਤਾਬਦੀਆਂ

ਅੱਜ ਸਿੱਖਾਂ ਦੇ ਸੁਭਾਅ ਦਾ ਇਹ ਹਿੱਸਾ ਬਣ ਗਿਆ ਹੈ ਕਿ ਆਪਣੇ ਬੱਚਿਆਂ ਦੇ ਸਿੱਖੀ ਮੁੱਖ ਧਾਰਾ ਤੋਂ ਦੂਰ ਜਾਣ, ਪਤਿਤਪੁਣੇ ਤੇ ਨਸ਼ਾਖੋਰੀ 'ਚ ਪੈਣ ਤੋਂ ਲੈ ਕੇ ਪੜ੍ਹਨ-ਲਿਖਣ 'ਚ ਤੰਗ-ਦਸਤੀ ਤੱਕ ਲਈ ਅਸੀਂ ਸਹਿਜੇ ਹੀ ਪੰਥਕ ਸੰਸਥਾਵਾਂ, ਧਰਮ ਪ੍ਰਚਾਰਕਾਂ ਅਤੇ ਆਪਣੇ ਰਾਗੀਆਂ-ਢਾਡੀਆਂ ਉੱਤੇ ਤੋੜਾ ਝਾੜ ਕੇ ਆਪਣੇ-ਆਪ ਨੂੰ ਸੁਰਖ਼ਰੂ ਕਰ ਲੈਂਦੇ ਹਾਂ, ਪਰ ਬੱਚਿਆਂ ਪ੍ਰਤੀ ਸਾਡੀ ਆਪਣੀ ਕੀ ਜ਼ਿੰਮੇਵਾਰੀ ਹੈ, ਇਹ ਅਸੀਂ ਕਦੇ ਨਹੀਂ ਸੋਚਦੇ-ਵਿਚਾਰਦੇ। ਰਾਗੀ-ਢਾਡੀ ਤੇ ਧਰਮ ਪ੍ਰਚਾਰਕ ਕੀ ਕਰਨਗੇ, ਜੇਕਰ ਅਸੀਂ ਆਪ ਅਤੇ ਆਪਣੇ ਬੱਚਿਆਂ ਨੂੰ ਲੈ ਕੇ ਸ਼ਬਦ ਗੁਰੂ ਦੀ ਹਜ਼ੂਰੀ ਵਿਚ ਚੌਕੜਾ ਮਾਰ ਕੇ ਗੁਰਬਾਣੀ ਤੇ ਗੁਰ-ਇਤਿਹਾਸ ਨਾਲ ਚੇਤਨਾ ਤੋਂ ਲੈ ਕੇ ਅਨੁਭਵ ਤੱਕ ਦਾ ਸਫ਼ਰ ਹੀ ਤੈਅ ਨਹੀਂ ਕਰਾਂਗੇ।

ਗੁਰਪੁਰਬਾਂ ਦੇ ਅਸਲ ਮਨੋਰਥ ਨੂੰ ਮੁਖ਼ਾਤਿਬ ਹੋਏ ਬਗੈਰ, ਇਨ੍ਹਾਂ ਮੌਕਿਆਂ ਉੱਤੇ ਲਾਏ ਲੰਗਰ ਤੇ ਨਗਰ ਕੀਰਤਨ ਕੱਢਣ ਲਈ ਮੋਟਰ-ਗੱਡੀਆਂ ਵਿੱਚ ਕਰੋੜਾਂ ਰੁਪਏ ਦੇ ਤੇਲ ਫੂਕਣੇ, ਪੰਥਕ ਸਰਮਾਏ ਦੇ ਉਜਾੜੇ ਤੋਂ ਵੱਧ ਕੁਝ ਵੀ ਨਹੀਂ ਹਨ। ਸਮਝਦਾਰੀ ਅਤੇ ਦੂਰਅੰਦੇਸ਼ੀ ਵਰਤਦਿਆਂ ਜੇਕਰ ਗੁਰਮਤਿ ਜੁਗਤ ਤੋਂ ਸੇਧ ਲਈਏ ਤਾਂ ਵਿਅਰਥ ਗਵਾਏ ਜਾਣ ਵਾਲੇ ਧਨ ਨੂੰ, ਗ਼ਰੀਬ ਸਿੱਖਾਂ ਦਾ ਜੀਵਨ ਪੱਧਰ ਉੱਚਾ ਚੁੱਕਣ, ਉਨ੍ਹਾਂ ਦੇ ਬੱਚਿਆਂ ਤੱਕ ਵਿੱਦਿਆ ਦਾ ਚਾਨਣ ਪਹੁੰਚਾਉਣ, ਗੁਰਬਾਣੀ ਤੇ ਇਤਿਹਾਸ ਪ੍ਰਤੀ ਜਾਗਰੂਕਤਾ ਪੈਦਾ ਕਰਨ ਅਤੇ ਬਿਮਾਰਾਂ-ਲੋੜਵੰਦਾਂ ਦੀ ਸਹਾਇਤਾ ਕਰਨ ਵਿੱਚ ਵਰਤਿਆ ਜਾ ਸਕਦਾ ਹੈ। ਸਿੱਖ ਸੰਸਥਾਵਾਂ ਨੂੰ ਵੀ ਗੁਰਪੁਰਬਾਂ, ਸ਼ਤਾਬਦੀਆਂ ਮੌਕੇ ਰਵਾਇਤੀ ਤਰੀਕਿਆਂ ਤੋਂ ਅੱਗੇ ਵਧਦਿਆਂ ਨੌਜਵਾਨਾਂ ਨਾਲ ਧਰਮ ਬਾਰੇ ਸੰਵਾਦ ਰਚਾਉਣੇ ਚਾਹੀਦੇ ਹਨ ਅਤੇ ਉਨ੍ਹਾਂ ਦੇ ਮਨੋਭਾਵਾਂ ਨੂੰ ਸਮਝ ਕੇ ਸਹੀ ਰਸਤਾ ਪ੍ਰੇਰਨਾ ਦੇ ਕੇ ਸਿੱਖੀ ਮੁੱਖ ਧਾਰਾ 'ਚ ਪ੍ਰਪੱਕ ਬਣਾਉਣਾ ਚਾਹੀਦਾ ਹੈ। ਦਸ ਗੁਰੂ ਸਾਹਿਬਾਨ ਦੇ ਗੁਰਪੁਰਬ ਅਤੇ ਸ਼ਹੀਦਾਂ-ਮੁਰੀਦਾਂ ਦੇ ਦਿਹਾੜੇ ਮਨਾਉਣ ਦਾ ਇਹ ਵੀ ਇਕ ਮਨੋਰਥ ਬਣਾ ਕੇ ਅਸੀਂ ਪੰਥਕ ਰੂਪ ਵਿੱਚ ਵਿਗਾਸ ਵੱਲ ਉਡਾਰੀ ਭਰਨ ਦੇ ਸਮਰੱਥ ਹੋ ਸਕਦੇ ਹਾਂ।

***

## ਭਾਰਤੀ ਅਫ਼ਸਰਸ਼ਾਹੀ ਵਿੱਚ ਸੰਘ ਪਰਿਵਾਰ

ਅਖਿਲ ਭਾਰਤੀ ਸੇਵਾ (ਆਚਰਣ) ਨਿਯਮ 1968 'ਚ ਵੀ ਅਜਿਹਾ ਨਿਯਮ 5 (1) ਹੈ, ਜੋ ਆਈ.ਏ.ਐਸ., ਆਈ.ਪੀ. ਐਸ. ਅਤੇ ਆਈ.ਐਫ.ਐਸ. 'ਤੇ ਲਾਗੂ ਹੁੰਦਾ ਹੈ।

ਇਸੇ ਤਰ੍ਹਾਂ ਦੇ ਆਦੇਸ਼ 1970 ਤੇ 1980 'ਚ ਵੀ ਪਾਸ ਕੀਤੇ ਗਏ ਸਨ। 1980 ਦੇ ਸਰਕੂਲਰ 'ਚ ਸਰਕਾਰੀ ਕਰਮਚਾਰੀਆਂ ਨੂੰ ਇੱਕ ਧਰਮ ਨਿਰਪੱਖ ਨਜ਼ਰੀਆ ਅਪਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ ਸੀ, ਇਸ 'ਚ ਕਿਹਾ ਗਿਆ ਸੀ ਕਿ ਸਰਕਾਰ ਤੇ ਇਸ ਦੇ ਅਧਿਕਾਰੀਆਂ, ਸਥਾਨਕ ਸੰਸਥਾਵਾਂ, ਸਰਕਾਰੀ ਸਹਾਇਤਾ ਪ੍ਰਾਪਤ ਸੰਸਥਾਵਾਂ ਨੂੰ ਫਿਰਕੂ ਅਧਾਰ 'ਤੇ ਦਾਇਰ ਪਟੀਸ਼ਨਾਂ ਵੱਲ ਕੋਈ ਧਿਆਨ ਨਹੀਂ ਦੇਣਾ ਚਾਹੀਦਾ ਤੇ ਨਾ ਹੀ ਕਿਸੇ ਫਿਰਕੂ ਸੰਗਠਨ ਨੂੰ ਕਿਸੇ ਪ੍ਰਕਾਰ ਦੀ ਸਰਪ੍ਰਸਤੀ ਦੇਣੀ ਚਾਹੀਦੀ ਹੈ। ਇਨ੍ਹਾਂ ਨਿਰਦੇਸ਼ਾਂ ਦੀ ਅਣਦੇਖੀ ਨੂੰ ਗੰਭੀਰ ਅਨੁਸ਼ਾਸਨਹੀਣਤਾ ਮੰਨਦਿਆਂ ਦੋਸ਼ੀ ਕਰਮਚਾਰੀਆਂ ਖ਼ਿਲਾਫ਼ ਢੁਕਵੀਂ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

ਭਾਜਪਾ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ 'ਚ 1996 'ਚ 13 ਦਿਨਾਂ ਲਈ, ਫਿਰ 1998-99 'ਚ 13 ਮਹੀਨਿਆਂ ਤੇ 1999-2004 ਦੌਰਾਨ ਪੂਰੇ ਕਾਰਜਕਾਲ ਲਈ ਸੱਤਾ 'ਚ ਆਈ , ਇਨ੍ਹਾਂ ਸਾਲਾਂ ਦੌਰਾਨ ਸ਼ਾਸਨ ਤੇ ਸਰਕਾਰੀ ਕਰਮਚਾਰੀਆਂ ਦੀ ਧਰਮ ਨਿਰਪੱਖ ਪ੍ਰਕਿਰਤੀ ਪੂਰੀ ਤਰ੍ਹਾਂ ਬਣੀ ਰਹੀ ਤੇ ਆਰ.ਐਸ.ਐਸ. ਦੀ ਤਰਜ਼ 'ਤੇ ਸ਼ਾਸਨ ਚਲਾਉਣ ਲਈ ਕੋਈ ਯੋਜਨਾਬੱਧ ਕਦਮ ਨਹੀਂ ਉਠਾਇਆ ਗਿਆ। ਮਈ 2014 ਤੋਂ 9 ਜੁਲਾਈ 2024 ਤੱਕ ਮੋਦੀ ਸ਼ਾਸਨ ਦੇ ਪਹਿਲੇ 10 ਸਾਲਾਂ ਦੌਰਾਨ ਵੀ ਸਰਕਾਰੀ ਕਰਮਚਾਰੀਆਂ 'ਤੇ ਆਰ.ਐਸ.ਐਸ. ਦੀਆਂ ਸਰਗਰਮੀਆਂ 'ਚ ਹਿੱਸਾ ਲੈਣ 'ਤੇ ਪਾਬੰਦੀ ਜਾਰੀ ਸੀ, ਜੋ ਹੁਣ ਹਟਾ ਲਈ ਗਈ ਹੈ। ਹਾਲਾਂਕਿ ਪ੍ਰਧਾਨ ਮੰਤਰੀ ਮੋਦੀ ਅਧੀਨ ਡੀ.ਓ.ਪੀ.ਟੀ. ਨੇ 9 ਜੁਲਾਈ ਨੂੰ ਦੱਸਿਆ ਕਿ ਸਰਕਾਰ ਨੇ 30 ਨਵੰਬਰ, 1966, 25 ਜੁਲਾਈ, 1970 ਤੇ 28 ਅਕਤੂਬਰ, 1980 'ਚ ਜਾਰੀ ਨਿਰਦੇਸ਼ਾਂ ਦੀ 'ਸਮੀਖਿਆ' ਕੀਤੀ ਹੈ ਅਤੇ ਇਨ੍ਹਾਂ ਵਿਵਾਦਿਤ ਅਧਿਕਾਰਤ ਦਸਤਾਵੇਜ਼ਾਂ (ਓ.ਐਮ.) ਤੋਂ ਆਰ.ਐਸ.ਐਸ. ਦਾ ਜ਼ਿਕਰ ਹਟਾਉਣ ਦਾ ਫ਼ੈਸਲਾ ਲਿਆ ਹੈ। ਆਰ.ਐਸ.ਐਸ. ਦਾ ਗੈਰ-ਰਾਜਨੀਤਿਕ ਸੰਗਠਨ ਹੋਣ ਦਾ ਦਾਅਵਾ ਝੂਠਾ ਹੈ, ਕਿਉਂਕਿ ਇਸ ਦਾ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦਾ ਸੁਪਨਾ ਰਾਜਨੀਤਿਕ ਹੈ ਅਤੇ ਸੱਤਾਧਾਰੀ ਭਾਜਪਾ ਉਕਤ ਸੁਪਨੇ ਨੂੰ ਸਾਕਾਰ ਕਰਨ ਲਈ ਆਰ.ਐਸ.ਐਸ ਦਾ ਸਿਆਸੀ ਵਿਸਥਾਰ ਹੀ ਹੈ। ਸਰਕਾਰੀ ਨੌਕਰੀ 'ਚ ਕਰਮਚਾਰੀਆਂ ਨੂੰ ਕਿਸੇ ਵੀ ਰਾਜਨੀਤਿਕ ਜਾਂ ਫਿਰਕੂ ਸਰਗਰਮੀ 'ਚ ਹਿੱਸਾ ਲੈਣ ਦੀ ਇਜਾਜ਼ਤ ਦੇਣਾ ਇੱਕ ਸਥਿਰ ਲੋਕਤੰਤਰਿਕ ਤੇ ਧਰਮ ਨਿਰਪੱਖ ਪ੍ਰਸ਼ਾਸਨ ਲਈ ਖਤਰਨਾਕ ਹੈ, ਕਿਉਂਕਿ ਉਹ ਕਾਨੂੰਨਾਂ ਨੂੰ ਲਾਗੂ ਕਰਨ, ਨਿਆਂ ਸੁਨਿਸਚਿਤ ਕਰਨ ਤੇ ਚੋਣਾਂ ਕਰਵਾਉਣ ਵਾਲੇ ਵਿਭਾਗਾਂ ਸਮੇਤ ਸਭ ਵਿਭਾਗਾਂ ਦੇ ਕੰਮਕਾਜ ਨੂੰ ਪ੍ਰਭਾਵਿਤ ਕਰ ਸਕਦਾ ਹੈ। ਭਾਰਤ ਹੁਣ ਇੱਕ ਖ਼ਤਰਨਾਕ ਰਾਹ 'ਤੇ ਹੈ।

***

## ਸ੍ਰੀ ਗੁਰੂ ਅਮਰ ਬਿਲਾਸ

ਕਿਹਾ ਗੁਰੂ ਜੀ ਤਿਆਗੀਆਂ ਸਾਧੂਆਂ ਦਾ,
ਤੇ ਗ੍ਰਹਸਤੀਆਂ ਦਾ ਸੁਣੋ ਹਾਲ ਪਿਆਰੇ।
ਦੇਖੋ ਗ੍ਰਹਸਤ ਚੰਗਾ ਜਾਂ ਅਤੀਤ ਚੰਗੇ
ਕਰੋ ਦੋਹਾਂ ਦੀ ਜਾਂਚ ਪੜਤਾਲ ਪਿਆਰੇ।
ਗਲੀ ਗਲੀ ਵਿੱਚ ਮੰਗਤੇ ਸਾਖ ਜੋਗੀ,
ਟੁਕੜੇ ਮੰਗਦੇ ਬੁਰੇ ਹਵਾਲ ਪਿਆਰੇ।
ਕਰਦੇ ਸੰਤ ਗੁਰਮੁਖ ਭਗਤੀ ਜਗਤ ਅੰਦਰ,
ਲੈਂਦੇ ਗ੍ਰਹਸਤ ਦੇ ਸੁਖ ਕਮਾਲ ਪਿਆਰੇ।

ਇੰਝ ਭਾਈ ਜੋਧ ਸਿੰਘ ਗੁੱਜਰਖਾਨ ਰਚਿਤ 'ਸ੍ਰੀ ਗੁਰ ਅਮਰਦਾਸ ਬਿਲਾਸ' ਮੱਧਕਾਲੀ ਪਰੰਪਰਾ ਵਿੱਚ ਲਿਖਿਆ ਗਿਆ ਗੁਰਬਿਲਾਸ ਹੈ। ਇਹ ਇਕਲੌਤਾ ਖੰਡ ਕਾਵਿ ਹੈ। ਗੁਰੂ ਅਮਰਦਾਸ ਜੀ ਦੇ ਅਭਿਨੰਦਨ ਬਾਰੇ ਮੰਗਲਾਚਰਣ ਦੇ ਰੂਪ ਵਿੱਚ ਕਈ ਛੰਦ ਮਿਲ ਜਾਂਦੇ ਹਨ ਪਰ ਸੰਗਠਿਤ ਰੂਪ ਵਿੱਚ ਇਹ ਹੁਣ ਤੱਕ ਪ੍ਰਾਪਤ ਇਕੋ ਇਕ ਰਚਨਾ ਹੈ।

***

## ਖੇਡਾਂ 'ਤੇ ਪਿਆ ਰਾਜਨੀਤੀ

ਖੇਡਾਂ ਨੂੰ ਖੇਡਾਂ ਸਮਝ ਕੇ ਇਨ੍ਹਾਂ ਦੀ ਪ੍ਰਫੁੱਲਤਾ ਦਾ ਪ੍ਰਬੰਧ ਕਰਨਾ ਜ਼ਰੂਰੀ ਹੈ।

ਇਸ ਦੇ ਲਈ ਸਿਖਲਾਈ ਕੇਂਦਰ ਅਤੇ ਲੋੜੀਂਦੇ ਫੰਡਾਂ ਦਾ ਪ੍ਰਬੰਧ ਕਰਨਾ ਵੀ ਜ਼ਰੂਰੀ ਹੈ। ਸਕੂਲ ਪੱਧਰ ਤੋਂ ਹੀ ਇਸ ਵਿੱਚ ਸੁਧਾਰ ਦੀ ਲੋੜ ਹੈ। ਸਿਆਸੀ ਲੋਕਾਂ ਅਤੇ ਕਾਰੋਬਾਰੀਆਂ ਨੂੰ ਖੇਡਾਂ ਤੋਂ ਦੂਰ ਰੱਖਣ ਦੀ ਲੋੜ ਹੈ। ਖੇਡਾਂ ਦਾ ਕੰਟਰੋਲ ਖੇਡਾਂ ਨੂੰ ਸਮਰਪਿਤ ਲੋਕਾਂ ਨੂੰ ਹੀ ਦਿੱਤਾ ਜਾਣਾ ਚਾਹੀਦਾ ਹੈ।

ਭਾਰਤ ਵੱਖ-ਵੱਖ ਖੇਤਰਾਂ ਵਿੱਚ ਵਿਕਾਸ ਦੇ ਰਾਹ 'ਤੇ ਅੱਗੇ ਵੱਧ ਰਿਹਾ ਹੈ। ਖੇਡਾਂ ਨੂੰ ਨਜ਼ਰਅੰਦਾਜ਼ ਕਰਕੇ ਉਹ ਆਪਣਾ ਟੀਚਾ ਹਾਸਲ ਨਹੀਂ ਕਰ ਸਕਦਾ। ਖੇਡਾਂ ਨੂੰ ਵਿਕਾਸ ਦਾ ਹਿੱਸਾ ਮੰਨ ਕੇ ਹੀ ਭਾਰਤ ਦੁਨੀਆਂ ਦੇ ਹੋਰ ਵਿਕਸਤ ਦੇਸ਼ਾਂ ਨਾਲ ਖੜ੍ਹ ਸਕਦਾ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com